ਭਾਈ ਕਾਨ੍ਹ ਸਿੰਘ ਨਾਭਾ

ਜੀਵਨ ਤੇ ਰਚਨਾ

ਦੇਵਿੰਦਰ ਸਿੰਘ ਵਿਦਿਆਰਥੀ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

Bhai Kahan Singh Nabha—Jiwan Te Rachna (Punjabi)

by

Dr. Devinder Singh Vidyarathi,
M.A., Ph.D.
Former Incharge, Sikh History Research Department
Khalsa College, Amritsar

ਵਿਭਾਗੀ ਸੰਪਾਦਕ : ਡਾ. ਪ੍ਰੀਤਮ ਸੈਨੀ

1987
ਪਹਿਲੀ ਵਾਰ : 1100
ਮੁੱਲ : 20-00

ਸਰਦਾਰ ਦੇਵਿੰਦਰ ਸਿੰਘ ਕੰਗ, ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ
ਅਤੇ ਮੈ/ਸ. ਵੀਰ ਭੂਮੀ ਪ੍ਰਿੰਟਿੰਗ ਪ੍ਰੈਸ, ਬਿਕਰਮਪੁਰਾ, ਜਲੰਧਰ ਵਲੋਂ ਮੁਦ੍ਰਿਤ

2

ਵਿਸ਼ੈ-ਸੂਚੀ

ਦੋ ਸ਼ਬਦ

ਪੰਜਾਬੀ ਭਾਸ਼ਾ ਅਤੇ ਸਾਹਿੱਤ ਦੇ ਬਹੁ-ਪੱਖੀ ਵਿਕਾਸ ਲਈ 1967 ਵਿਚ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਕੀਤੀ ਗਈ ਸੀ। ਉਦੋਂ ਤੋਂ ਇਸ ਵਿਭਾਗ ਵਿਚ ਕਈ ਪ੍ਰਕਾਰ ਦੀਆਂ ਯੋਜਨਾਵਾਂ ਅਧੀਨ ਖੋਜ-ਕਾਰਜ ਹੋ ਰਿਹਾ ਹੈ। ਪੰਜਾਬੀ ਦੇ ਹੋ ਚੁੱਕੇ ਉੱਘੇ ਲੇਖਕਾਂ ਬਾਰੇ 'ਪੰਜਾਬੀ ਲੇਖਕ ਲੜੀ' ਸ਼ੁਰੂ ਕੀਤੀ ਗਈ ਸੀ, ਜਿਸ ਅਧੀਨ ਹੁਣ ਤਕ 59 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਇਹ ਪੁਸਤਕ ਭਾਈ ਕਾਨ੍ਹ ਸਿੰਘ ਨਾਭਾ ਸੰਬੰਧੀ ਲਿਖਵਾਏ ਗਏ ਮੋਨੋਗ੍ਰਾਫ ਦਾ ਪ੍ਰਕਾਸ਼ਿਤ ਰੂਪ ਹੈ। ਭਾਈ ਕਾਨ੍ਹ ਸਿੰਘ 20ਵੀਂ ਸਦੀ ਦੇ ਪਹਿਲੇ ਅੱਧ ਦੇ ਪ੍ਰਮੁਖ ਸਿੱਖ ਵਿਦਵਾਨ ਅਤੇ ਧਰਮ ਸ਼ਾਸਤਰੀ ਸਨ ਜਿਨ੍ਹਾਂ ਨੇ ਬਹੁਤ ਸਾਰੀਆਂ ਪੁਸਤਕਾਂ ਲਿਖ ਕੇ ਪੰਜਾਬੀ ਭਾਸ਼ਾ ਅਤੇ ਸਾਹਿੱਤ ਦਾ ਵਿਕਾਸ ਕੀਤਾ। ਉਨ੍ਹਾਂ ਦੀ ਰਚਨਾ 'ਮਹਾਨ ਕੋਸ਼' ਸਭ ਤੋਂ ਜ਼ਿਆਦਾ ਪ੍ਰਸਿੱਧ ਹੈ। ਉਨ੍ਹਾਂ ਨੇ ਗੁਰਬਾਣੀ ਦੇ ਕਾਵਿ ਸ਼ਾਸਤਰੀ ਪੱਖ ਬਾਰੇ ਵੀ ਪੁਸਤਕਾਂ ਲਿਖੀਆਂ ਹਨ। ਉਨ੍ਹਾਂ ਦੇ ਸਫ਼ਰਨਾਮੇ ਵੀ ਵਿਸ਼ੇਸ਼ ਰੂਪ ਵਿਚ ਮਹੱਤਵਪੂਰਨ ਹਨ। ਕੋਸ਼ਕਾਰੀ ਵਿਚ ਵੀ ਉਨ੍ਹਾਂ ਦਾ ਵਿਸ਼ੇਸ਼ ਸਥਾਨ ਹੈ। ਪੰਜਾਬੀ ਨੂੰ ਦਿੱਤੀ ਉਨ੍ਹਾਂ ਦੀ ਅਭੁੱਲ ਦੇਣ ਨੂੰ ਮੁੱਖ ਰਖਦੇ ਹੋਇਆਂ ਇਹ ਮੋਨੋਗ੍ਰਾਫ ਲਿਖਵਾਇਆ ਗਿਆ ਹੈ। ਇਹ ਪੁਸਤਕ ਸਿੱਖ ਇਤਿਹਾਸ ਅਤੇ ਗੁਰਮਤਿ ਸਾਹਿੱਤ ਦੇ ਅਧਿਐਨ ਕਰਨ ਵਾਲੇ ਪਾਠਕਾਂ ਲਈ ਵੀ ਲਾਭਕਾਰੀ ਹੋਵੇਗੀ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਭਗਤ ਸਿੰਘ
ਵਾਈਸ-ਚਾਂਸਲਰ

ਭੂਮਿਕਾ

ਪੰਜਾਬੀ ਸਾਹਿੱਤ ਦੇ ਅਮੀਰ ਵਿਰਸੇ ਨੂੰ ਉਜਾਗਰ ਕਰਨ ਅਤੇ ਇਸ ਦਾ ਸਹੀ ਮੁੱਲਾਂਕਣ ਕਰਨ ਦੇ ਉਦੇਸ਼ ਤੋਂ ਹੀ ਸੰਨ 1967 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਹੋਈ ਸੀ। ਹੋਰ ਯੋਜਨਾਵਾਂ ਤੋਂ ਇਲਾਵਾ ਇਕ 'ਪੰਜਾਬੀ ਲੇਖਕ ਲੜੀ' ਵੀ ਆਰੰਭ ਕੀਤੀ ਗਈ ਸੀ। ਇਸ ਲੜੀ ਵਿਚ ਪ੍ਰੋ. ਆਈ. ਸੀ. ਨੰਦਾ, ਲਾਲਾ ਧਨੀ ਰਾਮ ਚਾਤ੍ਰਿਕ, ਬਾਬਾ ਮੇਹਰਬਾਨ, ਦਮੋਦਰ, ਬੁਲ੍ਹੇ ਸ਼ਾਹ, ਗਿਆਨੀ ਗਿਆਨ ਸਿੰਘ, ਭਾਈ ਗੁਰਦਾਸ, ਪ੍ਰਿੰ. ਤੇਜਾ ਸਿੰਘ, ਪ੍ਰੋ. ਪੂਰਨ ਸਿੰਘ, ਗੁਰੂ ਅਮਰਦਾਸ, ਭਾਈ ਜੋਧ ਸਿੰਘ, ਭਾਈ ਵੀਰ ਸਿੰਘ, ਸ਼ਿਵ ਕੁਮਾਰ ਬਟਾਲਵੀ, ਪ੍ਰੋ. ਸਾਹਿਬ ਸਿੰਘ, ਪ੍ਰੋ. ਮੋਹਨ ਸਿੰਘ, ਭਾਈ ਮਨੀ ਸਿੰਘ, ਬਾਵਾ ਬਲਵੰਤ, ਡਾ. ਤਾਰਨ ਸਿੰਘ, ਡਾ. ਬਲਬੀਰ ਸਿੰਘ, ਸੰਤ ਕਵੀ ਮਾੜੂ ਦਾਸ, ਬਾਵਾ ਬੁੱਧ ਸਿੰਘ, ਭਾਈ ਸਹਿਜ ਰਾਮ, ਹਾਫ਼ਿਜ਼ ਬਰਖੁਰਦਾਰ ਆਦਿ ਪੰਜਾਬੀ ਸਾਹਿੱਤਕਾਰਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਮੋਨੋਗ੍ਰਾਫ ਪ੍ਰਕਾਸ਼ਿਤ ਹੋ ਚੁੱਕੇ ਹਨ।

ਪ੍ਰਸਤੁਤ ਮੋਨੋਗ੍ਰਾਫ਼ ਭਾਈ ਕਾਨ੍ਹ ਸਿੰਘ ਦੇ ਜੀਵਨ ਅਤੇ ਰਚਨਾਵਾਂ ਬਾਰੇ ਹੈ। ਭਾਈ ਸਾਹਿਬ ਦੀ ਮਹਾਨਤਾ ਦੇ ਕਈ ਰੂਪਾਂ ਵਿਚ ਦਰਸ਼ਨ ਹੁੰਦੇ ਹਨ। ਉਨ੍ਹਾਂ ਦਾ ਪਹਿਲਾ ਰੂਪ ਸਿੱਖ ਧਰਮ-ਆਚਾਰੀਆ ਵਾਲਾ ਹੈ। ਉਨ੍ਹਾਂ ਨੇ ਸਿੱਖ ਧਰਮ ਬਾਰੇ ਦਰਜਨ ਕੁ ਕਿਤਾਬਾਂ ਲਿਖੀਆਂ ਹਨ। ਇਨ੍ਹਾਂ ਕਿਤਾਬਾਂ ਵਿਚੋਂ ਸਭ ਤੋਂ ਸ਼੍ਰੇਸ਼ਠ 'ਗੁਰ ਸ਼ਬਦ ਰਤਨਾਕਰ—ਮਹਾਨ ਕੋਸ਼' ਹੈ। ਇਸ ਕੋਸ਼ ਵਿਚ ਭਾਈ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਆਏ ਸ਼ਬਦਾਂ ਦੀ ਭਰਪੂਰ ਵਿਆਖਿਆ ਦੇ ਨਾਲ ਨਾਲ ਸਿੱਖ ਇਤਿਹਾਸ ਦੇ ਅਨੇਕ ਪੱਖਾਂ, ਸਿੱਖ ਗੁਰ-ਧਾਮਾਂ ਅਤੇ ਸਿੱਖ ਰਿਆਸਤਾਂ ਬਾਰੇ ਵਿਸਤਾਰ ਸਹਿਤ ਇੰਦਰਾਜ ਦਿੱਤੇ ਹਨ। ਇਸ ਨੂੰ ਸਿੱਖ ਧਰਮ ਦਾ ਵਿਸ਼ਵ-ਕੋਸ਼ (ਐਨਸਾਈਕਲੋਪੀਡੀਆ) ਕਿਹਾ ਜਾ ਸਕਦਾ ਹੈ। ਇਹ ਭਾਈ ਸਾਹਿਬ ਦੀ ਪ੍ਰਮਾਣਿਕ ਰਚਨਾ ਹੈ। ਅਜਿਹਾ ਗ੍ਰੰਥ ਨਾ ਭਾਈ ਸਾਹਿਬ ਤੋਂ ਪਹਿਲਾਂ ਕਿਸੇ ਨੇ ਤਿਆਰ ਕੀਤਾ ਸੀ ਅਤੇ ਨਾ ਇਸ ਤੇ ਹੁਣ ਤਕ ਕੋਈ ਸੁਧਾਰ ਹੋ ਸਕਿਆ ਹੈ। ਸੱਚ ਤਾਂ ਇਹ ਹੈ ਕਿ 'ਮਹਾਨ ਕੋਸ਼' ਭਾਈ ਸਾਹਿਬ ਦਾ ਨਾਮਾਤਰ ਹੋ ਨਿਬੜਿਆ ਹੈ। 'ਮਹਾਨ ਕੋਸ਼' ਦੇ ਨਾਂ ਲੈਣ ਨਾਲ ਹੀ ਪੰਜਾਬੀ ਜਗਤ ਦੇ ਸਾਹਮਣੇ ਭਾਈ ਸਾਹਿਬ ਦਾ ਵਿਅਕਤਿਤਵ ਉਘੜ ਆਉਂਦਾ ਹੈ। ਸਿੱਖ ਸਾਹਿੱਤ ਨਾਲ ਸੰਬੰਧਿਤ ਉਨ੍ਹਾਂ ਦੀ ਹੋਰ ਮਹੱਤਵਪੂਰਨ ਰਚਨਾ ਹੈ 'ਗੁਰਮਤਿ ਮਾਰਤੰਡ' ਜਿਸ ਵਿਚ ਵੱਖ ਵੱਖ ਵਿਸ਼ਿਆਂ ਬਾਰੇ ਗੁਰਬਾਣੀ ਅਤੇ ਸਿੱਖ ਇਤਿਹਾਸ ਵਿਚੋਂ ਟੂਕਾਂ ਇਕੱਠੀਆਂ ਕੀਤੀਆਂ ਗਈਆਂ ਹਨ ਅਤੇ ਨਾਲ ਨਾਲ ਪ੍ਰਸਤਾਵਨਾ ਅਤੇ ਪੈਰ-ਟਿੱਪਣੀਆਂ ਦਿੱਤੀਆਂ ਗਈਆਂ ਹਨ। ਦੋ ਸੈਂਚੀਆਂ ਵਿਚ ਛਪੀ ਇਹ ਪੁਸਤਕ ਗੁਰਬਾਣੀ ਸੰਬੰਧੀ ਬੜੀ

ਉਪਯੋਗੀ ਰਚਨਾ ਹੈ, ਜਿਸ ਤੋਂ ਨਾ ਕੇਵਲ ਵਿਦਵਾਨ ਲਾਭ ਉਠਾਉਂਦੇ ਹਨ, ਸਗੋਂ ਧਰਮ ਪ੍ਰਚਾਰਕ ਵੀ ਇਸ ਤੋਂ ਆਪਣੇ ਪ੍ਰਚਾਰ ਕਾਰਜ ਵਿਚ ਸਹਾਇਤਾ ਲੈਂਦੇ ਹਨ। ਭਾਈ ਕਾਨ੍ਹ ਸਿੰਘ ਨੇ ਗੁਰਬਾਣੀ ਵਿਚ ਵਰਤੇ ਗਏ ਅਲੰਕਾਰਾਂ, ਛੰਦਾਂ ਸੰਬੰਧੀ ਵੀ ਬੜੀਆਂ ਭਰੋਸੇ ਯੋਗ ਪੁਸਤਕਾਂ ਲਿਖੀਆਂ ਹਨ ਅਤੇ ਗੁਰਬਾਣੀ ਦੇ ਅਖਾਣ, ਮੁਹਾਵਰੇ ਵੀ ਬੜੀ ਮਿਹਨਤ ਨਾਲ ਇਕੱਠੇ ਕੀਤੇ ਹਨ।

ਸਿੱਖ ਸਾਹਿੱਤ ਨਾਲ ਸੰਬੰਧਿਤ ਪੁਸਤਕਾਂ ਤੋਂ ਇਲਾਵਾ ਭਾਈ ਕਾਨ੍ਹ ਸਿੰਘ ਨੇ ਰਾਜਨੀਤੀ ਅਤੇ ਸਮਾਜ ਸੁਧਾਰ ਬਾਰੇ ਵੀ ਅਨੇਕ ਪੁਸਤਕਾਂ ਦੀ ਰਚਨਾ ਕੀਤੀ ਹੈ। ਉਨ੍ਹਾਂ ਦੀਆਂ ਰਚੀਆ ਪੁਸਤਕਾਂ ਦੀ ਕੁਲ ਗਿਣਤੀ 26 ਹੈ, ਜਿਸ ਵਿਚੋਂ ਕੁਝ ਕੁ ਅਜੇ ਅਣਪ੍ਰਕਾਸ਼ਿਤ ਹਨ। ਭਾਈ ਕਾਨ੍ਹ ਸਿੰਘ ਆਪਣੇ ਸਮੇਂ ਦੇ ਇਤਨੇ ਪ੍ਰਮਾਣਿਕ ਅਤੇ ਅਧਿਕਾਰੀ ਸਿੱਖ ਵਿਦਵਾਨ ਸਨ ਕਿ ਮੈਕਾਲਿਫ ਨੇ ਆਪਣੀ ਸੁਪ੍ਰਸਿੱਧ ਪੁਸਤਕ 'ਦੀ ਸਿੱਖ ਰੀਲੀਜਨ' ਲਿਖਣ ਵੇਲੇ ਇਨ੍ਹਾਂ ਨੂੰ ਇਕ ਪ੍ਰਕਾਰ ਦਾ ਗੁਰੂ ਧਾਰਨ ਕੀਤਾ ਅਤੇ 6 ਜਿਲਦਾਂ ਵਿਚ ਛਪੀ ਆਪਣੀ ਪੁਸਤਕ ਦੇ ਸਾਰੇ ਅਧਿਕਾਰ ਭਾਈ ਕਾਨ੍ਹ ਸਿੰਘ ਨੂੰ ਗੁਰੂਦਕਸ਼ਣਾਂ ਵਜੋਂ ਭੇਟਾ ਕੀਤੇ।

ਭਾਈ ਕਾਨ੍ਹ ਸਿੰਘ ਇਕ ਚੰਗੇ ਸੈਲਾਨੀ ਵੀ ਸਨ। ਉਹ ਅਫ਼ਗਾਨਿਸਤਾਨ ਅਤੇ ਬਰਤਾਨੀਆ ਵਿਚ ਕਾਫੀ ਸਮਾਂ ਰਹੇ। ਉਥੇ ਉਨ੍ਹਾਂ ਨੇ ਆਪਣੇ ਸੰਪਰਕ ਵਿਚ ਆਉਣ ਵਾਲੇ ਲੋਕਾਂ 'ਤੇ ਸਿੱਖ ਧਰਮ ਦਾ ਸੱਚਾ ਤੇ ਸੁੱਚਾ ਪ੍ਰਭਾਵ ਪਾਇਆ ਅਤੇ ਨਾਲ ਹੀ ਉਨ੍ਹਾਂ ਇਲਾਕਿਆਂ ਦਾ ਸਹੀ ਚਿਤ੍ਰਣ ਆਪਣੀਆਂ ਚਿੱਠੀਆਂ ਅਤੇ ਸਫ਼ਰਨਾਮਿਆਂ ਵਿਚ ਕੀਤਾ। ਪਹਾੜੀ ਇਲਾਕਿਆਂ ਵਿਚ ਵੀ ਉਹ ਰਹੇ ਅਤੇ ਆਪਣੇ ਇਕ ਸਫ਼ਰਨਾਮੇ ਰਾਹੀਂ ਉਨ੍ਹਾਂ ਇਲਾਕਿਆਂ ਦਾ ਬਿੰਬ ਪਾਠਕਾਂ ਨਾਲ ਸਾਂਝਾ ਕੀਤਾ।

ਭਾਈ ਕਾਨ੍ਹ ਸਿੰਘ ਦੀ ਅਦੁੱਤੀ ਦੇਣ ਨੂੰ ਮੁੱਖ ਰਖਦੇ ਹੋਇਆਂ ਇਹ ਮੋਨੋਗ੍ਰਾਫ਼ ਡਾ. ਦੇਵਿੰਦਰ ਸਿੰਘ ਵਿਦਿਆਰਥੀ ਤੋਂ ਲਿਖਵਾਇਆ ਗਿਆ ਹੈ ਜੋ ਭਾਈ ਕਾਨ੍ਹ ਸਿੰਘ ਨੂੰ ਬੜੇ ਨੇੜਿਓਂ ਜਾਣਦੇ ਹਨ ਅਤੇ ਜਿਨ੍ਹਾਂ ਨੇ ਬੜੀ ਮਿਹਨਤ ਨਾਲ ਸਾਮਗ੍ਰੀ ਇਕੱਠੀ ਕੀਤੀ ਹੈ। ਇਸ ਬਾਰੇ ਯੂਨੀਵਰਸਿਟੀ ਪੱਧਰ ਉਤੇ ਪ੍ਰਕਾਸ਼ਿਤ ਕਰਨ ਦੀ ਵਿਸ਼ੇਸ਼ਗ ਰਾਇ ਡਾ. ਹਰਨਾਮ ਸਿੰਘ ਸ਼ਾਨ ਤੋਂ ਲਈ ਗਈ ਹੈ। ਇਨ੍ਹਾਂ ਦੋਹਾਂ ਵਿਦਵਾਨਾਂ ਦੇ ਸਹਿਯੋਗ ਲਈ ਅਸੀਂ ਧੰਨਵਾਦੀ ਹਾਂ।

ਮੇਰਾ ਵਿਸ਼ਵਾਸ ਹੈ ਕਿ ਗੁਰਮਿਤ ਸਾਹਿੱਤ, ਸਿੱਖ ਇਤਿਹਾਸ ਅਤੇ ਭਾਈ ਕਾਨ੍ਹ ਸਿੰਘ ਦੀਆਂ ਰਚਨਾਵਾਂ ਵਿਚ ਰੁਚੀ ਰੱਖਣ ਵਾਲੇ ਪਾਠਕ ਇਸ ਤੋਂ ਲਾਭ ਉਠਾਉਣਗੇ।

ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਰਤਨ ਸਿੰਘ ਜੱਗੀ
ਪ੍ਰੋਫੈਸਰ ਅਤੇ ਮੁੱਖੀ

ਆਰੰਭਿਕਾ

ਭਾਈ ਕਾਨ੍ਹ ਸਿੰਘ ਦੀ ਹਸਤੀ ਆਪਣੇ ਸਮਕਾਲੀਆਂ ਵਿੱਚ ਨਿੱਖੜਵੀਂ ਵੀ ਸੀ ਅਤੇ ਨਿਤੱਰਵੀਂ ਵੀ। ਇਹ ਨਿਖੇੜ ਅਤੇ ਨਿਤਾਰ ਸਮੇਂ ਦੇ ਵਾਤਾਰਣ ਵਿੱਚ ਇਕ ਵਿਸ਼ੇਸ਼ ਅਰਥ ਅਤੇ ਮਹੱਤਵ ਰਖਦਾ ਸੀ। ਪੰਜਾਬ ਉਹਨੀ ਦਿਨੀਂ ਅਜੇ ਆਤਮ-ਅਭਿਮਾਨੀਆਂ ਦੇ ਸੁਰੱਖਿਆ ਲਈ ਕੀਤੇ ਤਰਲਿਆਂ ਅਤੇ ਖ਼ੁਦਗ਼ਰਜ਼ਾਂ ਦੀਆਂ ਆਤਮ-ਘਾਤੀ ਕਰਤੂਤਾਂ ਵਿਚਲੇ ਘੋਲ ਵਿੱਚੋਂ, ਮਸਾਂ ਮਸਾਂ ਉੱਠਿਆ ਸੀ। ਸਿੱਖੀ ਦੇ ਪ੍ਰਭਾਵ ਹੇਠਾਂ, ਸੁਤੰਤਰਤਾ ਦੇ ਪਰਵਾਨਿਆਂ ਨੇ, ਦੋ ਸਦੀਆਂ ਤੋਂ ਵਧੀਕ ਜਾਨਾਂ ਹੂਲ ਕੇ ਅਤੇ ਅਣਗਿਣਤ ਕੁਰਬਾਨੀਆਂ ਦੇ ਕੇ ਜੋ ਅਣਖ ਦਾ ਸ਼ੀਸ਼-ਮਹੱਲ ਉਸਾਰਿਆ ਸੀ, ਉਹ ਅੱਧੀ ਸਦੀ ਤੋਂ ਘੱਟ ਸਮੇਂ ਵਿਚ ਹੀ ਲਾਹੇ-ਬਾਜਾਂ ਦੀ ਹਿਰਸ ਦੇ ਸੇਕ ਅੰਦਰ ਢਲ-ਗਲ ਗਿਆ ਸੀ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਨਿੱਕਾ ਪੁੱਤਰ, ਰਾਜ-ਤਾਜ ਅਤੇ ਅਧਿਕਾਰਾਂ ਤੋਂ ਸੱਖਣਾ ਯੂਰਪ ਵਿਚ ਭਟਕ ਰਿਹਾ ਸੀ; ਅਤੇ, ਸ਼ੇਰੇ-ਪੰਜਾਬ ਦੀ ਸਭ ਤੋਂ ਛੋਟੀ ਅਤੇ ਮਨਚਾਹੀ ਮਹਾਰਾਣੀ, ਪੁੱਤਰ ਤੋਂ ਵਿੱਛੜੀ, ਪਿੰਜਰੇ ਤੋੜ ਕੇ ਬਿਫਰੀ ਸ਼ੀਹਣੀ ਵਾਂਗ, ਜਫ਼ਰ ਜਾਲਦੀ, ਆਖ਼ਿਰ ਪੱਤਰ ਨੂੰ ਵਿਦੇਸ਼ ਵਿੱਚ ਮਿਲ ਕੇ ਦਮ ਤੋੜ ਗਈ ਸੀ। ਵੱਡੇ ਵੱਡੇ ਘਰਾਨੇਦਾਰਾਂ ਜੀ ਧੌਣ ਜੇਤੂ ਦੇ ਦਾਬੇ ਹੇਠ ਜਾਂ ਟੁੱਟ ਗਈ ਸੀ ਜਾਂ ਨਿਹੁੜਾਈ ਜਾ ਚੁੱਕੀ ਸੀ। ਤਾਜ-ਤਖ਼ਤ ਦੇ ਬਾਕੀ ਦੇ ਵਾਰਸ ਵੀ ਠਿਕਾਣੇ ਲਗਾਏ ਜਾ ਚੁੱਕੇ ਸਨ। ਇਸ ਘਾਤਕ-ਦੁਖਾਂਤ ਦੇ ਮੁੱਖ ਕਾਰਣਾਂ ਵਿੱਚ ਕੁੱਝ ਗ਼ੱਦਾਰਾਂ ਅਤੇ ਨਮਕ-ਹਰਾਮਾਂ ਦੀ ਆਪਣੇ ਆਪ ਨੂੰ, ਆਪਣੀ ਹਸਤੀ ਤੋਂ ਵੱਡਾ ਕਰਕੇ ਵੇਖਣ ਦੀ ਲਾਲਸਾ ਅਤੇ ਕਈ ਚਤੁਰ ਤੇ ਚਾਲਬਾਜ਼ ਅਧਿਕਾਰੀਆਂ ਵੱਲੋਂ, ਮੌਕੇ ਦਾ ਫਾਇਦਾ ਉਠਾਉਣ ਦੀ ਭੁੱਖ ਸ਼ਾਮਿਲ ਸੀ। ਇਸ ਬਖੇੜੇ ਵਿੱਚ ਲਾਭ ਲੈਣ ਵਾਲੇ ਉਂਗਲਾਂ ਉੱਤੇ ਗਿਣੇ ਜਾ ਸਕਦੇ ਸਨ, ਪਰ ਟੋਟਾਂ ਝਾਗਣ ਵਾਲੇ ਅਨੇਕਾਂ ਸਨ।

ਸਤਲੁਜ ਹਿਠਾੜ ਦੇ ਸਿੱਖ ਰਾਜੇ, (ਜੋ ਰਣਜੀਤ ਸਿੰਘ ਦੇ ਰਿਸ਼ਤੇਦਾਰ ਹੋ ਕੇ ਵੀ, ਉਸ ਦੀ ਵਧ ਰਹੀ ਤਾਕਤ ਤੋਂ ਭੈ-ਭੀਤ ਹੋਏ ਅੰਗ੍ਰੇਜ਼ਾਂ ਦੀ ਸ਼ਰਨ ਵਿੱਚ ਚਲੇ ਗਏ ਸਨ), ਹੁਣ ਆਪਣੀ ਸੂਝਵਾਨੀ ਦਾ ਭੁਲੇਖਾ ਲਾਹ ਚੁਕੇ ਸਨ। ਈਸਾਈ ਪਾਦਰੀਆਂ ਨੇ ਸਰਕਾਰ ਦੀ ਸਰਪ੍ਰਸਤੀ ਹੇਠ, ਧਰਮ ਦੇ ਖੇਤਰ ਵਿੱਚ ਵੀ ਅਪਣੇ ਪੈਰ ਪਸਾਰਣੇ ਅਰੰਭ ਕਰ ਦਿੱਤੇ ਹੋਏ ਸਨ। ਮਿਸ਼ਨਰੀਆਂ ਨਾਲ ਆਢਾ ਲੈਣ ਵਾਲੇ ਸੰਗਠਨਾਂ ਦੀਆਂ ਅਨੇਕ ਕਾਰਵਾਈਆਂ ਵੀ ਸਿੱਖ-ਸਮਾਜ ਉੱਤੇ ਵਿਰੋਧੀ ਪ੍ਰਭਾਵ ਜਗਾ ਰਹੀਆਂ ਸਨ।

ਅਜਿਹੇ ਔਖੀ-ਰੁੱਧੀ ਦੇ ਸਮੇਂ ਵਿੱਚ ਕਿਸੇ ਜਿਉਂਦੀ-ਜਾਗਦੀ ਭਾਈਚਾਰਕ ਜਥੇਬੰਦੀ ਵੱਲੋਂ ਦੋ ਹੀ ਪ੍ਰਕਾਰ ਦੀ ਪ੍ਰਤਿਕਿਰਿਆ ਸੰਭਵ ਸੀ। ਇੱਕ, ਨਿਰਾਸ਼ਾ ਅਤੇ ਬੇਬਸੀ ਦੀ ਭਾਵਨਾਂ ਤੋਂ ਉਪਜਿਆ ਕਛੂਆ-ਧਰਮੀ ਉਡੀਕ-ਵਾਦ; ਦੂਜਾ, ਆਪਣੀਆਂ ਸਾਰੀਆਂ

ਸ਼ਕਤੀਆਂ ਨੂੰ ਮੁੜ ਸੰਜੋਅ ਕੇ, ਬਦਲਦੇ ਹਾਲਾਤ ਦਾ, ਆਚਰਣ-ਸੁਧਾਰ-ਵਾਦੀ, ਬੁੱਧੀ-ਵਾਦੀ ਅਤੇ ਮੁੜ-ਸੰਗਠਨ-ਵਾਦੀ ਪੱਧਰਾਂ ਉੱਤੇ, ਮੁਕਾਬਲਾ ਕਰਨ ਲਈ ਲੱਕ ਬੰਨ੍ਹ ਲੈਣਾ। ਸਿੱਖਾਂ ਨੂੰ ਦੂਜਾ, ਔਖਾ ਅਤੇ ਜੀਵਟ ਵਾਲਾ, ਰਾਹ ਅਪਣਾਉਣਾ ਉਚਿਤ ਜਾਪਿਆ।

ਰਾਜਨੀਤਿਕ ਤੌਰ ਤੇ ਸਿੱਖ-ਰਾਜ ਦੀ ਬਾਜ਼ੀ ਪੂਰੀ ਤਰ੍ਹਾਂ ਮਾਤ ਪੈ ਚੁੱਕੀ ਸੀ। ਬਾਬਾ ਰਾਮ ਸਿੰਘ ਵੱਲੋਂ, ਪਰੰਪਰਾਗਤ ਲੀਹਾਂ ਉੱਤੇ, ਚਲਾਈ ਗਈ ਸੁਧਾਰਵਾਦੀ ਲਹਿਰ ਅੰਗ੍ਰੇਜ਼ੀ ਸੂਝਦਾਰੀ ਦੇ ਬਰੇਤਿਆਂ ਵਿੱਚ, ਬਾਬਾ ਜੀ ਦੇ ਦੇਸ਼-ਨਿਕਾਲੇ ਨਾਲ ਹੀ, ਆਪਣਾ ਕਿਰਦਾਰ ਗੁਆ ਚੁੱਕਾ ਸੀ। ਇਸ ਲਈ, ਸਮੇਂ ਦੇ ਸਿਆਣਿਆਂ ਨੇ ਅੰਗ੍ਰੇਜ਼ ਸਰਕਾਰ ਨਾਲ ਨਾ ਉਲਝਣ ਅਤੇ ਬਚੀ ਹੋਈ ਸ਼ਕਤੀ ਨੂੰ ਭਾਈਚਾਰਕ ਸੰਗਠਨ ਦੀ ਮੁੜ-ਉਸਾਰੀ ਕਰਨ; ਸਿੱਖੀ ਆਦਰਸ਼ਾਂ ਵਿੱਚ ਧਸ ਆਈਆਂ ਬਿੱਦਤਾਂ ਅਤੇ ਕੁਝ ਗਲਤ ਕਿਸਮ ਦੇ ਰਵਾਇਤੀ ਪ੍ਰਚਾਰ ਜਾਂ ਪੁਰਾਣ-ਪੰਥੀ ਪੁਜਾਰੀਆਂ ਦੇ ਸੁਆਰਥੀ ਜਤਨਾਂ ਕਾਰਨ, ਮਾਣ ਪਾ ਗਈਆਂ ਕੁਰੀਤੀਆਂ ਨੂੰ ਦੂਰ ਕਰਨ, ਗੁਰਦੁਆਰਿਆਂ ਅਤੇ ਪੰਥਕ-ਇਤਿਹਾਸ ਨਾਲ ਜੁੜੇ ਹੋਰਨਾਂ ਮਹੱਤਵ-ਪੂਰਨ ਅਸਥਾਨਾਂ ਉੱਤੇ ਸ਼ਖਸੀ ਅਧਿਕਾਰਾਂ ਦੀ ਥਾਵੇਂ, ਪੰਚਾਇਤੀ ਲੀਹਾਂ ਉੱਤੇ ਪੰਥਕ ਕਬਜ਼ਾ ਕਰਨ, ਸਿੱਖ ਨੌਜਵਾਨਾਂ ਨੂੰ ਆਧੁਨਿਕ ਵਿੱਦਿਆ ਅਤੇ ਸਿੱਖਿਆ ਦੀ ਪ੍ਰਾਪਤੀ ਵੱਲ ਪ੍ਰੇਰਣਾਂ ਦੇ ਕੇ ਪਰਵਿਰਤ ਕਰਨ; ਅਪਣੀਆਂ ਵਿੱਦਿਅਕ ਅਤੇ ਸਿੱਖਿਆ ਦੇਣ ਦੀਆਂ ਸੰਸਥਾਵਾਂ ਕਾਇਮ ਕਰਨ; ਦੇਸ਼ ਵਿੱਚ ਨਵੀਂ ਨਵੀਂ ਆਈ ਛਾਪੇ ਦੀ ਹੁਨਰਮੰਦੀ ਨੂੰ, ਆਪਣੇ ਪੁਰਾਤਨ ਗ੍ਰੰਥਾਂ ਅਤੇ ਨਿੱਤ ਨਵੇਂ ਵਿਚਾਰਾਂ ਨੂੰ ਲੋਕਾਂ ਤੱਕ ਅਪੜਾਉਣ ਲਈ, ਵੱਧ ਤੋਂ ਵੱਧ ਸੰਭਵ ਵਰਤੋਂ ਵਿੱਚ ਲਿਆਉਣ ਲਈ, ਪ੍ਰਕਾਸ਼ਨ ਸੰਸਥਾਵਾਂ ਦੀ ਸਥਾਪਨਾ ਕਰਨ, ਆਦਿ ਕਾਰਜਾਂ ਵੱਲ ਮੋੜਿਆ। ਪ੍ਰਤੱਖ ਹੈ ਕਿ ਇਨ੍ਹਾਂ ਕਾਰਜਾਂ ਦਾ ਘੇਰਾ ਬਹੁ-ਵਿਸਤਾਰ ਵਾਲਾ ਸੀ, ਜਿਸ ਨੂੰ ਮੱਲਣ ਲਈ ਅਨੇਕਾਂ ਮੁਖੀਆਂ ਦੀ ਲੋੜ ਸੀ। ਇਸ ਲੋੜ ਨੂੰ ਪੂਰਾ ਕਰਨ ਲਈ ਜੋ ਲੋਕ ਪਹਿਲੀ ਕਤਾਰ ਵਿੱਚ ਸਾਮ੍ਹਣੇ ਆਏ ਉਨ੍ਹਾਂ ਵਿਚ ਭਾਈ ਕਾਨ੍ਹ ਸਿੰਘ ਦਾ ਨਾਉਂ ਉੱਭਰਵਾਂ ਸੀ। ਬਾਬਾ ਖੇਮ ਸਿੰਘ ਬੇਦੀ, ਗਿਆਨੀ ਦਿੱਤ ਸਿੰਘ, ਪ੍ਰੋ: ਗੁਰਮੁਖ ਸਿੰਘ, ਸ: ਅਤਰ ਸਿੰਘ ਭਦੌੜ, ਵੈਦ ਮੋਹਨ ਸਿੰਘ, ਭਾਈ ਤਖ਼ਤ ਸਿੰਘ ਤੇ ਭਾਈ ਵੀਰ ਸਿੰਘ ਜਿਹੇ ਸਿਰ-ਕੱਢਵੇਂ ਨਾਵਾਂ ਦੀ ਸੂਚੀ ਵਿੱਚ ਸ: ਸੁੰਦਰ ਸਿੰਘ ਮਜੀਠੀਆ ਅਤੇ ਭਾਈ ਅਰਜਣ ਸਿੰਘ ਬਾਗੜੀਆਂ ਜਾਂ ਸੰਤ ਅਤਰ ਸਿੰਘ ਜਿਹੇ ਨਾਉਂ ਹੋਰ ਰਲਾ ਲਏ ਜਾਣ ਤਾਂ ਉਨ੍ਹਾਂ ਵਿਚੋਂ ਸਿਰ-ਕੱਢਵਾਂ ਹੋ ਕੇ ਨਿੱਤਰਣਾ ਕੋਈ ਸਹਿਜ ਸੌਖੀ ਗੱਲ ਨਹੀਂ ਸੀ। ਜਿਨ੍ਹਾਂ ਲੋਕਾਂ ਨੇ ਇਨ੍ਹਾਂ ਮਹਾਨ-ਸ਼ਖਸੀਅਤਾਂ ਨੂੰ ਵੇਖਿਆ ਪਰਖਿਆ ਸੀ, ਉਹ ਇਨ੍ਹਾਂ ਨੂੰ ਪੂਜਣ ਦੀ ਹੱਦ ਤੱਕ ਪਿਆਰਦੇ ਸਤਕਾਰਦੇ ਸਨ, ਪਰ ਆਉਣ ਵਾਲੀ ਨਸਲ ਨੂੰ ਇਨ੍ਹਾਂ ਦੀ ਵਡਿਆਈ ਦਾ ਕੋਈ ਝਾਉਲਾ ਦੇਣ ਵਾਲੀਆਂ ਜੀਵਨੀਆਂ ਇਨ੍ਹਾਂ ਦੇ ਸ਼ਰਧਾਲੂਆਂ ਨੇ, (ਜਿਨ੍ਹਾਂ ਵਿੱਚੋਂ ਹੁਣ ਆਪ ਵੀ ਬਹੁਤੇ ਰੱਬ ਨੂੰ ਪਿਆਰੇ ਹੋ ਚੁੱਕੇ ਹਨ), ਲਿਖ ਕੇ ਪਿੱਛੇ ਨਹੀਂ ਛੱਡੀਆਂ, ਜਿਸ ਕਾਰਣ ਸਾਡੀ ਨਵੀਂ ਪੌਦ ਨੂੰ ਇਨ੍ਹਾਂ ਨਾਲ ਗੁਆਚੀ ਮਹਾਨਤਾ ਦੀ ਪੂੰਜੀ ਦਾ ਕੋਈ ਅਨੁਮਾਨ ਨਹੀਂ ਰਹਿ ਗਿਆ। ਪਿਛਲੇ ਦਿਨੀਂ 'ਸਿੰਘ ਸਭਾ ਸ਼ਤਾਬਦੀ ਕਮੇਟੀ' ਦੇ ਅਧਿਕਾਰੀਆਂ ਨੇ ਇਸ ਸਖਣਾਪੇ ਨੂੰ ਦੂਰ ਕਰਨ ਦੇ ਕੁਝ ਜਤਨ ਜ਼ਰੂਰ ਆਰੰਭੇ ਹਨ।

ਭਾਈ ਕਾਨ੍ਹ ਸਿੰਘ ਦੀ ਵਡਿਆਈ, ਇਨ੍ਹਾਂ ਵੱਡੇ ਨਾਵਾਂ ਵਾਲਿਆਂ ਵਿੱਚ, ਇਹ ਹੈ

ਕਿ ਭਾਈ ਸਾਹਿਬ ਦੀ ਸ਼ਖ਼ਸੀਅਤ ਬਹੁ-ਗੁਣੀ ਅਤੇ ਬਹੁ-ਪੱਖੀ ਹੈ। ਉਹ ਇੱਕ ਪ੍ਰਭਾਵ ਪਾਉਣ ਵਾਲੇ ਬੁਲਾਰੇ, ਇੱਕ ਸਫਲ ਲੇਖਕ, ਸੁਜਾਨ ਨੀਤੀਵਾਨ, ਸੁਘੜ ਹਾਕਮ, ਸੁਚੱਜੇ ਉਸਤਾਦ, ਸੂਰਤਵਾਨ ਦਰਬਾਰੀ, ਸੁਲੱਖਣੇ ਗ੍ਰਿਹਸਥੀ, ਸਰਕਾਰੇ ਦਰਬਾਰੇ ਸਨਮਾਨੇ ਜਾਣ ਵਾਲੇ 'ਬਸੀਠ', ਬਹੁਤ ਦੇਸ਼ਾਂ ਵਿਚ ਭਵੇਂ ਯਾਤਰੂ, ਬਹੁਤ ਸਾਰੀਆਂ ਜ਼ਬਾਨਾਂ ਦੇ ਜਾਣੂ ਅਤੇ ਬਹੁਤ ਸਾਰੇ ਇਲਮਾਂ ਦੇ ਸਿਆਣੇ, ਖੋਜੀ ਬਿਰਤੀ ਵਾਲੇ, ਤਬੀਅਤ ਵਿਚ ਉਪਜ ਵਾਲੇ, ਚੁਲਬੁਲੇ ਵਿਅੰਗਕਾਰ, ਹਰ ਇਕ ਦੇ ਦੁਖ ਸੁਖ ਦੇ ਭਾਈਵਾਲ ਅਤੇ ਖੁਲ੍ਹ-ਦਿਲੇ ਇਨਸਾਨ ਸਨ। ਉਨ੍ਹਾਂ ਵਿਚ ਵਿਚਾਰਕ ਵਾਲੀ ਉਤਸੁਕਤਾ, ਖੋਜੀ ਵਾਲੀ ਨਿਰਪੱਖਤਾ, ਚੰਗੇ ਅਹਿਲਕਾਰ ਵਾਲੀ ਨਿਧੜਕ-ਕਥਨੀ, ਵਿਗਿਆਨੀ ਵਾਲੀ ਨਿਖੇੜਕ ਸਪਸ਼ਟਤਾ ਆਦਿ ਦੇ ਵਡਮੁੱਲੇ ਗੁਣ ਮੌਜੂਦ ਸਨ।

ਭਾਈ ਕਾਨ੍ਹ ਸਿੰਘ ਅਪਣੇ ਸਮਕਾਲੀਆਂ ਵਿੱਚੋਂ, ਬਹੁਤਿਆਂ ਨਾਲੋਂ, ਇਸ ਪੱਖੋਂ ਭੀ ਭਾਗਵਾਨ ਸਨ ਕਿ, ਗਿਆਨੀ ਦਿੱਤ ਸਿੰਘ ਵਾਂਗ ਹੀ, ਉਨ੍ਹਾਂ ਵੱਲ ਨਿੰਦਕਾਂ ਅਤੇ ਪ੍ਰਸ਼ੰਸਕਾਂ ਦੀਆਂ ਨਜ਼ਰਾਂ, ਚੋਖੀਆਂ ਅਗੇਤੀਆਂ, ਖਿੱਚੀਆਂ ਗਈਆਂ ਸਨ। 1898 ਵਿਚ ਹੀ ਜਦੋਂ ਉਨ੍ਹਾਂ ਦੀ ਪਹਿਲੀ ਸੁਤੰਤਰ ਮੌਲਿਕ ਰਚਨਾ 'ਹਮ ਹਿੰਦੂ ਨਹੀਂ' ਪ੍ਰਕਾਸ਼ ਵਿੱਚ ਆਈ, ਨਿੰਦਾ-ਉਸਤਤਿ ਦਾ ਦੌਰ ਆਰੰਭ ਹੋ ਗਿਆ ਸੀ। ਫੇਰ 'ਮਹਾਨ-ਕੋਸ਼' ਵਿਚ ਬਾਬਾ ਅਜਾਪਾਲ ਸਿੰਘ ਬਾਰੇ ਲਿਖੀ ਐਂਟਰੀ ਅਤੇ ਉਸ ਪਿੱਛੋਂ ਦੇ ਇਸੇ ਸੰਬੰਧ ਵਿੱਚ ਲਿਖੇ ਲੇਖਾਂ ਨੇ ਕਈਆਂ ਮਿੱਤਰਾਂ ਨੂੰ ਵਿਰੋਧੀਆਂ ਦੀ ਸਫ ਵਿੱਚ ਅਤੇ ਕਈਆਂ ਵਿਰੋਧੀਆਂ ਨੂੰ ਮਿੱਤਰਾਂ ਦੇ ਦਾਇਰੇ ਵਿੱਚ ਸ਼ਾਮਿਲ ਕਰਵਾ ਦਿੱਤਾ। ਇਨ੍ਹਾਂ ਬਖੇੜਿਆਂ ਦਾ ਇਕ ਪ੍ਰਤੱਖ ਲਾਭ ਇਹ ਹੋਇਆ ਕਿ ਜਿਸ ਭਾਈਚਾਰੇ ਵਿੱਚ ਕੋਈ ਕਿਸੇ ਦੂਜੇ ਦੀ ਗੱਲ ਗੌਲਣ ਲਈ ਤਿਆਰ ਨਹੀਂ ਹੁੰਦਾ (ਹੋਵੇ ਭੀ ਕਿਵੇਂ ਸਾਰੇ 'ਸਿੰਘ' ਜੋ ਹੋਏ), ਭਾਈ ਕਾਨ੍ਹ ਸਿੰਘ ਦੀ ਭਰਪੂਰ ਚਰਚਾ ਚਲਦੀ ਰਹੀ।

ਪਰ, ਭਾਈ ਕਾਨ੍ਹ ਸਿੰਘ ਦੀ ਜ਼ਿੰਦਗੀ ਦੇ ਅੰਤਲੇ ਸਾਲਾਂ ਤੱਕ, ਜੀਵਨੀ ਦੇ ਸਮਾਚਾਰ ਇਕੱਤਰ ਕਰਨਾ ਜਾਂ ਕਿਰਤਾਂ ਦੇ ਬਿਓਰੇ ਜੁਟਾਉਣਾ ਕਿਸੇ ਨੂੰ ਜ਼ਰੂਰੀ ਨਹੀਂ ਜਾਪਿਆ। ਕੇਵਲ ਅੰਤਲੇ ਦੋ ਵਰ੍ਹਿਆਂ ਵਿੱਚ ਗਿਆਨੀ ਸ਼ਮਸ਼ੇਰ ਸਿੰਘ ਅਸ਼ੋਕ ਦਾ ਧਿਆਨ ਇਸ ਕਾਰਜ ਵੱਲ ਪ੍ਰੇਰਿਆ ਜਾ ਸਕਿਆ ਸੀ। 'ਅਸ਼ੋਕ' ਨੂੰ ਪਿਛਲੇ ਛੇ ਵਰ੍ਹਿਆਂ ਵਿੱਚ, ਚੋਖਾ ਸਮਾਂ ਭਾਈ ਕਾਨ੍ਹ ਸਿੰਘ ਦੀ ਸੰਗਤ ਵਿਚ ਬਿਤਾਉਣ ਦਾ ਸੁਭਾਗਾ ਅਵਸਰ ਮਿਲਿਆ ਸੀ। ਇੰਝ ਭਾਈ ਸਾਹਿਬ ਦੇ ਜਿਉਂਦੇ ਜੀ ਹੀ ਜੀਵਨੀ-ਲੇਖਣ ਦਾ ਬਹੁਤ ਕੁਝ ਪ੍ਰਮਾਣੀਕ ਮੂਲ-ਮਸਾਲਾ ਸਮੇਟਣ ਦਾ ਆਹਰ ਹੋ ਗਿਆ ਸੀ। ਅਸ਼ੋਕ ਦੇ ਕਥਨ ਅਨੁਸਾਰ ਭਾਈ ਕਾਨ੍ਹ ਸਿੰਘ ਦੇ ਜੀਵਨ-ਸਮਾਚਾਰਾਂ ਦਾ ਸੰਗ੍ਰਹਿ, ਭਾਈ ਸਾਹਿਬ ਦੀ "ਜੀਵਿਤ-ਅਵਸਥਾ ਸਮੇਂ ਹੀ ਚੰਗੀ ਪੁੱਛ-ਗਿੱਛ ਕਰਨ ਤੋਂ ਉਪਰੰਤ ਰੋਜ਼ਨਾਮਚਿਆਂ ਰਾਹੀਂ ਲੋੜੀਂਦੀ ਵਾਕਫ਼ੀਅਤ ਹਾਸਲ ਕਰਕੇ ਤਿਆਰ ਕਰ ਲਿਆ ਸੀ।" ਇਸ ਲਈ, ਇਹ ਮੰਨ ਲੈਣਾ ਬੇ-ਜਾ ਨਹੀਂ ਹੋਵੇਗਾ ਕਿ 'ਅਸ਼ੋਕ' ਵੱਲੋਂ ਜੁਟਾਈ ਗਈ ਜਾਣਕਾਰੀ ਨਾਲ ਭਾਈ ਸਾਹਿਬ ਦੀ ਸਹਿਮਤੀ ਭੀ ਸ਼ਾਮਿਲ ਰਹੀ ਹੋਵੇਗੀ; ਕਿਉਂਕਿ ਇੱਕ ਤਾਂ ਸਾਮੱਗਰੀ ਦਾ ਵੱਡਾ ਅੰਸ਼ ਭਾਈ ਸਾਹਿਬ ਦੇ ਆਪ ਲਿਖਕੇ ਸਾਂਭੇ ਹੋਏ ਰੋਜ਼ਨਾਮਚਿਆਂ ਉੱਤੇ ਆਧਾਰਿਤ ਸੀ, ਦੂਜਾ ਸੰਗ੍ਰਹਿ ਕਰਤਾ ਆਪ ਭਾਈ ਸਾਹਿਬ ਦਾ ਨੇੜ ਮਾਣਨ ਵਾਲਾ ਇਅਤਬਾਰੀ ਬੰਦਾ ਸੀ, ਜੋ ਅੱਜ ਭੀ, ਆਪਣੇ ਆਪ ਨੂੰ ਭਾਈ

ਸਾਹਿਬ ਦੀ ਸੰਗਤ ਤੋਂ ਵਰੋਸਾਇਆ ਹੀ ਨਹੀਂ ਮੰਨਦਾ, ਸਗੋਂ ਇਹ ਕਹਿਣ ਵਿਚ ਮਾਣ ਮਹਿਸੂਸ ਕਰਦਾ ਹੈ ਕਿ "ਭਾਈ ਕਾਨ੍ਹ ਸਿੰਘ ਜੀ ਨਾਭਾ,......ਮੇਰੇ ਸਿੱਖ-ਸਾਹਿਤ ਤੇ ਇਤਿਹਾਸ ਦੀ ਖੋਜ ਦੇ ਮੁੱਢਲੇ ਉਸਤਾਦ ਸਨ, ਤੇ ਪੰਜਾਬੀ ਗੱਦ ਲਿਖਣ ਦਾ ਅਭਿਆਸ ਮੈਂ ਉਨ੍ਹਾਂ ਕੋਲ ਰਹਿ ਕੇ ਹੀ ਕੀਤਾ ਸੀ"।

'ਅਸ਼ੋਕ' ਵੱਲੋਂ ਭਾਈ ਕਾਨ੍ਹ ਸਿੰਘ ਦੀ ਜੀਵਨੀ ਦਾ ਖਰੜਾ ਅਜੇ ਮੁਕੰਮਲ ਨਹੀਂ ਸੀ ਹੋਇਆ ਕਿ ਭਾਈ ਸਾਹਿਬ ਦਾ ਜੀਵਨ ਅੰਤ ਹੋ ਗਿਆ। ਅਗਲੇ ਤਿੰਨ ਚਾਰ ਮਹੀਨਿਆਂ ਦੇ ਅੰਦਰ ਇਸ ਖਰੜੇ ਨੂੰ ਪੂਰਾ ਕਰਵਾ ਕੇ, ਉਸ ਦੀ ਸੋਧ-ਸੁਧਾਈ ਭਾਈ ਸਾਹਿਬ ਦੇ ਸਪੁੱਤਰ ਮਹੰਤ ਭਗਵੰਤ ਸਿੰਘ ਨੇ ਆਪਣੀ ਨਿਗਰਾਨੀ ਵਿਚ ਕਰਵਾਈ। ਫੇਰ, ਇਸ ਦੀਆਂ ਕੁਝ ਗਿਣਤੀ ਦੀਆਂ ਕਾਪੀਆਂ ਛਪਵਾ ਕੇ "ਭਾਈ ਅਰਜਨ ਸਿੰਘ ਬਾਗੜੀਆਂ, ਸਰਦਾਰ ਗੁਰਦਿਆਲ ਸਿੰਘ ਮਾਨ (ਨਾਭਾ), ਪ੍ਰੋ: ਤੇਜਾ ਸਿੰਘ ਜੀ ਐਮ. ਏ, ਖਾਲਸਾ ਕਾਲਜ, ਅੰਮ੍ਰਿਤਸਰ ਆਦਿ ਸੱਜਨਾਂ ਨੂੰ ਭੇਜੀਆਂ ਗਈਆਂ"। ਇਨ੍ਹਾਂ ਸਭਨਾਂ ਵੱਲੋਂ ਦਿੱਤੇ ਗਏ ਸੁਝਾਵਾਂ ਦੀ ਰੋਸ਼ਨੀ ਵਿਚ ਖਰੜੇ ਨੂੰ ਮੁੜ ਸੁਧਾਰਿਆ ਗਿਆ। ਇਹ ਸੋਧਿਆ-ਸੰਵਾਰਿਆ ਖਰੜਾ, 1966 ਤੱਕ, ਪ੍ਰਕਾਸ਼ਕਾਂ ਦੀ ਦਿਲਚਸਪੀ ਖੁਣੋਂ, ਲੇਖਕ ਦੇ ਬਸਤਿਆਂ ਵਿੱਚ ਹੀ ਰੁਲਦਾ ਰਿਹਾ। ਆਖਿਰ, 1966 ਵਿੱਚ, ਕੁਝ ਮਾਮੂਲੀ ਨਜ਼ਰਸਾਨੀ ਪਿੱਛੋਂ, 'ਅਸ਼ੋਕ' ਜੀ ਨੇ ਆਪ ਹੀ, ਇਸ ਨੂੰ ਪਟਿਆਲੇ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ। ਉਡੀਕ ਦੇ ਇਸ ਲੰਮੇ ਅਰਸੇ ਵਿਚਕਾਰ, 'ਅਸ਼ੋਕ' ਵੱਲੋਂ ਹੀ ਪਹਿਲਾਂ 1940 ਵਿੱਚ ਖ਼ਾਲਸਾ ਕਾਲਜ ਦੇ "ਮਕਾਲਿਫ਼ ਯਾਦਗਾਰੀ ਗੋਲਡ ਮੈਡਲ" ਲਈ ਅਤੇ ਫੇਰ 1955 ਵਿੱਚ, ਪੈਪਸੂ ਦੀ ਸਰਕਾਰ ਅਧੀਨ ਸਥਾਪਿਤ, ਮਹਿਕਮਾ ਪੰਜਾਬੀ ਵੱਲੋਂ ਪ੍ਰਕਾਸ਼ਿਤ ਕੀਤੇ ਗਏ, ਭਾਈ ਕਾਨ੍ਹ ਸਿੰਘ ਰਚਿਤ "ਗੁਰ-ਸ਼ਬਦ ਰਤਨਾਕਰ ਮਹਾਨ ਕੋਸ਼" ਦੇ ਸੰਪਾਦਕ ਦੀ ਹੈਸੀਅਤ ਵਿੱਚ, ਭੂਮਿਕਾ ਦੇ ਰੂਪ ਵਿੱਚ ਲਿਖੇ, ਦੋ ਲੇਖ ਛਪੇ। ਇੰਜ 'ਅਸ਼ੋਕ' ਵੱਲੋਂ ਪੇਸ਼ ਕੀਤੀ ਗਈ ਜਾਣਕਾਰੀ ਭਾਈ ਕਾਨ੍ਹ ਸਿੰਘ ਦੇ ਜੀਵਨ ਸੰਬੰਧੀ, ਅਜੇ ਤੋੜੀ, ਮੁੱਢਲੀ ਅਤੇ ਅੰਤਮ ਜਾਣਕਾਰੀ ਕਹੀ ਜਾ ਸਕਦੀ ਹੈ। ਹੁਣ ਤੱਕ ਜੋ ਕੁੱਝ ਭੀ ਭਾਈ ਕਾਨ੍ਹ ਸਿੰਘ ਬਾਰੇ ਲਿਖਿਆ ਜਾ ਚੁੱਕਾ ਹੈ, ਉਸ ਸਾਰੇ ਉੱਤੇ ਅਸ਼ੋਕ ਦੇ ਇਨ੍ਹਾਂ ਲੇਖਾਂ ਅਤੇ ਪੁਸਤਕ ਰੂਪ ਵਿੱਚ ਛਾਪੇ ਜੀਵਨ ਬ੍ਰਿਤਾਂਤ ਦਾ ਪ੍ਰਭਾਵ ਪ੍ਰਤੱਖ ਅਤੇ ਅਟਲ ਹੈ।

ਪਰੰਤੂ, 'ਅਸ਼ੋਕ' ਦੁਆਰਾ ਸੰਪਾਦਿਤ ਇਹ ਜੀਵਨੀ ਬੜੀ ਹੱਦ ਤਕ ਜੀਵਨ-ਘਟਨਾਵਾਂ ਦੀ ਸੁਚੱਜੀ ਸੂਚੀ ਹੋ ਕੇ ਰਹਿ ਜਾਂਦੀ ਹੈ, ਜਿਸ ਵਿੱਚ ਭਾਈ ਕਾਨ੍ਹ ਸਿੰਘ ਦੀਆਂ ਰਚਨਾਵਾਂ ਦੀ ਸੂਚੀ ਭੀ ਜੋੜ ਲਈ ਗਈ ਹੈ, ਭਾਈ ਸਾਹਿਬ ਦੀ ਹਿੰਦੀ-ਪੰਜਾਬੀ ਕਵਿਤਾ ਅਤੇ ਪੰਜਾਬੀ ਵਾਰਤਿਕ ਦੇ ਕੁਝ ਨਮੂਨੇ ਭੀ ਦਰਜ ਹਨ, ਜੋ ਸਾਧਾਰਣ ਪਾਠਕ ਲਈ ਕਾਫ਼ੀ ਦਿਲਚਸਪੀ ਦਾ ਸਾਮਾਨ ਜੁਟਾਉਂਦੇ ਹਨ, ਪਰ ਕੇਵਲ ਇਹਨਾਂ ਗੇਣਵੇਂ ਰਚਨਾਂ ਨਮੂਨਿਆਂ ਦੇ ਆਧਾਰ ਉੱਤੇ ਹੀ ਭਾਈ ਸਾਹਿਬ ਦੀ ਸਾਹਿਤਿਕ ਕੀਮਤ ਅੰਕਣੀ ਸੰਭਵ ਨਹੀਂ।

ਸ਼ਮਸ਼ੇਰ ਸਿੰਘ 'ਅਸ਼ੋਕ' ਦੇ ਜਤਨਾਂ ਤੋਂ ਪਿੱਛੋਂ, ਅਗਲਾ ਜਤਨ ਬੀਬੀ ਸੁਖਜੀਤ ਕੌਰ ਦਾ, ਐਮ. ਏ. (ਪੰਜਾਬੀ) ਦੀ ਪ੍ਰੀਖਿਆ ਲਈ, 'ਭਾਈ ਕਾਨ੍ਹ ਸਿੰਘ ਨਾਭਾ ਤੇ ਉਨ੍ਹਾਂ ਦੀਆਂ ਰਚਨਾਵਾਂ' ਸਿਰ ਲੇਖ ਹੇਠ ਲਿਖਿਆ ਖੋਜ-ਨਿਬੰਧ ਹੈ। ਨਿਬੰਧ-ਲੇਖਨ ਵਿੱਚ ਲੇਖਿਕਾ ਦੀ

ਅਗਵਾਈ ਪ੍ਰੋਫੈਸਰ ਪ੍ਰੀਤਮ ਸਿੰਘ ਨੇ ਕੀਤੀ ਸੀ। ਨਿਬੰਧ ਦੀ ਸ਼ੈਲੀ ਅਤੇ ਭਾਸ਼ਾ, ਦੋਹਾਂ ਉਤੇ, ਸੂਝਵਾਨ ਸਲਾਹਕਾਰ ਦੀ ਛਾਪ ਪ੍ਰਗਟ ਹੈ। ਇਸ ਨਿਬੰਧ ਵਿੱਚ "ਵਿਸ਼ਨੂੰ ਪੁਰਾਣ ਟੀਕਾ" ਅਤੇ "ਵੈਦਗੀ ਅਤੇ ਸਿਹਤ ਸੰਬੰਧੀ ਇਕ ਗਰੰਥ" ਨਾਉਂ ਦੀਆਂ ਦੋ ਹੋਰ ਰਚਨਾਵਾਂ ਭਾਈ ਸਾਹਿਬ ਦੀ ਰਚਨਾ-ਸੂਚੀ ਵਿੱਚ ਜੋੜੀਆਂ ਗਈਆਂ ਹਨ। ਇਸ ਨਿਬੰਧ ਦੀ ਨਿਵੇਕਲੀ ਲੱਭਤ ਭਾਈ ਕਾਨ੍ਹ ਸਿੰਘ ਨੂੰ "ਡੇਰਾ-ਪੱਧਤੀ ਦੀ ਸਭ ਤੋਂ ਉੱਤਮ ਉਪਜ" ਅਨੁਮਾਨਣਾ ਹੈ, ਪਰ ਭਾਈ ਸਾਹਿਬ ਦੀ ਰਚਨਾ ਦਾ ਪਿਛੋਕੜ ਘੋਖਦਿਆਂ ਡੇਰਾ-ਪਧਤੀ ਦੇ ਲੱਛਣਾਂ, ਗੁਣਾਂ-ਔਗੁਣਾਂ ਅਤੇ ਉਨ੍ਹਾਂ ਦੀ ਛਾਪ ਦਾ ਭਾਈ ਕਾਨ੍ਹ ਸਿੰਘ ਦੀ ਕਿਰਤ ਵਿਚੋਂ ਚਿਹਰਾ-ਮੁਹਰਾ ਉਘਾੜਨ ਦਾ ਜਤਨ ਪ੍ਰਤੱਖ ਨਹੀਂ ਨਿਖੱੜਦਾ। ਇਸ ਨਿਬੰਧ ਦੀ ਦੂਜੀ ਕਮਜ਼ੋਰੀ ਦੁਜੈਲੇ-ਆਧਾਰਾਂ (secondary sources) ਦੀ ਚੋਖੀ ਵਰਤੋਂ ਹੈ। ਇਹ ਸ਼ਾਇਦ, ਖੋਜ-ਨਿਬੰਧ ਵਿਚ ਪੈਰ-ਟਿਪਣੀਆਂ (foot-notes) ਦੇਣ ਬਾਰੇ, ਭੁਲੇਖਿਆਂ ਵਿੱਚੋਂ ਉਪਜੀ, ਕਮਜ਼ੋਰੀ ਹੀ ਹੋਵੇ। ਸਮੁੱਚੇ ਤੌਰ ਤੇ ਇਹ ਨਿਬੰਧ ਅਗਾਂਹ ਵੱਲ ਇਕ ਸੁਚੱਜਾ ਕਦਮ ਕਿਹਾ ਜਾ ਸਕਦਾ ਹੈ।

ਉਂਞ ਤਾਂ ਕਈ ਵਿਦਵਾਨਾਂ ਨੇ ਸਮੇਂ ਸਮੇਂ, ਲੋੜ ਅਨੁਸਾਰ ਭਾਈ ਕਾਨ੍ਹ ਸਿੰਘ ਬਾਰੇ ਕੁਝ ਨਾ ਕੁਝ ਆਹਰ ਕੀਤਾ ਹੀ ਹੈ, ਪਰ ਉਸ ਵਿੱਚ ਮਹੱਤਵ-ਪੂਰਣ ਅਤੇ ਗੋਲਣ-ਜੋਗੀ, ਦੀਰਘ-ਜੀਵੀ ਸੂਝ ਜਾਂ ਨਵੀਂ ਜਾਣਕਾਰੀ ਘੱਟ ਹੀ ਹੱਥ ਆਉਂਦੀ ਹੈ। ਪਿਛਲੇ ਦਿਨੀਂ, ਭਾਈ ਕਾਨ੍ਹ ਸਿੰਘ ਵੱਲੋਂ ਸੰਪਾਦਿਤ ਗ੍ਰੰਥ "ਗੁਰ ਮਹਿਮਾ ਰਤਨਾਵਲੀ" ਦੀ ਭੂਮਿਕਾ ਦੇ ਰੂਪ ਵਿੱਚ, ਪ੍ਰੋਫੈਸਰ ਪ੍ਰੀਤਮ ਸਿੰਘ ਨੇ ਇੱਕ ਲੰਮਾ ਲੇਖ ਲਿਖਿਆ ਹੈ, ਜਿਸ ਵਿੱਚ ਕੋਸ਼-ਵਿੱਦਿਆ ਨਾਲ ਸੰਬੰਧਿਤ, ਭਾਈ ਕਾਨ੍ਹ ਸਿੰਘ ਦੀ ਨਿਖੇੜਕ ਪ੍ਰਵ੍ਰਿਤੀ ਦਾ ਚੰਗਾ ਅਧਿਐਨ ਕੀਤਾ ਹੈ ਅਤੇ ਸਮਕਾਲੀ ਚੇਤਨਾ ਦੇ ਸਰੂਪ ਅਤੇ ਕਾਰਨਾਂ ਦਾ ਚੋਖਾ ਬਿਓਰਾ ਅੰਗਿਆ ਹੈ।

ਸ਼ਾਇਦ, ਇਹ ਕਹਿਣ ਵਿਚ ਨਾ ਹੀ ਅਤਿ-ਕਥਨੀ ਹੋਵੇਗੀ, ਨਾ ਭਾਈ ਕਾਨ੍ਹ ਸਿੰਘ ਬਾਰੇ ਖੋਜ ਕਰਨ ਵਾਲੇ ਸੁਘੜ ਵਿਦਵਾਨਾਂ ਦੀ ਦੇਣ ਨੂੰ ਨਕਾਰਨਾ, ਕਿ ਭਾਈ ਕਾਨ੍ਹ ਸਿੰਘ ਬਾਰੇ ਖੋਜ ਅਤੇ ਪਰਖ-ਪੜਚੋਲ ਦੇ ਕਾਰਜ ਨੂੰ, ਸਿੱਖ-ਸੂਝਵਾਨੀ ਦੀ ਨਾਗ-ਕੁੰਡਲੀ ਤੋਂ ਵੱਖਰੀ, ਪੰਜਾਬ ਦੇ ਸਾਹਿਤਿਕ-ਵਿਰਸੇ ਵਿੱਚ ਥਾਂ ਦੇਣ ਦੀ ਪਹਿਲ ਪ੍ਰੋ: ਪ੍ਰੀਤਮ ਸਿੰਘ ਦੇ ਹੱਥੋਂ ਹੀ ਹੋਈ ਹੈ। ਇਸ ਵਿੱਚ ਸ਼ੱਕ ਨਹੀਂ ਕਿ ਹੁਣ ਤਕ ਹੋਏ ਸਾਰੇ ਜਤਨਾਂ ਦੀ ਅਪੂਰਣਤਾ ਦੇ ਪਿੱਛੇ ਲੋੜੀਂਦੀ ਸਾਮੱਗ੍ਰੀ ਦੀ ਥੁੜ ਦਾ ਚੋਖਾ ਦਖ਼ਲ ਹੈ। ਇਹ ਭੀ ਸਪਸ਼ਟ ਹੈ ਕਿ ਕੀਤੇ ਗਏ ਸਾਰੇ ਜਤਨਾਂ ਦੇ ਹੁੰਦੇ ਸੁੰਦੇ ਵਧੇਰੇ ਵਿਸ਼ਵਾਸ ਯੋਗ ਸਾਮੱਗ੍ਰੀ ਸਾਮ੍ਹਣੇ ਨਹੀਂ ਆ ਸਕੀ ਜਾਂ ਲਿਆਂਦੀ ਜਾ ਸਕੀ। ਭਾਈ ਕਾਨ੍ਹ ਸਿੰਘ ਦਾ ਸੰਬੰਧ ਜਿਸ ਰਿਆਸਤ ਨਾਲ ਸੀ ਉਸ ਨੂੰ ਚੋਖੀ ਉਥਲ-ਪੁਥਲ ਵਿਚੋਂ ਲੰਘਣਾ ਪਿਆ ਹੈ। ਲੰਮੇ ਸਮੇਂ ਲਈ ਹਕੂਮਤ ਦੀ ਬਾਗ-ਡੋਰ ਅੰਗ੍ਰੇਜ਼ੀ ਨੌਕਰਸ਼ਾਹੀ (British bureaucracy) ਦੇ ਗੁੰਝਲਾਂ-ਉਪਜਾਊ ਹੱਥਾਂ ਵਿੱਚ ਰਹੀ। ਮਹਾਰਾਜਾ ਰਿਪਦੁਮਨ ਸਿੰਘ ਦੇ ਵਾਰਸ ਮਹਾਰਾਜਾ ਪਰਤਾਪ ਸਿੰਘ ਨੂੰ ਰਾਜ-ਕਾਜ ਦੇ ਅਧਿਕਾਰ ਮਿਲੇ ਤਾਂ ਉਹ ਬਚਪਨ ਤੋਂ ਵਿਦੇਸ਼ਾਂ ਵਿੱਚ ਰਿਹਾ ਹੋਣ ਕਾਰਣ ਸਥਾਨਕ ਮਾਹੌਲ ਤੋਂ ਨਾ-ਵਾਕਿਫ਼ ਸੀ। ਉੱਤੋਂ, ਛੇਤੀ ਹੀ ਦੂਜਾ ਮਹਾਨ ਸੰਸਾਰ ਯੁੱਧ ਆ ਗਿਆ, ਯੁੱਧ ਮੁੱਕਾ ਤਾਂ ਦੇਸ਼ ਦੀ ਅਜ਼ਾਦੀ ਦੇ ਆਰੰਭਿਕ ਮਸਲੇ ਉੱਭਰ ਆਏ।

ਰਿਆਸਤ ਵਿਲੀਣ ਹੋਈ ਫੇਰ ਪਟਿਆਲਾ ਅਤੇ ਪੂਰਬੀ ਪੰਜਾਬ ਦੇ ਰਾਜ-ਸੰਗਠਨ ਵਿੱਚ ਮਿਲਾ ਦਿੱਤੀ ਗਈ। ਸਾਰੇ ਰੀਕਾਰਡ ਏਧਰ-ਉਧਰ ਅਦਲਾ ਬਦਲੀ ਵਿੱਚ ਉਲਝ-ਪੁਲਝ ਗਏ। ਅਨੇਕਾਂ ਗ੍ਰੰਥ-ਸੰਗ੍ਰਹਿ ਨਸ਼ਟ ਹੋ ਗਏ ਜਾਂ ਖਿੰਡ-ਪੁੰਡ ਗਏ। ਪੁਰਾਣੀਆਂ ਰਚਨਾਵਾਂ ਦਾ ਮਿਲਨਾ ਦੁਰਲੱਭ ਹੋ ਗਿਆ, ਸਾਡੀਆਂ ਯੂਨੀਵਰਸਿਟੀਆਂ, ਖੋਜ-ਕੇਂਦਰਾਂ ਦਾ ਧਿਆਨ ਪਰੰਪਰਾ ਦੀ ਖੋਜ ਅਤੇ ਵਿਰਸੇ ਦੀ ਭਾਲ ਨਾਲੋਂ ਨਵੇਂ ਝੁਕਾਵਾਂ ਅਤੇ ਸ਼ਕਤੀਸ਼ਾਲੀ ਵਿਦੇਸ਼ਾਂ ਵਿੱਚ ਹੋ ਰਹੇ ਤਜ਼ਰਬਿਆਂ ਅਤੇ ਉਨ੍ਹਾਂ ਤਜਰਬਿਆਂ ਦੇ ਆਧਾਰ ਉੱਤੇ ਥਾਪੇ ਜਾਣ ਵਾਲੇ ਸਿੱਧਾਂਤਾਂ ਵੱਲ ਸਹਿਜੇ ਪ੍ਰੇਰਿਆ ਜਾਣ ਲੱਗ ਪਿਆ ਹੈ। ਖੋਜ-ਕਾਰਜ ਰੋਜ਼ੀ ਦੇ ਵਸੀਲਿਆਂ ਨਾਲ ਗਲ-ਨਰੜ ਹੋਣ ਨੂੰ ਮਾਣ ਦਾ ਸਾਧਨ ਮਿਥਣ ਲੱਗਾ ਹੈ। ਅਜਿਹੀ ਸੂਰਤ ਵਿੱਚ ਜੋ ਕੁਝ ਥੋੜੀ ਬਹੁਤ ਸਾਮੱਗ੍ਰੀ ਸੌਖਿਆਂ ਹੱਥ ਆ ਸਕਦੀ ਹੈ ਅਤੇ ਗਏ-ਬੀਤੇ ਯੁਗ ਦੇ ਇਨ੍ਹਾਂ ਰਚਨਾਕਾਰਾਂ ਨਾਲ ਜਾਂ ਸੰਬੰਧਿਤ ਵਿਸ਼ਿਆਂ ਨਾਲ ਦਿਲਚਸਪੀ ਨਜ਼ਰ ਆਉਂਦੀ ਹੈ, ਉਹੀ ਗ਼ਨੀਮਤ ਹੈ। ਉਹ ਸੰਸਥਾਵਾਂ, ਉਹ ਵਿਭਾਗ, ਉਹ ਵਿੱਦਵਾਨ, ਜੋ ਕਿਸੇ ਵੀ ਕਾਰਣ ਤੋਂ 'ਬੀਤ-ਚੁਕੀ ਕੱਲ੍ਹ ਦੇ ਇਨ੍ਹਾਂ ਉਸਰਈਆਂ ਬਾਰੇ ਕੁਝ ਨਾਂ ਕੁਝ ਹੋਰ ਵਧੇਰੇ ਜਾਣਨ ਦੇ ਜਤਨਾਂ ਵਿੱਚ ਕੁਝ ਨਾਂ ਕੁਝ ਆਹਰ ਆਰੰਭੀ ਰੱਖਣਾ ਅਪਣਾ ਕਰਤੱਵ ਸਮਝਦੇ ਹਨ, ਧੰਨਵਾਦ ਦੇ ਅਧਿਕਾਰੀ ਹਨ, ਖ਼ਾਸ ਕਰ ਕੇ ਜਦੋਂ ਇਹ ਪੁਰਾਣੇ ਰਚਨਾਕਾਰ ਕਿਸੇ ਅਜੋਕੜੇ ਉੱਚੇ ਕੋਰਸ ਦਾ ਅੰਗ ਭੀ ਨਹੀਂ ਬਣ ਸਕਣ ਜੋਗੇ।

ਭਾਈ ਕਾਨ੍ਹ ਸਿੰਘ ਵੀ ਉਨ੍ਹਾਂ ਹੀ ਅਜਿਹੇ ਪੰਜਾਬੀ ਲੇਖਕਾਂ ਵਿਚੋਂ ਹੈ ਜਿਨ੍ਹਾਂ ਨੂੰ ਪੰਜਾਬੀ ਦੇ ਵਿਕਾਸ ਦੇ ਇਤਿਹਾਸ ਵਿੱਚ ਕਿੰਨੇ ਵੀ ਮਹੱਤਵ ਦਾ ਮਰਾਤਬਾ ਕਿਉਂ ਨਾ ਹਾਸਿਲ ਹੋਵੇ ਤਾਂ ਭੀ ਉਹ ਪੰਜਾਬੀ ਦੇ ਕਿਸੇ ਉੱਚੇ ਕੋਰਸ ਦੇ ਸਿਲੇਬਸ ਦਾ ਅੰਗ ਨਹੀਂ ਬਣਾਏ ਜਾ ਸਕਦੇ। ਅੱਜ ਛੰਦ-ਬੋਧ, ਅਲੰਕਾਰ-ਬੋਧ. ਕੋਸ਼ ਰਚਨਾ, ਪੁਰਾਤਨ-ਰਚਨਾਵਾਂ ਦੇ ਭਾਵਾਰਥ-ਪ੍ਰਬੋਧ ਜਿਹੇ ਵਿਸ਼ਿਆਂ ਨੂੰ ਪੁਰਾਣਾ ਅਤੇ ਫੈਸ਼ਨ ਬਾਹਰਲਾ ਜਾਣ ਕੇ ਤਿਆਗ ਦਿੱਤਾ ਗਿਆ ਹੋਇਆ ਹੈ। ਅਜਿਹੇ ਲੇਖਕਾਂ ਦੀਆਂ ਸਫ਼ਰਨਾਮਿਆਂ ਆਦਿ ਨਾਲ ਸੰਬੰਧਿਤ ਰਚਨਾਵਾਂ ਅਜੇ ਅਪ੍ਰਕਾਸ਼ਿਤ ਹਨ ਅਤੇ, ਸ਼ਾਇਦ, ਇਸੇ ਰੂਪ ਵਿਚ ਛੇਤੀ ਹੀ ਨਸ਼ਟ ਭੀ ਹੋ ਜਾਣ, ਕਿਉਂਕਿ ਕਿਨ੍ਹਾਂ ਦੇ ਪ੍ਰਕਾਸ਼ਨ ਦਾ ਭਾਰ ਸਿਰ ਓਟਣ ਦੀ ਚਿੰਤਾ ਕਿਸੇ ਨੂੰ ਵੀ ਨਹੀਂ।

ਜਿਵੇਂ ਉਪਰ ਕਿਹਾ ਜਾ ਚੁੱਕਾ ਹੈ ਕਿ ਭਾਈ ਕਾਨ੍ਹ ਸਿੰਘ ਦੀ ਸ਼ਖਸੀਅਤ ਬਹੁ-ਪੱਖੀ ਹੈ ਇਸ ਲਈ ਉਸ ਸ਼ਖਸੀਅਤ ਨੂੰ ਉਜਾਗਰ ਕਰਨ ਵਾਲੇ ਅਧਿਐਨ ਭੀ ਬਹੁ-ਪੱਖੀ ਹੋਣਗੇ। ਸਗੋਂ ਵਧੇਰੇ ਚੰਗਾਂ ਤਾਂ ਇਹੋ ਹੋਵੇਗਾ ਕਿ ਇੱਕ ਇੱਕ ਪੱਖ ਬਾਰੇ ਵੱਖਰੇ ਵੱਖਰੇ ਅਧਿਐਨ ਆਰੰਭੇ ਜਾਣ। ਇਸ ਮੰਤਵ ਦੇ ਰਸਤੇ ਵਿੱਚ ਵੱਡੀ ਔਕੜ ਅਧਾਰ-ਵਸਤੂ ਦੀ ਥੁੜ ਵੱਲੋਂ ਆ ਸਕਦੀ ਹੈ, ਪਰੰਤੂ ਮੇਰਾ ਵਿਸ਼ਵਾਸ ਹੈ ਕਿ ਜਿਉਂ ਜਿਉਂ ਅਧਿਐਨ ਦੇ ਕਾਰਜ ਦਾ ਖੇਤਰ ਪਸਰੇਗਾ, ਅਨੇਕਾਂ ਗੁੱਠਾਂ ਵਿੱਚੋਂ ਵਸਤੂ ਦਾ ਮੁਹਾਂਦਰਾ ਭੀ ਉੱਘੜਦਾ ਆਵੇਗਾ। ਖੋਜ-ਕਾਰਜ ਭੀ ਵਪਾਰ ਵਾਂਗ ਹੀ ਹੈ, ਜਿਸ ਵਿੱਚ ਸੋਧ, ਸਿਦਕ ਅਤੇ ਸਾਧਨਾਂ ਦੁਆਰਾ ਪੂੰਜੀ ਇੱਕ ਤੋਂ ਇੱਕੀਸ ਵਿੱਚ ਵਟਦੀ ਜਾਂਦੀ ਹੈ। ਅੱਜ ਦੇ ਕਰੋੜਪਤੀ ਪਰਿਵਾਰਾਂ ਵਿੱਚੋਂ ਕਿੰਨੇ ਹਨ ਜਿਨ੍ਹਾਂ ਦਾ ਕਾਰੋਬਾਰੀ ਮੁੱਢ ਤੰਗ-ਦਸਤੀ ਦੇ ਦਿਨਾਂ ਵਿੱਚ ਹੋਇਆ ਸੀ।

ਖ਼ੁਦ-ਪੂੰਜੀਆਂ ਹੋਣਾ ਨਾ ਦੋਸ਼ ਹੈ ਨਾ ਪਾਪ, ਪਰ, ਖ਼ੁਦ-ਹੱਥਾ ਜਾਂ ਖ਼ੁਦ-ਹਿੰਮਤ ਹੋਣਾ ਅਤੇ ਖ਼ੁਦ-ਵਿਧੀ ਜਾਂ ਖ਼ੁਦ-ਬੁੱਧੀ ਹੋਣਾ ਦੋਸ਼ ਵੀ ਹੋ ਸਕਦਾ ਹੈ, ਪਾਪ ਵੀ ।

ਖ਼ੁਦ-ਹਿੰਮਤ, ਖ਼ੁਦ ਵਿਧੀ ਜਾਂ ਖ਼ੁਦ ਬੁੱਧੀ ਹੋਣ ਨੂੰ ਦੋਸ਼ ਤੋਂ ਪਾਪ ਤਕ ਦੀ ਸੀਮਾ ਵਿੱਚ ਸਮੇਟਣਾ ਵੀ, ਸਾਇਦ, ਇੱਕ ਮੂਰਖ਼ਤਾ ਅਤੇ ਇੱਕ ਵਧੀਕੀ ਹੀ ਹੋਵੇ । ਇਹ ਮੂਰਖਤਾ ਜਾਂ ਵਧੀਕੀ ਕਰਦਿਆਂ ਇਸ ਲੇਖਕ ਨੂੰ ਇਹਸਾਸ ਹੈ ਕਿ ਅਜਿਹੇ ਦੋਸ਼ ਜਾ ਪਾਪ ਦਾ ਇੱਕ ਨਿਰਸੰਦੇਹ ਭਾਗੀ ਲੇਖਕ ਆਪ ਹੀ ਸਿੱਧ ਹੋਵੇ, ਪਰ ਆਪਣੀਆਂ ਕਮਜ਼ੋਰੀਆਂ, ਭੁੱਲਾਂ ਜਾਂ ਗਲਤ-ਬਿਆਨੀਆਂ ਦੀ ਦੇਣਦਾਰੀ ਤੋਂ ਅੰਤਲੇ ਦਮ ਤਕ ਨਾਬਰ ਹੋ ਸਕਣਾ ਕਿਸੇ ਭੀ ਲੇਖਕ ਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ ।

ਮੇਰਾ ਇਹ ਵੀ ਨਿਸ਼ਚਾ ਹੈ ਕਿ ਮੇਰਾ ਦੋਸ਼ਾਂ ਨੂੰ ਹੰਘਾਲਣ ਵਾਲਾ ਹਰ ਵਿੱਦਵਾਨ, ਵਿਸ਼ੇ, ਵਸਤੂ, ਵਿਚਾਰ, ਭਾਸ਼ਾ ਜਾਂ ਵਿਧੀ ਦੇ ਕਿਸੇ ਨਾ ਤੱਥ ਨੂੰ ਨਿਤਾਰਣ ਜਾਂ ਨਿਖਾਰਣ ਦਾ ਜਤਨ ਕਰਦੇ ਸਮੇਂ ਨਾ ਕੇਵਲ ਮੈਨੂੰ ਸੁਮਤ ਦੇ ਰਿਹਾ ਹੋਵੇਗਾ ਸਗੋਂ ਇਸ ਰਚਨਾ ਨੂੰ ਵਧੇਰੇ ਸੁਚੱਜਾ ਵਧੇਰੇ ਲਾਹੇਵੰਦਾ ਬਣਾਉਣ ਦੇ ਨਾਲ ਨਾਲ ਮੇਰੀ ਇੱਛਾ ਦੀ ਪੂਰਤੀ ਕਰਦੇ ਹੋਏ ਸਾਡੇ ਸਮਹਿਤ ਅਤੇ ਬੋਲੀ ਦੇ ਸਮੁੱਚੇ ਰੂਪ ਦੀ ਵੀ ਸੇਵਾ ਕਰ ਰਿਹਾ ਹੋਵੇਗਾ । ਉਸ ਤਰ੍ਹਾਂ ਮੇਰੇ ਵੱਲੋਂ ਸਤਿਕਾਰ ਦਾ ਅਧਿਕਾਰ ਹੋਵੇਗਾ ।

ਹਥਲੀ ਪੁਸਤਕ ਵਿੱਚ ਭਾਈ ਕਾਨ੍ਹ ਸਿੰਘ ਦੀ ਰਚਨਾ ਵਿੱਚਲੇ ਸਾਹਿਤਿਕ ਅਤੇ ਸ਼ਬਦਆਧਾਰੀ ਅੰਸ਼ ਨੂੰ ਨਿਖੇੜ ਕੇ ਪਰਖਣ ਦੀ ਚਰਚਾ ਨੂੰ ਕੁਝ ਹੋਰ ਅਗੇਰੇ ਟੋਰਨ ਅਤੇ ਵਿਸਤਾਰ ਦੇਣ ਦਾ ਉਪਰਾਲਾ ਹੈ । ਇਸੇ ਆਹਰ ਵਿੱਚ, ਲੱਗਦੇ ਹੱਥ, ਕੁਝ ਪੁਰਾਣੀਆਂ ਸਥਾਪਨਾਵਾਂ ਨੂੰ ਵਿਚਾਰਨ ਅਤੇ ਪੜਤਾਲਣ ਦਾ ਜਤਨ ਵੀ ਹੋ ਜਾਵੇਗਾ, ਪਰੰਤੂ ਇਸ ਪਰਖ-ਪੜਤਾਲ ਵਿੱਚ ਕਿਸੇ ਵਿਸ਼ੇਸ਼ ਮਤਵਾਦ ਦੀ ਲੀਹ ਨੂੰ ਨਕਿਆਣ ਜਾਂ ਕਬੂਲਣ ਦਾ ਕੋਈ ਹਠ ਨਹੀਂ ਹੋਵੇਗਾ । ਨਾ ਹੀ ਕਿਸੇ ਪੂਰਬਲੀ ਧਾਰਨਾ ਨੂੰ ਬ੍ਰਹਮ-ਵਾਕ ਮੰਨ ਕੇ ਅੰਨ੍ਹੀ-ਸ਼ਰਧਾ ਨਾਲ ਸਿਰ ਹੀ ਨਿਵਾਇਆ ਜਾ ਸਕੇਗਾ ।

ਲੇਖਕ ਦੇ ਪਰਿਵਾਰ ਅਤੇ ਭਾਈ ਕਾਨ੍ਹ ਸਿੰਘ ਦੇ ਪਰਿਵਾਰ ਵਿਚਕਾਰ ਪਿਛਲੀਆਂ ਤਿੰਨ ਚਾਰ ਪੁਸ਼ਤਾਂ ਤੋਂ ਨੇੜਲੇ ਸੰਬੰਧ ਚਲੇ ਆਏ ਹਨ ਅਤੇ ਲੇਖਕ ਨੂੰ ਆਪ ਵੀ ਬਚਪਨ ਤੋਂ ਜੁਆਨੀ ਦੇ ਸਮੇਂ ਤਕ ਭਾਈ ਸਾਹਿਬ ਦੇ ਕਦਮਾਂ ਵਿੱਚ ਬੈਠ ਕੇ ਕੁਝ ਨਾ ਕੁਝ ਸਿੱਖਣ-ਸਮਝਣ ਦਾ ਅਵਸਰ ਮਿਲਿਆ ਹੈ । ਇਸ ਲਈ ਸੁਭਾਵਕ ਹੈ, ਨਾ ਚਾਹੁੰਦੇ ਹੋਏ ਵੀ, ਕਿਧਰੇ ਨਾ ਕਿਧਰੇ ਭਾਵੁਕਤਾ ਦਾ ਕੋਈ ਲੇਸ਼ ਆ ਹੀ ਜਾਵੇ । ਆਪਣੀ ਇਸ ਅਣ-ਚਾਹੀ ਕਮਜ਼ੋਰੀ ਲਈ ਖਿਮਾ ਦੀ ਆਸ ਰੱਖਣੀ, ਲੇਖਕ ਆਪਣਾ ਹੱਕ ਸਮਝਦਾ ਹੈ ।

ਸੀਮਾ ਦਾ ਉਲੰਘਣ ਕਿਸੇ ਵੀ ਖੇਤਰ ਵਿਚ ਹੋਵੇ ਸਦਾ ਹੀ ਨਿੰਦਣ-ਜੋਗ ਹੁੰਦਾ ਹੈ । ਤਾਂ ਵੀ ਖਿਮਾ ਦਾ ਖੇਤਰ ਕਦੇ ਤੰਗ ਨਹੀਂ ਹੋਇਆ । ਲੇਖਕ ਸ਼ਰਧਾ ਭਰੀ ਭਾਵੁਕਤਾ ਅਧੀਨ ਹੋਈ ਕਿਸੇ ਅਤਿ ਕਥਨੀ ਲਈ ਖਿਮਾ ਦਾ ਦਾਇਰਾ 'ਨਿਜ' ਤਕ ਸੀਮਿਤ ਰੱਖਣ ਦੀ ਥਾਂ, ਇਹ ਰਿਆਇਤ ਸਾਰੇ ਲੇਖਕਾਂ ਲਈ ਆਮ ਕਰਨ ਦਾ ਹੱਕ ਮੰਗਾਂਗਾ, ਤਾਂ ਜੋ ਸੱਚੇ ਦਿਲੋਂ ਅਰਪਿਤ ਕੀਤੀ ਗਈ ਕਿਸੇ ਬੜ-ਬੋਲੀ ਸ਼ਰਧਾਂਜਲੀ ਲਈ ਕਿਸੇ ਨੂੰ ਸ਼ਰਮਿੰਦਾ ਨਾ ਹੋਣਾ ਪਵੇ ।

ਪਿਛਲੇ ਦਿਨੀ ਭਾਈ ਕਾਨ੍ਹ ਸਿੰਘ ਦੀ ਪੋਤ-ਨੂੰਹ ਬੀਬੀ ਰਛਪਾਲ ਕੌਰ ਨੇ ਵੀ ਭਾਈ ਸਾਹਿਬ ਦੇ ਜੀਵਨ ਅਤੇ ਰਚਨਾ ਬਾਰੇ ਇਕ ਚੰਗਾ ਨਿਬੰਧ ਪੰਜਾਬ ਯੂਨੀਵਰਸਿਟੀ ਪਟਿਆਲਾ ਵਿਚ ਐਮ. ਲਿਟ. ਉਪਾਧੀ ਲਈ ਲਿਖ ਕੇ ਪੇਸ਼ ਕੀਤਾ ਹੈ । ਇਸ ਉੱਤੇ ਭਾਵੇਂ ਉਪਾਧੀ ਮਿਲ ਚੁੱਕੀ ਹੈ ਪਰ ਨਿਬੰਧ ਅਜੇ ਪਾਠਕਾਂ ਲਈ ਪ੍ਰਕਾਸ਼ ਵਿੱਚ ਨਹੀਂ ਆਇਆ । ਉਸ ਵਿਚ ਦਿੱਤੀ ਜਾਣਕਾਰੀ ਭਾਈ ਸਾਹਿਬ ਦੀਆਂ ਡਾਇਰੀਆਂ ਅਤੇ ਨਿਜੀ ਸੂਚਨਾਵਾਂ ਉੱਤੇ ਆਧਾਰਿਤ ਹੈ । ਆਸ ਹੈ ਕਿ ਉਹ ਰਚਨਾ ਹਥਲੇ ਪ੍ਰਸ਼ਨਾਂ ਨੂੰ ਕੁਝ ਵਧੇਰੇ ਅਪਣੱਤਨਾਲ, ਕੁਝ ਡੂੰਘੇਰੇ ਰਮ ਕੇ, ਅਸਲੀਅਤਾਂ ਦੇ ਮੁਹਾਂਦਰੇ ਪਛਾਣ ਕੇ ਜ਼ਰਾ ਹੋਰ ਨਜ਼ਦੀਕ ਤੋਂ ਘੋਖਣ ਅਤੇ ਸਪਸ਼ਟ ਕਰਨ ਵਿਚ ਸਹਾਇਕ ਹੋ ਸਕੇਗੀ । ਹਥਲੀ ਰਚਨਾ ਵਿੱਚ ਵੀ ਉਸ ਸਾਮੱਗ੍ਰੀ ਦੀ ਵਰਤੋਂ ਸੰਭਵ ਹੋ ਸਕਦੀ ਸੀ ਪਰੰਤੂ ਕੁਝ ਅਸੂਲੀ ਮੁੱਦਿਆਂ ਕਾਰਣ ਇਸ ਰਚਨਾ ਵਿੱਚ ਇਸ ਸਮੇਂ ਉਕਤ ਸਾਮੱਗ੍ਰੀ ਨੂੰ ਸਮੋਣਾ ਇਸ ਲੇਖਕ ਨੂੰ ਉਚਿਤ ਨਹੀਂ ਪ੍ਰਤੀਤ ਹੋਇਆ । ਕੋਈ ਹੋਰ ਸੱਜਣ, ਸਮਾਂ ਪਾ ਕੇ ਉਸ ਨੂੰ ਮੁੜ ਪਰਖ-ਪੜਚੋਲ ਕੇ, ਆਪਣੇ ਅਨੁਭਵ ਦਾ ਲਾਭ ਪਾਠਕਾਂ ਨੂੰ ਦੇ ਸਕੇਗਾ ਤਾਂ ਗੱਲ ਕੁਝ ਹੋਰ ਅੱਗੇ ਟੋਰੀ ਜਾ ਸਕੇਗੀ ।

ਅਧਿਆਇ 1

ਮੂਲ-ਟੇਕਰੀ ਅਤੇ ਪਰਿਵਾਰ

(ੳ) ਪਿੰਡ ਅਤੇ ਗੋਤ

ਭਾਈ ਕਾਨ੍ਹ ਸਿੰਘ ਦਾ ਪਿਛੋਕਾ, ਮਾਲਵੇ ਜੰਗਲ ਦੇ ਪਿੰਡ 'ਪਿੱਥੋ' ਦਾ ਸੀ। ਇਹ ਪਿੰਡ ਰੇਲਵੇ ਸਟੇਸ਼ਨਾਂ ਤੋਂ 7-8 ਕਿਲੋ-ਮੀਟਰ ਦੀ ਵਿੱਥ ਉੱਤੇ ਵੱਸਦਾ ਹੈ। ਜੇਠੂਕੇ ਰੇਲਵੇ ਸਟੇਸ਼ਨ ਬਣਨ ਤੋਂ ਪਹਿਲਾਂ ਤਪਾ ਮੰਡੀ ਜਾਂ ਰਾਮਪੁਰਾ ਫੂਲ ਦੇ ਰੇਲਵੇ ਸਟੇਸ਼ਨ ਲਗਦੇ ਸਨ। ਇਹ ਸਟੇਸ਼ਨ ਉੱਤਰੀ ਰੇਲਵੇ ਦੀ ਅੰਬਾਲਾ ਬਠਿੰਡਾ ਬ੍ਰਾਂਚ ਉੱਤੇ ਆਉਂਦੇ ਹਨ।

ਪਿੱਥੋ, ਚੰਗਾ ਵੱਡਾ ਅਤੇ ਚੋਖਾ ਪੁਰਾਣਾ ਪਿੰਡ ਹੈ: ਕੁਝ ਲੋਕੀ ਇਸਦਾ ਸੰਬੰਧ ਰਾਘਵ-ਵੰਸ਼ੀ ਰਾਜਾ ਪ੍ਰਿਥੂ ਨਾਲ ਜੋੜਦੇ ਹਨ ਅਤੇ ਕੁਝ ਬੀਕਾਨੇਰ ਦੇ ਰਾਜਕੁਮਾਰ ਰਾਇ ਪਿਥੌਰਾ ਨਾਲ, ਪਰ ਇਹ ਨਿਰੀਆਂ ਸੁਣਤੋਂ ਸੁਣਤੀ ਗੱਲਾਂ ਹਨ, ਇਤਿਹਾਸਕ ਪ੍ਰਮਾਣ ਕੋਈ ਨਹੀਂ ਲੱਭਦਾ।

ਇਸ ਪਿੰਡ ਵਿੱਚ ਬਹੁਤੀ ਮਾਲਕੀ 'ਢਿੱਲੋਂ' ਗੋਤ ਦੇ ਜੱਟਾਂ ਦੀ ਹੈ। ਇਕ ਰਵਾਇਤ ਅਨੁਸਾਰ ਇਹ 'ਢਿੱਲੋਂ' ਸਦਾਉਣ ਵਾਲੇ ਜੱਟ ਅਸਲੋਂ 'ਜਰੋਹੇ' ਰਾਜਪੂਤਾਂ ਦੀ ਹੀ ਇੱਕ 'ਮੂੰਹੀ' ਦੀ ਸ਼ਾਖ ਵਿੱਚੋਂ ਹਨ ਅਤੇ ਇਨ੍ਹਾਂ ਦਾ ਪਿੱਛਾ ਸਰਸੇ ਦਾ ਹੈ। ਇਸ ਰਵਾਇਤ ਮੁਜਬ, ਅਨੁਮਾਨ ਕੀਤਾ ਗਿਆ ਹੈ ਕਿ ਇਹ ਲੋਕ ਕਦੇ ਸਤਲੁਜ ਦੇ ਵਹਿਣ ਦੇ ਨਾਲ ਨਾਲ, ਦਰਿਆ ਦੀ ਹਿਠਾੜ੍ਹ ਵੱਲੋਂ ਉਪਰਾਂਦ ਵੱਲ ਨੂੰ ਵਸਦੇ ਗਏ ਸਨ, ਅਤੇ ਫੇਰ ਸਿਵਾਲਕ ਦੀਆਂ ਪਹਾੜੀਆਂ ਦੀ ਤਲਹਿਟੀ ਵਿੱਚ ਪੱਛਮ ਵੱਲ ਨੂੰ ਪਸਰ ਗਏ। ਅੰਮ੍ਰਿਤਸਰ ਅਤੇ ਗੁਜਰਾਂਵਾਲੇ ਦੇ ਜ਼ਿਲ੍ਹਿਆਂ ਵਿੱਚ ਵੀ 'ਢਿੱਲੋਂ' ਗੋਤ ਵਾਲਿਆਂ ਦੀ ਵੱਸੋਂ ਚੋਖੀ ਗਿਣਤੀ ਵਿੱਚ ਪਾਈ ਜਾਂਦੀ ਹੈ। ਦਿੱਲੀ ਦੇ ਆਂਢ ਗਵਾਂਢ ਵੱਸਦੇ 'ਢਿੱਲੋਂ' ਪਰਿਵਾਰ ਇਕ ਹੋਰ ਰਵਾਇਤ ਵਿੱਚ ਵਿਸ਼ਵਾਸ ਰੱਖਦੇ ਹਨ। ਉਹ, ਆਪਣੇ ਆਪ ਨੂੰ ਸੂਰਜਬੰਸੀ ਰਾਜਪੂਤ ਅਤੇ ਰਾਜਾ 'ਕਰਣ' ਦੀ ਸੰਤਾਨ ਮੰਨਦੇ ਹਨ। ਇਹ 'ਕਰਣ' ਪਾਂਡਵਾਂ ਦੀ ਮਾਂ 'ਕੁੰਤੀ ਦਾ ਕੁਆਰ-ਪੁਣੇ ਵਿੱਚ ਸੂਰਜ ਤੋਂ ਜਨਮਿਆ ਪੁੱਤ੍ਰ ਸੀ, ਜੋ ਕੁੰਤੀ ਵੱਲੋਂ, ਅਪਜਸ ਦੇ ਭੈ ਕਾਰਨ ਤਿਆਗ ਦਿੱਤੇ ਜਾਣ ਪਿੱਛੋਂ, ਇੱਕ 'ਸੂਤ' ਜਾਤ ਦੇ ਘੁੜਵਾਲ ਵੱਲੋਂ ਪਾਲਿਆ ਗਿਆ ਸੀ। ਮਹਾਂਭਾਰਤ ਸਮੇਂ, ਕੌਰਵਾਂ ਵੱਲੋਂ, ਕਰਣ ਨੂੰ ਪਾਂਡਵਾਂ ਵਿਰੁੱਧ ਲੜਨ ਉੱਤੇ ਰਾਜਾ ਬਣਾ ਦਿੱਤਾ ਗਿਆ। ਇਸ ਪੁਰਖੀ ਰਵਾਇਤ ਅਨੁਸਾਰ, ਇਸ ਵੰਸ਼ ਦਾ ਇੱਕ ਉੱਤਰ ਅਧਿਕਾਰੀ 'ਲ੍ਹ' ਨਾਉਂ ਦਾ ਸੀ। ਇਹ 'ਲ੍ਹ' ਮਾਲਵੇ ਦੇ ਖਾਰਮੌਰ (?) ਸਥਾਨ ਦਾ ਵਾਸੀ ਅਤੇ ਦਿੱਲੀ ਦਰਬਾਰ ਦਾ ਅਹਿਲਕਾਰ ਸੀ, ਉਸ ਦੀ

---

1. ਕਾ. ਟ੍ਰਾ., II, ਪੰਨਾ 237-38

ਸੰਤਾਨ ਬਾਜ, ਸਾਜ ਅਤੇ ਸਾਂਦਾ ਨਾਉਂ ਦੀ ਮੂੰਹੀਆਂ ਵਿੱਚ ਤਿੰਨ ਥਾਵੇਂ ਵੰਡੀ ਹੋਈ ਸੀ। ਮਾਝੇ ਵਿੱਚ ਵਸਦੇ ਢਿੱਲੋਂ ਪਰਿਵਾਰ, ਆਪਣੇ ਵਡੇਰੇ 'ਕਰਣ' ਦਾ ਜਨਮ-ਸਥਾਨ ਬੁਲੰਦ-ਸ਼ਹਿਰ (ਉ. ਪ੍ਰ) ਦੇ ਲਾਗੇ 'ਕਰਨਵਾਸ' ਨਾਉਂ ਦਾ ਪਿੰਡ ਮੰਨਦੇ ਹਨ। ਢਿੱਲੋਂ ਇਸੇ 'ਕਰਣ' ਦਾ ਪੋਤ੍ਰਾ ਸੀ, ਜੋ ਹਸਤਨਾਪੁਰ ਵੱਲੋਂ ਦਿੱਤਾ ਹੋਇਆ ਆਪਣੇ ਦਾਦੇ ਦਾ ਰਾਜ ਗੁਆ ਲੈਣ ਪਿੱਛੋਂ, ਬਠਿੰਡੇ ਦੇ ਨੇੜੇ, ਬਾਂਗਰ ਦੇਸ਼ ਵਿੱਚ ਆ ਵੱਸਿਆ ਸੀ, ਜਿੱਥੇ ਉਸ ਦੀ 'ਅੰਸ਼' ਦਸ ਪੁਸ਼ਤਾਂ ਤਕ ਆਬਾਦ ਰਹੀ। ਬਠਿੰਡੇ ਦੇ ਆਸ-ਪਾਸ ਵਸਦੇ ਢਿੱਲੋਂ ਗੋਤ ਦੇ ਪਰਿਵਾਰਾਂ ਬਾਰੇ ਇਹ ਮਨੌਤ ਵਧੇਰੇ ਵਿਸ਼ਵਾਸ ਯੋਗ ਪ੍ਰਤੀਤ ਹੁੰਦੀ ਹੈ।

ਇਕ ਸੂਚਨਾ ਅਨੁਸਾਰ, ਨਾਭੇ ਦੇ ਰਾਜੇ ਦੇਵਿੰਦਰ ਸਿੰਘ ਦੀ ਇਕ ਰਾਣੀ 'ਜੈਤੋ' ਦੇ ਇਕ ਢਿੱਲੋਂ ਪਰਿਵਾਰ ਦੀ ਦੋਹਤ੍ਰੀ ਸੀ। ਉਸ ਰਾਣੀ ਨੇ, ਆਪਣੀ ਚਤੁਰਾਈ ਅਤੇ ਰਸੂਖ ਨਾਲ 'ਜੈਤੋ' ਦਾ ਇਲਾਕਾ, ਫ਼ਰੀਦਕੋਟ ਦੇ ਰਾਜ ਵਿੱਚੋਂ ਕੱਢ ਕੇ, ਨਾਭੇ ਦੇ ਰਾਜ ਵਿੱਚ ਲੈ ਆਂਦਾ ਸੀ ਅਤੇ ਆਪਣੀ ਜਾਗੀਰ ਬਣਾ ਲਿਆ ਸੀ[2], ਜਿਸ ਕਾਰਨ 'ਜੈਤੋ' ਦੇ ਨੇੜਲੇ ਢਿੱਲੋਂ ਪਰਵਾਰ ਭੀ ਨਾਭੇ ਦੇ ਰਾਜ-ਘਰਾਣੇ ਨਾਲ ਵਧੇਰੇ ਨੇੜ ਪ੍ਰਤੀਤ ਕਰਨ ਲੱਗੇ ਸਨ।

ਪਿੱਥੋ ਪਿੰਡ, ਸਿਆਣੇ ਬਜ਼ੁਰਗਾਂ ਪਾਸੋਂ ਸੁਣਿਆ ਹੈ, ਪਹਿਲੋਂ ਹੀ ਫੂਲਕਿਆਂ ਦੀ 'ਚੌਧਰ' ਦਾ ਅੰਗ ਸੀ ਅਤੇ ਰਾਜਾ ਗੁਰਦਿੱਤ ਸਿੰਘ ਦੇ ਸਮੇਂ 'ਪਰਗਣਾ ਫੂਲ' ਵਿੱਚ ਸ਼ਾਮਿਲ ਸੀ[3] ਇਹ ਗੁਰਦਿੱਤ ਸਿੰਘ ਰਾਜੇ ਦੇਵਿੰਦਰ ਸਿੰਘ ਦਾ ਵਡੇਰਾ ਸੀ। ਪਿੱਥੋ ਵਾਸੀ ਬਾਬਾ ਨੰਧ ਸਿੰਘ ਦਾ ਕੁਰਸੀ ਨਾਮਾ ਇਸ ਪ੍ਰਕਾਰ ਹੈ :[4]

ਨੰਧ ਸਿੰਘ
|
ਜ. 1782 ਸਰੂਪ ਸਿੰਘ ਮੁ. 1860
|
ਜ. 1808 ਗੁਰਦਿਆਲ ਸਿੰਘ ਮੁ. 1845
|
ਜ. 1841 ਨਾਰਾਯਣ ਸਿੰਘ ਮੁ. 1916

ਕਾਨ੍ਹ ਸਿੰਘ	ਮੀਹਾਂ ਸਿੰਘ	ਬਿਸ਼ਨ ਸਿੰਘ
ਭਗਵੰਤ ਸਿੰਘ—ਭਾਈ ਭਗਵੰਤ ਸਿੰਘ ਦੇ ਤਿੰਨ ਪੁੱਤਰ ਅਤੇ (ਅੱਗੋਂ ਉਨ੍ਹਾਂ ਦੀ ਸੰਤਾਨ ਮੌਜੂਦ ਹੈ)	(ਇਕ ਧੀ ਸੀ ਜਿਸਦੇ ਵੰਸ਼ ਚਲਦਾ ਹੈ)	(ਅੱਗੋਂ ਵੰਸ਼ ਚਲਦਾ ਹੈ)

2. ਬ੍ਰਾ. ਚ., ਪੱਤਰਾ 360
3. ਨੰਬਰਦਾਰ ਜਗਮੀਤ ਸਿੰਘ 'ਢਿਲੋਂ' ਪਿੰਡ ਫੂਲ ਵੱਲੋਂ ਦੱਸੇ ਅਨੁਸਾਰ।
4. ਮ. ਕੋ., ਪੰਨਾ 523

(ਅ) ਪਿਤਾ ਪੁਰਖੀ

ਭਾਈ ਕਾਨ੍ਹ ਸਿੰਘ ਦਾ ਨਕੜ-ਦਾਦਾ (ਦਾਦੇ ਦਾ ਦਾਦਾ) ਬਾਬਾ ਨੌਧ ਸਿੰਘ, ਕਹਿੰਦੇ ਹਨ, ਕਿਸੇ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਅਹਿਲਕਾਰਾਂ ਵਿੱਚੋਂ ਸੀ[5] ਅਤੇ ਕੁਝ ਘਰੇਲੂ ਮਜਬੂਰੀਆਂ ਕਾਰਣ ਛੇਤੀ ਘਰ ਪਰਤ ਆਇਆ ਸੀ।

ਇਸ ਸੰਬੰਧ ਵਿੱਚ ਵਿਸਤਾਰ ਸਹਿਤ ਪ੍ਰਮਾਣੀਕ ਸੂਚਨਾਵਾਂ ਦੀ ਥੁੜ ਹੈ।

ਅਨੁਮਾਨ ਹੁੰਦਾ ਹੈ ਕਿ ਰਣਜੀਤ ਸਿੰਘ ਦੀ ਸਰਕਾਰ ਵਿੱਚ ਬਾਬਾ ਨੌਧ ਸਿੰਘ ਦੇ 1801 07 ਵਿਚਕਾਰ ਕਦੇ ਰਹੇ ਹੋਣ ਦੀ ਸੰਭਾਵਨਾ ਹੈ ਜਾਂ ਇਹ ਭੀ ਹੋ ਸਕਦਾ ਹੈ ਕਿ ਉਹ ਰਣਜੀਤ ਸਿੰਘ ਦੇ ਬਚਪਣ ਸਮੇਂ, ਰਣਜੀਤ ਸਿੰਘ ਦੇ ਨਾਨਕੇ ਪਰਿਵਾਰ ਦੇ ਕਹਿਣ ਉੱਤੇ, ਉਕਤ ਘਰਾਨੇ ਦਾ, ਕਾਰਦਾਰ ਰਿਹਾ ਹੋਵੇ। ਰਣਜੀਤ ਸਿੰਘ ਦੀ ਮਾਂ, ਬਡਰੁੱਖੇ ਪਿੰਡ ਦੇ ਜੰਮਪਲ, ਰਾਜਾ ਗਜਪਤ ਸਿੰਘ (ਜੋ ਜੀਂਦ ਦਾ ਰਾਜਾ ਸੀ) ਦੀ ਧੀ ਸੀ।

ਇਤਨਾ ਤਾਂ ਬਿਨਾਂ ਸੰਦੇਹ ਹੈ ਕਿ ਪਿੱਥੋ ਵਾਸੀ, ਇਹ ਢਿੱਲੋਂ ਘਰਾਨਾ, ਚੰਗਾ ਮਾਨੀ-ਸਨਮਾਨੀ ਘਰਾਨਾ ਸੀ।

(ੲ) ਪਿੰਡ ਤੋਂ ਸ਼ਹਿਰ ਵੱਲ

1808 ਵਿੱਚ ਬਾਬੇ ਨੌਧ ਸਿੰਘ ਦਾ ਸੁਵਰਗਵਾਸ ਹੋ ਗਿਆ। ਉਸ ਦੇ ਪੁੱਤਰ ਸਰੂਪ ਸਿੰਘ, ਦਾ (ਜੋ ਪਿਤਾ ਦੀਆਂ ਅਸਤੀਆਂ ਗੰਗਾ ਪ੍ਰਵਾਹ ਕਰਨ ਘੱਲਿਆ ਸੀ, ਪਿਤਾ ਦੇ ਵਿਯੋਗ ਵਿੱਚ, ਮਨ ਡੋਲ ਗਿਆ, ਘਰ ਪਰਤ ਕੇ ਘਰ ਛੱਡ ਟੁਰਿਆ, ਉਸ ਦੇ ਨਾਲ ਉਸਦਾ ਅਭਿੰਨ ਮਿੱਤਰ ਭੂਪ ਸਿੰਘ ਭੀ ਸੀ। ਦੋਹਾਂ ਜਣਿਆਂ ਨੂੰ ਭਟਕਦਿਆ ਨੂੰ ਬਾਬਾ ਸਾਹਿਬ ਸਿੰਘ ਬੇਦੀ ਅਤੇ ਫੂਲ-ਵਾਲੇ ਭਾਈ ਭੂਪ ਸਿੰਘ ਅਤੇ ਭਾਈ ਸਰੂਪ ਸਿੰਘ ਰਾਗੀ ਨੇ ਪ੍ਰੇਰ ਕੇ ਨਾਭੇ ਲੈ ਆਂਦਾ।[6] ਇਹਨਾਂ ਹੀ ਬਜੁਰਗਾਂ ਦੀ ਸਹਾਇਤਾ ਨਾਲ ਮਹਾਰਾਜੇ ਦੇਵਿੰਦਰ ਸਿੰਘ ਨੇ ਇਹ ਦੋਵੇਂ ਜੁਆਨ ਆਪਣੀ ਸੇਵਾ ਵਿਚ ਰੱਖ ਲਏ। ਸਹਿਜੇ ਸਹਿਜੇ ਭੂਪ ਸਿੰਘ ਮਹਾਰਾਜੇ ਦੇ ਅਤਿ-ਵਿਸ਼ਵਾਸ ਯੋਗ ਨਿਕਟੀ ਸੇਵਕਾਂ ਵਿਚ ਗਿਣਿਆ ਜਾਣ ਲੱਗਾ, ਪਰ ਸਰੂਪ ਸਿੰਘ ਦਾ ਮਨ ਰਾਜਸੀ ਠਾਟ-ਬਾਟ ਉੱਤੇ ਨਾਂ ਰੀਝ ਸਕਿਆ। ਪਿੰਡ ਦੀ ਜ਼ਮੀਨ ਵਿੱਚੋਂ ਗੁਜ਼ਾਰੇ ਜੋਗੀ ਆਮਦਨ ਹੋ ਜਾਂਦੀ ਸੀ। ਟੱਬਰ ਵੱਲ ਮੋੜਾ ਤਾਂ ਨਾ ਲਿਆ, ਪਰ ਸਾਂਝ ਬਣੀ ਰਹੀ। ਮਨ ਸਾਧਾਂ-ਸੰਤਾਂ ਦੀ ਸੰਗਤ ਦਾ ਅਭਿਲਾਖੀ ਸੀ। ਸ਼ਹਿਰ ਦੇ ਬਾਹਰ ਛਾਉਣੀ ਦੇ ਨਾਲ ਭਾਈ ਭੂਪ ਸਿੰਘ ਭਾਈ, ਸਰੂਪ ਸਿੰਘ ਰਾਗੀਆਂ ਦਾ ਖੂਹ ਸੀ, ਉਸ ਦੇ ਲਾਗੇ ਹੀ ਬਾਬਾ ਅਜਾਪਾਲ ਸਿੰਘ ਦਾ ਡੇਰਾ ਸੀ। ਸਰੂਪ ਸਿੰਘ ਖੂਹ ਉੱਤੇ ਟਿਕ ਗਿਆ। ਜਦੋਂ ਕਦੋਂ ਬਾਬਾ ਅਜਾਪਾਲ ਸਿੰਘ ਜੀ ਦੇ ਦਰਸ਼ਨਾਂ ਨੂੰ ਚਲਾ ਜਾਂਦਾ, ਆਖਿਰ ਉਨ੍ਹਾਂ ਦਾ ਹੀ ਸਰੂਪ ਹੋ ਨਿਬੜਿਆ।[7]

(ਸ) ਡੇਰੇਦਾਰੀ ਅਤੇ ਮਹੰਤੀ

1811 12 ਵਿੱਚ ਬਾਬਾ ਅਜਾਪਾਲ ਸਿੰਘ ਚੜ੍ਹਾਈ ਕਰ ਗਏ। ਆਪ ਦੇ ਪਿੱਛੋਂ

---

5. ਅ. ਕਾ., ਪੰਨਾ 1
6. ਘਰੇਲੂ ਜਾਣਕਾਰੀ, ਭਾਈ ਸਰੂਪ ਸਿੰਘ ਲੇਖਕ ਦੇ ਪੜਦਾਦਾ ਜੀ ਸਨ।
7. ਮ. ਕੋ., ਪੰਨਾ 127

ਡੇਰੇ ਦੀ ਸਾਂਭ ਸੰਭਾਲ ਦੀ ਜ਼ੁੰਮੇਵਾਰੀ ਸਰੂਪ ਸਿੰਘ ਨੂੰ ਸੌਂਪੀ ਗਈ।[8]

ਬਾਬਾ ਸਰੂਪ ਸਿੰਘ ਡੇਰੇ ਦੇ ਮਹੰਤ ਬਣੇ ਤਾਂ ਡੇਰੇ ਦੀ ਸਾਰੀ ਆਮਦਨੀ ਡੇਰੇ ਦੀ ਉੱਨਤੀ ਉੱਤੇ ਹੀ ਖ਼ਰਚ ਕਰਦੇ ਰਹੇ। ਆਪਣਾ ਖ਼ਰਚ ਆਪਣੇ ਘਰ ਦੀ ਜ਼ਮੀਨ ਤੋਂ ਭੁਗਤਾਉਂਦੇ ਰਹਿੰਦੇ।[9]

1846, ਵਿੱਚ ਆਪ ਦੇ ਇੱਕੋ ਇੱਕ ਸਪੁੱਤਰ ਗੁਰਦਿਆਲ ਸਿੰਘ ਦਾ, ਭਰ ਜੁਆਨੀ ਵਿੱਚ ਹੀ ਦੇਹਾਂਤ ਹੋ ਗਿਆ। ਪਿੱਛੇ, ਪਰਿਵਾਰ ਦਾ ਵਾਰਿਸ, ਪੰਜਾਂ ਵਰ੍ਹਿਆਂ ਦਾ ਅਬੋਧ ਬਾਲਕ ਨਾਰਾਇਣ ਸਿੰਘ ਰਹਿ ਗਿਆ। ਪੋਤਰੇ ਦੀ ਮੁਨਾਸਿਬ ਦੇਖ-ਭਾਲ, ਘਰ ਦੇ ਕਿਸੇ ਸਿਆਣੇ ਬੰਦੇ ਦੀ ਅਣਹੋਂਦ ਵਿੱਚ, ਪਿੰਡ ਵਿਚ ਹੋਣੀ ਔਖੀ ਸੀ, ਇਸ ਲਈ ਪਰਿਵਾਰ ਨੂੰ ਨਾਭੇ ਸਦਵਾ ਲਿਆ ਗਿਆ।[10]

ਬਾਬਾ ਸਰੂਪ ਸਿੰਘ ਦੀ, ਸਰਲ ਸਾਧੂ-ਸੁਭਾਢ, ਦਿਆਲੂ ਵਿਉਹਾਰ ਅਤੇ ਦਿਨ ਰਾਤ ਦੇ ਨਾਮ ਸਿਮਰਨ ਕਾਰਣ, ਸ਼ਹਿਰ ਵਿੱਚ ਚੰਗੀ ਪਰਚੋਂ ਪੈ ਗਈ ਸੀ। ਬਾਬੇ ਨੇ 'ਅਨੇਕਾਂ ਨੂੰ ਅੰਮ੍ਰਿਤ ਛਕਾ ਕੇ ਗੁਰ-ਸਿੱਖੀ ਦੀ ਰਹਿਣੀ ਵਿੱਚ ਪੱਕਿਆਂ ਕੀਤਾ। ਰਾਜਾ ਭਰਪੂਰ ਸਿੰਘ, ਅਤੇ ਭਗਵਾਨ ਸਿੰਘ ਜੀ ਨੂੰ ਸਾਰੇ ਪਰਿਵਾਰ ਸਮੇਤ ਅੰਮ੍ਰਿਤ ਛਕਾ ਕੇ ਗੁਰਮਤ ਵੱਲ ਲਿਆਂਦਾ।[11] 1860 ਵਿਚ ਬਾਬੇ ਨੇ ਚੜ੍ਹਾਈ ਕੀਤੀ ਤਾਂ ਮਹੰਤੀ ਦੀ ਪੱਗ ਉਸ ਦੇ ਪੋਤਰੇ ਨੂੰ ਬੰਨ੍ਹਾਈ ਗਈ।[12]

ਨਾਰਾਇਣ ਸਿੰਘ ਨੇ ਮਹੰਤੀ ਦੀ ਗੱਦੀ ਸੰਭਾਲੀ ਤਾਂ ਨਿਰਾ ਵੀਹਾਂ ਸਾਲਾਂ ਦਾ ਗਭਰੀਟ ਸੀ। ਪਿੰਡ ਤੋਂ ਆ ਕੇ, ਦਾਦੇ ਦੀ ਦੇਖ ਰੇਖ ਵਿੱਚ ਪੋਤਰੇ ਨੇ ਰਾਜ-ਨਗਰ ਦੀ ਜ਼ਿੰਦਗੀ ਦੇ ਚੱਜ-ਆਚਾਰ ਵੀ ਸਿੱਖੇ ਅਤੇ ਲੋੜੀਂਦੀ ਧਾਰਮਿਕ ਜੀਵਨ ਦੀ ਸੰਜਮਦਾਰੀ ਦੇ ਨਾਲ ਕਥਾ-ਵਾਰਤਾ ਦੀ ਜਾਚ ਭੀ ਪ੍ਰਾਪਤ ਕੀਤੀ। ਡੇਰੇ ਦੇ ਪਵਿੱਤਰ ਜੀਵਨ ਦਾ ਵਾਤਾਵਰਣ, ਪੂਜਾ-ਪਾਠ ਦੀ ਪਰੰਪਰਾ, ਰਾਜ-ਦਰਬਾਰ ਦਾ ਮਾਨ-ਸਤਿਕਾਰ, ਅਹਿਲਕਾਰਾਂ ਦੇ ਘਰਾਨਿਆਂ ਨਾਲ ਸਾਂਝ ਸਹਿਯੋਗ, ਸੂਝਵਾਨ ਪੜ੍ਹੇ ਲਿਖੇ ਹਾਣੀਆਂ ਦੀ ਸੰਗਤ ਦਾ ਲਾਭ ਗੱਲ ਕੀ ਇੱਕ ਸੁਘੜ ਸਿਖਾਂਦਰੂ ਨੂੰ ਉਹ ਸਭ ਕੁਝ ਸੁਤੇ ਸਿੱਧ ਪ੍ਰਾਪਤ ਹੋ ਗਿਆ ਜੋ ਅਨੇਕ ਜਤਨਾਂ ਪਿੱਛੋਂ ਵੀ ਬਹੁਤਿਆਂ ਨੂੰ ਕਠਿਨਾਈ ਨਾਲ ਮਿਲ ਸਕਦਾ ਸੀ ਅਤੇ ਸਫ਼ਲਤਾ ਉਸ ਤੋਂ ਵੀ ਘੱਟ ਹੱਥ ਅਉਂਦੀ ਸੀ।

ਬਾਲਕ ਨਾਰਾਇਣ ਸਿੰਘ ਦੇ ਸਿਰ ਉੱਤੋਂ ਪਿਤਾ ਦੇ ਪਿਆਰ ਦੀ ਸੰਘਣੀ ਅਤੇ ਨਿੱਘੀ ਛਾਂ ਬੇਵਕਤੇ ਖੁੱਸ ਗਈ ਸੀ, ਉਸ ਦੀ ਪੂਰਤੀ ਦਾਦੇ ਨੇ ਨਵੀਆਂ ਸੰਭਾਵਨਾਵਾਂ ਅਤੇ ਵਧੇਰੀਆਂ ਸੁਵਿਧਾਵਾਂ ਦੇ ਸਾਧਨ ਜੁਟਾ ਕੇ ਕੀਤੀ। ਘਰ ਦੇ ਸਾਰੇ ਸੁਖਾਂ ਤੋਂ, ਆਪਣੀ

---

8. ਮ. ਕੋ., ਪੰਨਾ 127
9. ਅ. ਕਾ., ਪੰਨਾ 4
10. ਘਰੇਲੂ ਜਾਣਕਾਰੀ ਅਨੁਸਾਰ।
11. ਮ. ਕੋ., ਪੰਨਾ 127-128
12. ਉਹੀ।

ਸਹਿਜ ਇੱਛਾ ਨਾਲ, ਹੱਥ ਸੰਗੋੜ ਲੈਣ ਵਾਲੇ ਇਸ ਬਜ਼ੁਰਗ ਨੇ ਟੱਬਰਦਾਰੀ ਦੀਆਂ ਭਾਰੀ ਜ਼ੁੰਮੇਵਾਰੀਆਂ ਨਿਭਾਉਣ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ, ਕੋਈ ਕਸੀਸ ਨਹੀਂ ਵੱਟੀ। ਇਸ ਅਸਾਰ ਸੰਸਾਰ ਨੂੰ ਤਿਆਗਣ ਤੋਂ ਪਹਿਲਾਂ ਬਾਬਾ ਸਰੂਪ ਸਿੰਘ, ਨਾਭੇ ਦੇ ਲਾਗਲੇ ਪਿੰਡ ਸਾਉਜੇ-ਬਨੇਰੇ ਦੇ ਇੱਕ ਸਰਦੇ ਪੁੱਜਦੇ ਜ਼ਿਮੀਂਦਾਰ ਘਰਾਣੇ ਵਿੱਚ, ਪੋਤਰੇ ਦਾ ਵਿਆਹ ਕਰ ਗਿਆ ਸੀ।[13]

ਨਾਰਾਯਣ ਸਿੰਘ ਨੂੰ ਜਿਸ ਭਾਰੀ ਜ਼ਿੰਮੇਵਾਰੀ ਸੰਭਾਲਣ ਦੀ ਸਿੱਖਿਆ ਦਿੱਤੀ ਗਈ ਸੀ, ਉਸਦਾ ਕੋਈ ਸਬਕ ਵੀ ਜੁਆਨੀ ਦੇ ਨਸ਼ੇ ਵਿਚ ਮਸਤ ਹੋ ਕੇ, ਉਸ ਨੇ ਅਜਾਈਂ ਨਹੀਂ ਜਾਣ ਦਿੱਤਾ। ਉਸ ਦੀ ਨੇਕੀ, ਗਿਆਨ ਪ੍ਰਾਪਤੀ ਦੀ ਲਗਨ, ਆਚਰਣ ਦੀ ਸ਼ੁਧਤਾ, ਹਲੀਮੀ ਅਤੇ ਤਪ ਸਾਧਨਾ ਦੇ ਕਿੱਸੇ ਸ਼ਹਿਰ ਵਿੱਚ 'ਘਰੋਂ' ਘਰੀਂ ਦੁਹਰਾਏ ਜਾਣ ਲੱਗੇ ਸਨ। ਗੁਣਾਂ ਦੀ ਕੰਨਸੋ ਰਾਜ-ਦਰਬਾਰ ਅਤੇ ਰਾਜ-ਮਹੱਲਾਂ ਵਿੱਚ ਵੀ ਪੁੱਜ ਗਈ।[14] ਆਂਢ-ਗੁਆਂਢ ਧੁੰਮਾਂ ਪੈ ਗਈਆਂ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਸਾਰਾ ਪਾਠ ਆਪ ਦੇ ਕੰਠ ਸੀ। ਹਰ ਮਹੀਨੇ ਚਾਰ ਪਾਠ ਆਪ ਨੇਮ ਨਾਲ ਕਰਦੇ ਸਨ। ਤਿੰਨ ਬਾਰ ਆਪ ਨੇ ਇੱਕਲਿਆਂ ਬੈਠ ਕੇ 'ਅਤਿ-ਅਖੰਡ ਪਾਠ' ਕੀਤਾ। ਇੱਕ ਪਾਠ ਮਹਾਰਾਜਾ ਹੀਰਾ ਸਿੰਘ, ਨਾਭੇ ਦੇ ਰਾਜੇ ਨੇ ਪ੍ਰੇਮ-ਭਾਵ ਨਾਲ ਸੁਣਿਆ। ਮਹਾਰਾਜੇ ਨੇ ਪਾਠ ਦੇ ਭੋਗ ਸਮੇਂ ਜਾਗੀਰ ਦੇਣ ਦੀ ਇੱਛਾ ਪ੍ਰਗਟ ਕੀਤੀ, ਪਰ ਬਾਬਾ ਜੀ ਨੇ ਪਾਠ ਦੀ ਭੇਟਾ ਅੰਗੀਕਾਰ ਨਾ ਕੀਤੀ, ਜਦ ਪਾਠ ਸਮਾਪਤ ਕਰ ਕੇ, ਬਾਬਾ ਜੀ ਪਾਲਕੀ ਵਿੱਚ ਬੈਠ ਕੇ ਡੇਰੇ ਨੂੰ ਜਾਣ ਲੱਗੇ ਤਦ ਮਹਾਰਾਜਾ ਹੀਰਾ ਸਿੰਘ ਜੀ ਨੇ ਪਾਲਕੀ ਦੇ ਇੱਕ ਕਹਾਰ ਨੂੰ ਹਟਾ ਕੇ ਆਪਣੇ ਮੋਢੇ ਉੱਤੇ ਪਾਲਕੀ ਉਠਾਈ।[15] ਜਿਸ ਤੋਂ ਆਪ ਦੀ ਵਡਿਆਈ ਦੀ ਸ਼ੋਭਾ, ਮਹਾਰਾਜੇ ਦੇ ਦਿਲ ਵਿੱਚ ਆਪ ਲਈ ਉਪਜੀ ਸ਼ਰਧਾ ਅਤੇ ਸਨਮਾਨ ਦੇ ਭਾਵਾਂ ਦੀ ਤੀਬਰਤਾ ਦਾ ਪਤਾ ਚਲਦਾ ਹੈ।

ਬਾਬਾ ਨਾਰਾਯਣ ਸਿੰਘ ਦਾ ਕੱਦ ਲੰਮਾ, ਸੁਘੜ (ਨਾ ਬਹੁਤਾ ਦੁਬਲਾ ਨਾ ਵਾਧੂ ਭਾਰਾ), ਨੈਣ-ਨਕਸ਼ ਤਿੱਖੇ, ਬੋਲ-ਬਾਣੀ ਮਿੱਠੀ ਅਤੇ ਸੰਜਮਵਾਨ ਸੀ। "ਉਨ੍ਹਾਂ ਦੀ ਘਾਲ ਕਰੜੀ ਸੀ...ਅੱਠ ਪਹਿਰ ਵਿਚ ਕੇਵਲ ਚਾਰ ਪੰਜ ਘੰਟੇ ਅਰਾਮ ਕਰਦੇ, ਬਾਕੀ ਸਾਰਾ ਸਮਾਂ ਨਾਮ ਸਿਮਰਣ ਵਿੱਚ ਬਿਤਾਉਂਦੇ, ਗੁਰ ਸਿੱਖਾਂ ਦੀ ਆਪਣੇ ਹੱਥੀਂ ਸੇਵਾ ਕਰਨੀ ਉਨ੍ਹਾਂ ਦਾ ਸਭ ਤੋਂ ਪਿਆਰਾ ਕਰਮ ਸੀ।[16] ਅਰਥਾਂ ਸਹਿਤ ਗੁਰਬਾਣੀ ਪੜ੍ਹਾਉਣਾ ਆਪ ਦਾ ਦੂਜਾ ਮਨ-ਭਾਉਂਦਾ ਰੁਝੇਵਾਂ ਸੀ। ਆਪ ਦੇ ਪੜ੍ਹਾਏ ਹੋਏ ਕਈ ਬਜ਼ੁਰਗਾਂ ਦੇ ਦਰਸ਼ਨ ਕਰਨ ਅਤੇ ਉਨ੍ਹਾ ਪਾਸੋਂ ਗੁਰਬਾਣੀ ਦੀਆਂ ਗੁੰਝਲਾਂ ਘੋਖਣ ਦਾ ਮਾਨ ਇਸ ਲੇਖਕ ਨੂੰ ਪ੍ਰਾਪਤ ਹੁੰਦਾ ਰਿਹਾ ਹੈ, ਜਿਨ੍ਹਾਂ ਵਿੱਚੋਂ ਖੁਦ ਭਾਈ ਕਾਨ੍ਹ ਸਿੰਘ, ਲੇਖਕ ਦੇ ਤਾਯਾ ਜੀ (ਭਾਈ ਆਸਾ ਸਿੰਘ), ਮਹੰਤ ਭਗਵਾਨ ਸਿੰਘ ਆਦਿ ਖਾਸ ਤੌਰ ਉਤੇ ਵਰਨਣ ਕਰਨ ਯੋਗ ਹਨ।

---

13. ਅ. ਕਾ., ਪੰਨਾ 4
14. ਉਹੀ ਪੰਨਾ 1
15. ਮ. ਕੋ., ਪੰਨਾ 523
16. ਉਹੀ।

ਬਾਬਾ ਨਾਰਯਣ ਸਿੰਘ ਨੇ ਤਿੰਨ ਰਾਜਿਆਂ ਦੇ ਦਰਬਾਰ ਦੇਖੇ ਸਨ, ਉਨ੍ਹਾਂ ਵਿੱਚ ਮਾਨ ਸਨਮਾਨ ਪਾਇਆ ਸੀ, ਜਿਸ ਲਈ ਉਹ ਦਰਬਾਰ-ਦਾਰੀ ਦੀ ਆਤਮਾ ਤਕ ਅਪੜਨ ਵਿੱਚ ਸਮਰਥ ਹੋ ਗਿਆ ਸੀ । ਉਹ, ਸ੍ਰੀ ਗੁਰੂ ਗ੍ਰੰਥ ਸ਼ਾਹਿਬ ਜੀ ਨੂੰ ਸੱਚੇ ਅਰਥਾਂ ਵਿੱਚ ਪ੍ਰਗਟ 'ਗੁਰੂ ਕੀ ਦੇਹ' ਅਤੇ ਸਤਿਗੁਰੂ ਦੇ ਦਰਬਾਰ ਨੂੰ 'ਸੱਚੇ ਪਾਤਸ਼ਾਹ ਦਾ ਦਰਬਾਰ' ਮੰਨਦਾਂ ਸੀ, ਇਸ ਲਈ ਗੁਰੂ ਕੇ ਦਰਬਾਰ ਅਤੇ ਗੁਰੂ ਕੀ ਦੇਹ ਦੀ ਸਾਰੀ ਸੇਵਾ, ਉਹ ਇੱਕ ਸੱਚੇ ਨਿਜੀ ਟਹਿਲੂਏ ਵਾਂਗ ਆਪਣੇ ਹੱਥੀਂ ਕਰਦਾ ਸੀ। ਬਾਬਾ ਅਜਾਪਾਲ ਸਿੰਘ ਦੇ ਦੇਹੁਰੇ ਦੀ ਟਹਿਲ ਭੀ ਆਪ ਹੀ ਕਰਦਾ ਅਤੇ ਗੁਰੂ ਕੇ ਲੰਗਰ ਦੀ ਨਿਗਰਾਨੀ ਪੂਰੀ ਤਨਦੇਹੀ ਨਾਲ ਕਰਦਾ। ਬਹੁਤ ਵਾਰੀ ਤਾਂ ਲੰਗਰ ਦਾ ਪ੍ਰਸਾਦ ਵੀ ਆਪ ਆਪਣੇ ਹੱਥੀਂ ਵਰਤਾਉਂਦਾ ਅਤੇ ਸੰਗਤ ਨੂੰ ਛਕਾ ਲੈਣ ਪਿੱਛੋਂ ਆਪ ਭੀ ਲੰਗਰ ਦਾ ਸਾਧਾਰਣ ਪ੍ਰਸਾਦਾ, ਬਿਨਾਂ ਕਿਸੇ ਉਚੇਚ ਅਤੇ ਉਹੜ-ਪੋਹੜ ਦੇ, ਸ਼ਰਧਾ ਨਾਲ ਛਕਦਾ। ਡੇਰੇ ਜੀ ਵਿੱਚ ਉਸ ਨੇ ਕਦੀ ਪਲੰਘ ਲਗਵਾਉਣਾ ਉਚਿਤ ਨਹੀਂ ਸਮਝਿਆ, ਸਦਾ ਫ਼ਰਸ਼ੀ ਆਸਣ ਉਤੇ ਆਰਾਮ ਕਰਦਾ।[17]

ਪੂਰੇ ਅਠਵੰਜਾ ਵਰ੍ਹਿਆਂ ਦੀ ਕਰੜੀ ਅਤੇ ਭਾਵਨਾ-ਭਿੰਨੀ ਘਾਲ ਪਿੱਛੋਂ ਇਸ ਮਹਾਨ ਤਪੱਸਵੀ ਬਜ਼ੁਰਗ ਨੇ ਆਪਣਾ ਚੋਲਾ ਕੁਦਰਤ ਦੇ ਅਟਲ ਨਿਯਮਾਂ ਨੂੰ ਸਮਰਪਿਤ ਕਰ ਦਿੱਤਾ।[18]

(ੳ) ਜਨਮ ਅਤੇ ਬਾਲ-ਵਰੇਸ

ਭਾਈ ਕਾਨ੍ਹ ਸਿੰਘ ਦਾ ਜਨਮ 30 ਅਗਸਤ, 1861 ਨੂੰ, ਪਿੰਡ ਸਉਜੇ-ਬਨੇਰੇ ਵਿਚ ਹੋਇਆ।[19] ਸਉਜਾ ਆਪ ਦਾ ਨਾਨਕਾ ਪਿੰਡ ਸੀ ਅਤੇ ਮਾਲਵੇ ਦੇ ਆਮ ਵਿਹਾਰ ਅਨੁਸਾਰ, ਆਪ ਦੀ ਮਾਤਾ ਪਹਿਲੇ 'ਉਜਾਪੇ' ਲਈ ਪੇਕੀਂ ਗਈ ਹੋਈ ਸੀ। ਇਹ ਪਿੰਡ ਉਹਨੀਂ-ਦਿਨੀਂ ਪਟਿਆਲਾ ਰਿਆਸਤ ਦੇ ਅਧੀਨ ਸੀ ਅਤੇ ਨਾਭੇ-ਪਟਿਆਲੇ ਦੇ ਰਾਜਿਆਂ ਵਿਚਕਾਰ ਅਜੇ ਕੋਈ ਦੁਫੇੜ ਵੀ ਨਹੀਂ ਉਪਜਿਆ ਸੀ, ਸਗੋਂ ਭਰੱਪਣ ਦਾ ਵਾਤਾਵਰਣ ਕਾਇਮ ਸੀ।

ਪਹਿਲਾ ਵਰ੍ਹਾ, ਲਗਪਗ ਸਾਰੇ ਦਾ ਸਾਰਾ, ਨਾਨਕੇ ਪਿੰਡ ਬੀਤਿਆ, ਫੇਰ ਨਾਭੇ ਸ਼ਹਿਰ ਵਿੱਚ ਦੀ ਹਵੇਲੀ ਵਿਚ ਲੈ ਆਂਦੇ ਗਏ। ਬਾਬੇ ਸਰੂਪ ਸਿੰਘ ਨੇ ਜਦ ਤੋਂ ਆਪਣੇ ਇਕਲੌਤੇ ਪੁੱਤਰ ਗੁਰਦਿਆਲ ਸਿੰਘ ਦਾ ਸੁਰਗਵਾਸ ਹੋ ਜਾਣ ਪਿੱਛੋਂ ਪਰਿਵਾਰ ਨਾਭੇ ਸਦਾਇਆ ਸੀ, ਤਦ ਤੋਂ ਹੀ, ਪਰਿਵਾਰ ਦੀ ਰਿਹਾਇਸ਼ ਲਈ, ਸ਼ਹਿਰ ਵਿੱਚ ਹਵੇਲੀ ਦਾ ਵੱਖਰਾ ਪ੍ਰਬੰਧ ਕਰ ਦਿੱਤਾ ਹੋਇਆ ਸੀ, ਡੇਰੇ ਵਿਚ ਟੱਬਰ-ਵਾਸਾ ਕਦੇ ਨਹੀਂ ਬਣਾਇਆ ਗਿਆ ਸੀ। ਇਸ ਵੱਖਰੇਵੇਂ ਦਾ ਕਾਰਣ, ਹੋ ਸਕਦਾ ਹੈ, ਡੇਰੇ-ਦਾਰੀ ਦੀ ਸਾਧ-ਗੀਰੀ ਵਾਲੀ ਜ਼ਿੰਦਗੀ ਦੀ ਭਾਵਨਾ ਰਿਹਾ ਹੋਵੇ ਜਾਂ ਸਿੱਖ-ਸਰਦਾਰੀ ਉੱਤੇ ਪਏ ਮੁਗਲ ਜੀਵਨ ਦੇ ਵੱਖਰੀ ਜ਼ਨਾਨੀ

---

17. ਲੇਖਕ ਦੇ ਪਰਿਵਾਰ ਵਿਚ ਪ੍ਰਚਲਿਤ ਰਵਾਇਤਾਂ।

18. ਮ. ਕੋ., ਪੰਨਾ 523

19. ਪ੍ਰੀਤਮ ਸਿੰਘ, ਪ੍ਰੋ. ਸੰਪਾ, ਗੁਰੂ ਮਹਿਮਾ ਰਤਨਾਵਲੀ, ਪੰਨਾ 17

ਹਵੇਲੀ ਦੇ ਪ੍ਰਭਾਵ । ਨਿਰਣੇ ਨਾਲ ਇਸਦਾ ਨਿਤਾਰਾ ਕਰਨਾ ਅੱਜ ਕਠਿਨ ਹੈ ਕਿਉਂਕਿ ਇਸ ਸੰਬੰਧ ਵਿੱਚ ਕੋਈ ਲਿਖਤੀ ਪ੍ਰਮਾਣ ਹੱਥ ਨਹੀਂ ਆਉਂਦਾ । ਵੈਸੇ ਇਸ ਪਰਿਵਾਰ ਨੇ ਮਹੰਤੀ ਦੇ ਚੱਕਰ ਵਿੱਚ ਗ੍ਰਿਹਸਤ ਦਾ ਤਿਆਗ ਕਦੇ ਨਹੀਂ ਕੀਤਾ ਜਾਂ ਪ੍ਰਚਾਰਿਆ ਸੀ । ਗੁਰ ਸਿੱਖੀ ਦੀ ਪਰੰਪਰਾ, (ਜਿਸ ਦਾ ਇਸ ਡੇਰੇ ਨੇ ਪ੍ਰਚਾਰ ਕਰਨਾ ਆਪਣਾ ਆਦਰਸ਼ ਬਣਾਇਆ ਸੀ), ਵੀ ਅਜਿਹੇ ਕਿਸੇ ਤਿਆਗ ਦੀ ਸਿੱਖਿਆ ਨਹੀਂ ਦਿੰਦੀ ।

ਬਾਬਾ ਅਜਾਪਾਲ ਸਿੰਘ, ਜਿਸ ਦੇ ਦੇਹੁਰੇ ਦੀ ਯਾਦਗਾਰ ਵਜੋਂ ਬਾਬੇ ਸਰੂਪ ਸਿੰਘ ਨੇ ਇਹ ਡੇਰਾ ਸਥਾਪਿਤ ਕੀਤਾ ਸੀ, ਆਪਣੇ ਨਿੱਤ-ਅਭਿਆਸ ਵਿਚ ਕਿਸੇ ਦਾ ਦਖ਼ਲ ਬਰਦਾਸ਼ਤ ਨਹੀਂ ਕਰਦੇ ਸਨ ਪਰ ਪੁਰਾਣੀ ਕਿਸਮ ਦਾ ਇਸਤ੍ਰੀ-ਵਿਰੋਧ ਉਨ੍ਹਾਂ ਦੀ ਵਿਚਾਰ-ਧਾਰਾ ਵਿੱਚ ਨਹੀਂ ਸੀ । ਸ਼ਾਇਦ, ਇਹ ਉਸੇ ਪੁਰਾਣੀ ਪਿਰਤ ਦੀ ਪਾਲਣਾ ਦਾ ਹੀ ਜਤਨ ਰਿਹਾ ਹੋਵੇ ।[20]

ਬਾਬਾ ਨਾਰਾਯਣ ਸਿੰਘ, ਰਾਜਧਾਨੀ ਦੇ ਦਰਬਾਰੀ ਵਾਤਾਵਰਣ ਵਿੱਚ ਪਲਿਆ ਸੀ, ਰਾਜ ਦਰਬਾਰ ਵਿੱਚ ਉਸਦੀ ਚੰਗੀ ਮਾਨਤਾ ਸੀ । ਸੁਭਾਵਕ ਸੀ ਉਹ, ਆਪਣੇ ਜੇਠੇ-ਪਲੇਠੇ ਪੁੱਤਰ ਦੇ ਪਾਲਣ ਪੋਖਣ ਬਾਰੇ, ਉਸ ਸਮੇਂ ਦੇ ਸਾਧਾਰਣ ਸ਼ਹਿਰੀ ਨਾਲੋਂ ਵਧੇਰੇ ਚੇਤੰਨ ਹੋਣ ਦਾ ਸਬੂਤ ਦਿੰਦਾ । ਉਸ ਨੇ ਬੱਚੇ ਬਾਰੇ ਪੁਰਾਤਨ ਵਿੱਦਵਾਨਾਂ ਦੀ ਦੱਸੀ ਰੀਤ ਅਪਣਾਉਣ ਦੀ ਸੋਚੀ । ਬੇਸ਼ਕ ਉਸਨੇ ਸੰਤ ਇਗਨਾਸ਼ੀਅਸ ਦਾ ਇਹ ਕਥਨ[21] ਕਦੇ ਨਹੀਂ ਸੁਣਿਆ ਹੋਵੇਗਾ ਕਿ 'ਬੱਚੇ ਨੂੰ ਜੇਕਰ ਉਸਦੇ ਪਹਿਲੇ ਛੇ ਸਾਲਾਂ ਵਿੱਚ ਉਸਦੀ ਨਿਗਰਾਨੀ ਵਿੱਚ ਦੇ ਦਿੱਤਾ ਜਾਵੇ ਤਾਂ ਅਗਲੇਰੀ ਉਮਰ ਵਿੱਚ ਉਸ ਨੂੰ ਕੌਣ ਪੜ੍ਹਾਉਂਦਾ ਹੈ, ਇਸ ਗੱਲ ਦੀ ਉਸ ਨੂੰ ਰੱਤੀ ਪਰਵਾ ਨਹੀਂ ਹੋਵੇਗੀ'', ਤਾਂ ਭੀ ਭਾਈ ਨਾਰਾਯਣ ਸਿੰਘ ਬਾਲ-ਜੀਵਨ ਉੱਤੇ ਪੈਣ ਵਾਲੇ ਮੁੱਢਲੇ ਪ੍ਰਭਾਵਾਂ ਤੋਂ ਨੱਬਰ ਜਾਂ ਅਵੇਸਲਾ ਨਹੀਂ ਸੀ ।

(ਅ) ਫ਼ਕੀਰੀ ਦਾ ਸੰਜਮ

ਭਾਈ ਕਾਨ੍ਹ ਸਿੰਘ ਨੂੰ, ਜਦੋਂ ਉਸ ਨੇ ਮਸਾਂ ਕੁ ਚਾਰ ਵਰ੍ਹੇ ਵੇਖੇ ਸਨ, ਆਪਣੇ ਪਾਸ ਡੇਰੇ ਰੱਖ ਲਿਆ[22] ਤਾਂ ਜੋ ਉਸ ਨੂੰ ਆਸਰਮ-ਵਾਸੀ ਵਿੱਦਿਆਰਥੀ ਦੀ ਜ਼ਿੰਦਗੀ ਦਾ ਅਭਿਆਸੀ ਬਣਾਇਆ ਜਾ ਸਕੇ । ਦਿਨ ਵਿੱਚ ਬਾਲਕ ਨੂੰ ਬਹੁਤ ਘੱਟ ਸਮੇਂ ਤਕ ਮਾਂ ਅਤੇ ਦਾਦੀ ਕੋਲ ਜਾਣ ਦਿੱਤਾ ਜਾਂਦਾ ਸੀ। ਰਾਤ ਨੂੰ ਉਹ, ਪਿਤਾ ਕੋਲ, ਧਰਤੀ ਉੱਤੇ ਸਉਂਦਾ ਸੀ । ਸਵੇਰੇ ਪ੍ਰਾਤਾਕਾਲ ਪਿਤਾ ਦੇ ਨਾਲ ਜਾਗਦਾ, ਦਾਤਣ-ਕੁਰਲਾ ਕਰਕੇ ਜੰਗਲ-ਪਾਣੀ ਜਾਂਦਾ, ਇਸ਼ਨਾਨ ਕਰਕੇ, ਗੁਰੂ ਦਰਬਾਰ ਵਿਚ ਆਸਾ ਦੀ ਵਾਰ ਦਾ ਕੀਰਤਣ ਸੁਣਦਾ, ਪਿੱਛੋਂ ਨਾਸ਼ਤਾ ਕਰਦਾ, ਬਗੀਚੀ ਵਿਚ ਖੇਡਦਾ ਤੇ ਫੁੱਲਾਂ-ਫਲਾਂ ਨਾਲ ਜਾਣਕਾਰੀ ਪ੍ਰਾਪਤ ਕਰਦਾ । ਦੁਪਹਿਰ ਕੁਝ ਸਮਾਂ ਘਰ ਜਾਣ ਦੀ ਆਗਿਆ ਮਿਲਦੀ, ਤੀਜੇ ਪਹਿਰ ਮੁੜ ਡੇਰੇ ਆ ਜਾਂਦਾ, ਕਥਾ ਕੀਰਤਨ ਸੁਣਦਾ ਅਤੇ ਆਪਣੀ ਬੁੱਧੀ ਅਨੁਸਾਰ ਆਪਣੀ ਉਤਸੁਕਤਾ ਅਤੇ

20. ਫੁਲਵਾੜੀ, ਜਿਲਦ 3, ਅੰਕ, 5 ਪੰਨਾ 379-80 (ਮਾਈ ਸੇਵਾਂ ਦਾ ਜ਼ਿਕਰ)

21. ਦੇਖੋ ਕੰਟੰਪਰੇਰੀ ਰੀਸਰਚ ਇਨ ਪਰਸਨਾਲਿਟੀ - ਇਰਵਿੰਗ ਜੀ ਸਾਰਾਸੋਨ, ਸੰਪਾ, ਪੰ-139

22. ਅ. ਕਾ., ਪੰਨਾ 1

ਸ਼ੰਕਿਆਂ ਦੀ ਨਵਿਰਤੀ ਲਈ ਪਿਤਾ ਕੋਲੋਂ ਸਾਖੀਆਂ ਆਦਿ ਸੁਣਦਾ। ਸ਼ਾਮ ਨੂੰ ਕੁਝ ਸੈਰ ਹੁੰਦੀ, ਫੇਰ ਰਹਿਰਾਸ ਅਤੇ ਕੀਰਤਨ ਸੋਹਿਲੇ ਦੇ ਪਾਠ ਪਿੱਛੋਂ ਪ੍ਰਸਾਦਿ ਛਕਿਆ ਜਾਂਦਾ। ਕੁਝ ਦੇਰ ਜੀ ਪਰਚਾਵੇ ਪਿੱਛੋਂ ਦੁੱਧ ਦਾ ਗਲਾਸ ਛਕ ਕੇ ਰਾਤ ਲਈ ਸੌਂ ਜਾਂਦਾ।[23] ਉਹਨੀ ਦਿਨੀ ਸਿਨੇਮਾਂ ਜਾਂ ਟੈਲੀਵੀਜ਼ਨ ਨਹੀਂ ਸਨ ਹੁੰਦੇ।

(ਦ) ਅੱਖਰ-ਬੋਧ ਦਾ ਆਰੰਭ

ਅੱਖਰ ਬੋਧ ਨਾਲ ਜਾਣੂੰ ਕਰਵਾਉਣ ਦੀ ਜ਼ਿੰਮੇਵਾਰੀ ਬਾਬਾ ਸਰੂਪ ਸਿੰਘ ਦੇ ਪਰਮ ਮਿੱਤਰ ਬਾਬਾ ਭੂਪ ਸਿੰਘ ਨੂੰ ਸੌਂਪੀ ਗਈ। ਉਹ ਸਵੇਰੇ ਸੈਰ ਕਰਨ ਜਾਂਦੇ ਸਮੇਂ ਬਾਲਕ ਕਾਨ੍ਹ ਸਿੰਘ ਨੂੰ ਆਪਣੇ ਨਾਲ ਲੈ ਜਾਂਦਾ ਅਤੇ ਜਿੱਥੇ ਕਿਤੇ ਰੇਤਲੀ ਭੁਇੰ ਦੇਖਦਾ ਆਪਣੀ ਖੂੰਡੀ ਦੇ ਸਿਰੇ ਨਾਲ ਪੈਂਤੀ ਦੇ ਅੱਖਰ ਲਿਖਣ ਦੀ ਜਾਚ ਸਿਖਾਉਂਦਾ ਰਹਿੰਦਾ।[24] ਰਾਹ ਵਿਚ ਗੁਰਸਿੱਖੀ ਜੀਵਨ ਦੀ ਭਾਵਨਾ ਨਾਲ ਭਰਪੂਰ ਕਹਾਣੀਆਂ ਵੀ ਸੁਣਾਉਂਦਾ ਰਹਿੰਦਾ। ਫੇਰ, ਨਿੱਤ-ਨੇਮ ਦੀਆਂ ਬਾਣੀਆਂ ਕੰਠ ਕਰਾ ਦਿੱਤੀਆਂ। ਕੰਠ ਕੀਤਾ ਪਾਠ ਲਿਖ ਕੇ ਭੀ ਵਿਖਾਉਣਾ ਹੁੰਦਾ ਸੀ। ਭਾਵੇਂ ਛਾਪਾ-ਖ਼ਾਨਾ ਆ ਗਿਆ ਸੀ ਪਰ ਅਜੇ ਵੀ ਗੁਰਸਿੱਖਾਂ ਵਿਚ ਗੁਰਬਾਣੀ ਹੱਥੀਂ ਲਿਖਣ ਅਤੇ ਸਾਂਭਣ ਦੀ ਪਿਰਤ ਕਾਇਮ ਸੀ। ਪੁਰਾਣੇ ਗ੍ਰੰਥ ਬਜ਼ਾਰਾਂ ਵਿੱਚ ਘੱਟ ਹੀ ਮਿਲਦੇ ਸਨ, ਵਧੇਰੇ ਉਤਾਰੇ ਹੱਥੀਂ ਕੀਤੇ ਜਾਂਦੇ ਸਨ। ਭਾਈ ਕਾਨ੍ਹ ਸਿੰਘ ਦੀ ਲਿਖਤ ਵਿੱਚੋਂ ਬਚਪਨ ਵਿੱਚ ਕੀਤੇ ਇਸ ਭਗੀਰਥ ਅਭਿਆਸ ਦੀ ਛਾਪ ਸਾਫ਼ ਮਿਲ ਜਾਂਦੀ ਹੈ। ਭਾਈ ਕਾਨ੍ਹ ਸਿੰਘ ਦੀ ਪੜ੍ਹਾਈ ਦਾ ਢੰਗ, ਮੁੱਢ ਵਿੱਚ ਉਹੀ ਸੀ ਜਿਸਨੂੰ ਅਜੋਕੜੇ ਵਿਦਿਆ-ਆਚਾਰੀਆਂ ਨੇ 'ਖੇਡ ਰਾਹੀਂ ਸਿੱਖਿਆ ਦਾ ਢੰਗ' (Education through play or play-way method) ਨਾਉਂ ਦਿੱਤਾ ਹੈ।

ਭਾਈ ਭੂਪ ਸਿੰਘ, ਉਮਰ ਦੇ ਪੱਖੋਂ ਭਾਵੇਂ ਪੁਰਾਣੇ ਬਜ਼ੁਰਗਾਂ ਵਿੱਚ ਗਿਣੇ ਜਾ ਸਕਦੇ ਸਨ, ਪਰ ਰਾਜ ਦਰਬਾਰ ਨਾਲ ਜੁੜੇ ਹੋਣ ਕਾਰਣ ਉਹ ਆਪਣੇ ਯੁਗ ਦੀ ਨਵੀਂ ਤੋਂ ਨਵੀਂ ਸੋਚ ਦੇ ਹਾਣੀ ਬਣੇ ਰਹੇ ਸਨ। ਉਨ੍ਹਾਂ ਭਾਈ ਕਾਨ੍ਹ ਸਿੰਘ ਦੀ ਬਾਲ-ਬੁੱਧੀ ਵਿੱਚ ਹੀ ਸੁਚੱਜੇ ਦਰਬਾਰੀ ਬਣਨ ਦੀ ਯੋਗਤਾ ਦੇ ਬੀਜ ਪਛਾਣ ਲਏ ਸਨ ਅਤੇ ਗੁਰਬਾਣੀ ਦੇ ਨਾਲ ਨਾਲ ਨੀਤੀ ਕਥਾਵਾਂ ਸੁਣਾ ਸਿਖਾ ਕੇ ਬਾਲਿਕ ਦੇ ਮਨ ਵਿੱਚ, ਦਰਬਾਰੀ-ਜੀਵਨ ਬਾਰੇ ਉਤਸੁਕਤਾ ਜਗਾ ਦਿੱਤੀ ਸੀ। ਭਾਈ ਨਾਰਾਯਣ ਸਿੰਘ ਨੂੰ, ਉਨ੍ਹਾਂ ਨੇ ਬੱਚੇ ਨੂੰ ਰਾਜ-ਦਰਬਾਰ ਨਾਲ ਸੰਬੰਧਿਤ ਅਹਿਲਕਾਰਾਂ ਦੇ ਪੁੱਤਰਾਂ ਜੇਹੀ ਬਹੁ-ਪੱਖੀ ਵਿੱਦਿਆ ਦੁਆਉਣ ਦੀ ਪ੍ਰੇਰਨਾ ਦਿੱਤੀ। ਭਾਈ ਨਾਰਾਯਣ ਸਿੰਘ ਨੂੰ ਆਪਣੇ ਇਸ ਹਮਦਰਦ ਬਜ਼ੁਰਗ ਦੀ ਸਲਾਹ ਪਸੰਦ ਆਈ।

(ਸ) ਪਾਠ-ਬੋਧ ਤੋਂ ਧਰਮ-ਬੋਧ

1867 ਤੋਂ 1870 ਤੀਕ ਭਾਈ ਕਾਨ੍ਹ ਸਿੰਘ ਨੇ ਆਪਣੇ ਪਿਤਾ ਭਾਈ ਨਾਰਾਯਣ

---

23. ਘਰੇਲੂ ਜਾਣਕਾਰੀ
24. ਅ. ਕ., ਪੰਨਾ 4-5

ਸਿੰਘ ਦੀ ਨਿਜੀ ਨਿਗਰਾਨੀ ਵਿੱਚ ਗੁਰੂ ਗਰੰਥ ਸਾਹਿਬ ਦਾ ਪਾਠ ਅਰਥਾਂ ਸਹਿਤ ਪੂਰਾ ਕੀਤਾ ।[25] ਇਹ ਸੰਥਾ ਦੀ ਰੀਤ ਨਾਲ ਕੀਤਾ ਪਾਠ ਹੀ ਭਾਈ ਕਾਨ੍ਹ ਸਿੰਘ ਦੀ ਜ਼ਿੰਦਗੀ ਵਿੱਚ ਇਕ ਵਿਸ਼ੇਸ਼ ਮੋੜ ਵੱਲ ਅਚੇਤਨ ਪ੍ਰੇਰਣਾ ਦਾ ਸ੍ਰੋਤ ਬਣਿਆ ਪ੍ਰਤੀਤ ਹੁੰਦਾ ਹੈ । ਇਹ ਪਾਠ ਕੋਈ ਇੱਕ ਪੱਤਰਾ ਰੋਜ਼ ਦੀ ਔਸਤ ਨਾਲ ਹੋਇਆ, ਜੋ ਬਾਲਕ ਕਾਨ੍ਹ ਸਿੰਘ ਦੀ ਤੀਬਰ ਬੁੱਧੀ ਦਾ ਪ੍ਰਮਾਣ ਹੈ । ਅਨੁਮਾਨ ਇਹ ਬੱਝਦਾ ਹੈ ਕਿ ਇਨ੍ਹਾਂ ਤਿੰਨਾਂ ਵਰ੍ਹਿਆਂ ਵਿੱਚ ਜੋ ਕਠਿਨਾਈਆਂ ਇਸ ਤੀਬਰ ਬੁੱਧੀ ਵਾਲੇ ਬਾਲਕ ਨੂੰ ਝਾਗਣੀਆਂ ਪਈਆਂ, ਪ੍ਰਤੀਕ ਰੂਪ ਵਿੱਚ, ਸਾਰੀ ਉਮਰ ਉਹ ਉਨ੍ਹਾਂ ਕਠਿਨਾਈਆਂ ਨੂੰ ਪਾਠਕਾਂ ਦੀ ਰਾਹ ਵਿਚੋਂ ਦੂਰ ਕਰਨ ਵਿੱਚ ਰੁੱਝਿਆ ਰਿਹਾ । ਕਿਸੇ ਨਾ ਕਿਸੇ ਰੂਪ ਵਿੱਚ ਉਸਦਾ ਸਾਰਾ ਜੀਵਨ ਹੀ ਗੁਰਬਾਣੀ ਨੂੰ ਸਮਝਣ-ਬੁੱਝਣ ਅਤੇ ਸਮਝਾਣ ਦੀ ਕਿਰਿਆ ਨਾਲ ਜੁੜਿਆ ਹੈ ।

(ਹ) ਡੇਰੇ ਵਿੱਚ ਸਿੱਖਿਆ, ਡੇਰੇਦਾਰੀ ਪਰੰਪਰਾ ਦੀ ਸਿੱਖਿਆ ਨਹੀਂ

ਸ਼ਾਇਦ, ਭਾਈ ਕਾਨ੍ਹ ਸਿੰਘ ਦੀ ਮੁੱਢਲੀ ਸਿੱਖਿਆ ਦੇ ਇਨ੍ਹਾਂ ਵਰ੍ਹਿਆਂ ਨੂੰ ਹੀ ਨਿਗਾਹ ਵਿਚ ਰੱਖ ਕੇ ਬੀਬੀ ਸੁਖਜੀਤ ਕੌਰ ਨੇ ਭਾਈ ਕਾਨ੍ਹ ਸਿੰਘ ਨੂੰ 'ਡੇਰੇਦਾਰੀ ਪਰੰਪਰਾ ਦੀ ਇੱਕ ਸੁੱਚੀ ਅਤੇ ਸੁਰੱਜੀ ਉਪਜ' ਪ੍ਰਮਾਣਿਆ ਹੈ ।[26] ਪ੍ਰੋ: ਪ੍ਰੀਤਮ ਸਿੰਘ ਦੇ ਇਸ ਕਥਨ ਵਿੱਚ ਕਿ "ਫ਼ਾਰਸੀ ਦੀ ਪੜ੍ਹਾਈ ਉਦਾਸੀਆਂ ਅਤੇ ਨਿਰਮਲਿਆਂ ਦੇ ਡੇਰਿਆਂ ਵਿੱਚ ਹੁੰਦੀ ਸੀ", ਤੋਂ ਭੀ ਇਹ ਭਾਵ ਝਲਕਦਾ ਹੈ ਕਿ ਉਨ੍ਹਾਂ ਦੀ ਜਾਚੇ ਭਾਈ ਕਾਨ੍ਹ ਸਿੰਘ ਦੀ ਸਿੱਖਿਆ ਦਾ ਸੋਮਾ ਨਿਰਮਲੇ ਜਾਂ ਉਦਾਸੀ ਡੇਰਿਆਂ ਵਿੱਚ ਕਿਧਰੇ ਸੀ । ਪਰ, ਇਹ ਧਾਰਨਾਂ ਮੂਲੋਂ ਮੁੱਢੋਂ ਭੁਲੇਖੇ ਉੱਤੇ ਆਧਾਰਿਤ ਹੈ, ਨਾ ਤਾਂ ਭਾਈ ਕਾਨ੍ਹ ਸਿੰਘ ਕਦੇ ਕਿਸੇ ਅਜਿਹੇ ਡੇਰੇ ਵਿੱਚ ਪੜ੍ਹਿਆ ਸੀ ਅਤੇ ਨਾਂ ਹੀ ਉਹ ਡੇਰਾ ਜਿਸ ਵਿੱਚ ਭਾਈ ਸਰੂਪ ਸਿੰਘ ਅਤੇ ਭਾਈ ਨਾਰਾਯਣ ਸਿੰਘ ਨੇ ਮਹੰਤੀ ਕੀਤੀ ਕਦੇ ਕਿਸੇ ਨਿਰਮਲੇ ਜਾਂ ਉਦਾਸੀ ਦਾ ਟਿਕਾਣਾ ਰਿਹਾ । ਇਹ ਡੇਰਾ ਸਥਾਪਿਤ ਹੀ ਭਾਈ ਸਰੂਪ ਸਿੰਘ ਹੱਥੀਂ ਹੋਇਆ ਸੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਲ ਜੁੜਣ ਤਕ ਇਸੇ ਪਰਿਵਾਰ ਦੇ ਅਧਿਕਾਰ ਵਿੱਚ ਰਿਹਾ ਸੀ । ਬਾਬਾ ਅਜਾਪਾਲ ਸਿੰਘ ਭੀ ਜੋ ਇਸ ਟਿਕਾਣੇ 1773-74 ਵਿੱਚ ਆ ਕੇ ਬਿਰਾਜਮਾਨ ਹੋਏ ਅਤੇ 1810-11 ਤੱਕ ਬਿਰਾਜਮਾਨ ਰਹੇ,[27] ਕਿਸੇ ਅਜਿਹੀ ਸੰਸਥਾ ਨਾਲ ਜੁੜੇ ਹੋਏ ਨਹੀਂ ਸਨ ।

ਵਿੱਦਿਆ ਦੀਆਂ ਨੀਹਾਂ

(ੳ) ਚੌਦਾਂ ਵਿੱਦਿਆ ਨਿਧਾਨ ਦਾ ਸੰਕਲਪ

'ਸ਼ਬਦ' ; 'ਬ੍ਰਹਮ' ਹੈ । ਸ਼ਬਦ ਦਾ ਮੂਲ 'ਗਤਿ' ਦੀ ਗੰਭੀਰ ਨਾਭੀ ਵਿੱਚੋਂ ਉਪਜਦਾ ਹੈ । 'ਸ਼ਬਦ', ਅਨੰਤ, ਅਪਾਰ ਅਤੇ ਅਰੂਪ ਹੈ । ਵੇਦ-ਕਾਲ ਤੋਂ ਰਿਸ਼ੀਆਂ-ਮੁਨੀਆਂ ਦੀ ਇਹੋ ਧਾਰਨਾ ਚਲੀ ਆਈ ਹੈ । ਆਪਣੇ 'ਅਰੂਪ' ਰੂਪ ਵਿਚ, 'ਸ਼ਬਦ ਬ੍ਰਹਮ' 'ਅਨਾਹਤ-

---

25. ਅ. ਕੋ., ਪੰਨਾ 6
26. ਸ. ਕਾ., ਪੰਨਾ 6, ਭੂਮਿਕਾ
27. ਮ. ਕੋ., ਪੰਨਾ 35

ਨਾਦ' ਸਦਾਉਂਦਾ ਹੈ। ਇਹੋ ਅਨਾਹਤ-ਨਾਦ 'ਭਾਵਾਂ' ਦੀ ਰੰਗਣ ਧਾਰਨ ਕਰਕੇ, ਜਦੋਂ ਮਾਨਵੀ-ਅਭਿਵਿਅਕਤੀ (ਮਨੁੱਖੀ ਆਤਮ-ਪ੍ਰਗਟਾਵੇ) ਦਾ ਸਾਧਨ ਬਣਦਾ ਹੈ ਤਾਂ 'ਭਾਸ਼ਾ' ਦਾ ਰੂਪ ਧਾਰਨ ਕਰ ਲੈਂਦਾ ਹੈ। 'ਭਾਸ਼ਾ' ਨੂੰ 'ਸੱਭਿਅਤਾ ਦਾ ਕੁਰਸੀ-ਨਾਮਾ' ਮੰਨਿਆ ਜਾਂਦਾ ਹੈ। ਸਾਡੇ ਦੇਸ਼ ਦੀ ਸੱਭਿਅਤਾ ਦਾ ਇਹ ਕੁਰਸੀ ਨਾਮਾ 'ਸੰਸਕ੍ਰਿਤ' ਨਾਲ ਅਰੰਭ ਹੁੰਦਾ ਹੈ।

ਭਾਈ ਨਾਰਾਯਣ ਸਿੰਘ ਨੇ, ਬਜ਼ੁਰਗ ਬਾਬਾ ਭੂਪ ਸਿੰਘ ਦੀ ਇਹ ਸਲਾਹ ਮੰਨ ਲਈ ਸੀ ਕਿ ਭਾਈ ਕਾਨ੍ਹ ਸਿੰਘ ਨੂੰ ਅਹਿਲਕਾਰਾਂ ਦੇ ਪੁੱਤਰਾਂ ਜੇਹੀ ਵਿੱਦਿਆ ਦੇਣ ਦਾ ਪ੍ਰਬੰਧ ਕੀਤਾ ਜਾਵੇ, ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਨੂੰ 'ਚੌਦਾਂ ਵਿੱਦਿਆ ਨਿਧਾਨ' ਬਣਾਉਣ ਦਾ ਆਦਰਸ਼ ਢਾਂਚਾ ਸਾਮ੍ਹਣੇ ਲਿਆਂਦਾ ਗਿਆ। ਇਹ ਚੌਦਾਂ ਵਿੱਦਿਆਵਾਂ, 'ਵਿਸ਼ਨੂੰ ਪੁਰਾਣ' ਅਨੁਸਾਰ, ਚਾਰ ਵੇਦ, ਛੇ ਵੇਦਾਂਗ (ਸ਼ਿਖਸ਼ਾ, ਕਲਪ, ਵਿਆਕਰਣ, ਜੋਤਿਸ਼, ਛੰਦ ਅਤੇ ਨਿਰੁਕਤ), ਨਿਆਯ, ਮੀਮਾਂਸਾ, ਪੁਰਾਣ ਅਤੇ ਧਰਮ-ਸਿੱਖਿਆ ਸਨ। ਭਾਈ ਮਨੀ ਸਿੰਘ ਨੇ, ਚੌਦਾਂ ਵਿੱਦਿਆਵਾਂ ਦਾ ਵੇਰਵਾ ਹੇਠ ਦੱਸਿਆ ਦਿੱਤਾ ਹੈ :

'ਸ੍ਰੀ ਅੱਖਰ, ਜਲ ਤਰਣ, ਚਕਿੱਤਸਾ ਔਰ ਰਸਾਇਣ।
ਜੋਤਿਕ ਜੋਤਿ ਪ੍ਰਬੀਨ, ਰਾਗ ਖਟ ਰਾਗਨ ਗਾਇਨ।
ਕੋਕ ਕਲਾ, ਵਯਾਕਰਨ ਔਰ ਬਾਜੰਤ੍ਰ ਬਜਾਇਨ।
ਤੁਰਹਿ-ਤੋਰ, ਨਟ-ਨ੍ਰਿਤ ਔਰ ਸਰ-ਧਨੁਖ ਚੜ੍ਹਾਇਨ।
ਗਿਆਨ-ਕਰਨ ਔਰ ਚਾਤੁਰੀ ਏਤ ਨਾਮ ਵਿਦਿਆ ਵਰੇ।
ਏਹ ਚਤੁਰਦਸ ਜਗਤ ਮੇਂ ਚਤੁਰ ਸਮਝ ਮਨ ਮੇਂ ਧਰੇ।[28]

'ਨਟ-ਨ੍ਰਿਤ ਕਲਾ ਨੂੰ ਛੱਡ ਕੇ, ਭਾਈ ਕਾਨ੍ਹ ਸਿੰਘ ਨੂੰ ਸਾਰੀਆਂ ਕਲਾਵਾਂ ਸਿਖਾਈਆਂ ਗਈਆਂ ਸਨ।

'ਨਟ-ਨ੍ਰਿਤ ਕਲਾ' ਸਿੱਖੀ ਜੀਵਨ ਦੇ ਆਰੰਭਕ ਢਾਂਚੇ ਵਿਚ ਮੇਚ ਨਹੀਂ ਆਉਂਦੀ ਸੀ ਅਤੇ ਇਸ ਨੂੰ ਵਿਵਰਜਿਤ ਵਿੱਦਿਆਵਾਂ ਵਿਚ ਮੰਨਿਆ ਜਾਣ ਲੱਗ ਪਿਆ ਸੀ। ਭਾਈ ਕਾਨ੍ਹ ਸਿੰਘ ਦੇ ਸਮੇਂ ਸਿੰਘ ਸਭਾ ਦੀ ਸੁਧਾਰ-ਵਾਦੀ ਲਹਿਰ ਭੀ ਇਸ 'ਕਲਾ' ਨੂੰ ਨਿੰਦਣ ਜੋਗ ਅਤੇ ਸਿੱਖਾਂ ਲਈ ਸਿੱਖਣਾ ਅਨੁਚਿਤ ਮੰਨਦੀ ਸੀ। ਇਹ ਵੱਖਰੀ ਗੱਲ ਹੈ ਕਿ ਗੁਰਬਾਣੀ ਜਿਸ ਨੂੰ ਸਿੰਘ ਸਭਾਈ ਆਪਣਾ ਆਦਰਸ਼ ਅਤੇ ਹਰ ਫੈਸਲੇ ਦਾ ਪੈਮਾਨਾ ਮੰਨਦੇ ਸਨ, ਇਸ ਬਾਰੇ ਕਲਾ ਦੇ ਪੱਖੋਂ, ਕੋਈ ਨਕਾਰਾਤਮਕ ਨਿਰਣਾ ਨਹੀਂ ਦਿੰਦੀ। ਹਰ ਹਾਲ, ਸਮੂਹਕ ਤੌਰ ਉਤੇ, ਸਿੱਖਾਂ ਵਿਚ, 'ਨ੍ਰਿਤ, ਨ੍ਰਿਤਯ ਅਤੇ ਨਾਟ[29] ਦਾ ਵਿਰੋਧ ਕਬੂਲ ਕਰ ਲਿਆ ਗਿਆ ਸੀ। ਸ਼ਾਇਦ, ਸਿੱਖ ਰਾਜਿਆਂ ਦੀ ਨਾਚ ਅਤੇ ਨਾਚੀਆਂ ਵੱਲ ਮੋਹ ਦੀ ਰੁਚੀ ਵੀ ਇਸ ਨਿਰਣੇ ਦੇ ਕਾਰਨਾਂ ਦਾ ਆਧਾਰ ਰਹੀ ਹੋਵੇ। ਕੁਝ ਰਾਜੇ ਤਾਂ ਇਸ ਮੋਹ ਵਿਚ ਅਜਿਹੇ ਡੂੰਘੇ ਗੁਸੇ ਜਾ ਚੁੱਕੇ ਸਨ ਕਿ ਨਾਚੀਆਂ ਨੂੰ ਘਰੀਂ ਪਾਉਣੋਂ ਵੀ ਨਹੀਂ ਸੰਗਦੇ ਸਨ।[30]

28. ਉਹੀ, ਪੰਨਾ 336
29. ਇਨ੍ਹਾਂ ਤਿੰਨਾਂ ਵਿਚਕਾਰਲਾ ਅੰਤਰ ਜਾਨਣ ਲਈ ਦੇਖੋ—ਕੇ. ਐਮ. ਵਰਮਾ ਕ੍ਰਿਤ, ਨਾਟਯ. ਨ੍ਰਿਤ ਅਤੇ ਨ੍ਰਿਤਯ; ਦੇਅਰ ਮੀਨਿੰਗ ਐਂਡ ਰੀਲੇਸ਼ਨ, ਓਰੀਐਂਟ ਲੌਂਗਮੇਨਜ਼, ਕਲਕੱਤਾ, 1957।
30. ਮਹਾਰਾਜਾ ਰਣਜੀਤ ਸਿੰਘ ਨੂੰ ਇਸ ਦੋਸ਼ ਲਈ ਬਾਬਾ ਫੂਲਾ ਸਿੰਘ ਅਕਾਲੀ ਪਾਸੋਂ ਦਰਬਾਰ ਸਾਹਿਬ ਹਾਜ਼ਰ ਹੋ ਕੇ 'ਤਨਖਾਹੀਆ' ਹੋਣਾ ਪਿਆ ਸੀ।

(ਅ) ਸੰਸਕ੍ਰਿਤ ਸਿਖਸ਼ਾ ਤੋਂ ਸ਼ਾਸਤ੍ਰਾਰਥ ਬੋਧ ਤਕ

ਭਾਈ ਕਾਨ੍ਹ ਸਿੰਘ ਦੀ ਅਗਲੀ ਦਸਾਂ ਵਰ੍ਹਿਆਂ ਦੀ ਸਿੱਖਿਆ ਦਾ ਮੁੱਖ-ਵਸੀਲਾ ਉਹ ਵਿੱਦਿਆ ਬਣੀ ਜਿਸ ਨੂੰ ਭਾਈ ਮਨੀ ਸਿੰਘ ਦੀ ਸੂਚੀ ਵਿੱਚ 'ਸ੍ਰੀ ਅੱਖਰ' ਆਖ ਕੇ ਪਹਿਲ ਦਿੱਤੀ ਗਈ ਸੀ ਇਹ 'ਸ੍ਰੀ ਅੱਖਰ' ਉਹ ਅੱਖਰ ਸਨ, ਜਿਨ੍ਹਾਂ ਨੂੰ ਪੰਜਾਬ ਵਿਚ ਉਨ੍ਹੀ ਦਿਨੀ 'ਸ਼ਾਸਤ੍ਰੀ ਅੱਖਰ' ਕਿਹਾ ਜਾਂਦਾ ਸੀ ਅਤੇ ਅੱਜ ਕੱਲ੍ਹ ਦੇਵ-ਨਾਗਰੀ ਆਖਦੇ ਹਾਂ। ਇਨ੍ਹਾਂ ਅੱਖਰਾਂ ਵਿਚ ਲਿਖੀ ਜਾਣ ਵਾਲੀ ਭਾਸ਼ਾ 'ਸੰਸ੍ਰਕ੍ਰਿਤ' ਸੀ। ਭਾਵੇਂ ਸੰਸਕ੍ਰਿਤ ਦੇ ਗ੍ਰੰਥਾਂ ਲਈ ਇਸ ਤੋਂ ਪਹਿਲਾਂ ਸ਼ਾਰਦਾ, ਟੱਕੀ[31] ਅਤੇ ਪਿੱਛੋਂ ਗੁਰਮੁਖੀ ਅੱਖਰਾਂ ਦੀ ਵਰਤੋਂ ਭੀ ਹੁੰਦੀ ਰਹੀ ਹੈ।

ਭਾਈ ਕਾਨ੍ਹ ਸਿੰਘ ਨੇ ਸੰਸਕ੍ਰਿਤ ਦਾ ਗਿਆਨ ਦੇਵ-ਨਾਗਰੀ ਅੱਖਰਾਂ ਰਾਹੀਂ ਹੀ ਪ੍ਰਾਪਤ ਕੀਤਾ, ਸ਼ਾਰਦਾ ਅਤੇ ਟੱਕੀ ਉਨ੍ਹਾਂ ਦੇ ਸਮੇਂ ਤਕ ਪੁਰਾਣੀਆਂ ਹੋ ਗਈਆਂ ਸਨ ਅਤੇ ਉਨ੍ਹਾਂ ਦੇ ਵਿੱਦਿਆ-ਗੁਰੂ ਗੁਰਮੁਖੀ ਅੱਖਰਾਂ ਨਾਲ, ਈਸ਼ਵਰੀ ਗਿਆਨ ਦੀ ਇਸ ਕੁੰਜੀ ਨੂੰ 'ਭਿੱਟਣਾ' ਬ੍ਰਦਾਸ਼ਤ ਨਹੀਂ ਸਨ ਕਰ ਸਕਦੇ। ਇਹ ਸਭ ਭਾਈ ਕਾਨ੍ਹ ਸਿੰਘ ਅਤੇ ਉਸ ਦੇ ਪਾਠਕਾਂ ਦੇ ਹਿਤ ਵਿੱਚ ਹੀ ਵਾਪਰਿਆ। ਨਹੀਂ ਤਾਂ, ਕੋਸ਼ਕਾਰੀ ਜਿਹੀ ਕਠਿਨ ਕਿਰਿਆ ਵਿਚ ਜੋ ਸ਼ਬਦ-ਨਿਖਾਰ ਅਤੇ ਉਤਪੱਤੀਆਂ ਦਾ ਨਿਤਾਰਾ ਸੰਭਵ ਹੋ ਸਕਿਆ ਹੈ, ਉਸ ਵਿਚ ਲੋੜੀਂਦੀ ਉਚਾਰਣ-ਨਿਰਣੇ ਦੀ ਸੂਝ ਦਾ ਕੰਮ ਆਪਣੀ ਪ੍ਰਾਪਤ ਪੂਰਨਤਾ ਨੂੰ ਨਾ ਅੱਪੜਦਾ।

'ਸ੍ਰੀ ਅੱਖਰ-ਬੋਧ ਅਤੇ ਸ਼ਿਖਸ਼ਾ ਨਾਮ ਦੇ ਵੇਦਾਂਗਾਂ ਦੀ ਜਾਣਕਾਰੀ ਭਾਈ ਕਾਨ੍ਹ ਸਿੰਘ ਨੇ ਬਾਵਾ ਕਲਿਆਣ ਦਾਸ ਪਾਸੋਂ ਪ੍ਰਾਪਤ ਕੀਤੀ। ਇਹ ਸ਼ਹਿਰ ਵਿਚ, ਆਪਣੇ ਸਮੇਂ ਦੇ, ਸੰਸਕ੍ਰਿਤ ਸਿਖਸ਼ਾ ਦੇ ਧੁਰੰਧਰ ਵਿੱਦਵਾਨ ਸਨ। ਨਿਆਯ ਸ਼ਾਸਤ੍ਰ ਦਾ ਗਿਆਨ ਰਾਜ-ਪੰਡਿਤ ਪੰਡਿਤ ਸ੍ਰੀਧਰ ਜੀ ਤੋਂ ਅਤੇ ਵੇਦਾਂਤ ਦਾ ਬੰਸੀ ਧਰ ਜੀ ਪਾਸੋਂ ਪ੍ਰਾਪਤ ਕੀਤਾ। ਇਹ ਦੋਵੇਂ ਵਿੱਦਵਾਨ ਇੱਕ ਅਜਿਹੇ ਪਰਿਵਾਰ ਵਿਚੋਂ ਸਨ ਜੋ ਪੰਜਾਬ ਵਿਚ ਮਰਹੱਟਿਆਂ ਦੀ ਆਉਂਦ ਸਮੇਂ ਆ ਟਿੱਕੇ ਸਨ। ਸ਼ਹਿਰ ਵਿਚ ਇਹ ਪਰਿਵਾਰ ਹੁਣ ਤਕ ਆਬਾਦ ਹੈ। ਨਾਭਾ ਦਰਬਾਰ ਵਿਚ ਇਨ੍ਹਾਂ ਦਾ ਆਉਣਾ ਪਰਮ-ਵੈਸ਼ਣਵ ਭਗਤ ਰਾਜਾ ਜਸਵੰਤ ਸਿੰਘ ਦੇ ਸਮੇਂ ਹੋਇਆ, ਇਸ ਪਰਿਵਾਰ ਦੀ 'ਅੱਲ' ਜੋਸ਼ੀ ਹੈ। ਜੋਸ਼ੀ 'ਅੱਲ' ਵਾਲੇ ਇਹ 'ਨਾਗਰ ਬ੍ਰਾਹਮਣ ਵਿੱਦਵਾਨ ਦੁਆਬੇ ਦੇ ਵੀ ਕਈ ਨਗਰਾਂ ਵਿੱਚ ਉਸੇ ਸਮੇਂ ਦੇਵਸੇ ਹੋਏ ਹਨ।[32]

ਭਾਈ ਰਾਮ ਸਿੰਘ ਅਤੇ ਬਾਵਾ ਪਰਮਾਨੰਦ ਜੀ ਪਾਸੋਂ ਅਨੇਕਾਂ ਧਰਮ ਗ੍ਰੰਥਾਂ ਅਤੇ ਧਰਮ-ਸ਼ਾਸਤ੍ਰ ਦੇ ਰਹੱਸਾਂ ਦੀ ਜਾਣਕਾਰੀ ਹਾਸਿਲ ਕੀਤੀ। ਇਹ ਦੋਵੇਂ ਵਿਦਵਾਨ ਸਥਾਨਕ ਪਰ ਆਪਣੇ ਆਪਣੇ ਵਿਸ਼ੇ ਦੇ ਪ੍ਰਕਾਂਡ ਪੰਡਿਤ ਅਤੇ ਸ਼ਾਸਤ੍ਰਾਰਥੀ ਮੰਨੇ ਜਾਂਦੇ ਸਨ। ਜੋਤਿਸ਼ ਪੰਡਿਤ ਸ੍ਰੀ ਧਰ ਪਾਸੋਂ ਵਿਆਕਰਣ ਅਤੇ ਚਕਿਤਸਾ ਬਾਵਾ ਕਲਿਆਣ ਦਾਸ ਪਾਸੋਂ ਸਿੱਖੇ।

---

31. ਟੱਕੀ ਬਾਰੇ ਵਿਸਥਾਰ ਨਾਲ ਜਾਣਨ ਲਈ ਦੇਖੋ ਡਾ: ਬੁੱਧ ਪ੍ਰਕਾਸ਼ ਦੀਆਂ ਲਿਖਤਾਂ।

32. ਦੋ ਪ੍ਰਸਿੱਧ ਭਾਸ਼ਾ ਵਿਗਿਆਨੀ ਡਾ: ਜੋਸ਼ੀ ਅਜਿਹੇ ਹੀ ਇਕ ਪਰਿਵਾਰ ਵਿਚੋਂ ਹਨ ਜੋ ਦੁਆਬੇ ਵਿਚ ਵਸਦਾ ਹੈ।

(ੲ) ਕਾਵਿ ਸ਼ਾਸਤ੍ਰ ਅਤੇ ਸੰਗੀਤ

ਕਾਵਯ ਸ਼ਾਸਤ੍ਰ, ਸਾਮੁਦ੍ਰਿਕ ਅਤੇ ਉਸ ਨਾਲ ਸੰਬੰਧਿਤ ਕੋਕ-ਵਿੱਦਿਆ ਦੇ ਮੁਖ-ਪ੍ਰਸੰਗਾਂ ਦੀ ਜਾਣਕਾਰੀ ਆਪ ਨੇ ਭਾਈ ਬੀਰ ਸਿੰਘ (ਜਲਾਲ ਵਾਲਿਆਂ) ਪਾਸੋਂ ਪ੍ਰਾਪਤ ਕੀਤੀ। ਭਾਸ਼ਾ ਕਾਵਿ ਦੀ ਰੀਤ ਭਾਈ ਭਗਵਾਨ ਸਿੰਘ ਦੁੱਗਾਂ-ਵਾਲਿਆਂ ਤੋਂ ਲਈ ਜੋ ਰੀਤੀ ਕਾਲ ਦੇ ਅੰਤਿਮ ਖੇਵੇ ਦੇ ਆਚਾਰੀਆ ਅਤੇ ਸੁਘੜ ਕਵੀ ਗ੍ਵਾਲ ਪਾਸੋਂ ਇਹ ਵਿੱਦਿਆ ਸਿੱਖੇ ਹੋਏ ਸਨ। ਕਵੀ ਗ੍ਵਾਲ ਬ੍ਰਿੰਦਾਬਨ ਵਾਸੀ ਬ੍ਰਹਮ ਭੱਟ ਅਤੇ ਪੁਸ਼ਤੈਨੀ ਕਵੀ ਸੀ। ਇਸ ਦੇ ਜੀਵਨ ਦਾ ਬਹੁਤਾ ਸਮਾਂ ਨਾਭਾ, ਅੰਮ੍ਰਿਤਸਰ, ਲਾਹੌਰ ਅਤੇ ਮੰਡੀ ਵਿੱਚ ਰਾਜਾ ਜਸਵੰਤ ਸਿੰਘ, ਸਰਦਾਰ ਲਹਣਾ ਸਿੰਘ ਮਜੀਠੀਆ, ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਸ਼ੇਰ ਸਿੰਘ, ਰਾਜਾ ਬਲਬੀਰ ਸੇਨ, ਰਾਜਾ ਭਗਵਾਨ ਸਿੰਘ, ਰਾਜਾ ਭਰਪੂਰ ਸਿੰਘ ਦੇ ਦਰਬਾਰਾਂ ਵਿੱਚ ਬੀਤਿਆ।[33] ਭਾਈ ਭਗਵਾਨ ਸਿੰਘ, ਗ੍ਵਾਲ ਕਵੀ ਦੇ ਚੋਣਵੇਂ ਚੇਲਿਆਂ ਵਿੱਚੋਂ ਇੱਕ ਸਨ।

ਰਾਗ ਬੋਧ ਅਤੇ ਸਿਤਾਰ ਵਜਾਉਣ ਦਾ ਹੁਨਰ ਭਾਈ ਕਾਨ੍ਹ ਸਿੰਘ ਨੂੰ ਜਾਲੰਧਰ ਦੇ ਪ੍ਰਸਿੱਧ ਸੰਗੀਤਕਾਰ ਰਹਿਮਤ ਖਾਂ ਦੇ ਚੇਲੇ ਅਤੇ ਸਿੱਖਾਂ ਵਿੱਚ ਤਾਊਸ ਅਤੇ ਦਿਲਰੁਬਾ ਵਜਾਉਣ ਦੇ ਉਸਤਾਦ ਸੰਤ ਗੱਜਾ ਸਿੰਘ (ਮਹਰਾਜ ਵਾਲੇ) ਪਾਸੋਂ ਲਿਆ। ਲੇਖਕ ਦੇ ਤਾਇਆ (ਭਾਈ ਆਸਾ ਸਿੰਘ) ਨੇ ਤਾਊਸ ਅਤੇ ਪਿਤਾ (ਭਾਈ ਮੰਗਲ ਸਿੰਘ) ਨੇ ਦਿਲਰੁਬਾ ਵਜਾਉਣ ਦੀ ਤਾਲੀਮ ਇਨ੍ਹਾਂ ਸੰਤਾਂ ਤੋਂ ਹੀ ਲਈ ਸੀ। ਸੰਤ ਜੀ ਦਾ ਪਿਛੋਕਾ 'ਵਾਨਰ' ਗੋਤ ਦੇ ਰਾਜਪੂਤਾਂ ਵਿੱਚੋਂ ਸੀ।[34] ਉਹ ਬੜੇ ਕਰੜੇ ਅਤੇ ਸਖਤੀ ਕਰਨ ਵਾਲੇ ਉਸਤਾਦ ਅਤੇ ਬੜੇ ਰਹਿਮ-ਦਿਲ ਬਜ਼ੁਰਗ ਸਨ।

(ਸ) ਘੁੜ ਸਵਾਰੀ ਅਤੇ ਸ਼ਸਤ੍ਰ ਵਿੱਦਿਆ :

ਭਾਈ ਕਾਨ੍ਹ ਸਿੰਘ ਦੇ ਘੁੜ-ਸਵਾਰੀ ਅਤੇ ਸ਼ਸਤ੍ਰ ਵਿੱਦਿਆ ਦੇ ਉਸਤਾਦਾਂ ਦਾ ਵੇਰਵਾ ਨਹੀਂ ਮਿਲ ਸਕਿਆ, ਪਰ ਉਹ ਇਨ੍ਹਾਂ ਦੋਹਾਂ ਗੁਣਾਂ ਵਿਚ ਭੀ ਖ਼ੂਬ ਤਾਕ ਸਨ। ਨਿਸ਼ਾਨੇ-ਬਾਜ਼ੀ ਵਿੱਚ ਉਨ੍ਹਾਂ ਨੂੰ ਕਮਾਲ ਹਾਸਿਲ ਸੀ। ਇਹ ਕਮਾਲ ਸ਼ਿਕਾਰ ਸਮੇਂ ਉਨ੍ਹਾਂ ਦੇ ਸਾਥੀਆਂ ਨੂੰ ਚਕਿਤ ਕਰ ਦਿੰਦਾ ਸੀ। ਸ਼ਿਕਾਰ ਉਹ ਕੇਵਲ ਜੰਗਲੀ ਜਾਨਵਰਾਂ ਅਤੇ ਦਰਿੰਦਿਆਂ ਦਾ ਹੀ ਕਰਦੇ ਸਨ।

(ਹ) ਫ਼ਾਰਸੀ ਵੱਲ ਝੁਕਾ

ਸੰਸਕ੍ਰਿਤ ਰਾਹੀਂ ਪ੍ਰਾਚੀਨ ਵਿੱਦਿਆਵਾਂ ਦੀ ਜਾਣਕਾਰੀ ਪ੍ਰਾਪਤ ਕਰਦੇ ਸਮੇਂ ਭਾਈ ਕਾਨ੍ਹ ਸਿੰਘ ਨੇ ਪ੍ਰਤੀਤ ਕੀਤਾ ਕਿ ਗੁਰਬਾਣੀ ਅਤੇ ਸਿੱਖ ਇਤਿਹਾਸ ਬਾਰੇ ਉਨ੍ਹਾਂ ਦੀ ਸੂਝ ਤਦੋਂ ਤਕ ਅਧੂਰੀ ਰਹੇਗੀ ਜਦੋਂ ਤਕ ਉਹ ਫ਼ਾਰਸੀ ਨਹੀਂ ਸਿੱਖ ਲੈਂਦੇ। ਉਨ੍ਹਾਂ ਨੂੰ ਆਪਣਾ

---

33. ਵਿਸਤਾਰ ਲਈ ਦੇਖੋ ਲੇਖਕ ਦਾ ਖੋਜ-ਪ੍ਰਬੰਧ 'ਪੰਜਾਬ ਕੇ ਦਰਬਾਰੀ ਹਿੰਦੀ ਕਵੀਓ' ਕੇ ਪਰਿਪੇਖਸ਼ ਮੇਂ ਕਵੀ ਗਵਾਲ ਕੇ ਕਵਿੱਤਵ ਕਾ ਅਧਿਐਨ", (ਭਾਸ਼ਾ ਵਿਭਾਗ. ਪੰਜਾਬ ਵੱਲੋਂ ਛਪ ਰਿਹਾ)।

34. ਭਾਈ ਕਾਨ੍ਹ ਸਿੰਘ ਦੇ ਸਪੁੱਤਰ ਭਗਵੰਤ ਸਿੰਘ (ਹਰੀ ਜੀ) ਦੀ ਡਾ: ਬਲਬੀਰ ਸਿੰਘ (ਦੋਵੇਂ ਸਵਰਗਵਾਸੀ) ਨੂੰ ਲਿਖੀ ਇਕ ਚਿੱਠੀ।

ਇਹ ਵਿਚਾਰ ਆਪਣੇ ਪਿਤਾ ਨਾਰਾਯਣ ਸਿੰਘ ਨੂੰ ਦੱਸਿਆ। ਪਿਤਾ ਨੇ ਇਸ ਮੰਤਵ ਲਈ ਉਨ੍ਹਾਂ ਨੂੰ ਮੁੜ ਭਾਈ ਭਗਵਾਨ ਸਿੰਘ (ਦੁੱਗਾਂ ਵਾਲਿਆਂ) ਪਾਸ ਭੇਜਿਆ। ਪਰੰਤੂ ਉਹਨੀ ਦਿਨੀਂ ਕੁਝ ਸਿੱਖਾਂ ਵਿੱਚ ਫ਼ਾਰਸੀ ਵਿਰੋਧੀ ਵਿਚਾਰ ਪੈਰ ਜਮਾ ਚੁੱਕੇ ਸਨ ਅਤੇ ਉਨ੍ਹਾਂ ਨੇ, ਸ਼ਾਇਦ, ਬ੍ਰਾਹਮਣਵਾਦੀ[35] ਪ੍ਰਭਾਵ ਅਧੀਨ ਜਾਂ ਰਾਜਨੀਤਿਕ ਘਟਨਾਵਾਂ[36] ਅਧੀਨ ਇਹ ਮੰਨ ਲਿਆ ਸੀ ਕਿ ਫਾਰਸੀ ਪੜ੍ਹਨਾ ਸਿੱਖ ਲਈ 'ਕੁਰਹਿਤ' ਸਮਾਨ ਹੈ। ਭਾਈ ਕਾਨ੍ਹ ਸਿੰਘ ਦੇ ਆਪਣੇ ਸ਼ਬਦਾਂ ਵਿਚ "ਇੱਕ ਪ੍ਰਪੰਚੀ ਸਿੱਖ ਨੇ ਸਾਖੀ ਵਿੱਚ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਹੁਕਮ ਦੇਂਦੇ ਹਨ ਕਿ ਮੇਰਾ ਸਿੱਖ ਫਾਰਸੀ ਨਾ ਪੜ੍ਹੇ ਪਰ ਉਸ ਨੇ ਇਹ ਨਹੀਂ ਸੋਚਿਆ ਕਿ 'ਜ਼ਫਰਨਾਮਹ' ਦੇ ਕਰਤਾ ਭਾਈ ਨੰਦ ਲਾਲ ਜੀ ਦੀ ਫ਼ਾਰਸੀ ਕਵਿਤਾ ਨੂੰ ਸਨਮਾਨ ਦੇਣ ਵਾਲੇ ਕਲਗੀਧਰ ਸਵਾਮੀ ਜੇ ਅਰਬੀ-ਫ਼ਾਰਸੀ ਨੂੰ ਮਲੇਛ ਭਾਸ਼ਾ ਮੰਨਦੇ ਤਾਂ 'ਖ਼ਾਲਸਾ', 'ਫ਼ਤਹ', 'ਦੇਗ ਤੇਗ', ਅਤੇ 'ਦਸਤਾਰ' ਆਦਿਕ ਸ਼ਬਦ ਕਦੇ ਨਾਂ ਵਰਤਦੇ। ਅਜੇਹੇ ਪ੍ਰਸੰਗ ਸਾਖੀਆਂ ਵਿਚ ਦਰਜ ਹੋਣ ਦਾ ਕਾਰਣ ਹੈ ਕਿ ਜਦ ਪੰਜਾਬ ਵਿਚ ਸਿੱਖਾਂ ਸਰਦਾਰਾਂ ਦੇ ਹੱਥ ਰਾਜ ਆਇਆ ਤਾਂ ਮੁਨਸ਼ੀਆਂ-ਮੁਤਸੱਦੀਆਂ ਨੂੰ ਆਪਣੀ ਪਕੜ ਢਿਲਕਦੀ ਪ੍ਰਤੀਤ ਹੋਈ, ਉਨ੍ਹਾਂ ਨੇ ਨਵੇਂ ਉੱਭਰਦੇ ਮਾਲਕਾਂ ਨੂੰ ਬੁੱਧੂ ਰੱਖਣ ਵਾਸਤੇ ਰਿਆਸਤ ਦੇ ਸਾਰੇ ਕੰਮ ਸਦਾ ਆਪਣੇ ਹੱਥੀਂ ਰੱਖਣ ਲਈ ਗੁਰੂ ਸਾਹਿਬ ਦੇ ਏਹੋ ਜੇਹੇ ਬਚਨ ਪ੍ਰਗਟ ਕੀਤੇ। ਸਿੱਖਾਂ ਨੂੰ ਇਹ ਭੀ ਸਮਝਾਇਆ ਕਿ ਪੜ੍ਹਨਾ ਤਾਂ ਮੁਨਸ਼ੀਆਂ ਮਜ਼ਦੂਰਾਂ ਦਾ ਕੰਮ ਹੈ, ਆਪ ਦਾ ਕੰਮ ਸਾਡੇ ਉੱਤੇ ਹਕੂਮਤ ਕਰਨਾ ਹੈ, ਅਸੀਂ ਆਪ ਦੇ ਨੌਕਰ ਲਿਖਣ ਪੜ੍ਹਨ ਨੂੰ ਥੋੜੇ ਹਾਂ ? ਆਪ ਜੋ ਹੁਕਮ ਕਰੋ ਉਸ ਦੀ ਤਾਮੀਲ ਕਰਨ ਨੂੰ ਹਰ ਵੇਲੇ ਤਿਆਰ ਹਾਂ, ਇਸ ਚਾਲ ਦਾ ਪੰਜਾਬ ਵਿਚ ਅਜੇਹਾ ਅਸਰ ਹੋਇਆ ਕਿ ਸਿੱਖ ਸਰਦਾਰਾਂ ਦੇ ਬੇਟੇ ਸਭ ਨਿਰੱਖਰ ਰਹਿ ਗਏ। ਰਾਜ ਦਾ ਪ੍ਰਬੰਧ ਉਨ੍ਹਾਂ (ਚਲਾਕ ਅਤੇ ਖ਼ੁਦਗਰਜ਼ ਲੋਕਾਂ) ਦੇ ਹੱਥ ਚਲਿਆ ਗਿਆ ਜੋ (ਇਸ ਨਵੇਕਲੇ ਉੱਭਰਦੇ ਹੋਏ) ਧਰਮ ਨੂੰ ਦੇਖਣਾ ਨਹੀਂ ਚਾਹੁੰਦੇ ਸਨ ਔਰ ਇਨ੍ਹਾਂ ਚਾਲਾਕ ਆਦਮੀਆਂ ਨੇ ਕੇਵਲ ਨੀਤਿ ਪ੍ਰਬੰਧ ਹੀ ਆਪਣੇ ਹੱਥ ਨਹੀਂ ਲਿਆ ਸਗੋਂ ਸਿੱਖਾਂ ਦੇ ਧਾਰਮਿਕ ਨਿਯਮਾਂ ਵਿਚ ਭੀ ਅਜਿਹੀ ਗੜਬੜੀ ਕੀਤੀ ਜੋ ਅੱਜ ਤੋੜੀ ਪੂਰਾ ਸੁਧਾਰ ਨਹੀਂ ਹੋ ਸਕਿਆ।"[37] ਸ਼ਹਿਰ ਦੇ ਸਿੱਖਾਂ ਵੱਲੋਂ ਭਾਈ ਕਾਨ੍ਹ ਸਿੰਘ ਦੇ ਫ਼ਾਰਸੀ ਪੜ੍ਹਨ ਦਾ ਡਟ ਕੇ ਵਿਰੋਧ ਹੋਇਆ ਅਤੇ ਭਾਈ ਨਾਰਾਯਣ ਸਿੰਘ ਨੇ ਇਸ ਵਿਰੋਧ ਨਾਲ ਆਢਾ ਲੈਣਾ ਉਚਿਤ ਨਾ ਸਮਝਿਆ, ਆਖ਼ਿਰ ਕਾਨ੍ਹ ਸਿੰਘ ਨੂੰ ਫ਼ਾਰਸੀ ਪੜ੍ਹਨੋਂ ਹਟਾ ਹੀ ਲਿਆ ਗਿਆ।

---

35. ਮੁਸਲਮਾਨਾਂ ਨਾਲ ਸੰਬੰਧਿਤ ਵਸਤਾਂ ਦਾ ਤਿਆਗ ਬ੍ਰਾਹਮਣਵਾਦੀ ਸੋਚ ਹੈ, ਉਨ੍ਹਾਂ ਕਦੇ ਫ਼ਾਰਸੀ ਦਾ ਤਿਆਗ ਵੀ ਕੀਤਾ ਸੀ। ਗੰਗੂ ਨਾਉਂ ਦਾ ਇਕ ਬ੍ਰਾਹਮਣ ਅਜਿਹੀ ਬੰਦਿਸ਼ ਤੋੜਨ ਲਈ ਬਦਨਾਮ ਸੀ।
36. ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਰੁੱਧ ਜਿਹਾਦ ਦੀ ਲਹਿਰ ਚਲਾਉਣ ਵਾਲੇ ਸਈਅਦ ਅਹਮਦ ਬਰੇਲਵੀ ਦੀ ਚਲਾਈ ਲਹਿਰ, ਅਸਫਲ ਰਹੀਆਂ ਅਜਿਹੀਆਂ ਘਟਨਾਵਾਂ ਵਿਚੋਂ ਇੱਕ ਸੀ।
37. ਗੁਰਮਤ ਮਾਰਤੰਡ, ਦੂਜਾ ਸੰਸਕਰਣ, ਪੰਨਾ 830 (ਪਾਦ ਟਿੱਪਣੀ)

ਕੁਝ ਦਿਨਾਂ ਪਿੱਛੋਂ, ਭਾਈ ਕਾਨ੍ਹ ਸਿੰਘ ਨੂੰ ਕਕਰਾਲਾ ਪਿੰਡ ਨਿਵਾਸੀ ਭਾਈ ਜਵਾਹਿਰ ਸਿੰਘ ਪਾਸੋਂ ਗੁਰਬਾਣੀ ਦੀ ਕਥਾ-ਵਾਰਤਾ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਨ ਲਾਇਆ ਗਿਆ।

ਇਹ ਭਾਈ ਜਵਾਹਰ ਸਿੰਘ ਪ੍ਰਸਿੱਧ ਗੁਰ-ਸਿੱਖ ਅਤੇ ਗੁਰੂ ਹਰਗੋਬਿੰਦ ਜੀ ਦੇ ਕਿਰਪਾ-ਪਾਤਰ ਭਾਈ ਰੂਪ ਚੰਦ ਦੇ ਵੰਸ ਵਿਚੋਂ ਸਨ।[38] ਇਸ ਦੇ ਵਡੇਰੇ, ਭਾਈ ਧਰਮ ਸਿੰਘ ਅਤੇ ਦਿਆਲ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਅੰਗ-ਸੇਵਕਾਂ ਵਿਚੋਂ ਸਨ। ਭਾਈ ਜਵਾਹਰ ਸਿਘ ਦੀ ਕਥਾ-ਵਾਰਤਾ ਦੀ ਵਿਧੀ ਬੜੀ ਰੌਚਕ ਅਤੇ ਸਰਲ ਹੁੰਦੀ ਸੀ ਅਤੇ ਸਿੱਖ ਇਤਿਹਾਸ ਦਾ ਗਿਆਨ (ਪਰਿਵਾਰ ਦੇ ਪੰਜ ਗੁਰੂ ਸ਼ਾਹਿਬਾਨ ਨਾਲ ਜੁੜੇ ਰਹਿਣ ਕਾਰਣ) ਸਾਖਿਆਤ ਵਕਤਾ ਦੇ ਰੂਪ ਵਿਚ ਪ੍ਰਮਾਣੀਕ ਮੰਨਿਆ ਜਾਂਦਾ ਸੀ। ਭਾਈ ਕਾਨ੍ਹ ਸਿੰਘ ਨੇ ਇਨ੍ਹਾਂ ਪਾਸੋਂ ਅਨੇਕ ਗਰੰਥ ਅਰਥਾਂ ਸਹਿਤ ਪੜ੍ਹੇ ਅਤੇ ਸਮਝੇ। ਇਹ ਕ੍ਰਿਆ ਲਗ-ਪਗ ਦੋ ਵਰ੍ਹੇ (1880-1881) ਤਕ ਚਲਦੀ ਰਹੀ। ਫ਼ਾਰਸੀ ਪੜ੍ਹਨ ਦੀ ਲੋੜ ਭਾਈ ਕਾਨ੍ਹ ਸਿੰਘ ਨੂੰ ਹੁਣ ਵਧੇਰੇ ਪ੍ਰਤੀਤ ਹੋਣ ਲੱਗੀ ਸੀ। ਗੁਰਬਾਣੀ ਦੇ ਅਨੇਕਾਂ ਸ਼ਬਦਾਂ ਅਤੇ ਗੁਰ-ਸਿੱਖਾਂ ਦੇ ਇਤਿਹਾਸ ਦੇ ਅਨੇਕਾਂ ਪੱਖਾਂ ਬਾਰੇ ਭਾਈ ਕਾਨ੍ਹ ਸਿੰਘ ਦਾ ਯੁਵਕ ਮਨ ਮਹਿਸੂਸ ਕਰਨ ਲੱਗਾ ਕਿ ਫ਼ਾਰਸੀ ਦੇ ਗਿਆਨ ਬਿਨਾਂ ਉਨ੍ਹਾਂ ਦੀਆਂ ਗੁੰਝਲਾਂ ਖੋਲ੍ਹਣਾ ਮੁਸ਼ਕਿਲ ਹੀ ਨਹੀ, ਬੜੀ ਹਦ ਤਕ ਅਸੰਭਵ ਸੀ। ਉਸ ਦਾ ਜੁਆਨ ਮਨ ਸਮੇਂ ਦੀ ਬੁਢਿਆਈ ਹੋਈ ਸੋਚ ਦੀਆਂ ਘੁੰਧਕਾਂ ਅਤੇ ਘੁੰਤਰਾਂ ਤੋਂ ਸੰਤੁਸ਼ਟ ਨਹੀਂ ਸੀ, ਉਹ ਹਰ ਮਸਲੇ ਨੂੰ ਆਪਣੀ ਸੂਝ ਅਨੁਸਾਰ ਨਿਰਖਣਾ ਪਰਖਣਾ ਚਾਹੁੰਦਾ ਸੀ ਅਤੇ ਆਪਣੇ ਨਿਰਣਿਆਂ ਨੂੰ ਪ੍ਰਕਾਸ਼ਣਾ ਪ੍ਰਚਾਰਣਾ ਚਾਹੁੰਦਾ ਸੀ। ਘਰ ਵਿਚ ਉਸ ਉੱਤੇ ਕੋਈ ਰੋਕ ਨਹੀਂ ਸੀ ਪਰੰਤੂ ਚੁਗਿਰਦੇ ਦੇ ਵਹਿਮ ਭਰਮ ਦੀ ਛਾਯਾ ਘਰ ਦੀ ਸੋਚਣੀ ਅਤੇ ਕਰਨੀ ਨੂੰ ਪ੍ਰਭਾਵਿਤ ਕਰਦੀ ਹੀ ਰਹਿੰਦੀ ਸੀ, ਇਸ ਲਈ ਉਸ ਨੇ ਆਪਣੇ ਮੰਤਵ ਦੀ ਪ੍ਰਾਪਤੀ ਲਈ ਕੁਝ ਦਿਨ ਘਰੋਂ ਬਾਹਰ ਰਹਿਣ ਦਾ ਫ਼ੈਸਲਾ ਕੀਤਾ। ਸੱਚ ਪੁੱਛੋ ਤਾਂ ਉਸ ਦਾ ਇਹ ਆਪ ਸਹੇੜਿਆ ਦੇਸ਼-ਨਿਕਾਲਾ ਉਸ ਦੀ (ਫ਼ਾਰਸੀ ਸਿੱਖਣ ਦੇ ਨਾਉਂ ਉੱਤੇ) ਕੁਝ ਹੋਰ ਜਾਣਨ ਅਤੇ ਨੇੜਿਓਂ ਜਾਣਨ ਦੀ ਆਪਣੀ ਲਲਕ ਨਾਲ, ਇਸ਼ਕ ਦਾ **ਹੀ** ਫਲ ਸੀ।

ਘਰ ਛੱਡ ਕੇ, ਨੌਜਵਾਨ ਕਾਨ੍ਹ ਸਿੰਘ ਦਿੱਲੀ ਪਹੁੰਚਿਆ[39] ਅਤੇ ਫ਼ਾਰਸੀ ਪੜ੍ਹਨੀ ਆਰੰਭ ਕਰ ਦਿੱਤੀ ਦਿੱਲੀ ਵਿਚ ਉਸਤਾਦ ਕੌਣ ਸੀ ਇਸਦਾ ਪਤਾ ਨਹੀਂ ਚਲ ਸਕਿਆ। ਕੁਝ ਸਮਾਂ ਲਖ਼ਨਊ ਵਿਚ ਭੀ ਬਿਤਾਇਆ ਦੱਸਿਆ ਜਾਂਦਾ ਹੈ। ਇਸ ਥਾਂ ਦੇ ਉਸਤਾਦ ਦਾ ਨਾਮ ਭੀ ਕਿਧਰੋਂ ਨਹੀਂ ਮਿਲ ਸਕਿਆ। ਦਿੱਲੀ ਅਤੇ ਲਖਨਊ ਵਿੱਚ ਉਨ੍ਹੀਂ ਦਿਨੀਂ ਕਾਫ਼ੀ ਚੰਗੇ ਮਕਤਬ ਮੌਜੂਦ ਸਨ ਜੋ ਦੋਹਾਂ ਸ਼ਹਿਰਾਂ ਦੀ ਉੱਜੜੀ ਵਿੱਦਵਤਾ ਦੀ

---

38. ਭਾਈ ਜਵਾਹਰ ਸਿੰਘ, ਲੇਖਕ ਦੇ ਨਾਨਾ ਭਾਈ ਪ੍ਰੇਮ ਸਿੰਘ ਦੇ (ਚਾਚੇ ਦੇ ਪੁਤ) ਭਰਾ ਸਨ : ਇਸੇ ਨਾਤੇ ਲੇਖਕ ਭਾਈ ਕਾਨ੍ਹ ਸਿੰਘ ਨੂੰ 'ਮਾਮਾ' ਜੀ ਕਹਿੰਦਾ ਸੀ, ਨਹੀਂ ਤਾਂ ਘਰੇਲੂ ਸੰਬੰਧਾਂ ਅਤੇ ਸਮੇਂ ਦੀ ਰੀਤ ਦੇ ਅਨੁਸਾਰ ਉਸ ਨੂੰ 'ਤਾਇਆ ਜੀ' ਕਹਿਣਾ ਬਣਦਾ ਸੀ।

39. ਅ. ਕ., ਪੰਨਾ 8

ਸਾਖ ਨੂੰ ਮੁੜ ਉਭਾਰਨ ਦੇ ਆਹਰ ਵਿੱਚ ਸਨ । ਇਨ੍ਹਾਂ ਸ਼ਹਿਰਾਂ ਦੇ ਵਿਦਵਾਨਾਂ ਦੀ ਸੁਹਬਤ ਵਿੱਚ, ਲਗ ਪਗ, ਦੋ ਵਰ੍ਹੇ ਬਿਤਾਕੇ ਆਪਣੀ ਫ਼ਾਰਸੀ ਵਿੱਦਿਆ ਨੂੰ ਸਿੱਖ ਮਸਲਿਆਂ ਨਾਲ ਜੋੜਨ ਦੇ ਵਿਚਾਰ ਚਿਤਵਦਾ ਉਹ ਲਾਹੌਰ ਆ ਗਿਆ ।[40] ਲਾਹੌਰ, ਡੇਹਰਾ ਸਾਹਿਬ ਦੇ ਮਹੰਤ ਭਾਈ ਸੰਤ ਸਿੰਘ ਜੀ ਪਾਸੋਂ 'ਜ਼ਫ਼ਰਨਾਮਹ' ਅਤੇ ਭਾਈ ਨੰਦ ਲਾਲ ਦੀਅ ਰਚਨਾਵਾਂ ਦਾ ਅਧਿਐਨ ਅਰੰਭਿਆ ਅਤੇ ਨਾਲ ਹੀ ਕੁਝ ਫ਼ਾਰਸੀ ਦੇ ਹੱਥ-ਲਿਖਿਤ ਇਤਿਹਾਸ ਗਰੰਥਾਂ ਦਾ ਪਾਠ ਵੀ ਕੀਤਾ, ਖ਼ਾਸ ਕਰਕੇ ਜਿਨ੍ਹਾਂ ਵਿੱਚ ਸਿੱਖ ਇਤਿਹਾਸ ਦੀਆਂ ਘਟਨਾਵਾਂ ਦਰਜ ਸਨ ।

(ੳ) ਜ਼ਿੰਦਗੀ ਨਾਲ ਪਹਿਲੀ ਮਿਲਣੀ :

ਲਾਹੌਰ-ਨਿਵਾਸ ਦੇ ਇਹ ਦਿਨ ਭਾਈ ਕਾਨ੍ਹ ਸਿੰਘ ਦੀ ਜ਼ਿੰਦਗੀ ਦਾ ਇੱਕ ਮੋੜ ਸਿੱਧ ਹੋਏ ਅਤੇ ਉਸ ਨੂੰ ਅਜਿਹੀਆਂ ਜੀਵਨ-ਰਾਹਾਂ ਵੱਲ ਲੈ ਮੁੜੇ ਜਿਨ੍ਹਾਂ ਦੀ ਸ਼ਾਇਦ ਉਸ ਦੇ ਪਿਤਾ ਨੇ ਕਦੀ ਕਲਪਨਾ ਵੀ ਨਹੀਂ ਕੀਤੀ ਸੀ । ਸੰਭਵ ਇਹੋ ਹੈ ਕਿ ਭਾਈ ਨਾਰਾਇਣ ਸਿੰਘ ਆਪਣੇ ਪੁੱਤਰ ਨੂੰ ਸਾਧਾਰਣ ਹਾਲਤਾਂ ਵਿਚ ਆਪਣਾ ਉੱਤਰਾਧਿਕਾਰੀ ਸਫਲ ਮਹੰਤ ਜਾਂ ਰਿਆਸਤ ਦਾ ਕੋਈ ਚੰਗਾ ਅਹਿਲਕਾਰ ਬਣਿਆ ਵੇਖ ਕੇ ਸੰਤੁਸ਼ਟ ਹੋ ਜਾਂਦਾ ਪਰੰਤੂ ਭਾਈ ਕਾਨ੍ਹ ਸਿੰਘ ਦਾ ਮਨ ਵਿੱਦਿਆ ਦੇ ਮਾਮਲੇ ਵਿੱਚ ਕਿਸੇ ਲਾਹੇਵੰਦੀ ਦੀ ਭਾਵਨਾ ਦਾ ਕਾਇਲ ਨਹੀਂ ਸੀ, ਉਹ ਸਫਲ ਵਿੱਦਿਆ-ਲਾਹੇ ਨੂੰ ਹੀ ਵਿੱਦਿਆ ਦਾ ਸਫਲ ਲਾਭ ਮੰਨਦਾ ਸੀ ਅਤੇ ਵਿੱਦਵਤਾ ਹੀ ਉਸਦਾ ਨਿਸ਼ਾਨਾ ਸੀ ।

(ਅ) ਕਲਾਕਾਰੀ ਦਾ ਚੇਟਕ :

ਲਾਹੌਰ ਡੇਹਰਾ ਸਾਹਿਬ ਵਿੱਚ ਪੜ੍ਹਦੇ ਸਮੇਂ, ਯੁਵਕ ਭਾਈ ਕਾਨ੍ਹ ਸਿੰਘ ਪਾਸ ਪ੍ਰੋਫ਼ੈਸਰ ਗੁਰਮੁਖ ਸਿੰਘ ਵੀ ਆਉਣ ਲੱਗੇ : ਭਾਈ ਕਾਨ੍ਹ ਸਿੰਘ ਦੀ ਸ਼ੈਲੀ ਪ੍ਰੋਫ਼ੈਸਰ ਸਾਹਿਬ ਨੂੰ ਅਜਿਹੀ ਪਸੰਦ ਆਈ ਕਿ ਉਹ ਰੋਜ਼ਾਨਾ ਦੀ ਚਰਚਾ ਦੇ ਲਿਖਤੀ ਨੋਟ ਲੈਣ ਲੱਗ ਪਿਆ । ਇਨ੍ਹਾਂ ਨੋਟਾਂ ਦੇ ਵਿਚ ਗੁੰਝਲਦਾਰ ਸ਼ਬਦਾਂ ਦੇ ਅਰਥ, ਉਨ੍ਹਾਂ ਦੀ ਉਤਪੱਤੀ, ਠੀਕ ਉਚਾਰਣ ਅਤੇ ਢੁੱਕਵੀਂ ਵਰਤੋਂ ਬਾਰੇ ਜਾਣਕਾਰੀ ਹੁੰਦੀ ਸੀ । ਇਸ ਤਰ੍ਹਾਂ ਸ੍ਰੀ ਗੁਰੂ ਗਰੰਥ ਸਾਹਿਬ ਦੇ ਕਠਿਨ ਪਾਠਾਂ ਦੇ ਅਰਥਾਂ ਦਾ ਇੱਕ ਖ਼ਾਸਾ ਚੰਗਾ 'ਪ੍ਰਜਾਯ-ਕੋਸ਼' ਤਿਆਰ ਹੋ ਗਿਆ । ਇਹ ਕੋਸ਼ ਛਪ ਜਾਣਾ ਸੀ ਪਰੰਤੂ ਪ੍ਰੋਫ਼ੈਸਰ ਸਾਹਿਬ ਦੇ ਬੇਵਕਤ ਅਕਾਲ ਚਲਾਣੇ ਕਾਰਨ ਗੱਲ ਵਿਚ ਹੀ ਰਹਿ ਗਈ ਅਤੇ ਪਿੱਛੋਂ ਜਾਪਦਾ ਹੈ ਕਿਸੇ ਨੇ ਇੰਝ ਕਰੜੀ ਲੰਮੀ ਘਾਲਣਾ ਨਾਲ ਤਿਆਰ ਕੀਤਾ, ਪ੍ਰੋਫ਼ੈਸਰ ਸਾਹਿਬ ਦਾ ਇਹ ਖਰੜਾ ਵੀ ਸ਼ਾਇਦ ਦਰਿਆ ਵਿਚ ਰੋਹੜ ਦਿੱਤਾ ।[41] ਉਨ੍ਹੀ ਦਿਨੀਂ ਪੁਰਾਣੇ ਖਰੜਿਆਂ ਦੇ ਨਿਪਟਾਰੇ ਦੀ ਇਹੋ ਰੀਤ ਸੀ ।

(ੲ) ਵਿਦਿਅਕ ਖੇਤਰ ਦੇ ਸਾਥੀ :

ਪ੍ਰੋਫ਼ੈਸਰ ਸਾਹਿਬ ਨੇ ਭਾਈ ਕਾਨ੍ਹ ਸਿੰਘ ਦੀ ਸੰਗਤ ਤੋਂ ਕੁਝ ਲਾਭ ਲਿਆ ਜਾਂ ਨਹੀਂ ਪਰ ਭਾਈ ਕਾਨ੍ਹ ਸਿੰਘ ਨੂੰ, ਪ੍ਰੋਫ਼ੈਸਰ ਗੁਰਮੁਖ ਸਿੰਘ ਦੀ ਨੇੜਤਾ ਪ੍ਰਾਪਤ ਹੋਣ ਕਾਰਨ, ਬਹੁਤ

---

40. ਉਹੀ

41. ਅ. ਕਾ., ਪਨਾ 10

ਨਵੇਂ ਅਨੁਭਵ ਪ੍ਰਾਪਤ ਹੋਏ ਇਸ ਅਰਸੇ ਵਿਚ ਭਾਈ ਕਾਨ੍ਹ ਸਿੰਘ ਨੇ ਸਭਾ ਵਿਚ ਬੋਲਣ ਦੀ ਜਾਚ, ਸ਼ਾਸਤ੍ਰਾਰਥ ਦਾ ਢੰਗ ਅਤੇ ਲੋੜ ਜੋਗੀ ਅੰਗ੍ਰੇਜ਼ੀ ਵੀ ਸਿੱਖ ਲਈ ਸੀ। ਕਈ ਸਿਆਣੇ ਲੋਕਾਂ ਨਾਲ ਉਸਦੀ ਵਾਕਫ਼ੀ ਹੋ ਗਈ ਜਿਨ੍ਹਾਂ ਵਿਚ ਆਰੀਆ ਸਮਾਜ ਤੋਂ ਨਿਖੱੜ ਕੇ ਸਿੰਘ ਸਭਾ ਵੱਲ ਆਏ ਸਰਦਾਰ ਜਵਾਹਰ ਸਿੰਘ ਅਤੇ ਪੁਰਾਣੇ ਗੁਲਾਬ ਦਾਸੀਏ ਸਾਧੂ ਭਾਈ ਦਿੱਤ ਸਿੰਘ ਭੀ ਸ਼ਾਮਿਲ ਸਨ।[42] ਪਿੱਛੋਂ ਉਸ ਦੇ ਅੰਗ੍ਰੇਜ਼ੀ ਭਾਸ਼ਾ ਦੇ ਗਿਆਨ ਨੂੰ ਉਸਦੇ ਸ਼ਰਧਾਲੂ ਮਿਸਟਰ ਮੈਕਾਲਿਫ ਦੀ ਸੰਗਤ ਅਤੇ ਯੂਰਪ ਦੀਆਂ ਯਾਤ੍ਰਾਵਾਂ ਨੇ ਕਾਫ਼ੀ ਨਿਖਾਰਿਆ।

(ਸ) ਘਰ ਵੱਲ ਵਾਪਸੀ

1884 ਵਿਚ ਭਾਈ ਕਾਨ੍ਹ ਸਿੰਘ ਆਪਣੀ ਵਿੱਦਿਆ-ਯਾਤ੍ਰਾ ਦਾ ਅੰਤਿਮ ਪੜਾ ਕੱਛ ਕੇ, ਘਰ ਪਰਤਿਆ। ਲਾਹੌਰ ਨਿਵਾਸ ਵਿਚਲੇ ਸਮੇਂ ਦੇ ਅਨੁਭਵਾਂ ਨੇ ਉਨ੍ਹਾਂ ਨੂੰ 'ਗਿਆਨ ਕਰਨ' ਅਤੇ 'ਸਭਾ ਚਾਤਰੀ' ਦਾ ਚੱਜ ਭੀ ਸਿੱਖਾ ਲਿਆ ਸੀ।

(ਹ) ਗ੍ਰਿਹਸਥ ਪ੍ਰਵੇਸ਼

ਆਪਣੇ ਹਾਣੀਆਂ ਵਿੱਚ ਭਾਈ ਕਾਨ੍ਹ ਸਿੰਘ ਇਕੱਲਾ ਸੀ ਜੋ ਅਣਵਿਆਹਿਆ ਸੀ। ਉਸ ਸਮੇਂ ਖਾਂਦੇ-ਪੀਦੇ ਘਰਾਂ ਦੇ ਪੁੱਤਰ ਵਿਆਹ ਸਮੇਂ ਮਸਾਂ 12-13 ਵਰ੍ਹਿਆਂ ਦੇ ਹੋਇਆ ਕਰਦੇ ਸਨ। ਘਰ ਦਿਆਂ ਨੂੰ ਕਾਨ੍ਹ ਸਿੰਘ ਦਾ ਵਿਆਹ ਕਰਨ ਦਾ ਬੜਾ ਚਾਉ ਸੀ। ਉਸ ਦੀ ਮਾਤਾ ਅਕਸਰ ਬੀਮਾਰ ਰਹਿੰਦੀ ਸੀ। ਮਾਤਾ ਦੀ ਸੁਭਾਉਕੀ ਹੀ ਤੀਬਰ ਇੱਛਾ ਸੀ ਕਿ ਆਪਣੇ ਹੱਥੀਂ ਪੁੱਤਰ ਦੇ ਸ਼ਗਨ ਕਰ ਕੇ ਦੇਖ ਜਾਵੇ। ਥੋੜੇ ਦਿਨਾਂ ਵਿੱਚ ਹੀ ਧੂਰੇ ਪਿੰਡ ਦੇ ਇਕ ਸਰਦੇ ਪੁੱਜਦੇ ਘਰ ਦੀ ਹੁੰਦੜਹੇਲ ਲੜਕੀ ਨਾਲ ਵਿਆਹ ਰਚਾ ਦਿੱਤਾ ਗਿਆ।

ਉਨ੍ਹੀ ਦਿਨੀ ਸਜ-ਵਿਆਹੁਲੀਆਂ, ਹੁਣ ਵਾਂਗ ਤਤਕਾਲ ਸਹੁਰੇ ਘਰ ਨਹੀਂ ਵਸ ਜਾਂਦੀਆਂ ਸਨ, ਉਨ੍ਹਾਂ ਨੂੰ ਦਿਰੋਜੇ, ਤਿਰੌਜੇ ਅਤੇ ਮੁਕਲਾਵੇ ਆਦਿ ਦੀਆਂ ਕਈ ਮੰਜ਼ਿਲਾਂ ਕੱਛਣੀਆਂ ਪੈਂਦੀਆਂ ਸਨ।

ਭਾਈ ਕਾਨ੍ਹ ਸਿੰਘ ਆਪਣੀ ਮਾਤਾ ਦੀ ਦਿਨ ਪਰ ਦਿਨ ਨਿੱਘਰਦੀ ਕਮਜ਼ੋਰ ਸਿਹਤ ਕਾਰਣ, ਰਸਮਾਂ ਦੀਆਂ ਕੰਧਾਂ ਟੱਪ ਕੇ ਛੇਤੀ ਹੀ ਪਤਨੀ ਨੂੰ ਘਰ ਲੈ ਆਇਆ। ਮਾਤਾ ਦੀ ਬੀਮਾਰੀ ਦਾ ਡਟ ਕੇ ਇਲਾਜ ਹੋਣ ਲੱਗਾ ਪਰ ਸਮੇਂ ਦੇ ਡਾਕਟਰ ਹਕੀਮ ਟੁੱਟੀ ਗੰਢਣ ਵਿਚ ਸਮਰੱਥ ਨਾ ਹੋ ਸਕੇ।

ਮਾਤਾ ਦੀ ਬੀਮਾਰੀ ਸਾਧਾਰਨ ਬੁਖਾਰ ਦੀ ਥਾਂ ਖਈ ਰੋਗ ਸਿੱਧ ਹੋਈ ਅਤੇ ਉਸ ਚੰਦਰੇ ਰੋਗ ਨੂੰ ਟਾਲਣ ਦੇ ਯਤਨਾਂ ਵਿਚ ਖਪਦੀ ਵਹੁਟੀ ਦੀ ਨਿਰਛਲ ਜੁਆਨੀ ਨੂੰ ਵੀ ਘੁੱਣ ਲੱਗ ਗਿਆ ਇੰਵ ਇਕ ਵਰ੍ਹੇ ਦੇ ਅੰਦਰ ਨੂੰਹ-ਸੱਸ ਦੋਵੇਂ ਰੱਬ ਨੂੰ ਪਿਆਰੀਆਂ ਹੋ ਗਈਆਂ।[43]

---

42 ਉਹੀ

43. ਅ. ਕਾ., ਪੰਨਾ 11

ਭਾਈ ਕਾਨ੍ਹ ਸਿੰਘ ਦੀ ਦੂਜੀ ਸ਼ਾਦੀ ਮੁਕਤਸਰ ਹੋਈ ਪਰ ਉਹ ਵੀ ਇਕ ਵਰ੍ਹੇ ਤੋਂ ਵੱਧ ਨਾਂ ਤੱਗ ਸਕੀ।[44]

ਸ਼ੁਕਰ ਹੈ ਕਿ ਉਨ੍ਹੀ ਦਿਨੀਂ ਦਹੇਜ ਦੇ ਨਾਉਂ ਉੱਤੇ ਵਹੁਟੀਆਂ ਮਾਰਨ ਦੀ ਵਬਾ ਨਹੀਂ ਚੱਲੀ ਸੀ, ਨਹੀਂ ਤਾਂ ਪਤਾ ਨਹੀਂ ਕੀ ਕੀ ਊਜਾਂ ਲਗਦੀਆਂ ਅਤੇ ਇਹ ਹੋਣਹਾਰ ਯੁਵਕ ਕਿਹੋ ਜਿਹੀਆਂ ਮੁਕੱਦਮੇ ਬਾਜ਼ੀਆਂ ਦਾ ਸ਼ਿਕਾਰ ਬਣਾ ਲਿਆ ਜਾਂਦਾ।

ਛੇਤੀ ਹੀ, ਭਾਈ ਕਾਨ੍ਹ ਸਿੰਘ ਦੀ ਤੀਜੀ ਸ਼ਾਦੀ ਪਿੰਡ ਰਾਮਗੜ੍ਹ ਹੋ ਗਈ।[45] ਇਹ ਤੀਸਰੀ ਸ਼ਾਦੀ ਰਾਮ ਗੜ੍ਹ ਦੇ ਸਰਦਾਰ ਹਰਦਮ ਸਿੰਘ ਦੀ ਸਪੁੱਤਰੀ ਬਸੰਤ ਕੌਰ ਨਾਲ ਹੋਈ ਸੀ।

ਬਸੰਤ ਕੌਰ ਚਿਰ-ਜੀਵੀ ਅਤੇ ਸਿਹਤ-ਮੰਦ ਸਿੱਧ ਹੋਈ। ਇਹ ਅਜੋਕੜੇ ਅਰਥਾਂ ਵਿੱਚ ਤਾਂ ਪੜ੍ਹੀ ਲਿਖੀ ਨਹੀਂ ਸੀ ਪਰ ਸੁਘੜਤਾ ਅਤੇ ਸੁਚੱਜ ਵਿੱਚ, ਅੱਜ ਕੱਲ੍ਹ ਦੀਆਂ ਕਿੰਨੀਆਂ ਹੀ ਐਮ. ਐਸ. ਸੀ. (ਹੋਮ ਸਾਇੰਸ) ਪਾਸ ਕਰਨ ਵਾਲੀਆਂ ਕੁੜੀਆਂ ਨਾਲੋਂ ਵਧੇਰੇ ਸਿਆਣੀ ਸੁਆਣੀ ਕਹੀ ਜਾ ਸਕਦੀ ਸੀ।

ਸਦਾ ਖਿੜੇ ਮੱਥੇ ਰਹਿਣ ਵਾਲੀ ਅਤਿ-ਨਿੱਘੀ ਅਤੇ ਮਿਠ-ਬੋਲੜੀ ਘਰ-ਗ੍ਰਿਹਸਥੀ ਦੇ ਹੁਨਰ ਵਿੱਚ ਮਾਹਿਰ ਬਸੰਤ ਕੌਰ ਸਹੁਰੇ ਘਰ ਆਈ ਤਾਂ ਘਰ ਦਾ ਸਾਰਾ ਵਾਤਾਵਰਣ ਹੀ ਜਗਮਗਾ ਉੱਠਿਆ। ਘਰ ਵਿਚ ਉਸ ਸਮੇਂ ਕੋਈ ਸੱਸ ਜਾਂ ਨਿਨਾਣ ਨਹੀਂ ਸੀ, ਸਾਰਾ ਭਾਰ ਉਸ ਦੇ ਸੂਝਵਾਨ ਪਰ ਅੱਲ੍ਹੜ ਕੰਨ੍ਹਿਆਂ ਉੱਤੇ ਆ ਪਿਆ।

ਭਾਈ ਕਾਨ੍ਹ ਸਿੰਘ ਦੀ ਇੱਕੋ ਇੱਕ ਭੈਣ ਸੀ ਜੋ ਗਿਆਰਾਂ ਵਰ੍ਹੇ ਦੀ ਬਾਲੜੀ ਉਮਰ ਵਿੱਚ ਹੀ ਜ਼ਿੰਦਗੀ ਦਾ ਕੋਈ ਰੰਗ ਜਾਣੇ-ਮਾਣੇ ਬਿਨਾਂ ਹੀ, ਮਾਂ ਦੀ ਬੁੱਕਲ ਵਿੱਚ ਦਮ ਤੋੜ ਗਈ ਹੋਈ ਸੀ।

ਬਸੰਤ ਕੌਰ ਆਈ ਤਾਂ ਘਰ ਵਿਚ ਭਾਈ ਕਾਨ੍ਹ ਸਿੰਘ ਦੇ ਪਿਤਾ ਭਾਈ ਨਾਰਾਇਣ ਸਿੰਘ ਅਤੇ ਦੋ ਛੋਟੇ ਭਰਾ ਭਾਈ ਮੀਹਾਂ ਸਿੰਘ (1870-1936) ਅਤੇ ਭਾਈ ਬਿਸ਼ਨ ਸਿੰਘ (1873-1936) ਸਨ। ਦੋਹਾਂ ਦੇਵਰਾਂ ਦੇ ਵਿਆਹਾਂ ਦੀਆਂ ਖ਼ੁਸ਼ੀਆਂ ਉਸ ਨੇ ਆਪਣੇ ਹੱਥੀਂ ਬਟੋਰੀਆਂ। ਦੋਹਾਂ ਦੇਵਰਾਣੀਆਂ ਅਤੇ ਉਨ੍ਹਾਂ ਦੇ ਪਰਿਵਾਰ ਸਾਰੀ ਉਮਰ ਉਸ ਦੇ ਪਿਆਰ ਦੀ ਛਤਰ ਛਾਇਆ ਹੇਠ ਰਲ ਕੇ ਰਹੇ।

ਭਾਈ ਸਾਹਿਬ ਦੇ ਜਿਉਂਦੇ ਜਿਸ ਘਰ ਵਿਚ ਕਦੇ ਫੁੱਟ ਨੇ ਪੈਰ ਨਹੀਂ ਪਾਇਆ ਸੀ, ਕਦੇ ਮਤ ਭੇਦ ਨੇ ਸਿਰ ਨਹੀਂ ਚੁੱਕਿਆ ਸੀ, ਸਗੋਂ ਇਸ ਪਰਿਵਾਰ ਦੀ ਸਾਂਝਦਾਰੀ, ਸ਼ਹਿਰ ਵਿਚ ਆਪਸਦਾਰੀ ਲਈ ਮਿਸਾਲੀ ਮੰਨੀ ਜਾਂਦੀ ਸੀ। ਅਜਿਹੀ ਸਾਂਝ ਅਤੇ ਅਪਣੱਤਕਾਰੀ ਵਾਲੇ ਘਰਾਨੇ ਸਾਰੇ ਸ਼ਹਿਰ ਵਿੱਚ ਹੱਥ ਦੀਆਂ ਉਂਗਲਾਂ ਉੱਤੇ ਗਿਣੇ ਜਾਣ ਜੋਗੇ ਸਨ। ਭਾਈ ਕਾਨ੍ਹ ਸਿੰਘ ਦੇ ਘਰਾਨੇ ਬਾਰੇ ਮਹਾਰਾਜਾ ਹੀਰਾ ਸਿੰਘ ਨੇ ਇਕ ਹਦਾਇਤ ਜਾਰੀ ਕਰਕੇ ਸਾਰੀ ਰਿਆਸਤ ਦੇ ਲੋਕਾਂ ਨੂੰ ਪ੍ਰੇਰਨਾ ਕੀਤੀ ਸੀ ਕਿ ਉਹ ਵੀ ਇਸ ਘਰਾਨੇ

44. ਅ. ਕਾ. ਪੰਨਾ 11
45. ਉਹੀ

ਵਿਚਲੇ ਵਡੇਰਿਆਂ ਦੀ ਖੁਲ੍ਹ-ਦਿਲੀ ਅਤੇ ਛੋਟਿਆਂ ਦੀ ਆਗਿਆਕਾਰੀ ਤੋਂ ਕੁਝ ਸਿਖਿਆ ਹਾਸਲ ਕਰਨ ਅਤੇ ਆਪਣੇ ਪਰਿਵਾਰਾਂ ਦੇ ਸੁਖ ਵਿਚ ਵਾਧਾ ਕਰਨਾ[46]। ਅਸਲ ਵਿਚ ਭਾਈ ਕਾਨ੍ਹ ਸਿੰਘ ਦੇ ਦੋਵੇਂ ਭਰਾ ਉਨ੍ਹਾਂ ਦਾ ਸਤਿਕਾਰ ਪਿਤਾ ਸਾਮਾਨ ਕਰਦੇ ਸਨ ਅਤੇ ਦੋਵੇਂ ਦੇਵਰਾਣੀਆਂ ਆਪਣੀ ਜੇਠਾਣੀ ਨੂੰ ਮਾਤਾ ਸਾਮਾਨ ਸਤਿਕਾਰਦੀਆਂ ਸਨ। ਭਾਈ ਕਾਨ੍ਹ ਸਿੰਘ ਤੋਂ ਪਿਛੋਂ ਇਸ ਸਥਿਤੀ ਵਿੱਚ ਤ੍ਰੇੜਾਂ ਆਉਣੀਆਂ ਆਰੰਭ ਹੋ ਗਈਆਂ ਹਨ।

46. ਅ. ਕਾ. ਕੰਨਾ 99—100

ਅਧਿਆਇ 2

ਰੋਜ਼ਗਾਰ, ਸਨਮਾਨ ਅਤੇ ਮ੍ਰਿਤੂ

(ੳ) ਰਾਜ ਦਰਬਾਰ ਵਿੱਚ :

1884 ਵਿੱਚ, ਜਿਸ ਵਰ੍ਹੇ ਭਾਈ ਕਾਨ੍ਹ ਸਿੰਘ, ਆਪਣੀ ਪੜ੍ਹਾਈ ਦਾ ਰਸਮੀ ਪੈਂਡਾ ਮੁਕਾ ਕੇ ਲਾਹੌਰੋਂ ਘਰ ਆਇਆ, ਉਸ ਦੀ ਵਿੱਦਵਤਾ ਦੀ ਖ਼ੁਸ਼ਬੋਈ ਨਗਰ ਵਿਚ ਫੈਲ ਚੁੱਕੀ ਸੀ। ਸ਼ੋਭਾ ਦੀਆਂ ਕੰਨਸੋਆਂ ਗੁਣ-ਪਾਰਖੀ ਮਹਾਰਾਜੇ ਹੀਰਾ ਸਿੰਘ ਤਕ ਵੀ ਅੱਪੜੀਆਂ। ਰਿਆਸਤ ਦੀ ਰੀਤ ਅਨੁਸਾਰ ਜਦੋਂ ਉਹ ਮਹਾਰਾਜੇ ਦੇ ਦਰਬਾਰ ਵਿਚ ਮੱਥਾ ਟੇਕਣ ਲਈ ਪੇਸ਼ ਹੋਇਆ ਤਾਂ ਉਸ ਦੀ ਸੁਘੜਤਾ ਅਤੇ ਸੂਝਵਾਨੀ ਦਾ ਜਾਦੂ ਮਹਾਰਾਜੇ ਨੂੰ ਕੀਲਣ ਵਿੱਚ ਸਫਲ ਹੋਇਆ। ਤਤਕਾਲ 'ਹਾਜ਼ਿਰਬਾਸ਼ ਮੁਸਾਹਿਬਾਂ' (ਮਹਾਰਾਜੇ ਦੀ ਹਜ਼ੂਰੀ ਵਿੱਚ ਰਹਿਣ ਵਾਲੇ ਨਿਕਟ-ਵਰਤੀਆਂ) ਵਿੱਚ ਉਸ ਦਾ ਨਾਮ ਦਰਜ ਕਰ ਲਿਆ ਗਿਆ।[1] ਇਸੇ ਹੈਸੀਅਤ ਵਿੱਚ ਕੋਈ ਦੋ ਵਰ੍ਹੇ ਦਰਬਾਰ ਵਿੱਚ ਆਉਣ ਜਾਣ ਦਾ ਸੰਬੰਧ ਬਣਿਆ ਰਿਹਾ।

(ਅ) ਮੈਕਾਲਿਫ਼ ਦਾ ਸਾਥ :

1885 ਵਿੱਚ, ਇੱਕ ਦਰਬਾਰ, ਵਾਇਸਰਾਇ-ਹਿੰਦ ਅਤੇ ਅਫ਼ਗਾਨਿਸਤਾਨ ਦੇ ਬਾਦਸ਼ਾਹ ਅਬਦੁਰ-ਰਹਿਮਾਨ ਵਿਚਕਾਰ ਮੁਲਾਕਾਤ ਸਮੇਂ, ਰਾਵਲਪਿੰਡੀ ਵਿੱਚ ਹੋਇਆ। ਮਹਾਰਾਜਾ ਹੀਰਾ ਸਿੰਘ ਵੀ, ਉਸ ਸਮੇਂ ਉਸ ਦਰਬਾਰ ਵਿੱਚ ਸ਼ਾਮਿਲ ਹੋਣ ਲਈ ਗਏ। ਭਾਈ ਕਾਨ੍ਹ ਸਿੰਘ ਵੀ ਇਸ ਮੌਕੇ ਉੱਤੇ ਮਹਾਰਾਜੇ ਦੇ ਨਾਲ ਸਨ। ਉਨ੍ਹੀਂ ਦਿਨੀਂ ਮੈਕਸ ਆਰਥਰ ਮੈਕਾਲਿਫ਼, ਜਿਸ ਨੇ ਪਿੱਛੋਂ ਅੰਗ੍ਰੇਜ਼ੀ ਵਿੱਚ ਸਿੱਖ ਧਰਮ ਅਤੇ ਵਿਚਾਰ-ਧਾਰਾ ਬਾਰੇ ਆਪਣੀ ਪ੍ਰਸਿੱਧ ਪੁਸਤਕ—'ਦੀ ਸਿੱਖ ਰਿਲੀਜੀਅਨ' ਦੀ ਰਚਨਾ ਕੀਤੀ ਸੀ, ਰਾਵਲਪਿੰਡੀ ਵਿੱਚ ਡਿਵੀਜ਼ਨਲ ਜੱਜ ਸੀ। ਮੈਕਾਲਿਫ਼, 1880 ਵਿੱਚ ਪ੍ਰੋ: ਗੁਰਮੁਖ ਸਿੰਘ ਦੇ ਸੰਪਰਕ ਵਿੱਚ ਆ ਚੁੱਕਾ ਸੀ ਅਤੇ ਉਸ ਪਾਸੋਂ ਹੀ ਭਾਈ ਕਾਨ੍ਹ ਸਿੰਘ ਦੀ ਵਿੱਦਵਤਾ ਦੀ ਸੋਭਾ ਸੁਣ ਚੁੱਕਾ ਸੀ, ਇਸ ਮੌਕੇ ਉਤੇ ਚਾਹ ਕੇ ਭਾਈ ਕਾਨ੍ਹ ਸਿੰਘ ਨੂੰ ਮਿਲਿਆ ਅਤੇ ਉਸ ਤੋਂ ਬਹੁਤ ਪ੍ਰਭਾਵਿਤ ਹੋਇਆ। ਮੈਕਾਲਿਫ਼ ਨੇ ਮਹਾਰਾਜੇ ਪਾਸੋਂ ਮੰਗ ਕੀਤੀ ਕਿ ਉਹ ਭਾਈ ਕਾਨ੍ਹ ਸਿੰਘ ਨੂੰ ਆਗਿਆ ਦੇਣ ਤਾਂ ਜੋ ਉਸ ਨੂੰ ਗੁਰਮੁਖੀ ਅੱਖਰਾਂ ਦੀ ਸੂਝ, ਗੁਰਬਾਣੀ ਦੇ ਭੇਦ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਨ ਵਿੱਚ ਸਹਾਇਤਾ ਮਿਲ ਜਾਏ। ਮਹਾਰਾਜੇ ਨੇ ਮਿਸਟਰ

---

1. ਅ. ਕ. ਪੰਨਾ 12 ਮਹਾਰਾਜਾ ਹੀਰਾ ਸਿੰਘ 10 ਅਗਸਤ 1871 ਨੂੰ ਨਾਭੇ ਦੀ ਗੱਦੀ ਉਤੇ ਬੈਠਾ, ਕਿਉਂਕਿ ਰਾਜੇ ਜਸਵੰਤ ਸਿੰਘ ਦਾ ਪੁੱਤ੍ਰ ਭਗਵਾਨ ਸਿੰਘ ਲਾਵਾਰਿਸ ਸੀ। ਹੀਰਾ ਸਿੰਘ ਇਸ ਪਰਿਵਾਰ ਦਾ ਨੇੜਲਾ ਅਤੇ ਵੱਡਰੁੱਖੇ ਪਿੰਡ ਦੇ ਸਰਦਾਰਾਂ ਵਿੱਚੋਂ ਵੱਡਾ ਸੀ। ਦੇਖੋ ਪੰਜਾਬ ਸਟੇਟਸ ਗਜ਼ਟੀਅਰ, ਜਿਲਦ 17-ਏ. ਪੰਜਾਬ ਸਰਕਾਰ, 1904, ਪੰਨਾ 342

ਮੈਕਾਲਿਫ਼ ਦੀ ਮੰਗ ਮੰਨ ਕੇ ਭਾਈ ਕਾਨ੍ਹ ਸਿੰਘ ਨੂੰ ਰਾਵਲਪਿੰਡੀ ਰਹਿ ਕੇ ਮੈਕਾਲਿਫ਼ ਦੀ ਮੱਦਦ ਕਰਨ ਦੀ ਹਿਦਾਇਤ ਕਰ ਦਿੱਤੀ। ਇਸ ਹਿਦਾਇਤ ਅਨੁਸਾਰ ਭਾਈ ਕਾਨ੍ਹ ਸਿੰਘ ਨੇ ਰਾਵਲਪਿੰਡੀ ਰਹਿਕੇ ਮੈਕਾਲਿਫ਼ ਨੂੰ ਪੜ੍ਹਾਇਆ ਵੀ ਅਤੇ ਉਸ ਦੀ ਸੰਗਤ ਵਿੱਚ ਰਹਿ ਕੇ ਆਪਣਾ ਅੰਗ੍ਰੇਜ਼ੀ ਦਾ ਗਿਆਨ ਵੀ ਵਧਾਇਆ, ਨਾਲ ਹੀ ਖੋਜ ਅਤੇ ਗਰੰਥ ਰਚਨਾ ਦੇ ਪੱਛਮੀ ਢੰਗਾਂ ਦੀ ਜਾਣਕਾਰੀ ਭੀ ਪ੍ਰਾਪਤ ਕੀਤੀ। ਪਿੱਛੋਂ, ਕੋਈ ਛੇ ਮਹੀਨੇ ਬੀਤਣ ਉੱਤੇ ਭਾਈ ਕਾਨ੍ਹ ਸਿੰਘ ਨੂੰ ਮੁੜ ਨਾਭੇ ਦੀ ਮਹਾਰਾਜੇ ਦੀ 'ਹਾਜ਼ਰ-ਬਾਸ਼ੀ' ਵਿੱਚ ਵਾਪਿਸ ਆਉਣਾ ਪਿਆ। ਮੈਕਾਲਿਫ਼, ਫੇਰ ਵੀ, ਥੋੜੇ ਥੋੜੇ ਸਮਿਆਂ ਲਈ ਕਾਨ੍ਹ ਸਿੰਘ ਨਾਲ ਨਾਭੇ ਆ ਕੇ ਅਤੇ ਪਹਾੜ ਨਿਵਾਸ ਸਮੇਂ, ਸ਼ਿਮਲੇ ਆਦਿ ਰਹਿ ਕੇ, ਵਿਚਾਰ ਵਟਾਂਦਰੇ ਕਰਦਾ ਰਿਹਾ।[2]

(ੲ) ਰਾਜਕੁਮਾਰ ਦਾ ਨਿਗਰਾਨ ਤੇ ਅਧਿਆਪਕ :

1887 ਵਿੱਚ, ਜਦੋਂ ਮਹਾਰਾਜੇ ਨੇ ਉਸ ਨੂੰ ਖ਼ੂਬ ਠੋਕ-ਵਜਾ ਕੇ ਖਰਾ ਪਰਖ ਲਿਆ ਤਾਂ ਟਿੱਕਾ ਰਿਪਦੁਮਨ ਸਿੰਘ (ਜੋ ਇਸ ਸਮੇਂ ਕੋਈ ਚਾਰ ਸਾਲ ਦਾ ਹੋ ਗਿਆ ਸੀ) ਦਾ ਨਿਗਰਾਨ ਤੇ ਅਧਿਆਪਕ ਮੁਕੱਰਰ ਕਰ ਦਿੱਤਾ।[2A] ਇਹ ਅਹੁਦਾ ਬਹੁਤ ਬੜੀ ਜ਼ਿੰਮੇਵਾਰੀ ਅਤੇ ਵਿੱਦਵਤਾ ਦਾ ਸੀ। ਰਾਜਕੁਮਾਰ ਨੂੰ ਨਿਰਾ ਅੱਖਰ-ਬੋਧ ਜਾਂ ਇੱਕ ਅੱਧ ਪੋਥੀ ਪੜ੍ਹਾ ਲੈਣ ਨਾਲ ਹੀ ਗੱਲ ਨਹੀਂ ਮੁੱਕ ਜਾਣੀ ਸੀ ਸਗੋਂ ਨਿਗਰਾਨ ਦਾ ਕੰਮ 'ਭਵਿੱਖ ਦੇ ਰਾਜੇ' ਨੂੰ ਸਦਾਚਾਰ, ਸੱਭਿਆਚਾਰ ਅਤੇ ਸੁਘੜ ਪ੍ਰਬੰਧ ਦੇ ਗਿਆਨ ਦੀਆਂ ਨੀਹਾਂ ਵੱਲ ਪ੍ਰੇਰਨਾਂ ਵੀ ਸੀ। ਰਾਜਾ ਹੀਰਾ ਸਿੰਘ ਆਪ ਭਾਵੇਂ ਅਕਬਰ ਜਾਂ ਰਣਜੀਤ ਸਿੰਘ ਵਾਂਗ ਬਹੁਤਾ ਪੜ੍ਹਿਆ ਲਿਖਿਆ ਨਹੀਂ ਸੀ, ਕਿਉਂਕਿ ਉਸ ਨੂੰ ਆਪਣੇ ਬਾਲ-ਪੁਣੇ ਵਿਚ ਅਜਿਹੇ ਮੌਕੇ ਹੀ ਨਸੀਬ ਨਹੀਂ ਹੋਏ ਸਨ[3], ਪਰ ਜ਼ਿੰਦਗੀ ਦੇ ਕੌੜੇ-ਮਿੱਠੇ ਅਨੁਭਵਾਂ ਨੇ ਸੂਝ-ਬੂਝ ਅਤੇ ਵਿਆਪਕ ਬੁੱਧੀਮਾਨਤਾ ਦੀ ਚੋਖੀ ਚੇਟਕ ਲਾ ਦਿੱਤੀ ਸੀ। ਉਹ ਆਪਣੇ ਵਾਰਿਸ ਨੂੰ ਹਰ ਪ੍ਰਕਾਰ ਦੀ ਯੋਗਤਾ ਵਿੱਚ ਤਾਕ ਦੇਖਣ ਦਾ ਇੱਛਾਵਾਨ ਸੀ।

(ਸ) ਪ੍ਰਬੰਧਕੀ ਅਹੁਦੇ :

1893 ਵਿਚ ਟਿੱਕਾ ਰਿਪਦੁਮਨ ਸਿੰਘ ਦੀ ਮੁੱਢਲੀ ਸਿੱਖਿਆ ਸਮਾਪਤ ਹੋ ਗਈ। ਭਾਈ ਕਾਨ੍ਹ ਸਿੰਘ ਨੇ ਜਿਸ ਸੂਝ ਅਤੇ ਸਿਆਣਪ ਨਾਲ ਆਪਣੀ ਜ਼ਿੰਮੇਵਾਰੀ ਨੂੰ ਆਪਣੀ ਮੁੱਢਲੀ ਉਮਰ ਵਿਚ ਨਿਭਾਇਆ ਸੀ, ਉਸ ਤੋਂ ਮਹਾਰਾਜਾ ਬਹੁਤ ਪ੍ਰਸੰਨ ਹੋਇਆ ਸੀ। ਅਤੇ ਆਪਣੀ ਪ੍ਰਸੰਨਤਾ ਦਾ ਫਲ ਉਸ ਨੇ ਮਹਾਰਾਜਿਆਂ ਦੀ ਰੀਤ ਅਨੁਸਾਰ ਹੀ ਦਿੱਤਾ। ਪਹਿਲਾਂ ਭਾਈ ਕਾਨ੍ਹ ਸਿੰਘ ਨੂੰ ਮਹਾਰਾਜਾ ਦਾ ਨਿਜੀ ਸਕੱਤਰ ਥਾਪ ਲਿਆ ਗਿਆ[4] ਤਾਂ ਜੋ ਉਸ ਨੂੰ ਰਾਜ-ਪ੍ਰਬੰਧ ਦੀ ਮਹਾਰਾਜਾ ਦੀ ਨੀਤੀ ਦਾ ਸਹਜ ਅਨੁਭਵ ਹੋ ਸਕੇ, ਉਪਰੰਤ ਥੋੜੇ ਸਮੇਂ ਪਿੱਛੋਂ ਰਾਜਧਾਨੀ ਦਾ ਨਗਰ-ਅਦਾਲਤੀ (ਮੈਜਿਸਟ੍ਰੇਟ), ਫੇਰ ਨਹਿਰ-ਨਾਜ਼ਮ (ਰੈਵਿਨਿਊ ਕੋਲੈਕਟਰ ਐਂਡ ਇਰੀਗੇਸ਼ਨ ਆਫੀਸਰ) ਅਤੇ ਜ਼ਿਲਾ ਫੂਲ ਦੀਆਂ ਨਾਜ਼ਿਮ

---

2. ਅ. ਕਾ. ਪੰਨਾ 24 2. A. ਉਹੀ

3. ਉਹੀ

4. ਅ. ਕਾ. ਪੰਨਾ 13

(Deputy Commissioner) ਦੀਆਂ ਅਸਾਮੀਆਂ ਉੱਤੇ ਨਿਯੁਕਤ ਕੀਤਾ ਜਾਂਦਾ ਰਿਹਾ।[5] ਉਨ੍ਹੀ ਦਿਨੀਂ ਇਨ੍ਹਾਂ ਆਸਾਮੀਆਂ ਦੇ ਅਧਿਕਾਰ ਵਧੇਰੇ ਮੋਕਲੇ ਅਤੇ ਵਿਸਤਾਰਵਾਦੀ ਹੁੰਦੇ ਸਨ, ਹਾਕਮ ਦੇ ਕੰਮ ਵਿੱਚ ਦਖ਼ਲ ਦਾ ਰਿਵਾਜ ਨਹੀਂ ਸੀ ਪਰੰਤੂ ਹਰ ਸ਼ਿਕਾਇਤ ਸਿੱਧੀ ਮਹਾਰਾਜੇ ਦੇ ਪੇਸ਼ ਹੁੰਦੀ ਸੀ। ਚੰਗਾ ਪ੍ਰਬੰਧਕ ਉਹੀ ਅਫ਼ਸਰ ਗਿਣਿਆ ਜਾਂਦਾ ਸੀ ਜਿਸ ਦੀਆਂ ਘੱਟ ਤੋਂ ਘੱਟ ਸ਼ਿਕਾਇਤਾਂ ਹੁੰਦੀਆਂ ਜਾਂ ਜੋ ਆਪਣੇ ਦਿੱਤੇ ਹੁਕਮ ਦੇ ਉਚਿਤ ਅਤੇ ਨਿਆਂ ਦੇ ਅਨੁਕੂਲ ਹੋਣ ਬਾਰੇ ਮਹਾਰਾਜੇ ਦੀ ਤਸੱਲੀ ਕਰਵਾ ਸਕਦਾ। ਅਹਿਲਕਾਰਾਂ ਵਿੱਚ ਆਪੋ ਵਿੱਚ ਦੀਆਂ ਖੁਣਸਾਂ, ਚੁਗਲੀਆਂ ਅਤੇ ਮਹਾਰਾਜੇ ਦੇ ਨੇੜੇ ਹੋਣ ਦੀਆਂ ਗੋਂਦਾ-ਚਾਲਾਂ ਵੀ ਖ਼ੂਬ ਹੁੰਦੀਆਂ ਰਹਿੰਦੀਆਂ ਸਨ। ਭਾਈ ਕਾਨ੍ਹ ਸਿੰਘ ਇਨ੍ਹਾਂ ਸਾਰੀਆਂ ਔਕੜਾਂ ਵਿੱਚੋਂ ਆਪਣੇ ਆਪ ਨੂੰ ਬਚਾਈ ਰੱਖਣ ਵਿਚ ਹੀ ਸਫ਼ਲ ਨਹੀਂ ਹੋਇਆ। ਸਗੋਂ ਉਨ੍ਹਾਂ ਦੀ ਲੋਕਾਂ ਵਿੱਚ ਵੀ ਨੇਕ-ਨਾਮੀ ਵਧੀ ਅਤੇ ਉਹ ਮਹਾਰਾਜੇ ਦਾ ਵਧੇਰੇ ਕ੍ਰਿਪਾ-ਪਾਤਰ ਬਣ ਗਿਆ। ਇਨ੍ਹਾਂ ਅਸਾਮੀਆਂ ਉੱਤੇ ਉਸ ਦੀਆਂ ਨਿਯੁਕਤੀਆਂ ਦਾ ਰੀਕਾਰਡ ਅਤੇ ਹੁਕਮਾਂ ਦੀਆਂ ਤਾਰੀਖ਼ਾਂ ਆਦਿ ਦਾ ਵੇਰਵਾ ਲੱਭਣਾ ਅੱਜ ਸੰਭਵ-ਨਹੀਂ ਰਿਹਾ, ਰਾਜਸੀ ਤਬਦੀਲੀਆਂ ਕਾਰਣ ਪੁਰਾਣੇ ਕਾਗਜ਼ਾਤ ਦੁਰਲੱਭ ਹੋ ਗਏ ਹਨ।

(ੲ) ਰੌਲਿਆਂ ਦਾ ਆਰੰਭ

1897 ਤੱਕ ਭਾਈ ਕਾਨ੍ਹ ਸਿੰਘ ਇਨ੍ਹਾਂ ਅਸਾਮੀਆਂ ਉੱਤੇ ਕੰਮ ਕਰਦਾ ਰਿਹਾ। ਮਹਾਰਾਜਾ ਉਨ੍ਹਾਂ ਦੇ ਕੰਮ ਤੋਂ ਹਰ ਤਰ੍ਹਾਂ ਪ੍ਰਸੰਨ ਸੀ, ਪਰੰਤੂ 1897 ਵਿੱਚ ਜਦੋਂ ਉਹ ਰਿਆਸਤ ਦਾ ਨਹਿਰ ਨਾਜ਼ਮ ਸੀ ਉਸ ਨੇ ਇੱਕ ਪੁਸਤਕ 'ਹਮ ਹਿੰਦੂ ਨਹੀਂ' ਨਾਮ ਦੀ ਛਪਵਾਈ। ਆਪਣੀ ਸਰਕਾਰੀ ਪੁਜ਼ੀਸ਼ਨ ਨੂੰ ਇਸ ਮਾਮਲੇ ਤੋਂ ਵੱਖਰਾ ਰੱਖਣ ਦੇ ਵਿਚਾਰ ਨਾਲ ਉਸ ਨੇ ਲੇਖਕ ਦੇ ਰੂਪ ਵਿੱਚ ਆਪਣਾ ਪੂਰਾ ਨਾਮ ਦਰਜ ਕਰਨ ਦੀ ਥਾਂ ਆਪਣੇ ਉਪਨਾਮ 'ਹਰਿ-ਬ੍ਰਿਜੇਸ਼' ਦੇ ਅੰਗ੍ਰੇਜ਼ੀ ਵਿੱਚ ਮੁੱਢਲੇ ਅੱਖਰ, 'ਐਚ. ਬੀ.' ਦਰਜ ਕਰ ਦਿੱਤੇ। ਇਸ ਪੁਸਤਕ ਦੇ ਕਾਰਣ ਹਿੰਦੂ ਜੱਥੇਬੰਦੀਆਂ ਵੱਲੋਂ ਕਾਫ਼ੀ ਸ਼ੋਰ-ਸ਼ਰਾਬਾ ਹੋਇਆ। ਕੁਝ ਪੁਰਾਤਨ ਵਿਚਾਰਾਂ ਦੇ ਸਿੱਖਾਂ ਵੱਲੋਂ ਵੀ ਇਸ ਪੁਸਤਕ ਦੇ ਵਿਰੋਧ ਵਿਚ ਜਲਸੇ-ਜਲੂਸਾਂ ਰਾਹੀਂ ਅੰਦੋਲਨ ਚਲਾਇਆ ਗਿਆ।[6] ਅਜਿਹੇ ਅੰਦੋਲਨਾਂ ਦੇ ਪਿੱਛੇ ਕੁਝ ਸਰਕਾਰੀ ਮੁਲਾਜ਼ਮਾਂ ਦੀਆਂ ਜ਼ਾਤੀ ਰੰਜਸ਼ਾਂ ਵੀ ਸਨ।[7]

ਇੱਕ ਗੁੰਮਨਾਮ ਚਿੱਠੀ ਵੀ ਮਹਾਰਾਜੇ ਦੇ ਨਾਉਂ ਲਿਖੀ ਗਈ, ਜਿਸ ਵਿੱਚ ਕਿਹਾ ਸੀ: "ਹਮ ਹਿੰਦੂ ਨਹੀਂ" ਕਿਤਾਬ ਜੋ ਕਿ ਗੁਮਨਾਮ, ਔਰ ਸਿੱਖ ਵ

5. ਅ. ਕਾ. ਪੰਨਾ 13 ਨਗਰ ਅਦਾਲਤੀ ਨੂੰ ਨਾਇਬ ਸਦਰ ਭੀ ਕਿਹਾ ਜਾਂਦਾ ਸੀ ਅਤੇ ਉਸ ਦਾ ਦਰਜਾ ਨਾਜ਼ਿਮ ਦੇ ਬਰਾਬਰ ਦਾ ਹੁੰਦਾ ਸੀ। ਨਜ਼ਾਮਤ ਦੀਆਂ ਅਦਾਲਤਾਂ ਤਿੰਨ ਸਾਲ ਤਕ ਕੈਦ ਅਤੇ 500 ਰੁਪਏ ਜੁਰਮਾਨਾ ਕਰ ਸਕਦੀਆਂ ਸਨ। ਕੈਦ ਜਾਂ ਜੁਰਮਾਨੇ ਦੇ ਨਾਲ ਉਸ ਨੂੰ 6 ਕੋਰੜੇ ਮਰਵਾਂਉਣ ਤਕ ਦਾ ਅਧਿਕਾਰ ਸੀ। ਪੰਜਾਬ ਸਟੇਟਸ ਗਜ਼ਟੀਅਰ, ਜਿਲਦ 17-ਏ, ਪੰਜਾਬ ਸਰਕਾਰ, 1904, ਸਫ਼ਾ 373-74
6. ਅ. ਕਾ. ਪੰਨਾ 26
7. ਉਹੀ

ਹਿੰਦੂਓਂ ਮੇਂ ਫ਼ਸਾਦ ਡਾਲਣੇ ਵਾਲੀ ਹੈ, ਉਸ ਕੀ ਤਹਿਕੀਕਾਤ ਕੇ ਲੀਏ ਗਵਰਮੈਂਟ ਨੇ ਮੁਝੇ ਮੁਕਰਰ ਕੀਆ ਹੈ ਔਰ ਗਵਰਮੈਂਟ ਕੋ ਇਸ ਕਾ ਬਹੁਤ ਖ਼ਯਾਲ ਹੋ ਰਹਾ ਹੈ, ਮੁਸੰਨਿਫ਼ ਕਾ ਪਤਾ ਲਗਨੇ ਪਰ ਸਰਕਾਰ ਸਖ਼ਤ ਸਜ਼ਾ ਦੇਗੀ; ਮੈਨੇ ਸਾਰੇ ਪੰਜਾਬ ਕਾ ਦੌਰਾ ਕੀਆ ਹੈ ਔਰ ਖ਼ੁਫ਼ੀਆ ਤਹਿਕੀਕਾਤ ਸੇ ਮੁਸੰਨਿਫ਼ ਕਾ ਪਤਾ ਲਗਾ ਲੀਆ ਹੈ......ਮੈਂ ਨਾਮ ਵੀ ਜ਼ਾਹਿਰ ਕਰ ਦੇਤਾ ਹੂੰ - ਇਸ ਕਿਤਾਬ ਕੇ ਬਣਾਨੇ ਵਾਲਾ ਕਾਨ੍ਹ ਸਿੰਘ ਹੈ। ਬਿਹਤਰ ਹੋਗਾ ਅਗਰ ਮੇਰੀ ਰਪੋਰਟ ਗਵਰਨਮੈਂਟ ਮੇਂ ਪਹੁੰਚਨੇ ਸੇ ਪਹਿਲੇ ਮੁਸੰਨਿਫ ਕੋ ਰਿਯਾਸਤ ਸੇ ਸਜ਼ਾ ਤਜ਼ਵੀਜ਼ ਕੀ ਜਾਏ।......"[8]

ਚਿੱਠੀ ਦਾ ਗੁੰਮਨਾਮ ਹੋਣਾ ਹੀ, ਅਸਲੀਅਤ ਜ਼ਾਹਿਰ ਕਰਨ ਲਈ ਕਾਫ਼ੀ ਸੀ। ਫੇਰ ਲੇਖਕ ਦਾ ਇਹ ਪ੍ਰਗਟ ਕਰਨਾ ਕਿ ਉਸ ਨੂੰ ਸਰਕਾਰ ਅੰਗ੍ਰੇਜ਼ੀ ਨੇ ਇਸ ਪੁਸਤਕ ਦੇ ਕਰਤਾ ਦੀ ਖੋਜ ਲਈ ਮੁਕੱਰਰ ਕੀਤਾ ਹੈ, ਪਰ ਮੁਕੱਰਰ ਕਰਨ ਵਾਲੀ ਸ਼ਰਕਾਰ ਨੂੰ ਰਪੋਰਟ ਦੇਣ ਤੋਂ ਪਹਿਲਾਂ ਰਪੋਰਟ ਦੇ ਤੱਥਾਂ ਨੂੰ ਮਹਾਰਾਜੇ ਕੋਲ ਪ੍ਰਗਟ ਕਰਨ ਦੀ ਦਲੇਰੀ ਕਰਨਾ ਅਤੇ ਰਪੋਰਟ ਸਰਕਾਰ ਵਿੱਚ ਪਹੁੰਚਣ ਤੋਂ ਪਹਿਲਾਂ ਪਹਿਲਾਂ ਦੋਸ਼ੀ ਨੂੰ ਮਹਾਰਾਜੇ ਤੋਂ ਸਜ਼ਾ ਦੁਆ ਕੇ, ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਸਖ਼ਤ ਸਜ਼ਾ ਦੇ ਕਥਿਤ ਖ਼ਤਰੇ ਤੋਂ ਰਿਆਸਤ ਅਤੇ ਕਾਨ੍ਹ ਸਿੰਘ ਨੂੰ ਬਚਾ ਲੈਣ ਦੀ ਉਤਾਵਲੀ, ਪਹਿਲੋਂ ਹੀ ਰਿਆਸਤ ਵੱਲੋਂ ਸਜ਼ਾ ਦੁਆ ਕੇ ਰਿਆਸਤ ਨੂੰ ਅਤੇ ਮਹਾਰਾਜੇ ਨੂੰ ਸੁਰਖ਼ਰੂ ਕਰਵਾਉਣ ਦੀ ਇੱਛਾ, ਚਿੱਠੀ ਦੇ ਫਰਜ਼ੀ ਹੋਣ ਦੇ ਪ੍ਰਤੱਖ ਪ੍ਰਮਾਣ ਸਨ। ਪਰ ਮਹਾਰਾਜੇ ਨੇ ਭਾਈ ਕਾਨ੍ਹ ਸਿੰਘ ਨੂੰ ਤਤਕਾਲ ਹੀ ਨੌਕਰੀ ਤੋਂ ਵੱਖ ਕਰ ਦੇਣ ਵਿੱਚ ਭਲਾ ਅਨੁਭਵ ਕੀਤਾ। ਮਹਾਰਾਜੇ ਦੀ ਇਸ (ਵਿਰੋਧ ਨੂੰ ਠੰਢਾ ਪਾਉਣ ਦੀ) ਕਾਹਲ ਨੇ ਸਗਵਾਂ ਵਿਰੋਧੀਆਂ ਨੂੰ ਵਧੇਰੇ ਖੁੱਲ੍ਹ-ਬੋਲੇ ਹੋਣ ਲਈ ਸ਼ਹਿ ਦਿੱਤੀ। ਉਨ੍ਹਾਂ ਪੁਸਤਕ ਨੂੰ ਕਾਨੂੰਨ ਵਿਰੁੱਧ ਅਤੇ ਲੋਕਾਂ ਦਾ ਦਿਲ ਦੁਖਾਉਣ ਵਾਲੀ ਕਹਿ ਕੇ ਲੇਖਕ ਵਿਰੁੱਧ ਵਧੇਰੇ ਸਖ਼ਤ ਸਜ਼ਾ ਦੀ ਮੰਗ ਕਰਨੀ ਆਰੰਭ ਕਰ ਦਿੱਤੀ। ਕੁਝ ਹਿੰਦੂ ਵਿਦਵਾਨਾਂ ਨੇ ਸਰਦਾਰ ਅਤਰ ਸਿੰਘ ਭਦੌੜੀਏ ਵੱਲੋਂ ਛਾਪੇ ਗਏ 'ਸੌ ਸਾਖੀ' ਦੇ ਅੰਗ੍ਰੇਜ਼ੀ ਅਨੁਵਾਦ ਅਤੇ 'ਛੱਕਿਆਂ' ਆਦਿ ਰਚਨਾਵਾਂ ਦੇ ਹਵਾਲੇ ਦੇ ਕੇ ਪੁਸਤਕ 'ਹਮ ਹਿੰਦੂ ਨਹੀਂ' ਦਾ ਖੰਡਨ ਵੀ ਪ੍ਰਕਾਸ਼ਿਤ ਕਰਵਾਇਆ, ਪਰ ਇਨ੍ਹਾਂ ਵਿੱਚੋਂ ਕੋਈ ਗਰੰਥ ਚਿਰਜੀਵੀ ਨਾ ਸਿੱਧ ਹੋ ਸਕਿਆ।

ਮਹਾਰਾਜੇ ਨੇ ਹੁਣ ਕਾਨੂੰਨਦਾਨਾਂ ਅਤੇ ਤਖ਼ਤਾਂ ਦੀਆਂ ਸੰਗਤਾਂ ਦੇ ਵਿਚਾਰ ਜਾਣਨੇ ਚਾਹੇ। 'ਹਮ ਹਿੰਦੂ ਨਹੀਂ' ਦਾ ਅੰਗ੍ਰੇਜ਼ੀ ਅਨੁਵਾਦ ਕਰਵਾ ਕੇ ਪ੍ਰਸਿੱਧ ਕਾਨੂੰਨਦਾਨ ਅਤੇ ਪੰਜਾਬ ਸਰਕਾਰ ਦੇ ਕਾਨੂੰਨੀ ਸਲਾਹਕਾਰ ਦੀ ਰਾਇ ਮੰਗੀ। ਭਾਈ ਕਾਨ੍ਹ ਸਿੰਘ ਨੇ ਤਖ਼ਤਾਂ ਅਤੇ ਪ੍ਰਮੁੱਖ ਗੁਰਧਾਮਾਂ ਦੀਆਂ ਸੰਗਤਾਂ ਦੀ ਸਲਾਹ ਮੰਗੀ। ਰਾਟੀਗਨ ਸਾਹਿਬ ਨੇ ਲਿਖਿਆ ਕਿ ਇਸ ਪੁਸਤਕ ਨੂੰ "ਇਸ ਤਰੀਕੇ ਨਾਲ ਲਿਖਿਆ ਗਿਆ ਹੈ ਕਿ ਕਿਸੇ ਤਰ੍ਹਾਂ ਵੀ ਕਿਸੇ

---

8. 'ਹਮ ਹਿੰਦੂ ਨਹੀਂ', ਤੀਜੀ ਅਡੀਸ਼ਨ ਦੀ ਭੂਮਿਕਾ
9. ਉਹੀ

ਦਾ ਦਿਲ ਨਹੀਂ ਦੁਖ ਸਕਦਾ, ਇਸ ਵਿੱਚ ਹਿੰਦੂ ਧਰਮ ਦਾ ਜ਼ਿਕਰ ਅਜੇਹੇ ਢੰਗ ਨਾਲ ਕੀਤਾ ਗਿਆ ਹੈ ਕਿ ਥੋੜੀ ਜੇਹੀ ਵੀ ਬੇ-ਅਦਬੀ ਨਹੀਂ ਪਾਈ ਜਾਂਦੀ .. ਕਿ ਕਿਸੇ ਤਰ੍ਹਾਂ ਦਾ ਕੋਈ ਕਾਨੂੰਨੀ ਇਤਰਾਜ਼ ਇਸ ਕਿਤਾਬ ਬਾਬਤ ਨਹੀਂ ਕਹਿਆ ਜਾ ਸਕਦਾ।"[10] ਜਿਨ੍ਹਾਂ ਵਿਦਵਾਨਾਂ ਨੇ ਖੰਡਨ ਛਪਵਾਏ ਸਨ, ਉਨ੍ਹਾਂ ਦਾ ਉੱਤਰ ਭਾਈ ਕਾਨ੍ਹ ਸਿੰਘ ਨੇ ਪੁਸਤਕ ਦੇ ਤੀਜੇ ਸੰਸਕਰਣ ਦੀ ਭੂਮਿਕਾ ਵਿੱਚ ਦਿੱਤਾ, ਤਖ਼ਤਾਂ ਅਤੇ ਗੁਰਧਾਮਾਂ ਦੀਆਂ ਸੰਗਤਾਂ ਵੱਲੋਂ ਪੁਸਤਕ ਦੀ ਚੋਖੀ ਪ੍ਰਸ਼ੰਸਾ ਕੀਤੀ ਗਈ।[11] ਇੰਞ ਇਹ ਰੇੜਕਾ ਕਾਫੀ ਦਿਨ ਚਲਦਾ ਰਿਹਾ ਪਰ ਇਸ ਦੇ ਵਿਰੋਧੀ ਕੋਈ ਵੱਡੀ ਹਲਚਲ ਉਤਪੰਨ ਨਾ ਕਰ ਸਕੇ ਨਾ ਕੋਈ ਵਿਸ਼ੇਸ਼ ਦੁਰਘਟਨਾ ਹੀ ਵਾਪਰੀ। ਸਹਿਜੇ ਸਹਿਜੇ ਮਹਾਰਾਜੇ ਦਾ ਗੁੱਸਾ ਢਲਣਾ ਸ਼ੁਰੂ ਹੋ ਗਿਆ।

(ੳ) ਮੁੜ ਨੌਕਰੀ ਤੇ ਹਾਜ਼ਿਰ

1902 ਵਿਚ ਭਾਈ ਕਾਨ੍ਹ ਸਿੰਘ ਨੂੰ ਮੁੜ ਨੌਕਰੀ ਤੇ ਹਾਜ਼ਿਰ ਕਰ ਲਿਆ ਗਿਆ। ਇਸ ਵਾਰੀ ਉਸ ਨੂੰ ਵਾਇਸਰਾਇ ਦੇ ਏਜੰਟ ਦੇ ਦਫ਼ਤਰ ਵਿਚ ਰਿਆਸਤ ਦਾ ਵਕੀਲ ਬਣਾ ਕੇ ਭੇਜਿਆ ਗਿਆ[12] ਇਸ ਅਫ਼ਸਰ ਦਾ ਕੰਮ, ਉਨ੍ਹੀ ਦਿਨੀਂ ; ਰਾਜ-ਦਰਬਾਰ ਅਤੇ ਅੰਗ੍ਰੇਜ਼ੀ-ਬਾਦਸ਼ਾਹਤ ਵਿਚਕਾਰ ਵਫ਼ਾਦਾਰੀ ਅਤੇ ਸਰਪ੍ਰਸਤੀ ਦੇ ਚੰਗੇ ਸੰਬੰਧ ਬਣਾ ਕੇ ਰੱਖਣਾ ਹੁੰਦਾ ਸੀ। ਭਾਈ ਕਾਨ੍ਹ ਸਿੰਘ ਦੀ ਚੋਣ ਇਸ ਅਹੁੱਦੇ ਲਈ ਜਿਨ੍ਹਾਂ ਕਾਰਣਾਂ ਤੋਂ ਕੀਤੀ ਗਈ ਸੀ, ਉਨ੍ਹਾਂ ਵਿਚੋਂ ਇਹ ਪ੍ਰਮੁੱਖ ਪ੍ਰਤੀਤ ਹੁੰਦੇ ਹਨ :—

1. 'ਹਮ ਹਿੰਦੂ ਨਹੀਂ' ਵਿਰੁੱਧ ਉੱਠੇ ਝਗੜੇ ਵਿਚ ਉਸ ਦਾ ਨਿਰਦੋਸ਼ ਮੰਨ ਲਿਆ ਜਾਣਾ, ਪਰ ਰਾਜਧਾਨੀ ਵਿਚ ਉਸ ਨੂੰ ਰੱਖਣ ਉੱਤੇ ਮੁੜ ਵਿਰੋਧ ਜਾਗਣ ਦਾ ਖ਼ਦਸ਼ਾ।
2. ਉਸ ਦਾ ਅੰਗ੍ਰੇਜ਼ੀ (ਜੋ ਪੰਜਾਬ ਸਰਕਾਰ ਦੀ ਦਫ਼ਤਰੀ ਭਾਸ਼ਾ ਸੀ) ਅਤੇ ਫ਼ਾਰਸੀ (ਜੋ ਪੁਰਾਣੇ ਰਿਆਸਤੀ ਅਤੇ ਅੰਤਰ-ਰਿਆਸਤੀ ਰੀਕਾਰਡ ਦੀ ਭਾਸ਼ਾ ਸੀ) ਦਾ ਜਾਣੂੰ ਹੋਣਾ।
3. ਉਸ ਸਮੇਂ ਰਿਆਸਤ ਦੇ ਅਹਿਲਕਾਰਾਂ ਵਿੱਚੋਂ ਇਕੱਲੇ ਅਜਿਹਾ ਅਹਿਲਕਾਰ ਹੋਣਾ ਜਿਸ ਦੀ ਕਈ ਚੋਣਵੇਂ ਅੰਗ੍ਰੇਜ਼ ਅਫ਼ਸਰਾਂ ਨਾਲ ਨਿਜੀ ਮਿੱਤ੍ਰਤਾ ਸੀ ;
4. ਗੱਲ ਬਾਤ ਵਿਚ ਬਹੁਤ ਚਤੁਰ, ਧੀਰਜਵਾਨ ਅਤੇ ਮਿਠ-ਬੋਲਾ ਹੋਣਾ।

ਇਹ ਚੌ-ਮੁੱਖੀ ਗੁਣ, ਇਸ ਲਈ, ਵਧੇਰੇ ਮਹੱਤਵ ਰੱਖਣ ਵਾਲੇ ਸਨ ਕਿਉਂਕਿ ਉਨ੍ਹੀ ਦਿਨੀਂ ਅੰਗ੍ਰੇਜ਼ੀ ਸਰਕਾਰ ਨਾਲ ਰਿਆਸਤ ਦੇ ਦੋ ਅਹਮ ਮੁਆਮਲੇ ਵਿਚਾਰ-ਅਧੀਨ ਸਨ :

(ੳ) ਦਰਬਾਰ ਸਮੇਂ ਰਿਆਸਤ ਦੀ ਕੁਰਸੀ ਦੇ ਦਰਜੇ ਦਾ ਅਵੱਲ ਜਾਂ ਤੀਜਾ ਹੋਣਾ :

---

10. 'ਹਮ ਹਿੰਦੂ ਨਹੀਂ', ਤੀਜੀ ਅਡੀਸ਼ਨ ਦੀ ਭੂਮਿਕਾ
11. ਅ. ਕਾ. ਪੰਨਾ 13
12. ਉਹੀ

(ਅ) 1842 ਵਿਚ ਰਿਆਸਤ ਦੇ ਜ਼ਬਤ ਹੋਏ ਇਲਾਕੇ, ਖ਼ਾਸ ਕਰਕੇ ਪਰਗਣਾ ਦਹਿੜੂ ਦੀ ਮੁੜ ਬਹਾਲੀ ਦਾ ਮੁਆਮਲਾ।

ਨਾਭਾ ਰਿਆਸਤ ਦੇ ਰਾਜੇ ਫੂਲ-ਕੇ ਘਰਾਣੇ ਵਿੱਚ ਵੱਡੇ ਭਰਾ ਦੀ ਸੰਤਾਨ ਹੋਣ ਕਾਰਣ ਭਾਈਚਾਰਕ ਦ੍ਰਿਸ਼ਟੀ ਤੋਂ ਪਹਿਲੀ ਥਾਂ ਦੇ ਅਧਿਕਾਰੀ ਸਨ, ਪਰ ਇਲਾਕੇ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਨੂੰ ਜੀਂਦ ਤੋਂ ਅਗਲਾ ਤੇ ਤੀਜਾ ਦਰਜਾ ਦਿੱਤਾ ਸੀ, ਜਿਸ ਨੂੰ ਹੇਠੀ ਸਮਝਿਆ ਜਾਂਦਾ ਸੀ। 1845 ਵਿਚ ਸਿੱਖਾਂ ਅਤੇ ਅੰਗ੍ਰੇਜ਼ਾਂ ਵਿਚਕਾਰ ਲੜਾਈ ਸਮੇਂ ਮਹਾਰਾਜਾ ਦੇਵਿੰਦਰ ਸਿੰਘ ਉੱਤੇ ਅੰਗ੍ਰੇਜ਼ ਸਰਕਾਰ ਨਾਲ ਵਫ਼ਾਦਾਰੀ ਦੇ ਸਮਝੌਤੇ ਦੀ ਪਾਲਣਾ ਵਿਚ ਢਿੱਲ ਕਰਨ ਅਤੇ ਮਹਾਰਾਜਾ ਦਲੀਪ ਸਿੰਘ (ਜੋ ਮਹਾਰਾਜਾ ਦੇਵਿੰਦਰ ਸਿੰਘ ਦੀ ਭੂਆ ਦਾ ਪੋਤਰਾ ਸੀ) ਨਾਲ ਹਮਦਰਦੀ ਰੱਖਣ ਦਾ ਦੋਸ਼ ਲਾਇਆ ਗਿਆ ਸੀ; ਅਤੇ ਅੰਗ੍ਰੇਜ਼ ਸਰਕਾਰ ਵੱਲੋਂ (ਜੋ ਆਪ ਹੀ ਦੋਸ਼ ਲਗਾਉਣ ਵਾਲੀ ਅਤੇ ਆਪ ਹੀ ਨਿਰਣਾ ਕਰ ਕੇ ਦੋਸ਼ ਨੂੰ ਸਿੱਧ ਹੋਇਆ ਮੰਨਣ ਵਾਲੀ ਵੀ ਅਤੇ ਸਜ਼ਾ ਦੇਣ ਵਾਲੀ ਵੀ ਸੀ), ਦੋਸ਼ ਸਿੱਧ ਹੋਇਆ ਮੰਨ ਕੇ ਮਹਾਰਾਜੇ ਨੂੰ ਗੱਦੀ ਉੱਤੋਂ ਲਾਹ ਦਿੱਤਾ ਗਿਆ ਸੀ ਅਤੇ ਰਿਆਸਤ ਦਾ ਚੌਥਾ ਹਿੱਸਾ, ਜੰਗੀ-ਹਾਨੀ ਦੀ ਪੂਰਤੀ ਵਜੋਂ ਜ਼ਬਤ ਕਰ ਲਿਆ ਸੀ।[13] ਫੇਰ, 1857 ਵਿਚ ਗਦਰ ਸਮੇਂ ਵਫ਼ਾਦਾਰੀ ਦਿਖਾਉਣ ਬਦਲੇ ਬਾਵਲ-ਕਾਂਟੀ ਦਾ ਇਲਾਕਾ ਬਖ਼ਸ਼ਿਆ ਗਿਆ ਸੀ। ਰਿਆਸਤ ਦਾ ਦਾਅਵਾ ਇਹ ਸੀ ਕਿ ਰਿਆਸਤ ਉੱਤੇ ਵਫ਼ਾਦਾਰੀ ਦੇ ਸਮਝੌਤੇ ਦੀ ਉਲੰਘਣਾ ਦਾ ਪਹਿਲਾ ਦੋਸ਼ ਅੱਵਲ ਤਾਂ ਗ਼ਲਤ ਸੀ, ਪਰ ਜੇ ਕਰ ਸਹੀ ਵੀ ਮੰਨ ਲਿਆ ਜਾਵੇ ਤਾਂ ਗ਼ਦਰ ਸਮੇਂ ਸਿੱਧ ਹੋਈ ਵਫ਼ਾਦਾਰੀ ਦੇ ਬਦਲੇ ਵਿਚ ਨਵੇਂ ਇਲਾਕੇ ਨਾਲ ਉਸ ਦਾ ਜੱਦੀ ਇਲਾਕਾ ਜ਼ਰੂਰ ਪਰਤਾਇਆ ਜਾਣਾ ਚਾਹੀਦਾ ਸੀ। ਇਹ ਮਸਲਾ ਪਿੱਛਲੀ ਅੱਧੀ ਸਦੀ ਤੋਂ ਬਾਰ ਬਾਰ ਉਠਾਇਆ ਜਾਂਦਾ ਰਿਹਾ ਸੀ।[13-ਏ]

ਭਾਈ ਕਾਨ੍ਹ ਸਿੰਘ ਨੇ ਇਨ੍ਹਾਂ ਦੋਹਾਂ ਮੁੱਕਦਮਿਆਂ ਦੀ ਪੈਰਵੀ ਬੜੀ ਤਨਦੇਹੀ ਨਾਲ ਕੀਤੀ ਭਾਵੇਂ ਪੂਰੀ ਸਫਲਤਾ ਤਾਂ ਸੰਭਵ ਨਾ ਹੋ ਸਕੀ, ਪਰ ਸਰਕਾਰ ਦਾ ਰੁਖ਼ ਬਹੁਤ ਕੁਝ ਨਰਮ ਕਰ ਲਿਆ ਗਿਆ, ਗਵਰਨਰ ਜਨਰਲ ਦਾ ਏਜੰਟ ਕਰਨਲ ਡਨਲਪ ਸਮਿੱਥ ਭਾਈ ਕਾਨ੍ਹ ਸਿੰਘ ਦੇ ਕੰਮ ਕਰਨ ਦੇ ਢੰਗ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੇ 18 ਜੁਲਾਈ 1905 ਨੂੰ ਇੰਗਲੈਂਡ ਤੋਂ ਲਿਖੀ ਆਪਣੀ ਇਕ ਚਿੱਠੀ ਵਿਚ ਮਹਾਰਾਜੇ ਨੂੰ ਲਿਖਿਆ :—

> "ਮੇਰੇ ਮਨ ਵਿਚ ਸ: ਕਾਨ੍ਹ ਸਿੰਘ ਦਾ ਉੱਚੇ ਦਰਜੇ ਦਾ ਆਦਰ ਰਿਹਾ ਹੈ। ਮੈਨੂੰ ਫੂਲਕੀਆਂ ਰਿਆਸਤਾਂ ਵਿੱਚੋਂ ਕਿਸੇ ਦਾ ਹੋਰ ਕੋਈ ਅਹਿਲਕਾਰ ਅਜਿਹਾ ਕਦੇ ਨਹੀਂ ਮਿਲਿਆ, ਜਿਸ ਨੇ ਆਪਣੇ ਰਾਜੇ ਅਤੇ ਰਿਆਸਤ ਦੋਹਾਂ ਦੇ ਹਿਤਾਂ ਦੀ ਰਾਖੀ ਏਨੀ ਵਫ਼ਾਦਾਰੀ ਨਾਲ ਕੀਤੀ ਹੋਵੇ।"[14]

---

13. ਪੰਜਾਬ ਸਟੇਟਸ ਗਜ਼ਟੀਅਰ, ਜਿਲਦ 17-ਏ, ਪੰਜਾਬ ਸਰਕਾਰ, 1904, ਪੰਨਾ 342
13-ਏ. ਹਜ਼ੂਰਾ ਸਿੰਘ, ਭਾਈ, ਬਰਾੜ ਚਮਨ, ਪੱਤਰਾ 322
14. ਅ. ਕ., ਪੰਨਾ 1।

(ਅ) ਨਵਾਂ ਝਮੇਲਾ

ਇਸ ਤੋਂ ਪਹਿਲਾਂ ਕਿ ਸਮਿੱਥ ਦੀ ਚਿੱਠੀ ਜਾਰੀ ਹੁੰਦੀ, ਮਈ 1905 ਵਿੱਚ ਭਾਈ ਕਾਨ੍ਹ ਸਿੰਘ ਹਿਦੂ ਸਿੱਖ ਵਿਵਾਦ ਵਾਲੇ ਇਕ ਹੋਰ ਮਾਮਲੇ ਵਿੱਚ ਉਲਝ ਗਿਆ। ਅੰਮ੍ਰਿਤਸਰ ਦੇ ਦਰਬਾਰ ਸਾਹਿਬ ਦੇ ਸਰੋਵਰ ਦੀਆਂ ਪੌੜੀਆਂ ਅਤੇ ਪਰਿਕ੍ਰਮਾ ਵਿਚ ਅਨੇਕ ਬ੍ਰਾਹਮਣ, ਡਕੌਤ ਅਤੇ ਭਾਟੜੇ ਆਦਿ ਵੱਖ ਵੱਖ ਦੇਵਤਿਆਂ ਦੀਆਂ ਮੂਰਤੀਆਂ ਲੈਕੇ ਬੈਠਦੇ ਅਤੇ ਹਰ ਯਾਤ੍ਰੀ ਪਾਸੋਂ ਕੌਡੀ,ਦਮੜੀ,ਧੇਲਾ ਜਾਂ ਪੈਸਾ ਮੂਰਤੀ ਦੀ ਪੂਜਾ ਦੇ ਨਾਉਂ ਉੱਤੇ ਹੋਰਨਾਂ ਅਨੇਕਾਂ ਹਿੰਦੂ ਤੀਰਥਾਂ ਵਾਂਗ ਉਗਰਾਹੁੰਦੇ ਰਹਿੰਦੇ ਸਨ। ਜਿੰਨਾ ਚਿਰ ਗੁਰਦੁਆਰਾ ਸਾਹਿਬ ਉੱਤੇ ਪੁਜਾਰੀਆਂ ਦਾ ਕਬਜ਼ਾ ਰਿਹਾ ਇਹ ਧੰਦਾ ਨਿਰਵਿਘਨ ਚਲਦਾ ਰਿਹਾ, ਪਰੰਤੂ ਸਿੰਘ ਸਭਾਈ ਵਿਚਾਰਾਂ ਦਾ ਜ਼ੋਰ ਹੋਣ ਉੱਤੇ ਇਸ ਰੀਤ ਵਿਰੁੱਧ ਅਵਾਜ਼ ਉੱਠਣੀ ਸ਼ੁਰੂ ਹੋ ਗਈ। ਗੁਰਦੁਆਰੇ ਦੇ ਪ੍ਰਬੰਧ ਵੱਲੋਂ ਇਨ੍ਹਾਂ ਮੂਰਤੀਆਂ ਵਾਲਿਆਂ ਉੱਤੇ ਉਟੰਕਣਾ ਹੋਣ ਲੱਗ ਪਈ ਕਿ ਇਕ ਅਜਿਹੇ ਧਰਮ ਦੇ ਪੂਜਨੀਕ ਸਥਾਨ ਵਿੱਚ, ਜੋ ਮੂਰਤੀ-ਪੂਜਕ ਨਹੀਂ, ਕਿਸੇ ਵੱਖਰੇ ਵਿਸ਼ਵਾਸ ਵਾਲੇ ਨੂੰ ਮੂਰਤੀ-ਪੂਜਾ ਕਰਨ ਦੀ ਆਗਿਆ ਨਹੀਂ ਹੋਣੀ ਚਾਹੀਦੀ। ਇਨ੍ਹਾਂ ਭਿੱਖ-ਮੰਗੇ ਪੁਜਾਰੀਆਂ ਅਤੇ ਮੂਰਤੀਆਂ ਨੂੰ ਉਠਵਾਇਆ ਜਾਣ ਲੱਗ ਪਿਆ। ਝਗੜਾ ਵਧਦਾ ਹੋਇਆ ਅੰਗ੍ਰੇਜ਼ ਡਿਪਟੀ ਕਮਿਸ਼ਨਰ ਦੀ ਅਦਾਲਤ ਤਕ ਪੁੱਜਾ, ਬਦਕਿਸਮਤੀ ਨਾਲ ਇਹ ਡਿਪਟੀ ਕਮਿਸ਼ਨਰ ਦਰਬਾਰ ਸਾਹਿਬ ਦੇ ਪ੍ਰਬੰਧ ਦਾ ਵੀ ਜ਼ਿੰਮੇਵਾਰ ਸੀ। ਉਸ ਨੇ ਮੂਰਤੀਆਂ ਵਾਲਿਆਂ ਦੇ ਅਧਿਕਾਰਾਂ ਨੂੰ ਪ੍ਰਵਾਨ ਨਾ ਕੀਤਾ। ਮੂਰਤੀਆਂ ਉਠਵਾ ਦਿੱਤੀਆਂ ਗਈਆਂ ਅਤੇ ਭਾਈ ਸੰਤ ਸਿੰਘ ਨਾਉਂ ਦਾ ਇਕ ਨਵਾਂ ਗ੍ਰੰਥੀ ਵੀ ਨਿਯੁਕਤ ਕਰ ਦਿੱਤਾ ਗਿਆ। ਭਾਈ ਕਾਨ੍ਹ ਸਿੰਘ ਨੇ ਉਕਤ ਡਿਪਟੀ ਕਮਿਸ਼ਨਰ ਨੂੰ ਇਸ ਹੌਂਸਲੇ ਭਰੇ ਫ਼ੈਸਲੇ ਉੱਤੇ ਇਕ ਵਧਾਈ ਪੱਤ੍ਰ ਲਿਖ ਦਿੱਤਾ, ਜੋ ਸਰਕਾਰੀ ਪੈਡ ਉੱਤੇ ਲਿਖਿਆ ਗਿਆ ਸੀ ਪਰ ਜਿਸ ਦੇ ਮੁੱਢ ਵਿੱਚ ਹੀ 'ਪ੍ਰਾਈਵੇਟ' ਸ਼ਬਦ ਵੀ ਦਰਜ ਸੀ। ਇਹ ਖ਼ਤ ਡਿਪਟੀ ਕਮਿਸ਼ਨਰ ਨੇ ਉਕਤ ਫ਼ੈਸਲੇ ਦਾ ਵਿਰੋਧ ਕਰਨ ਆਏ ਡੈਪੂਟੇਸ਼ਨ ਨੂੰ ਵਿਖਾ ਦਿੱਤਾ, ਜਿਸ ਤੋਂ ਡੈਪੂਟੇਸ਼ਨ ਵਾਲੇ ਮਹਾਰਾਜੇ ਪਾਸ ਇਹ ਸ਼ਿਕਾਇਤ ਲੈ ਕੇ ਆਏ ਕਿ ਸਰਕਾਰੀ ਕਾਗ਼ਜ਼ ਉੱਤੇ ਲਿਖੀ ਹੋਣ ਕਾਰਨ, ਇਸ ਚਿੱਠੀ ਤੋਂ ਇਹ ਪ੍ਰਭਾਵ ਪੈਂਦਾ ਹੈ ਕਿ ਸਰਕਾਰ ਨਾਭਾ ਹਿੰਦੂ ਪਰਜਾ ਦੀ ਭਾਵਨਾ ਦਾ ਧਿਆਨ ਰੱਖੇ ਬਿਨਾਂ ਸਿੰਘ-ਸਭਾਈ ਵਿਚਾਰਾਂ ਦੀ ਪਿੱਠ ਠੋਕਦੀ ਹੈ, ਜੋ ਅਨੁਚਿਤ ਹੈ। ਇਸ ਵਾਰੀ ਫੇਰ ਭਾਈ ਕਾਨ੍ਹ ਸਿੰਘ ਨੂੰ, ਇਸ ਅਣਗਹਿਲੀ ਲਈ, ਨੌਕਰੀ ਤੋਂ ਵੱਖ ਕਰ ਦਿੱਤਾ ਗਿਆ।[15]

(ੲ) ਤੀਜੀ ਵਾਰ ਹਾਜ਼ਿਰੀ ਤੇ ਅਸਤੀਫ਼ਾ

1907 ਵਿਚ, ਫੇਰ ਭਾਈ ਕਾਨ੍ਹ ਸਿੰਘ ਨੂੰ ਨੌਕਰੀ ਉੱਤੇ ਬੁਲਾ ਕੇ ਪੁਰਾਣੇ, ਰਿਆਸਤ ਦੇ ਦਰਜੇ ਅਤੇ ਇਲਾਕੇ ਦੀ ਵਾਪਸੀ, ਦੇ ਮਾਮਲਿਆਂ ਦੀ ਪੈਰਵੀ ਲਈ ਇੰਗਲੈਂਡ ਭੇਜ ਦਿੱਤਾ

---

15. ਅ. ਕ., ਪੰਨਾ 29-30

ਗਿਆ ।[16] ਉਸ ਨੇ 1908 ਵਿੱਚ ਇਕ ਹੋਰ ਇੰਗਲੈਂਡ-ਯਾਤ੍ਰਾ ਕੀਤੀ[17] । ਫੇਰ 1910 ਵਿੱਚ ਇਕ ਇੰਗਲੈਂਡ ਫੇਰੀ ਟਿੱਕਾ ਰਿਪੁਦਮਨ ਸਿੰਘ ਨੂੰ ਨਾਲ ਲੈ ਕੇ ਵੀ ਪਾਈ ।[18] ਅਖ਼ੀਰ ਰਿਆਸਤ ਨੂੰ ਪਰਗਣਾ 'ਦਹਿੜੂ' ਦੇ ਬਦਲੇ ਵਿਚ 28761/-ਰੁਪਏ ਸਾਲਾਨਾ ਆਮਦਨ ਦਾ ਹੋਰ ਇਲਾਕਾ ਦੇਣ ਦਾ ਫ਼ੈਸਲਾ ਦੇ ਦਿੱਤਾ ਗਿਆ ।[19] ਭਾਈ ਕਾਨ੍ਹ ਸਿੰਘ ਨੂੰ ਇਸ ਦੌਰਾਨ ਹੀ ਗਵਰਨਰ ਪੰਜਾਬ ਪਾਸ ਰਿਆਸਤ ਦਾ ਵਕੀਲ ਥਾਪ ਦਿੱਤਾ ਗਿਆ ।[20] ਸ਼ਾਇਦ, ਇਸ ਕਦਰਦਾਨੀ ਤੋਂ ਅਸੰਤੁਸ਼ਟ ਹੋ ਕੇ, ਕੁਝ ਦਿਨਾਂ ਪਿੱਛੋਂ ਉਸ ਨੇ ਆਪਣੀ ਪੰਜਾਹ ਸਾਲਾਂ ਨੂੰ ਢੁੱਕਦੀ ਉਮਰ ਦਾ ਠੁੰਮ੍ਹਣਾਂ ਲੈ ਕੇ ਪੈਨਸ਼ਨ ਉੱਤੇ ਰਿਟਾਇਰ ਹੋ ਜਾਣ ਲਈ ਅਰਜ਼ੀ ਦੇ ਦਿੱਤੀ, ਜੋ ਮਹਾਰਾਜੇ ਨੇ ਪ੍ਰਵਾਣ ਨਾ ਕੀਤੀ ਸਗੋਂ ਕੁਝ ਦਿਨ ਪਾ ਕੇ ਭਾਈ ਕਾਨ੍ਹ ਸਿੰਘ ਦਾ ਅਹੁਦਾ ਵਧਾ ਕੇ ਮੀਰ-ਮੁਨਸ਼ੀ (ਫ਼ਾਰਨ ਮਨਿਸ਼ਟਰ) ਦਾ ਕਰ ਦਿੱਤਾ ।[21]

1911 ਵਿਚ ਦਿੱਲੀ ਜਾਰਜ ਪੰਜਮ ਬਾਦਸ਼ਾਹ ਦੀ, ਬਤੌਰ ਸ਼ਾਹਨਸ਼ਾਹ ਹਿੰਦ ਦੇ, ਤਾਜਪੋਸ਼ੀ ਦੀ ਰਸਮ ਦਾ, ਦਰਬਾਰ ਹੋਇਆ । ਟਿੱਕਾ ਰਿਪੁਦਮਨ ਸਿੰਘ ਉਨ੍ਹੀਂ ਦਿਨੀਂ ਇੰਗਲਿਸਤਾਨ ਵਿੱਚ ਹੀ ਸੀ, ਇਸ ਲਈ ਬੁਢਾਪੇ ਵਿੱਚ ਵੀ ਮਹਾਰਾਜਾ ਹੀਰਾ ਸਿੰਘ ਨੂੰ ਦਿਸੰਬਰ ਦੀ ਠੰਢ ਵਿੱਚ ਦਿੱਲੀ ਜਾਣਾ ਪਿਆ । ਵੈਸੇ ਵੀ ਕੁਝ ਦਿਨਾਂ ਤੋਂ ਸਿਹਤ ਚੰਗੀ ਨਹੀਂ ਸੀ ਰਹਿੰਦੀ ਪਰ ਇਹ ਖੇਚਲ ਉਸ ਲਈ ਘਾਤਕ ਸਿੱਧ ਹੋਈ । 25 ਦਿਸੰਬਰ 1911 ਨੂੰ ਮਹਾਰਾਜੇ ਦਾ ਦੇਹਾਂਤ ਹੋ ਗਿਆ । ਇਸ ਦਰਬਾਰ ਸਮੇਂ ਰਿਆਸਤ ਦੇ ਮਾਨ ਸਨਮਾਨ ਦਾ ਸਾਰਾ ਕੰਮ ਭਾਈ ਕਾਨ੍ਹ ਸਿੰਘ ਦੇ ਜ਼ੁੰਮੇ ਸੀ । ਮਹਾਰਾਜੇ ਦੇ ਵਾਰਿਸਾਂ ਨੂੰ ਪੁਸ਼ਤ-ਦਰ-ਪੁਸ਼ਤ ਮਹਾਰਾਜੇ ਦਾ ਖ਼ਿਤਾਬ ਅਤੇ ਸਲਾਮੀ ਵਿੱਚ ਦੋ ਤੋਪਾਂ ਦਾ ਵਾਧਾ ਪ੍ਰਵਾਨ ਹੋਇਆ । ਸ਼ਹਿਨਸ਼ਾਹ ਨੇ ਮਹਾਰਾਜੇ ਦਾ ਅੱਗੇ ਵੱਧ ਕੇ ਆਦਰ ਕੀਤਾ ਅਤੇ ਪੰਜਾਬੀ ਵਿਚ ਆਖਿਆ "ਆਪ ਦੇ ਮਿਜ਼ਾਜ ਅੱਛੇ ਹਨ ? ਮੈਂ ਆਪ ਨੂੰ ਮਿਲ ਕੇ ਬਹੁਤ ਖ਼ੁਸ਼ ਹਾਂ"[22] ਇਸ ਸਾਰੀ ਸਫਲਤਾ ਦਾ ਸਿਹਰਾ ਭਾਈ ਕਾਨ੍ਹ ਸਿੰਘ ਦੇ ਸਿਰ ਸੀ, ਪਰ ਮਹਾਰਾਜੇ ਦੇ ਚਲਾਣੇ ਨੇ ਸਭ ਚਾਉ ਠੰਡੇ ਪਾ ਦਿੱਤੇ ।

ਜਨਵਰੀ 1911 ਵਿਚ, ਮਹਾਰਾਜਾ ਰਿਪੁਦਮਨ ਸਿੰਘ ਗੱਦੀ ਤੇ ਬੈਠਾ ਤਾਂ ਰਸਮੀ ਅਸਤੀਫ਼ਾ ਅਪ੍ਰਵਾਨ ਕਰਕੇ ਭਾਈ ਕਾਨ੍ਹ ਸਿੰਘ ਨੂੰ ਕਾਨੂੰਨ ਦੇ ਮਹਿਕਮੇ ਦਾ ਵਜ਼ੀਰ ਥਾਪਿਆ । ਭਾਈ ਕਾਨ੍ਹ ਸਿੰਘ ਇਸ ਉਮਰੇ ਇਹ ਭਾਰ ਸੰਭਾਲਣ ਲਈ ਤਿਆਰ ਨਹੀਂ ਸਨ, ਕਿਉਂਕਿ ਇਸ ਪ੍ਰਕਾਰ ਉਸ ਨੂੰ ਹਾਈਕੋਰਟ ਦੇ ਜੱਜਾਂ ਵਾਲੇ ਫ਼ਰਜ਼ ਵੀ ਨਿਭਾਣੇ ਪੈਂਦੇ ਸੀ, ਮੁਕੱਦਮੇ

---

16. ਉਹੀ ਪੰਨਾ 14
17. ਅ. ਕਾ. ਪੰਨਾਂ 14
18. ਉਹੀ
19. ਉਹੀ
20. ਉਹੀ
21. ਉਹੀ, ਪੰਨਾ 15
22. ਉਹੀ

ਸੁਣਨ ਅਤੇ ਫ਼ੈਸਲੇ ਲਿਖਣ ਦਾ ਕੰਮ ਉਸ ਦੇ ਸਾਹਿਤਿਕ ਸ਼ੁਗਲ ਲਈ ਸਮਾਂ ਨਹੀਂ ਸੀ ਛੱਡਦਾ (ਉਹਨੀ ਦਿਨੀ ਸਟੈਨੋ ਨਹੀਂ ਸਨ ਹੁੰਦੇ)। ਮਹਾਰਾਜੇ ਨੇ ਮਹਿਕਮਾ ਨਾ ਬਦਲਿਆ ਸਗੋਂ ਗਰਮੀ ਦੀ ਰੁੱਤੇ ਪਹਾੜ ਜਾਣ ਦੀ ਆਗਿਆ ਜਾਂ ਛੁੱਟੀ ਵੀ ਨਾ ਦਿੱਤੀ। ਕਾਨ੍ਹ ਸਿੰਘ ਨੇ ਮੁੜ ਅਸਤੀਫ਼ਾ ਦੇ ਦਿੱਤਾ[23] ਅਤੇ ਕਸ਼ਮੀਰ ਜਾ ਕੇ ਮਹਾਨ-ਕੋਸ਼ ਲਿਖਣ ਦਾ ਕਾਰਜ ਆਰੰਭ ਲਿਆ।

(ਸ) ਪਟਿਆਲੇ ਦੀ ਨੌਕਰੀ

1915 ਵਿਚ ਭਾਈ ਕਾਨ੍ਹ ਸਿੰਘ ਨੂੰ ਰਿਆਸਤ ਪਟਿਆਲਾ ਵੱਲੋਂ ਰੇਜ਼ੀਡੈਂਸੀ ਦਾ ਵਕੀਲ ਨਿਯੁਕਤ ਕਰ ਦਿੱਤਾ ਗਿਆ। ਅਗਲੇ ਵਰ੍ਹੇ ਦੇ ਮੁੱਢ ਵਿੱਚ ਉਸ ਦੇ ਪਿਤਾ ਦਾ ਦੇਹਾਂਤ ਹੋ ਗਿਆ ਅਤੇ ਦੋਹਾਂ ਰਿਆਸਤਾਂ ਵਿੱਚ ਦੁਫੇੜ ਕਾਰਣ ਇਹ ਨੌਕਰੀ ਤਿਆਗਣੀ ਪਈ।[24]

(ਹ) ਸਾਹਿਤਿਕ ਕਾਰਜਾਂ ਲਈ ਰਿਆਸਤ ਦੀ ਸਰਪ੍ਰਸਤੀ ਅਤੇ ਅੰਤ

1917 ਵਿੱਚ, ਰਿਆਸਤ ਨਾਭਾ ਨੇ ਮਸੂਰੀ ਵਿੱਚ, ਸਾਹਿਤਿਕ ਕੰਮਾਂ ਲਈ, ਇਕ ਕੋਠੀ ਲੈ ਦਿੱਤੀ। ਉਪਰੰਤ 1918 ਵਿੱਚ ਮੁੜ ਨਾਭੇ ਸੱਦ ਕੇ, ਪ੍ਰੀਵੀ ਕੌਂਸਲ ਦਾ ਜੁਡੀਸ਼ਲ ਮੈਂਬਰ ਅਤੇ ਅੰਗ੍ਰੇਜ਼ ਸਰਕਾਰ ਦੇ ਰਾਜਨੀਤਿਕ ਵਿਭਾਗ ਨਾਲ ਤਾਲ-ਮੇਲ ਰੱਖਣ ਲਈ ਸਪੈਸ਼ਲ ਵਜ਼ੀਰ ਲਾ ਲਿਆ ਗਿਆ। ਅੰਗ੍ਰੇਜ਼ੀ ਸਰਕਾਰ ਦੀ ਮਹਾਰਾਜੇ ਬਾਰੇ ਬੇ-ਵਿਸਾਹੀ ਅਤੇ ਰਿਆਸਤ ਪਟਿਆਲੇ ਨਾਲ ਨਿੱਤ ਦੇ ਵਧਦੇ ਝਗੜਿਆਂ ਕਾਰਨ ਜੋ ਸਥਿਤੀ ਪੈਦਾ ਹੋਈ, ਉਸ ਬਾਰੇ ਭਾਈ ਕਾਨ੍ਹ ਸਿੰਘ ਨੇ ਲਿਖਿਆ ਹੈ :—

> ਕਈ ਸਵਾਰਥੀ ਅਤੇ ਆਚਾਰ ਤੋਂ ਡਿੱਗੇ ਹੋਏ ਲੋਕ ਜਿਨ੍ਹਾਂ ਨੂੰ ਰਿਆਸਤ ਨਾਲ ਕੋਈ ਪਿਆਰ ਨਹੀਂ ਸੀ ਅਰ ਜੋ ਅਸਲੋਂ ਮਹਾਰਾਜੇ ਦੇ ਹਿਤੂ ਨਹੀਂ ਸਨ, ਦੇਵ ਯੋਗ ਨਾਲ ਏਧਰੋਂ ਓਧਰੋਂ ਮਹਾਰਾਜਾ ਦੇ ਪਾਸ ਆ ਲੱਗੇ, ਜਿਸ ਤੋਂ ਕਈ ਭੱਦ੍ਰ-ਪੁਰਸ਼ਾਂ ਦਾ ਅਪਮਾਨ ਹੋਇਆ ਅਤੇ ਰਿਆਸਤ ਪਟਿਆਲੇ ਨਾਲ ਵ੍ਰਿਥਾ ਅਨੇਕ ਝਗੜੇ ਛਿੜ ਪਏ।[25]

ਅੰਤ 1923 ਵਿੱਚ ਮਹਾਰਾਜੇ ਨੂੰ ਗੱਦੀ ਤੋਂ ਵੱਖ ਕਰ ਦਿੱਤਾ ਗਿਆ ਪ੍ਰੀਵੀ ਕੌਂਸਲ ਅਤੇ ਉਸਦੇ ਮੈਂਬਰ ਵਜ਼ੀਰ ਨੌਕਰੀ ਤੋਂ ਵੱਖ ਕਰਕੇ, ਰਾਜ ਪ੍ਰਬੰਧ ਇਕ ਅੰਗ੍ਰੇਜ਼ ਪ੍ਰਬੰਧਕ ਨੂੰ ਸੌਂਪ ਦਿੱਤਾ ਗਿਆ।

ਭਾਈ ਕਾਨ੍ਹ ਸਿੰਘ ਨੇ ਮੁੜ ਕਿਧਰੇ ਨੌਕਰੀ ਨਹੀਂ ਕੀਤੀ।

---

23. ਉਹੀ, ਪੰਨਾ 16
24. ਅ. ਕਾ. ਪੰਨਾ 17
25. ਮ. ਕੋ. ਪੰਨਾ 521

ਹੁਣ ਉਹ ਸਾਰਾ ਸਮਾਂ ਸਾਹਿਤਿਕ ਕੰਮਾਂ ਅਤੇ ਆਪਣੀ ਜਾਇਦਾਦ ਦੀ ਸਾਂਭ ਸੰਭਾਲ ਵਿਚ ਬਿਤਾਉਣ ਲੱਗਾ ਮਹਾਨ ਕੋਸ਼ ਦੀ ਮੁੜ ਸੁਧਾਈ, ਕੁਝ ਨਵੇਂ ਵਾਧੇ ਅਤੇ ਕੁਝ ਐਂਟਰੀਆਂ ਵਿਚ ਕਾਂਟ ਛਾਂਟ ਜਾਂ ਵਿਸਥਾਰ ਮੁਖ ਸ਼ੁਗਲ ਸੀ। ਮਹਾਰਾਜਾ ਕਪੂਰਥਲਾਂ ਦੇ ਜ਼ੋਰ ਦੇਣ ਉੱਤੇ ਕਈ ਨਵੇਂ ਪ੍ਰਾਜੈਕਟ ਆਰੰਭਣ ਉੱਤੇ ਵੀ ਵਿਚਾਰ ਚਲ ਰਿਹਾ ਸੀ, ਰਿਹਾਇਸ਼ ਵਧੇਰੇ ਨਾਭੇ ਸੀ ਪਰ ਕਾਫੀ ਸਮਾ ਪਿੰਡ ਪਿੱਥੋ ਭੀ ਲਗਣ ਲਗਾ ਸੀ।

ਜੀਵਨ ਦਾ ਅੰਤ

23 ਨਵੰਬਰ **1938** ਨੂੰ, ਜਿਸ ਦਿਨ ਨਾਭੇ ਸਕਤ੍ਰੇਤ ਦੀ ਨਵੀਂ ਬਣੀ ਇਮਾਰਤ ਦਾ ਉਦਘਾਟਨ ਸੀ, ਸਮਾਰੋਹ ਤੋਂ ਪਰਤ ਕੇ ਦੁਪਹਿਰੇ ਦੇ ਖਾਣੇ ਪਿੱਛੋਂ, ਆਰਾਮ ਕਰਦੇ ਸਮੇਂ ਅਚਾਨਕ ਦਿਲ ਦੀ ਧੜਕਣ ਰੁਕ ਜਾਣ ਨਾਲ ਭਾਈ ਕਾਨ੍ਹ ਸਿਘ ਦਾ ਦੇਹਾਂਤ ਹੋ ਗਿਆ।

ਅਧਿਆਇ 3

ਸ਼ਖਸੀਅਤ

(ੳ) ਚਰਿੱਤ੍ਰ ਦੇ ਮੂਲ-ਤੱਤ

ਸ਼ਖ਼ਸੀ--ਚਰਿੱਤ੍ਰ-ਵਿਕਾਸ ਦੇ ਮੂਲ ਵਿਚ ਵਿਦਵਾਨਾਂ ਨੇ ਚਾਰ-ਵਿਆਪਕ ਤੱਤ ਮੁੱਖ ਮੰਨੇ ਹਨ। ਇਹ ਚਾਰੇ ਤੱਤ ਜੀਵਨ-ਸ੍ਰੋਤ (ਵੰਸ-ਅੰਸ਼), ਜੀਵਨ-ਪ੍ਰਬੋਧ (ਸਿਖਿਆ-ਦੀਖਿਆ) ਜੀਵਨ-ਖੇਤਰ (ਚੁਗਿਰਦਾ) ਅਤੇ ਜੀਵਨ-ਤਾਂਘ ਕਹੇ ਜਾ ਸਕਦੇ ਹਨ।[1]

ਪੰਜਾਬ ਦੇ ਲੋਕ-ਵਿਉਹਾਰ ਵਿਚ ਭੀ ਕੁਝ ਇਸੇ ਪ੍ਰਕਾਰ ਦੀ ਸੂਝ ਦੇ ਪ੍ਰਮਾਣ ਮਿਲਦੇ ਹਨ। ਸਾਡੇ ਅਖਾਣਾਂ ਵਿਚ ਮਿਲਦਾ ਹੈ:—"ਮਾਂ ਪਰ ਪੂਤ ਪਿਤਾ ਪਰ ਘੋੜਾ ਬਹੁਤ ਨਹੀਂ ਤਾਂ ਥੋੜਾ ਥੋੜਾ" ਜਾਂ "ਬਾਲਕ ਦੇ ਭਾਗ ਪੰਘੂੜੇ ਚੋਂ ਉੱਘੜਣ" ਅਤੇ ਗੁਰਬਾਣੀ ਦਾ ਕਥਨ "ਜੈਸਾ ਸੇਵੈ ਤੈਸੋ ਹੋਵੈ"[2] ਅਤੇ "ਜੇਹੀ ਲੋਚਾ ਤੇਹੀ ਸੋਚ" ਆਦਿ ਅਖਾਣਾਂ ਦੀ ਧੁਨੀ, ਵਿਗਿਆਨਕ-ਸੋਚ ਦਾ ਹੀ ਹੁੰਗਾਰਾ ਭਰਦੀ ਹੈ।

ਵੰਸ਼-ਅੰਸ਼ ਦਾ ਸੰਬੰਧ "ਜੇਹੀ ਕੋਕੋ ਤੇਹੇ ਜਾਏ" ਜਾਂ "ਮਾਂ ਪਰ ਪੂਤ" ਜਾਂ 'ਬਾਲਕ ਦੇ ਭਾਗ ਪੰਘੂੜੇ 'ਚੋਂ ਉੱਘੜਣ" ਵਿਚ ਬੌਧਿਕ-ਪੱਖ ਪ੍ਰਧਾਨ ਦਿਸਦਾ ਹੈ, ਪਰ "ਪਿਤਾ ਪਰ ਘੋੜਾ" ਵਿਚਲਾ ਸੱਚ ਸਰੀਰਕ-ਬਣਤਰ ਅਤੇ ਰੂਪ-ਰੰਗ ਨਾਲ ਜੁੜਿਆ ਹੈ। ਇਨ੍ਹਾਂ ਕਥਨਾਂ ਵਿੱਚ ਇਸ ਸਚਾਈ ਨੂੰ ਮਹੱਤਵ ਦਿੱਤਾ ਗਿਆ ਹੈ ਕਿ ਜੀਵਨ-ਸਿੱਖਿਆ ਦਾ ਮੁੱਢਲਾਂ ਸੋਮਾਂ, ਮਾਂ ਦੀ ਗੋਦੀ ਅਤੇ ਪੰਘੂੜੇ ਦਾ ਦੁਲਾਰ ਹੁੰਦਾ ਹੈ। 'ਪਿਤਾ' ਪਰ ਘੋੜਾ' ਕਹਿੰਦੇ ਸਮੇਂ ਸਿੱਖਿਆ ਗ੍ਰਹਿਣ ਕਰਨ ਦੀ ਪ੍ਰਵਿਰਤੀ ਅਤੇ ਸਮਰੱਥਾਵਾਂ ਦਾ ਭੀ ਸੰਕੇਤ ਮਿਲਦਾ ਹੈ। "ਜੈਸਾ ਸੇਵੈ ਤੈਸੋ ਹੋਵੈ" ਅਤੇ "ਜੇਹੀ ਲੋਚਾ ਤੇਹੀ ਸੋਚ" ਆਖਣ ਵਿਚ ਨਿਜੀ ਝੁਕਾਵਾਂ ਦੇ ਨਾਲ ਨਾਲ 'ਵਾਤਾਵਰਣ' ਦਾ ਪ੍ਰਭਾਵ ਭੀ ਉੱਭਰਦਾ ਹੈ, ਕਿਉਂਕਿ, ਸੇਵਨ ਦੀ ਇੱਛਾ ਅਤੇ ਲੋਚਾ ਦਾ ਵਿਕਾਸ ਚੁਗਿਰਦੇ ਵਿੱਚ ਵਿਆਪਕ-ਰੁਚੀਆਂ ਦੀ ਛਾਇਆ ਵਿੱਚ ਹੀ ਸੰਭਵ ਹੁੰਦਾ ਹੈ। ਦੇਸ਼-ਕਾਲ ਦੀਆਂ ਜੀਵਨ-ਰੀਤਾਂ ਹੀ ਭਵਿੱਖ ਦੀਆਂ ਰੀਝਾਂ ਅਤੇ ਉਮੰਗਾਂ ਦੀਆਂ ਜਨਮ-ਦਾਤੀਆਂ ਹੋ ਕੇ ਉੱਭਰਦੀਆਂ ਹਨ। ਫੇਰ ਜਦੋਂ ਇਹ ਪੁੰਗਰਦੀਆਂ ਭੁੱਖਾਂ ਪੈਰ ਫੜ ਲੈਂਦੀਆਂ ਹਨ ਤਾਂ ਉਹ ਦਸ਼ਾ ਨਿੱਤਰਦੀ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ 'ਵਾਦੜੀਆਂ ਸਜਾਦੜੀਆਂ ਨਿਭਣ ਦਮਾਂ ਦੇ ਨਾਲ" ਲੋਕ ਆਖਾਣਾਂ ਵਿਚਲਾ ਅਨੁਭਵ ਵੀ ਵਿੱਗਿਆਨਿਕ

---

1. ਵਿਸਤਾਰ ਲਈ ਦੇਖੋ ਕੰਟੈਂਪੋਰੇਰੀ ਰੀਸਰਚ ਇਨ ਪਰਸੋਨਿਲਿਟੀ, ਸੰਪਾ. ਆਈ. ਜੀ. ਸਾਰਾਸਨ, ਟੋਰੰਟੋ, 1970, ਪੰਨਾ 105 ਆਦਿ।
2. ਗੁਰੂ ਗ੍ਰੰਥ ਸਾਹਿਬ, ਗਉੜੀ, I,224

ਤੱਥਾਂ ਵਾਂਗ ਲੰਮੀ ਜੀਵਨ-ਜਾਚ ਉੱਤੇ ਨਿਰਭਰ ਹੋਣ ਕਾਰਨ, ਵਿਗਿਆਨ ਜਿੰਨਾ ਹੀ ਸੱਚਾ ਹੁੰਦਾ ਹੈ।

ਭਾਈ ਕਾਨ੍ਹ ਸਿੰਘ ਦਾ ਚਰਿਤ੍ਰ ਇਕ ਸਫਲ ਬਹੁ-ਪੱਖੀ ਜੀਵਨ ਦਾ ਚਿਤ੍ਰ ਹੈ ਜਿਸ ਨੇ ਜ਼ਿੰਦਗੀ ਨੂੰ ਹਰ ਨਰਮ ਗਰਮ ਦੇ ਦੌਰ ਵਿੱਚ ਧੀਰਜ ਅਤੇ ਠਰੰਮੇ ਨਾਲ ਸਹਿਜ ਸੁਖਾਵਾਂ ਜੀਵਿਆਂ ਸੀ। ਗੁਣ ਦੀ ਲਗਨ ਅਤੇ ਗੁਣੀ ਦੀ ਸੇਵਾ-ਸੰਭਾਲ ਉਨ੍ਹਾਂ ਦਾ ਆਦਰਸ਼ ਸੀ ਅਤੇ ਮਨੁੱਖਤਾ ਨੂੰ ਵਿਚਾਰਾਂ ਦੀ ਅਮੀਰੀ ਵੱਲ ਪ੍ਰੇਰਨਾ ਉਨ੍ਹਾਂ ਦਾ ਨਿਸ਼ਾਨਾ ਸੀ। ਉਸਦੇ ਚਰਿੱਤ੍ਰ ਨੂੰ, ਵਿਸਤਾਰ ਵਿਚ ਵਿਚਾਰਨ ਦੀ ਇਸ ਥਾਂ ਗੁੰਜਾਇਸ਼ ਨਹੀਂ ਕੁਝ ਮੋਟੀਆਂ ਗੱਲਾਂ ਦਾ ਜ਼ਿਕਰ ਹੀ ਇਸ ਥਾਂਵੇਂ ਕਾਫ਼ੀ ਹੋਵੇਗਾ, ਦੇਗ ਵਿੱਚੋਂ ਚਾਵਲ ਵਾਂਗ।

(ਅ) ਚਿਹਰਾ ਮੁਹਰਾ

ਭਾਈ ਕਾਨ੍ਹ ਸਿੰਘ ਦੇ ਚਰਿੱਤ੍ਰ-ਵਿਕਾਸ ਵਿੱਚ ਇੱਕ ਸਦਾਚਾਰੀ ਪਿਤਾ ਅਤੇ ਸਿਹਤ-ਮੰਦ ਮਾਤਾ ਦੀ ਸਾਂਝ ਸ਼ਾਮਿਲ ਰਹੀ। ਉਨ੍ਹਾਂ ਦਾ ਚਿਹਰਾ-ਮੁਹਰਾ ਸੁਨੱਖਾ ਅਤੇ ਭਰਵਾਂ, ਮੱਥਾ ਚੌੜਾ, ਭਵਾਂ ਸੰਘਣੀਆਂ, ਨੱਕ-ਨਕਸ਼ ਤਿੱਖੇ; ਅੱਖਾਂ ਮੋਟੀਆਂ ਅਤੇ ਖਿੱਚ ਪਾਉਂਦੀਆਂ ਪਲਕਾਂ ਟੋਪੀ-ਦਾਰ। ਰੰਗ ਗੋਰਾ ਭਖਦਾ, ਚਿਹਰੇ ਦੀ ਖੱਲੜੀ ਕੂਲੀ ਅਤੇ ਲਗ-ਪਗ ਪਾਰ-ਦਰਸ਼ੀ। ਦਾੜ੍ਹਾ ਭਰਵਾਂ, ਸੰਘਣਾ, ਵਧੇਰੇ ਲੰਬਾ ਨਹੀਂ। ਛਾਤੀ ਚੌੜੀ, ਕੰਨ੍ਹੇ ਚੌੜੇ, ਮਜ਼ਬੂਤ ਅਤੇ ਢਲਵੇਂ। ਗਰਦਨ ਉੱਚੀ ਅਤੇ ਉਸ ਉੱਤੇ ਟਿਕਿਆ ਸਿਰ ਚੌੜਾ ਅਤੇ ਗੋਲ, ਜਿਸ ਸਮੇਂ ਦਾ ਇਸ ਲੇਖਕ ਨੂੰ ਚੇਤਾ ਹੈ, ਉਸ ਸਮੇਂ ਕੇਸ਼ ਸੂਖਮ ਅਤੇ ਉੱਜਲੇ ਸਫ਼ੈਦ ਸਨ, ਪਰ ਦੱਸਦੇ ਸਨ ਕਿ ਪਹਿਲਾਂ ਬੜੇ ਲੰਮੇ ਅਤੇ ਭਾਰੇ ਹੁੰਦੇ ਸਨ। ਬਾਜ਼ੂ ਸਡੌਲ ਅਤੇ ਡੌਲੇ ਸੁਭਰ ਵਰਜ਼ਿਸ਼ ਥੀਂ ਕਮਾਏ ਹੋਏ, ਹੱਥ ਚੌੜੇ ਅਤੇ ਕੂਲੇ, ਉਂਗਲੀਆਂ ਸਿੱਧੀਆਂ, ਪਤਲੀਆਂ ਅਤੇ ਲੰਮੀਆਂ, ਕਮਰ ਅਤੇ ਪੇਟ ਸੁਤਵੇਂ, ਪੱਟ ਸੁਭਰ, ਗੋਡੇ ਗੋਲ ਅਤੇ ਪਿੰਡਲੀਆਂ ਭਰਵੀਆਂ, ਪੈਰਾਂ ਦੀ ਪੱਬੀ ਉੱਚੀ, ਉਂਗਲਾਂ ਸਿੱਧੀਆਂ, ਛੱਤ ਉਭਰਵੀਂ, ਅੱਡੀ ਅਤੇ ਗਿੱਟੇ ਤਰਾਸ਼ਵੇਂ, ਨਹੁੰ ਗੋਲ ਅਤੇ ਗੁਲਾਬੀ ਰੰਗ ਦੇ। ਸਰੀਰ ਦੇ ਅੰਗ ਅੰਗ ਵਿਚ ਫੁਰਤੀਲਾ ਪਣ ਅਤੇ ਗ਼ਜ਼ਬ ਦੀ ਲਚਕ। ਚਿਹਰੇ ਉਤੇ ਹਰ ਸਮੇਂ ਇੱਕ ਬੇ-ਮਲੂਮੀ ਤੇ ਸੂਖਮ ਜਿਹੀ ਮੁਸਕਾਨ। ਬੋਲ ਮਿੱਠਾ, ਧੀਮਾਂ ਅਤੇ ਰਸੀਲਾ, ਬਹੁਤ ਸੰਜੀਦਾ, ਪਰ ਬੱਚਿਆਂ ਨਾਲ ਗੱਲ-ਬਾਤ ਕਰਦੇ ਸਮੇਂ ਮੁਹੱਬਤ ਅਤੇ ਹਾਸੇ ਨਾਲ ਛੁਲਕਦਾ। ਹਾਣੀਆਂ-ਮਿੱਤਰਾਂ ਨਾਲ ਚੁਹਲ ਕਰਨ ਵਿਚ ਨਿਰਛਲ ਵੀ ਅਤੇ ਨਿਸ਼ੰਕ-ਨਿਝੱਕ ਵੀ। ਰੰਗ-ਬਿਰੰਗ ਦੇ ਅਤੇ ਭਾਂਤ ਭਾਂਤ ਦੇ ਫੁੱਲਾਂ ਦਾ ਸ਼ੌਕ ਇਸ਼ਕ ਦੀ ਹੱਦ ਤੱਕ ਵਧਿਆ ਹੋਇਆ। ਤੇਜ਼ ਤਰਾਰ ਅਤੇ ਭੜਕੀਲੇ ਰੰਗਾਂ ਵੱਲ ਰੁਚੀ ਨਾ ਹੋਣ ਬਰਾਬਰ ਹੀ ਨਹੀਂ ਸਗੋਂ ਨਾਂਹ ਬਰਾਬਰ। ਕੇਵਲ ਗੁਲਾਬ ਵਿੱਚ੍ਹ ਗਰੇਟ-ਮੁਗਲ ਜਾਂ ਗੁਲ-ਕਲਗੇ ਵਿਚ ਸ਼ੋਖ ਸੁਰਖ ਰੰਗ ਬਰਦਾਸ਼ਤ ਹੋ ਸਕਦੇ ਸੀ। ਜਾਂ ਫੇਰ ਦਰਬਾਰ ਵਿਚ ਅਰਦਲੀਆਂ ਦੀ ਸੁਰਖ਼-ਬਾਨਾਤੀ ਵਰਦੀ ਨਾਲ ਸਮਝੌਤਾ ਕਰ ਲਿਆ ਸੀ। ਦੂਧੀਆ-ਕਾਸ਼ਨੀ ਅਤੇ ਹਲਕੇ-ਨੀਲੇ ਜਾਂ ਹਲਕੇ ਅਸਮਾਨੀ ਰੰਗਾਂ ਨਾਲ ਮੋਹ ਸੀ। ਸਫ਼ੈਦ-ਉੱਜਲਾ, ਰੰਗਾਂ ਵਿਚੋਂ ਸਭ ਤੋਂ ਵਧੇਰੇ, ਮਨ-ਭਾਉਂਦਾ ਰੰਗ ਸੀ। ਗਰਮੀਆਂ ਵਿੱਚ ਫਲੈਨਲ ਰੇਸ਼ਮ ਦਾ ਕੁਰਤਾ, ਪਾਜਾਮਾ ਪਹਿਨਦੇ ਅਤੇ ਸਰਦੀਆਂ ਵਿੱਚ ਪਤਲੀ ਸਰਜ, ਫਨੈਲ ਆਦਿ ਹਲਕੇ-ਫੁਲਕੇ ਊਨੀ ਕਪੜੇ ਦਾ ਲਿਬਾਸ ਪਸੰਦ ਸੀ। ਗੂਹੜੀ ਸਰਦੀ ਵਿੱਚ ਕਸ਼ਮੀਰੀ ਪੱਟੀ

ਦਾ ਪਜਾਮਾ ਅਤੇ ਜਾਕਟ ਭੀ ਪਹਿਨੀ ਹੁੰਦੀ ਸੀ। ਜੁੱਤੀ ਗਰਮੀਆ ਵਿੱਚ ਦੇਸੀ ਨਰੀ ਦੀ, ਸਰਦੀਆਂ ਵਿਚ ਫਰ ਦੇ ਸਲੀਪਰ, ਨ੍ਹਾਉਣ ਸਮੇਂ ਖੂੰਟੀਦਾਰ ਖੜਾਵਾਂ ਅਤੇ ਬਾਹਰ ਜਾਣ ਸਮੇਂ ਵਾਰਨਿਸ਼ ਦਾ ਪੰਪ ਸ਼ੂ ਜਾਂ ਬੂਟ ਪਹਿਨਣ ਦੀ ਆਦਤ ਸੀ।

(ੲ) ਜੀਵਨ-ਜ਼ਾਬਤਾ

ਜ਼ਿੰਦਗੀ ਵਿੱਚ ਜ਼ਾਬਤੇ ਅਤੇ ਜ਼ਬਤ ਦੇ ਪਹਲੇ ਸਬਕ ਭਾਈ ਕਾਨ੍ਹ ਸਿੰਘ ਨੇ ਪੰਜ ਵਰ੍ਹੇ ਦੀ ਉਮਰ ਤੋਂ ਪਿਤਾ ਦੀ ਸੰਗਤ ਵਿੱਚ ਅਤੇ ਭਾਈ ਭੂਪ ਸਿੰਘ ਜੀ ਦੀ ਦੇਖ ਰੇਖ ਵਿੱਚ ਸਿੱਖਣੇ ਸ਼ੁਰੂ ਕੀਤੇ ਸਨ ਅਤੇ ਇਹ ਜ਼ਾਬਤੇ ਦਾ ਜੀਵਨ ਜੀਣ ਦੀ ਵਾਦੀ ਉਮਰ ਭਰ ਦਮਾਂ ਦੇ ਨਾਲ ਨਿਭੀ। ਜ਼ਿੰਦਗੀ ਦੇ ਹਰ ਕਾਰਜ ਦਾ ਸਮਾਂ ਨਿਸ਼ਚਿਤ ਸੀ ਅਤੇ ਹਰ ਵਸਤੂ ਲਈ ਥਾਂ, ਇਸ ਜ਼ਾਬਤੇ ਵਿੱਚ ਬੇਤਰਤੀਬੀ ਜਾ ਖਿਲਾਰੇ ਨੂੰ ਕੋਈ ਥਾਂ ਨਹੀਂ ਹੋ ਸਕਦੀ ਸੀ। ਨਾ ਪੜ੍ਹਨ-ਲਿਖਣ ਦੇ ਕਮਰੇ ਵਿੱਚ, ਨਾ ਅਰਾਮ ਕਰਨ ਅਤੇ ਸੌਣ ਦੇ ਕਮਰੇ ਵਿੱਚ, ਨਾ ਖਾਣ ਪੀਣ ਦੇ ਕਮਰੇ ਵਿੱਚ ਕਿਧਰੇ ਕੋਈ ਚੀਜ਼ ਉਘੜ-ਦੁਘੜੀ ਰੱਖੀ ਜਾਂ ਖਿੰਡੀ ਪੁੰਡੀ ਦੇਖੀ ਜਾ ਸਕਦੀ ਸੀ। ਨ੍ਹਾਉਣ-ਧੋਣ ਦੇ ਕਮਰੇ ਵਿੱਚ ਗੜਵਾ, ਬਾਲਟਾ ਅਤੇ ਪਟੜਾ ਵੀ ਆਪਣੇ ਟਿਕਾਣੇ ਤੋਂ ਏਧਰ ਓਧਰ ਨਹੀਂ ਸੀ ਹੋਣ ਦਿੱਤੇ ਜਾਂਦੇ। ਹੋਰ ਤਾਂ ਹੋਰ ਕਿਆਰੀਆਂ ਵਿਚ ਫੁੱਲ ਭੀ ਜੇਕਰ ਇਕ ਪਾਲ ਵਿੱਚ ਨਾਂ ਖਿੜਦੇ ਤਾਂ ਮਾਲੀ ਨੂੰ ਉਲਾਮ੍ਹਾ ਆਉਂਦਾ ਪਰ ਉਲਾਮ੍ਹਾ ਦਿੰਦੇ ਸਮੇਂ ਵੀ ਸ਼ਬਦ ਬੜੇ ਸੁਲਝੇ ਹੋਏ ਅਤੇ ਆਦਰ ਭਰੇ ਹੁੰਦੇ ਸਨ। ਜੰਦਰਿਆਂ, ਚਾਬੀਆਂ ਦਾ ਖਲਜਗਨ ਮੂਲੋਂ ਨਹੀਂ ਪਸੰਦ ਸੀ। ਜ਼ੇਵਰਾਤ, ਛਾਪਾਂ, ਛੱਲੇ, ਕੜੇ-ਕੈਂਠੇ, ਦੇ ਹਾਰ-ਮਾਲਾਵਾਂ ਆਦਿ (ਜੋ ਉਨ੍ਹਾਂ ਦਿਨਾਂ ਦੀ ਸਰਦਾਰੀ ਦੇ ਸ਼ਿੰਗਾਰ ਅਤੇ ਦਿਖਾਵੇ ਦੇ ਸਹਿਜ ਅੰਗ ਹੁੰਦੇ ਸਨ) ਅਤੇ ਫ਼ਾਲਤੂ ਨਕਦੀ ਕਦੇ ਆਪਣੇ ਕੋਲ ਰੱਖਣੀ ਭਾਈ ਕਾਨ੍ਹ ਸਿੰਘ ਨੂੰ ਰੁਚੀ ਨਹੀਂ। ਜੰਦਰੇ ਮਾਰ ਕੇ ਰੱਖਣ ਵਾਲੀ ਇੱਕੋ ਇੱਕ ਚੀਜ਼ ਉਨ੍ਹਾਂ ਦੇ ਸੰਗ੍ਰਹਿ ਵਿਚ ਪੁਸਤਕਾਂ ਹੀ ਸਨ। ਪੁਸਤਕਾਂ ਦੀਆਂ ਅਲਮਾਰੀਆਂ ਨੂੰ ਵੀ ਜਿੰਦਰਾ ਬਾਹਰ ਜਾਂਦੇ ਸਮੇਂ ਹੀ ਲੱਗਦਾ ਸੀ, ਹਰ ਘੜੀ ਨਹੀਂ, ਪਰ ਅਲਮਾਰੀਆਂ ਦੇ ਦਰਵਾਜ਼ੇ ਖੁੱਲ੍ਹੇ ਅਤੇ ਪੱਲੇ ਲਟਕਦੇ ਵੀ ਨਜ਼ਰ ਨਹੀਂ ਸਨ ਆਉਂਦੇ।

ਬਚਪਨ ਤੋਂ ਮਿਲੀ ਸੰਗੀਤ ਦੀ ਸਿੱਖਿਆ ਨੇ ਹਰ ਸ਼ੈਅ ਅਤੇ ਹਰ ਕਾਰਜ ਵਿੱਚ ਸੁਰ-ਤਾਲ ਅਤੇ ਲੈਅ ਵਿਚਲੇ ਸਮਤੋਲ ਕਾਇਮ ਰੱਖਣ ਦਾ ਸੁਚੱਜ ਸਿਖਾ ਦਿੱਤਾ ਹੋਇਆ ਸੀ। ਸਿਤਾਰ ਨਾਲ ਖ਼ਾਸ ਮੋਹ ਸੀ। ਗਤ, ਤੋੜਾ, ਅਲਾਪ, ਝਾਲਾ, ਸਵਾਲ-ਜਵਾਬ, ਖੋਲ-ਤਾਨ, ਖੂਬ ਵਜਾਉਂਦੇ ਗਾਉਂਦੇ ਸਨ, ਧਮਾਰ, ਆੜਾ ਚੌਤਾਲਾ, ਲਕਸ਼ਮੀ, ਝਪਤਾਲ, ਮੂਲ ਫ਼ਾਖਤਾ, ਸਵਾਰੀ ਆਦਿ ਤਾਲਾਂ ਦੇ ਬਾਜ ਦੀ ਚੰਗੀ ਮਹਾਰਤ ਸੀ; ਆੜ ਕੁਆੜ, ਤਿਰਛੀ ਬਿਖੜੀ ਲੈ ਕਾਰੀ ਦੇ ਹੁਨਰ ਦਾ ਗਿਆਨ ਸੀ। ਬਾਜ ਮਸੀਤਖ਼ਾਨੀ ਸੀ। ਮਜ਼ਾਮੀਰੀ ਦੀ ਥਾਂ ਰਾਗਦਾਰੀ ਦੀਆਂ ਸ਼ੁੱਧ ਅਤੇ ਪ੍ਰਾਚੀਨ ਕਰਵਟਾਂ ਵੱਲ ਝੁਕਾਉ ਵਧੇਰਾ ਸੀ। ਅਲਾਪ ਬੜੇ ਵਿਚਿੱਤਰ ਵਿਸਤਾਰ ਵਾਲੇ ਅਤੇ ਰਸੀਲੇ ਹੁੰਦੇ ਸਨ। ਖੁਸ਼ਕ ਅਤੇ ਬਿਖੜੀਆਂ ਬੰਦਸ਼ਾਂ ਵਿਚ ਉਲਝਣ, ਠੇਠ ਕਲਾਉਂਤੀ ਰਾਗ ਵਜਾਉਣ ਅਤੇ ਪਖਾਵਜੀ ਘੁੰਤਰਾਂ, ਅਤੀਤ, ਅਨਾਘਾਤ ਦੇ ਬਖੇੜਿਆਂ ਵਿੱਚ ਪੈਣ ਦੀ ਰੁਚੀ ਬਿਲਕੁਲ ਨਹੀਂ ਸੀ।

ਸੰਗੀਤ ਭਾਈ ਕਾਨ੍ਹ ਸਿੰਘ ਨੇ ਆਪਣੀ ਵਿੱਦਿਆ ਪ੍ਰਾਪਤੀ ਦੇ ਅੰਸ਼ ਦੇ ਰੂਪ ਵਿੱਚ ਸਿੱਖਿਆ ਸੀ ਅਤੇ ਉਸ ਨੂੰ ਸਿੱਖਣ ਲਈ ਉਹ ਸਾਰੀ ਲਗਨ ਅਤੇ ਜਤਨਾਂ ਦੀ ਵਰਤੋਂ ਕੀਤੀ ਗਈ ਜੋ ਕਿਸੇ ਹੁਨਰ, ਕਿਸੇ ਇਲਮ ਦੀ ਪ੍ਰਾਪਤੀ ਲਈ ਜ਼ਰੂਰੀ ਹੁੰਦੀ ਹੈ; ਪਰ ਉਨ੍ਹਾਂ ਦੇ ਜੀਵਨ ਵਿਚ ਇਹ ਹੁਨਰ ਕੇਵਲ ਇੱਕ ਗਿਆਨ, ਇੱਕ ਸ਼ਰਧਾ ਅਤੇ ਇੱਕ ਮਨ-ਪਰਚਾਵੇ ਦਾ ਸਾਧਨ ਹੀ ਬਣਕੇ ਰਿਹਾ।

ਸੈਰ ਅਤੇ ਸ਼ਿਕਾਰ ਭਾਈ ਕਾਨ੍ਹ ਸਿੰਘ ਦੇ ਹੋਰ ਉੱਪਰਵੇਂ ਸ਼ੌਕ ਸਨ। ਸੈਰ ਦਾ ਸ਼ੌਕ ਅੰਤਲੇ ਦਿਨਾਂ ਤੱਕ ਪੂਰਾ ਨਿਭਿਆ. ਪਰ ਸ਼ਿਕਾਰ ਦਾ ਸ਼ੌਕ ਜੁਆਨੀ ਦੇ ਉਤਾਰ ਨਾਲ ਘਟਦਾ ਗਿਆ ਅਤੇ ਉਸਦੇ ਨਾਲ ਹੀ ਘੋੜ-ਸਵਾਰੀ ਦਾ ਸ਼ੌਕ ਭੀ ਘੱਟ ਹੁੰਦਾ ਗਿਆ। ਸ਼ਿਕਾਰ ਦੇ ਸ਼ੌਕ ਦੀ ਛੂਤ, ਸ਼ਸਤ੍ਰ ਵਿੱਦਿਆ ਅਤੇ ਘੋੜ-ਸਵਾਰੀ ਦੀ ਦੇਣ ਤੋਂ ਸ਼ੁਰੂ ਹੋਈ ਸੀ ਅਤੇ ਨਹਿਰ-ਨਾਜ਼ਮੀ, ਨਜ਼ਾਮਤ ਆਦਿ ਅਹੁੱਦਿਆਂ ਨਾਲ ਸੰਬੰਧਿਤ ਦੌਰਿਆਂ ਸਮੇਂ ਪਰਵਾਨ ਚੜ੍ਹੀ।

'ਸ਼ਰਾਬ ਨਿਸ਼ੇਧ' ਪੈਂਫਲਿਟ ਦੀ ਰਚਨਾ ਭੀ, ਅਜਿਹੇ ਇੱਕ ਸ਼ਿਕਾਰ ਸਮੇਂ ਦੀ ਘਟਨਾ ਵਿੱਚੋਂ ਪ੍ਰੇਰਣਾਂ ਲੈ ਕੇ ਹੋਈ ਸੀ। ਦੱਸਣ ਵਿੱਚ ਆਇਆ ਹੈ ਕਿ ਜਿਨ੍ਹਾਂ ਦਿਨਾਂ ਵਿੱਚ ਭਾਈ ਕਾਨ੍ਹ ਸਿੰਘ ਰਿਆਸਤ ਨਾਭਾ ਵਿੱਚ ਨਾਜ਼ਮ (ਡਿਪਟੀ ਕਮਿਸ਼ਨਰ) ਸੀ, ਰਿਆਸਤ ਦੇ ਕੁਝ ਚੋਣਵੇਂ ਅਹਿਲਕਾਰਾਂ ਦੀ ਇੱਕ ਸ਼ਿਕਾਰ-ਪਾਰਟੀ, ਉਨ੍ਹਾਂ ਦੇ ਇਲਾਕੇ ਵਿੱਚ ਆਈ ਹੋਈ ਸੀ। ਭਾਈ ਸਾਹਿਬ ਨੂੰ ਵੀ ਇਸ ਪਾਰਟੀ ਵਿੱਚ ਮਜਬੂਰਨ ਸ਼ਾਮਿਲ ਹੋਣਾ ਸੀ। ਸਰਦੀ ਦੀ ਰੁੱਤ ਸੀ ਅਤੇ ਆਪ ਨੂੰ ਜ਼ੁਕਾਮ ਹੋਇਆ ਸੀ, ਡਾਕਟਰ ਦੀ ਸਲਾਹ ਨਾਲ ਆਪ ਦੇ ਨਫ਼ਰ (ਨਿਜੀ ਸੇਵਕ) ਨੇ ਆਪ ਨੂੰ ਦੁੱਧ ਵਿੱਚ ਅੰਡਾ, ਮੱਛੀ ਦਾ ਤੇਲ ਅਤੇ ਬਰਾਂਡੀ ਫ਼ੈਂਟ ਕੇ ਦੇ ਦਿੱਤੇ। ਸ਼ਿਕਾਰ ਵਿਚ, ਝਾੜੀਆਂ ਵਿਚੋਂ ਸਹੇ ਕੱਢੇ ਜਾ ਰਹੇ ਸਨ, ਆਪ ਦਾ ਪੈਰ ਅਚਾਣਕ ਇਕ ਸਹੇ ਦੀ ਖੁੱਡ ਉੱਤੇ ਜਾ ਪਿਆ, ਖੁੱਡ ਬੈਠ ਗਈ ਅਤੇ ਪੈਰ ਨੂੰ ਮੋਚ ਆ ਗਈ। ਆਪ ਨੂੰ ਪ੍ਰਤੀਤ ਹੋਇਆ ਕਿ ਆਪ ਸਾਧਾਰਣ ਹਾਲਾਤਾਂ ਵਿਚ ਸਰੀਰ ਦਾ ਜਿਤਨਾ ਸੰਤੁਲਨ ਕਾਇਮ ਰੱਖ ਸਕਦੇ ਸਨ, ਇਸ ਸਮੇਂ ਉਹੋ ਜਿਹਾ ਸੰਤੁਲਨ ਕਾਇਮ ਨਹੀਂ ਰੱਖਿਆ ਜਾ ਸਕਿਆ। ਕੋਠੀ ਪਰਤ ਕੇ ਦੁੱਧ ਵਿੱਚ ਦਿੱਤੀ ਗਈ ਦਵਾਈ ਬਾਰੇ ਪੜਤਾਲ ਕੀਤੀ ਗਈ ਤਾਂ ਪਤਾ ਲੱਗਾ ਕਿ ਉਸ ਵਿਚ ਬਰਾਂਡੀ ਵੀ ਸੀ, ਜੋ ਡਾਕਟਰ ਨੇ ਇਨ੍ਹਾਂ ਦੇ ਸੁਭਾਉ ਤੋਂ ਜਾਣੂ ਨਾ ਹੋਣ ਕਾਰਨ, ਹੋਰਨਾਂ ਪਿਅੱਕੜ ਸਰਦਾਰਾਂ ਦੇ ਹਿਸਾਬ ਨਾਲ ਲੋੜੀਂਦੀ ਮਾਤਰਾ ਨਾਲੋਂ ਕੁਝ ਵਧੇਰੇ ਮਿਲਾ ਦਿੱਤੀ ਸੀ। ਆਪ ਦੇ ਅਨੁਭਵੀ ਅਤੇ ਹੱਸਾਸ ਚਿੱਤ ਨੇ ਝੱਟ ਨਤੀਜਾ ਕੱਢ ਲਿਆ ਕਿ ਜਿਸ ਸ਼ੈ ਦੀ ਦਵਾਈ ਵਿੱਚ ਸਮਾ ਸਕਣ ਵਾਲੀ ਮਾਤਰਾ ਨਾਲ ਉਨ੍ਹਾਂ ਜਿਹਾ ਸੰਜਮੀ-ਜੀਵਨ ਵਾਲਾ ਬੰਦਾ ਡਗ-ਮਗਾ ਗਿਆ, ਉਸ ਦੀ ਵਰਤੋਂ ਨਾਲ ਸਾਧਾਰਨ ਲੋਕਾਂ ਦਾ ਕੀ ਹਾਲ ਹੁੰਦਾ ਹੋਵੇਗਾ।[3] ਇਸ ਅਨੁਮਾਨ ਤੋਂ ਹੀ ਉਨ੍ਹਾਂ ਦਾ ਮਨ ਤ੍ਰਾਹ ਉੱਠਿਆ ਅਤੇ ਉਨ੍ਹਾਂ ਅਨੇਕਾਂ ਅੰਕੜੇ ਅਤੇ ਮਹਾਂ ਪੁਰਖਾਂ ਦੇ ਬਚਨ ਘੋਖ ਕੇ, ਸੰਗ੍ਰਹਿ ਕਰਕੇ 1907 ਵਿੱਚ ਇਹ ਪੈਂਫਲਿਟ ਪ੍ਰਕਾਸ਼ਿਤ ਕਰਵਾਇਆ ਸੀ।

---

3. ਲੇਖਕ ਨੂੰ ਇਕ ਨਿਜੀ ਉਪਦੇਸ਼ ਸਮੇਂ ਦੱਸੀ ਵਾਰਤਾ।

ਭਾਈ ਕਾਨ੍ਹ ਸਿੰਘ ਦੀ ਖ਼ੁਰਾਕ ਬੜੀ ਸਾਦਾ ਹੁੰਦੀ ਸੀ। ਉਸ ਵਿੱਚ ਮਾਸ-ਘਾਸ ਦੀ ਵੰਡ ਕੋਈ ਨਹੀਂ ਸੀ ਹੁੰਦੀ, ਪਰ ਤੜਕਿਆਂ ਮਸਾਲਿਆਂ ਨੂੰ ਕੋਈ ਥਾਂ ਨਹੀਂ ਸੀ ਹੁੰਦੀ, ਲਾਲ ਮਿਰਚ ਦੀ ਵਰਤੋਂ ਬਿਲਕੁਲ ਨਹੀਂ ਸੀ ਹੁੰਦੀ। ਮਿੱਠੇ ਦੀ ਵਰਤੋਂ ਲੂਣ ਜਿੰਨੀ ਕੁ ਅਤੇ ਲੂਣ ਦੀ ਵਰਤੋਂ ਨਾ ਹੋਣ ਜਿੰਨੀ। ਪਿਆਜ਼ ਲਸਣ ਦੀ ਵਰਤੋਂ ਭੀ ਘੱਟ ਤੋਂ ਘੱਟ ਹੀ ਕੀਤੀ ਜਾਂਦੀ ਸੀ ਅਤੇ ਘਿਉਲੀਆਂ ਤਰੀਆਂ, ਤਰਕਾਰੀਆਂ ਤੋਂ ਵੀ ਪਰਹੇਜ਼ ਰਹਿੰਦਾ ਸੀ। ਦੁੱਧ, ਦਹੀਂ ਅਤੇ ਫਲ ਖ਼ੁਰਾਕ ਦੇ ਜ਼ਰੂਰੀ ਅੰਗ ਹੁੰਦੇ ਸਨ। ਚਾਹ ਦੀ ਵਰਤੋਂ ਉਨ੍ਹਾਂ ਦਿਨਾਂ ਵਿਚ ਨਾਭੇ ਜਿਹੇ ਸੁੱਤ-ਉਣੀਂਦੇ ਸ਼ਹਿਰ ਵਿਚ ਆਮ ਨਹੀਂ ਸੀ ਹੁੰਦੀ, ਪਰ, ਭਾਈ ਕਾਨ੍ਹ ਸਿੰਘ ਦੇ ਘਰ, ਚਾਹ ਅਤੇ ਕਾਫ਼ੀ ਤੋਂ ਕੋਈ ਝਿਜਕ ਜਾਂ ਪਰਹੇਜ਼ ਨਾ ਹੋ ਕੇ ਵੀ ਵਰਤੋਂ ਬੜੀ ਹੀ ਘੱਟ ਸੀ। ਭਾਈ ਕਾਨ੍ਹ ਸਿੰਘ ਨੂੰ ਅੰਮ੍ਰਿਤ-ਵੇਲੇ ਦੀ ਚਾਹ (ਬੈਡ ਟਾਈਮ ਟੀ) ਦਾ ਕੋਈ ਸ਼ੌਕ ਨਹੀਂ ਸੀ, ਦਿਨ ਦੇ ਤੀਜੇ ਪਹਿਰ ਦੀ ਚਾਹ, ਲੋੜ ਅਨੁਸਾਰ ਜ਼ਰੂਰ ਲੈ ਲਈ ਜਾਂਦੀ ਸੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਖਾਣ-ਪੀਣ ਦੀ ਹਰ ਸ਼ੈ ਲਈ ਸਮਾਂ ਨਿਸ਼ਚਿਤ ਸੀ, ਬੇ ਸਮੇਂ ਕੋਈ ਚੀਜ਼ ਨਹੀਂ ਲਈ ਜਾਂਦੀ ਸੀ।

ਖਾਣੇ ਜਿੰਨੀ ਹੀ ਸਾਦਗੀ ਅਤੇ ਪਾਬੰਦੀ ਨਾਲ, ਗਰਮੀ ਦੀ ਰੁੱਤੇ ਪਹਾੜ ਉੱਤੇ ਜਾ ਕੇ ਰਹਿਣਾ ਨਿਸ਼ਚਿਤ ਸੀ। ਮਹਾਰਾਜਾ ਰਿਪੁਦਮਨ ਸਿੰਘ ਦੇ ਸਮੇਂ ਜਦੋਂ ਅੜ ਕੇ ਗਰਮੀਆਂ ਦੇ ਦਿਨਾਂ ਵਿੱਚ ਛੁੱਟੀ ਦੇਣ ਤੋਂ ਇਨਕਾਰ ਕੀਤਾ ਗਿਆ ਤਾਂ ਭਾਈ ਕਾਨ੍ਹ ਸਿੰਘ ਨੇ ਨੌਕਰੀ ਛੱਡ ਜਾਣਾ ਹੀ ਮੁਨਾਸਿਬ ਸਮਝਿਆ। ਘਰ ਵਿੱਚ ਵੀ ਉਨ੍ਹਾਂ ਦੀ ਰਿਹਾਇਸ਼ ਵਾਲਾ ਭਾਗ ਮੌਸਮ ਅਨੁਕੂਲ ਬੜਾ ਅਰਾਮਦਾਇਕ ਹੁੰਦਾ ਸੀ, ਭਾਵੇਂ ਉਨ੍ਹੀਂ-ਦਿਨੀਂ ਵਾਤਾਨੁਕੂਲ-ਕਰਨ ਦੀਆਂ ਕਾਢਾਂ ਦਾ ਰਿਵਾਜ ਨਹੀਂ ਸੀ ਤਾਂ ਵੀ ਮੁੱਢਲੀ ਗਰਮੀ ਦੇ ਦਿਨਾਂ ਵਿਚ ਖ਼ਸ ਦੀਆਂ ਟੱਟੀਆਂ ਆਦਿ ਲਗਾਈਆਂ ਜਾਂਦੀਆਂ ਸਨ। ਪਹਾੜਾਂ ਵਿਚ ਸ਼ਿਮਲਾ, ਸ੍ਰੀਨਗਰ, ਮਸੂਰੀ ਅਤੇ ਨੈਨੀਤਾਲ ਆਦਿ ਭਾਈ ਕਾਨ੍ਹ ਸਿੰਘ ਦੇ ਮਨ-ਚਾਹੇ ਸਟੇਸ਼ਨ ਸਨ, ਦੇਹਰਾਦੂਨ ਅਤੇ ਸੋਲਨ ਵਿੱਚ ਵੀ ਅਕਸਰ ਹਲਕੀਆਂ ਗਰਮੀਆਂ ਦੇ ਦਿਨੀਂ ਨਿੱਠ ਕੇ ਲਿਖਣ-ਪੜ੍ਹਣ ਦਾ ਕੰਮ ਹੁੰਦਾ ਰਹਿੰਦਾ ਸੀ। ਸਰਦੀਆਂ ਦੇ ਦਿਨਾਂ ਵਿੱਚ ਕੁਝ ਦਿਨ, ਪਿੰਡ ਪਿੱਥੋਂ ਵਿੱਚ ਬਣਾਈ ਹਵੇਲੀ ਨਾਰਾਇਣ ਸਿੰਘ ਨਿਵਾਸ ਵਿੱਚ ਬਿਤਾ ਆਉਣਾ ਭਾਈ ਕਾਨ੍ਹ ਸਿੰਘ ਨੂੰ ਪਸੰਦ ਸੀ। ਭਾਈ ਕਾਨ੍ਹ ਸਿੰਘ ਦਾ ਜਨਮ ਭਾਵੇਂ ਇੱਕ ਸਾਧਾਰਣ ਪਰਿਵਾਰ ਵਿੱਚ ਹੋਇਆ ਸੀ, ਪਰ ਪਲਿਆ ਉਹ ਇੱਕ ਰਿਆਸਤ ਦੀ ਰਾਜਧਾਨੀ ਵਿੱਚ ਅਤੇ ਰਾਜਸੀ ਠਾਟ ਬਾਟ ਦੀ ਛਾਇਆ ਵਿੱਚ, ਦਰਬਾਰੀ ਅਹਿਲਕਾਰਾਂ ਦੇ ਹੱਥਾਂ ਵਿੱਚ ਅਤੇ ਦਰਬਾਰੀ ਵਾਤਾਵਰਣ ਵਿੱਚ ਸੀ। ਜਵਾਨੀ ਵਿੱਚ ਹੀ ਉਸਨੂੰ ਹੀਰਾ ਸਿੰਘ ਜਿਹੇ ਗੁਣ-ਪਾਰਖੂ ਮਹਾਰਾਜੇ ਦੀ ਸਰਪ੍ਰਸਤੀ ਮਿਲ ਗਈ, ਤਦੇ ਤੋਂ ਹੀ ਛੋਟੇ ਭਰਾ ਉਸ ਨੂੰ ਜਮਾਂਦਰੂ ਰਈਸ ਮੰਨਦੇ ਸਨ।[4]

ਸੰਜਮੀ ਜੀਵਨ ਦਾ ਇੱਕ ਬੜਾ ਗੁਣ ਇਹ ਹੁੰਦਾ ਹੈ ਕਿ ਸੰਜਮੀ ਬੰਦੇ ਵਿੱਚ ਇਰਾਦੇ ਦੀ ਦ੍ਰਿੜਤਾ ਅਤੇ ਆਪਣੇ ਨਿਸ਼ਾਨੇ ਮਿਥਣ ਦੀ ਸਮਰੱਥਾ ਆ ਜਾਂਦੀ ਹੈ। ਭਾਈ ਕਾਨ੍ਹ ਸਿੰਘ

---

4. ਅ. ਕਾ. ਪੰਨਾ 99

ਦੀ ਜੀਵਨ-ਕਥਾ ਵਿੱਚ ਇਸ ਤੱਥ ਦਾ ਪਹਿਲਾ ਉਘਾੜ ਉਸ ਦੇ ਫ਼ਾਰਸੀ ਪੜ੍ਹਨ ਦੇ ਫ਼ੈਸਲੇ ਨਾਲ ਹੋਇਆ। ਦਿੱਲੀ ਅਤੇ ਲਖਨਊ ਦੇ ਨਿਵਾਸ ਦੇ ਦਿਨਾਂ ਵਿੱਚ ਇਸ ਯੁਵਕ ਨੇ ਸਬਲਤਾ ਦੀ ਮਸਤੀ ਦੇ ਪਹਿਲੇ ਦਰਸ਼ਨ ਕੀਤੇ ਸਨ। ਲਾਹੌਰ ਵਿੱਚ ਪ੍ਰੋ: ਗੁਰਮੁਖ ਸਿੰਘ ਆਦਿ ਦੀ ਸੰਗਤ ਨੇ ਸੋਨੇ ਉੱਤੇ ਸੁਹਾਗੇ ਦਾ ਕੰਮ ਕੀਤਾ। ਲੋਕਾਂ ਵਿੱਚ ਉਨ੍ਹਾਂ ਦੀ ਕਥਾ ਅਤੇ ਵਿਆਖਿਆ ਦੀ ਸ਼ੈਲੀ ਦੀ ਪ੍ਰਸਿੱਧੀ ਨੇ ਹੀ ਉਨ੍ਹਾਂ ਨੂੰ ਉਹ ਵਰਣਨ ਸ਼ਕਤੀ ਦਿੱਤੀ ਜਿਸ ਦੇ ਸਦਕੇ ਮਹਾਰਾਜਾ ਹੀਰਾ ਸਿੰਘ ਮੋਹਿਆ ਗਿਆ। ਇਸ ਪ੍ਰਭਾਵ-ਦਾਰੀ ਨੇ ਹੀ ਉਨ੍ਹਾਂ ਨੂੰ ਟਿੱਕਾ ਰਿਪੁਦਮਨ ਸਿੰਘ ਦਾ ਉਸਤਾਦ ਬਣਵਾਇਆ। ਇਹੋ ਦ੍ਰਿੜਤਾ ਸੀ ਜਿਸ ਨੇ ਭਾਈ ਕਾਨ੍ਹ ਸਿੰਘ ਨੂੰ ਮੈਕਾਲਿਫ਼ ਦਾ ਮੁਖੀ ਸਲਾਹਕਾਰ ਬਣਵਾਇਆ। 'ਹਮ ਹਿੰਦੂ ਨਹੀਂ', ਲਿਖਣ ਦੀ ਹਿੰਮਤ ਦਿੱਤੀ ਅਤੇ ਉਸ ਰਚਨਾ ਵਿਰੁੱਧ ਝੁੱਲੇ ਝੱਖੜ ਦਾ ਡਟ ਕੇ ਮੁਕਾਬਲਾ ਕਰਨਾ ਸਿਖਾਇਆ। ਨੌਕਰੀ ਛੁੱਟ ਜਾਣ ਉੱਤੇ ਪਹਾੜੀ ਖੇਤਰਾਂ ਦੇ ਦੌਰੇ ਦੀ ਸੁਝਾਈ। ਫੇਰ, ਰਿਆਸਤ ਦੇ ਗਏ ਵਕਾਰ ਨੂੰ ਉਸਾਰਨ ਲਈ ਲੜੇ ਜਾ ਰਹੇ ਮੁਕੱਦਮਿਆਂ ਦੀ ਪੂਰੀ ਤਨਦੇਹੀ ਨਾਲ ਪੈਰਵੀ ਦਾ ਚੱਜ ਸਿਖਾਇਆ। ਸਿੰਘ ਸਭਾ ਅਤੇ ਖ਼ਾਲਸਾ ਕਾਲਜ ਨੂੰ ਸਫਲ ਬਣਾਉਣ ਲਈ ਕੀਤੇ ਜਤਨਾਂ ਦੇ ਯੋਗ ਬਣਾਇਆ। ਦਰਬਾਰ ਸਾਹਿਬ ਦੀ ਪਰਿਕ੍ਰਮਾ ਵਿਚੋਂ ਮੂਰਤੀਆਂ ਉਠਵਾਉਣ ਦੇ ਮਾਮਲੇ ਵਿੱਚ ਅੰਮ੍ਰਿਤਸਰ ਦੇ ਅਧਿਕਾਰੀਆਂ ਦੀ ਪਿੱਠ ਠੋਕਣ, ਭਦੌੜ ਦੇ ਆਰੀਆ ਸਮਾਜੀਆਂ ਅਤੇ ਨੰਦੇੜ ਦੇ ਝਗੜਿਆਂ ਵਿੱਚ ਨਿਰਣੇ ਨੂੰ ਸੇਧ ਦੇਣ ਵਾਲੀਆਂ ਗਵਾਹੀਆਂ ਦੇਣ ਦਾ ਬਲ ਦਿੱਤਾ! ਨਾਭੇ ਅਤੇ ਪਟਿਆਲੇ ਦੇ ਮਹਾਰਾਜਿਆਂ ਦੀ ਖਹਿਬੜ ਵਿੱਚ ਨੌਕਰੀ ਤੋਂ ਹੱਥ ਧੋ ਕੇ ਵੀ ਵਿੱਦਵਾਨਤਾ ਭਰੀਆਂ ਗ੍ਰੰਥ-ਰਚਨਾਵਾਂ ਵੱਲ ਪ੍ਰੇਰਿਆ। ਰਿਆਸਤ ਨਾਭੇ ਦੇ ਰਾਜ-ਚਿੰਨ੍ਹ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਵਿਰੁੱਧ ਆਵਾਜ਼ ਉਠਾਉਣ ਦਾ ਹੌਂਸਲਾ ਦਿੱਤਾ।[5] ਜਦ ਵੀ ਕਦੇ ਕਿਸੇ ਸਥਿਤੀ ਦਾ ਡਟ ਕੇ ਟਾਕਰਾ ਕਰਨ ਦਾ ਮੌਕਾ ਆਇਆ ਤਾਂ ਭਾਈ ਕਾਨ੍ਹ ਸਿੰਘ ਸਦਾ ਉਸ ਟਕਰਾਉ ਵਿੱਚ ਬਰਸਰ ਆਉਣ ਜੋਗਾ ਸਿੱਧ ਹੋਇਆ। ਖ਼ਾਸ ਕਰ ਕੇ ਜਦੋਂ ਉਸ ਨੇ ਚਿਰ-ਵਿਆਪੀ ਜਾਤ-ਗੋਤ ਦੇ ਬੰਧਨਾਂ ਨੂੰ ਤੋੜ ਕੇ ਆਪਣੇ ਇਕਲੌਤੇ ਪੁੱਤ ਦਾ ਵਿਆਹ ਇੱਕ ਗੁਰ ਸਿੱਖ ਅਰੋੜਾ ਪਰਿਵਾਰ ਦੀ ਲੜਕੀ ਨਾਲ ਰਚਾਇਆ ਤਾਂ ਭਾਈਚਾਰੇ ਵਾਲਿਆਂ ਅਤੇ ਰਿਸ਼ਤੇਦਾਰਾਂ ਦੇ ਸੁਭਾਵਕ ਵਿਰੋਧ ਦੀ ਗੱਲ ਹੀ ਕਿਹੜੀ, ਸ੍ਰੀ ਅਕਾਲ ਤਖ਼ਤ ਦੇ ਪੁਜਾਰੀਆਂ ਨੇ ਵਰ-ਬਹੂ ਨੂੰ ਅਕਾਲ ਤਖ਼ਤ ਉੱਤੇ ਪ੍ਰਸਾਦਿ ਭੇਟ ਕਰਨ ਅਤੇ ਅਰਦਾਸ ਕਰਵਾਉਣ ਦੇ ਹੱਕ ਤੋਂ ਵਾਂਝਿਆਂ ਰੱਖਣ ਦੀ ਧੱਕੇ-ਸ਼ਾਹੀ ਦਿਖਾਈ ਤਾਂ ਭਾਈ ਕਾਨ੍ਹ ਸਿੰਘ ਨੇ ਪੁਜਾਰੀਆਂ ਅੱਗੇ ਗੋਡੇ ਟੇਕਣ ਦੀ ਥਾਵੇਂ ਉਨ੍ਹਾਂ ਦੀ ਝੂਠੀ ਅੜੀ ਦਾ ਭਾਂਡਾ ਚੁਰਾਹੇ ਵਿੱਚ ਭੰਨਿਆ ਅਤੇ ਗੁਰੂ ਅਤੇ ਗੁਰੂ ਸਿੱਖਾਂ ਦੇ ਵਿਚਕਾਰ ਪੁਜਾਰੀਆਂ ਦੀ ਹਸਤੀ ਦੇ ਕਿਸੇ ਅਧਿਕਾਰ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ[6]

5. ਨਾਭਾ ਰਿਆਸਤ ਦਾ ਪੁਰਾਣਾ ਰਾਜ-ਚਿੰਨ੍ਹ ਸਿੱਖੀ ਭਾਵਨਾ ਵਾਲਾ ਸੀ ਅਤੇ ਕੁਝ ਇਤਿਹਾਸਕ ਸੰਕੇਤਾਂ ਦਾ ਧਾਰਨੀ ਸੀ। ਪਿੱਛੋਂ ਕੌਂਸਲ ਆਫ਼ ਰੀਜੈਂਸੀ ਦੇ ਹੁਕਮ ਨਾਲ ਉਹ ਰਾਜ-ਚਿੰਨ੍ਹ ਵਟਾ ਦਿੱਤਾ ਗਿਆ ਅਤੇ ਸ੍ਰੀ ਅਕਾਲ ਸਹਾਇ ਦੀ ਗੁਰਮੁਖੀ ਅਸ਼ੀਰਵਾਦ ਦੀ ਥਾਂ ਸੰਸਕ੍ਰਿਤ ਵਿਚ "ਫੂਲਸਥ ਸਰਵ ਫਲਾਮੋਦਯ" ਲਿਖਿਆ ਗਿਆ।

6. ਅ. ਕਾ. ਪੰਨਾ 108

(ਸ) ਖੋਜੀ ਸੁਭਾ

ਭਾਈ ਕਾਨ੍ਹ ਸਿੰਘ ਦਾ ਇੱਕ ਹੋਰ ਖ਼ਾਸ ਸ਼ੌਕ ਸੀ, ਆਪਣੇ ਗ੍ਰੰਥਾਂ ਦੀ ਤਿਆਰੀ ਲਈ ਲੋੜੀਂਦੀਆਂ ਸੂਚਨਾਵਾਂ ਦੀ ਟੋਹ ਵਿੱਚ ਦੂਰ ਦੂਰ ਤੱਕ ਦੀਆਂ ਯਾਤ੍ਰਾਵਾਂ ਕਰਦੇ ਰਹਿਣਾ। ਇਹ ਚੇਟਕ, ਸ਼ਾਇਦ, ਦਿੱਲੀ, ਅਤੇ ਲਖਨਊ ਵਿੱਚ ਫ਼ਾਰਸੀ ਦੇ ਉਸਤਾਦਾਂ ਦੀ ਸੰਗਤ ਵਿੱਚ ਪੁੰਗਰਿਆ ਸੀ। ਸਭ ਤੋਂ ਪਹਿਲੀ ਯਾਤ੍ਰਾ 1906 ਵਿੱਚ, ਗੁਰੂ ਗੋਬਿੰਦ ਸਿੰਘ ਦੇ ਦਰਬਾਰ ਨਾਲ ਸੰਬੰਧਿਤ ਗੁੰਮੀਆਂ ਅਤੇ ਖਿੰਡੀਆਂ ਰਚਨਾਵਾਂ ਦੀ ਭਾਲ ਵਿੱਚ ਆਰੰਭੀ ਗਈ ਸੀ। ਇਸ ਦੌਰੇ ਵਿੱਚ ਘੰਨੀ, ਮਰਕੀ, ਧੰਮੀ, ਨਮੋਲੀ, ਬਿਲਾਸਪੁਰ, ਸੁਕੇਤ, ਮੰਡੀ, ਕੋਟਲਾ, ਕੰਡੀ, ਗਲਵਾ, ਬਿਜਊਰਾ, ਕੁੱਲੂ, ਕੜੋਨ, ਸਿਲ ਬਧਵਾਨੀ, ਜਤੀਂਗੜੀ, ਢੇਲੂ, ਬੈਜਨਾਥ, ਪਾਲਮਪੁਰ, ਚੜੀ ਆਦਿ ਥਾਵਾਂ ਸਤੰਬਰ ਤੋਂ ਅਕਤੂਬਰ ਦੇ ਅੰਤ ਤੱਕ ਘੁੰਮ ਕੇ ਦੇਖੀਆਂ[7]। ਕਾਫ਼ੀ ਨਵੀਂ ਜਾਣਕਾਰੀ ਹੱਥ ਆਈ, ਪਰ, ਵਿੱਦਿਆਧਰ ਗ੍ਰੰਥ ਦੇ ਗੁਆਚੇ ਅੰਸ਼ ਪ੍ਰਾਪਤ ਨਾ ਹੋ ਸਕੇ।

ਦੂਜਾ ਦੌਰਾ, ਅਗਲੇ ਸਾਲ, ਪ੍ਰਸਿੱਧ ਗੁਰਦੁਆਰਿਆਂ, ਧਾਮਾਂ, ਅਸਥਾਨਾਂ ਦੇ ਦਰਸ਼ਨਾਂ ਲਈ ਕੀਤਾ ਗਿਆ। ਇਹ ਦੌਰਾ ਪੂਰਬ ਤੋਂ ਦੱਖਣ ਅਤੇ ਵਾਪਸੀ ਸਮੇਂ ਪੱਛਮੀ ਖੇਤਰ ਵਿੱਚ ਕੀਤਾ ਗਿਆ। ਮੱਧ-ਵਰਤੀ ਖੇਤਰ ਦੇ ਗੁਰਦੁਆਰਿਆਂ ਬਾਰੇ ਸੂਚਨਾਵਾਂ, ਇੱਕ ਵਿਸ਼ੇਸ਼ ਖੋਜ ਸਹਾਇਕ, ਆਪਣੇ ਖ਼ਰਚ ਉੱਤੇ ਰੱਖ ਕੇ ਇਕੱਤਰ ਕਰਵਾਈਆਂ ਗਈਆਂ। ਇਨ੍ਹਾਂ ਦਿਨਾਂ ਵਿੱਚ ਨਾ ਕਿਸੇ ਰਿਆਸਤ ਵਲੋਂ ਕੋਈ ਸਹਾਇਤਾ ਪ੍ਰਾਪਤ ਹੁੰਦੀ ਸੀ ਨਾ ਕਿਧਰੇ ਕੋਈ ਨੌਕਰੀ ਸੀ, ਜਿਸ ਦੀ ਤਨਖ਼ਾਹ ਤੋਂ ਕੋਈ ਆਮਦਨ ਹੋ ਸਕਦੀ ਜਾਂ ਜਿਸ ਦੇ ਆਸਰੇ ਇਹ ਖ਼ਰਚ ਚੱਲ ਸਕਦਾ। ਆਸਰਾ ਸੀ ਤਾਂ ਘਰ ਦੇ ਸੀਮਿਤ ਅਸਾਸੇ ਦਾ, ਆਪਣੀ ਦ੍ਰਿੜ੍ਹਤਾ ਅਤੇ ਅਕਾਲ-ਪੁਰਖ ਦੇ ਵਿਸ਼ਵਾਸ ਦਾ। ਇਸੇ ਸਮੇਂ ਦੀ ਇਕੱਤਰ ਕੀਤੀ ਸਾਮਗ੍ਰੀ ਹੀ ਗੁਰ-ਸ਼ਬਦ ਰਤਨਾਕਰ ਵਿੱਚ ਦਰਜ ਜਾਣਕਾਰੀ ਦਾ ਵੱਡਾ ਅੰਸ਼ ਬਣਿਆ। ਡਾ: ਭਗਤ ਸਿੰਘ ਨੇ ਗਿਆਨੀ ਗਿਆਨ ਸਿੰਘ ਬਾਰੇ ਲਿਖਦਿਆਂ ਜਿਸ ਰਾਜਸੀ ਸਰਪ੍ਰਸਤੀ ਦਾ ਜ਼ਿਕਰ ਬੜੇ ਹਿਰਖ ਨਾਲ ਕੀਤਾ ਹੈ,[8] ਉਹ ਸਰਪ੍ਰਸਤੀ ਇਨ੍ਹਾਂ ਦੋਹਾਂ ਦੌਰਿਆਂ ਸਮੇਂ ਭਾਈ ਕਾਨ੍ਹ ਸਿੰਘ ਨੂੰ ਪ੍ਰਾਪਤ ਨਹੀਂ ਸੀ।

ਸਿੱਖਾਂ ਵਿੱਚ ਇਹ ਆਮ ਵਿਸ਼ਵਾਸ ਚਲਿਆ ਆਉਂਦਾ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਜੋ ਬੀੜ, ਦਮਦਮੇ ਦੇ ਮੁਕਾਮ ਉੱਤੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਚਾਰ ਕੇ ਲਿਖਵਾਈ ਸੀ, ਉਹ ਵੱਡੇ ਘੱਲੂਘਾਰੇ ਸਮੇਂ, ਨਾਦਿਰ ਸ਼ਾਹ ਦੇ ਹੱਥ ਪੈ ਕੇ ਕਾਬੁਲ ਚਲੀ ਗਈ ਸੀ। ਭਾਈ ਕਾਨ੍ਹ ਸਿੰਘ ਨੇ ਇਸ ਦਾ ਖੋਜ-ਕੱਢਣ ਦੀ ਨੀਯਤ ਨਾਲ, ਅਪ੍ਰੈਲ 1933 ਵਿਚ, ਕਾਬੁਲ ਜਾਣ ਦਾ ਪ੍ਰਬੰਧ ਕੀਤਾ, ਪਰ ਉਹ ਬੀੜ ਅਫ਼ਗਾਨਿਸਤਾਨ ਦੇ ਬਾਦਸ਼ਾਹ ਦੇ ਸੰਗ੍ਰਹਿ ਵਿਚੋਂ ਵੀ ਨਹੀਂ ਮਿਲੀ, ਨਾ ਹੀ ਕਿਤੋਂ ਉਸ ਬੀੜ ਦੇ ਕਦੇ ਕਾਬੁਲ

7. ਅ. ਕਾ. ਪੰਨਾ 45
8. ਪੰਨਾ 23, ਪੰਜਾਬੀ ਯੂਨੀਵਰਸਿਟੀ

ਪਹੁੰਚੇ ਹੋਣ ਦਾ ਕੋਈ ਪ੍ਰਮਾਣ ਹੀ ਹੱਥ ਆਇਆ ।[9] ਇਹ ਦੌਰਾ ਭੀ ਨਿਜੀ ਸੀ, ਇਸ ਸਮੇਂ ਨਾ ਕਿਸੇ ਰਿਆਸਤ ਦੀ ਸਰਪ੍ਰਸਤੀ ਹਾਸਿਲ ਸੀ ਨਾ ਕੋਈ ਨੌਕਰੀ ਪ੍ਰਾਪਤ ਸੀ । ਸ਼ਾਹ ਵੱਲੋਂ ਮਿਲਣ ਵਾਲੇ ਸਹਯੋਗ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਪਰ ਉਹੋ ਕਾਫ਼ੀ ਨਹੀਂ ਸੀ ।

ਇਸ ਵਿੱਚ ਸ਼ੱਕ ਨਹੀਂ ਕਿ ਸਮੇਂ ਸਮੇਂ ਮਹਾਰਾਜਾ ਹੀਰਾ ਸਿੰਘ ਅਤੇ ਕੁਝ ਸਮਾਂ ਮਹਾਰਾਜਾ ਰਿਪੁਦਮਨ ਸਿੰਘ ਦਾ ਸਹਿਯੋਗ ਭਾਈ ਕਾਨ੍ਹ ਸਿੰਘ ਦੀਆਂ ਕੁਝ ਮੁਢਲੀਆਂ ਰਚਨਾਵਾਂ ਨੂੰ ਛਪਵਾ ਕੇ ਦੇਣ ਦੀ ਸੂਰਤ ਵਿੱਚ ਮਿਲਦਾ ਰਿਹਾ ।[10] ਪਰ, ਉਨ੍ਹਾਂ ਰਚਨਾਵਾਂ ਤੋਂ ਕੋਈ ਇਨਾਮ ਜਾਂ ਰਾਇਲਟੀ ਕਦੇ ਭਾਈ ਕਾਨ੍ਹ ਸਿੰਘ ਨੂੰ ਨਹੀਂ ਮਿਲੀ । ਮਹਾਰਾਜਾ ਪਟਿਆਲਾ ਨੇ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਦੀ ਛਪਾਈ ਉੱਤੇ 77000) ਰੁਪਏ ਖ਼ਰਚ ਕੀਤੇ ਤਾ ਛਪੇ ਗ੍ਰੰਥ ਦੀਆਂ ਸਾਰੀਆਂ ਕਾਪੀਆਂ ਵੀ ਰਿਆਸਤ ਪਟਿਆਲੇ ਦੀ ਮਲਕੀਅਤ ਬਣ ਗਈਆਂ । ਭਾਈ ਕਾਨ੍ਹ ਸਿੰਘ ਦੀ ਸਥਿਤੀ ਨੂੰ, ਭਾਈ ਸੰਤੋਖ ਸਿੰਘ ਦੀ ਊਦੇ ਸਿੰਘ ਵੱਲੋਂ ਕੀਤੀ ਗਈ ਸਰਪ੍ਰਸਤੀ ਨਾਲ ਮੇਚਣਾ ਕਿਵੇਂ ਵੀ ਨਿਆਂਕਾਰੀ ਨਹੀਂ ਹੋਵੇਗਾ । ਨਾ ਹੀ ਭਾਈ ਕਾਨ੍ਹ ਸਿੰਘ ਦੀ ਸਥਿਤੀ ਨਾਲ ਗਿਆਨੀ ਗਿਆਨ ਸਿੰਘ ਦੀ ਸਥਿਤੀ ਨੂੰ ਮੇਚਣਾ ਉਚਿਤ ਹੋਵੇਗਾ । ਭਾਈ ਕਾਨ੍ਹ ਸਿੰਘ ਨੇ ਪਟਿਆਲੇ ਦੀ ਨੌਕਰੀ ਵਿੱਚ ਰਹਿ ਕੇ ਮਹਾਰਜਾ ਰਿਪੁਦਮਨ ਸਿੰਘ ਦੇ ਵਿਰੁੱਧ ਊਜਾਂ ਭਰੀ ਕਿਸੇ ਰਚਨਾ ਰਾਹੀਂ ਆਪਣੇ ਹਥ-ਮੂੰਹ ਕਾਲੇ ਨਹੀਂ ਕੀਤੇ ।

ਭਾਈ ਕਾਨ੍ਹ ਸਿੰਘ ਵੱਲੋਂ ਦੋ ਬਾਰ ਕੀਤੀ ਗਈ, ਇੰਗਲਿਸਤਾਨ ਦੀ ਯਾਤ੍ਰਾ ਭਾਵੇਂ ਰਾਜ ਕਾਜ ਨਾਲ ਸੰਬੰਧਿਤ ਰਹੀ ਸੀ ਤਾਂ ਭੀ ਆਪਣੇ ਜ਼ਿੰਮੇ ਲੱਗੇ ਕਾਰਜ ਨੂੰ ਭੁਗਤਾਉਣ ਦੇ ਨਾਲ ਨਾਲ ਨਵੀਂ ਜਾਣਕਾਰੀ ਪ੍ਰਾਪਤ ਕਰਨ ਅਤੇ ਆਪਣੀਆਂ ਡਾਇਰੀਆਂ ਵਿੱਚ ਯਾਦਦਾਸ਼ਤਾਂ ਨੋਟ ਕਰਨ ਸਮੇਂ ਕੋਈ ਢਿੱਲ ਨਹੀਂ ਕੀਤੀ । ਮਕਾਲਿਫ ਨੂੰ ਦਿੱਤੀ ਗਈ ਸਾਹਿਤਿਕ ਸਹਾਇਤਾ ਇਨ੍ਹਾਂ ਦੌਰਿਆਂ ਸਮੇਂ ਖੂਬ ਕੰਮ ਆਉਂਦੀ ਰਹੀ । ਇਲਮ ਦੇ ਖੇਤਰ ਵਿੱਚ ਵੀ ਅਤੇ ਮੇਲ ਜੋਲ ਦੇ ਖੇਤਰ ਵਿੱਚ ਭੀ ।

ਆਪਣੇ ਸਮਕਾਲੀ ਸਾਹਿਤਕਾਰਾਂ ਅਤੇ ਸਾਹਿਤ—ਵਿੱਦਿਆਰਥੀਆਂ ਨਾਲ ਭਾਈ ਕਾਨ੍ਹ ਸਿੰਘ ਦਾ ਸਲੂਕ ਬੜਾ ਖੁੱਲ੍ਹ ਦਿਲਾ ਹੁੰਦਾ ਸੀ । ਐਸ. ਐਸ. ਚਰਨ ਸਿੰਘ 'ਸ਼ਹੀਦ' ਦੇ ਨਾਭਾ ਦਰਬਾਰ ਨਾਲ ਸੰਬੰਧਾਂ ਸਮੇਂ ਭਾਈ ਸਾਹਿਬ ਦੇ ਚੋਖੇ ਮਤ ਭੇਦ ਨੀਤੀ ਸੰਬੰਧੀ, ਬਣੇ ਰਹੇ, ਪਰ,ਸਾਹਿਤਿਕ ਖੇਤਰ ਵਿੱਚ,ਕਦੇ ਦੋਹਾਂ ਵਿਚਕਾਰ ਪਈ ਕੋਈ ਵਿੱਥ, ਕਿਸੇ ਦੇ ਵੇਖਣ ਵਿੱਚ ਨਹੀਂ ਆਈ । ਕੇਵਲ ਡਾ: ਭਗਤ ਸਿੰਘ ਨੇ ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਦੇ ਛਪਣ ਵਿੱਚ ਰੋਕ ਪਾਉਣ ਵਾਲਿਆਂ ਵਿੱਚ ਭਾਈ ਕਾਨ੍ਹ ਸਿੰਘ ਨੂੰ ਵੀ ਗਿਣਿਆ ਹੈ ਅਤੇ ਲਿਖਿਆ ਹੈ ਕਿ "ਭਾਈ ਕਾਨ੍ਹ ਸਿੰਘ ਜੀ ਦੇ ਮਨ ਵਿਚ ਈਰਖਾ ਜਾਪਦੀ ਹੈ ।... ਉਨ੍ਹਾਂ ਦੀਆਂ

---

9. ਮ. ਕੋ. ਪੰਨਾ 327

10. ਰਾਜ-ਧਰਮ, ਨਾਟਕ ਦੀਪਿਕਾ, ਗੁਰਮਤ ਪ੍ਰਭਾਕਰ ਅਤੇ ਗੁਰ ਛੰਦ ਦਿਵਾਕਰ ਆਦਿ ਵੇਖੋ

ਲਿਖਤਾਂ ਬਾਰੇ ਚਾਰ ਲਾਈਨਾਂ ਵੀ ਲਿਖਣੀਆਂ ਪਸੰਦ ਨਹੀਂ ਕੀਤੀਆਂ ।...[11]" ਉਨ੍ਹਾਂ ਉੱਤੇ ਇਕ ਨਰੋਆ ਦੂਸ਼ਣ ਲਾ ਮਾਰਿਆ ਹੈ ਕਿ 'ਪੰਥ ਪ੍ਰਕਾਸ਼' ਵਿਚ ਕਵੀ ਨਿਹਾਲ ਸਿੰਘ ਜੀ ਲਾਹੌਰ ਨਿਵਾਸੀ ਦੀ ਬਹੁਤ ਸਾਰੀ ਕਵਿਤਾ ਨਾਂ ਬਦਲ ਕੇ ਦਰਜ ਕਰ ਦਿੱਤੀ ਹੈ ।[12] ਡਾ: ਸਾਹਿਬ ਨੇ ਨਿਹਾਲ ਸਿੰਘ ਦੀ ਰਚਨਾ ਦੇਖ ਕੇ ਇਹ ਫ਼ਤਵਾ ਨਹੀਂ ਦਿੱਤਾ, ਸਗੋਂ ਸੁਣੀ ਸੁਣਾਈ ਨੂੰ ਆਪਣਾ ਆਧਾਰ ਬਣਾ ਲਿਆ ਹੈ । ਖ਼ੈਰ !

(ਹ) ਕੁਝ ਹੋਰ ਗੁਣ

ਸ: ਸ਼ਮਸ਼ੇਰ ਸਿੰਘ 'ਅਸ਼ੋਕ' ਨੇ ਭਾਈ ਕਾਨ੍ਹ ਸਿੰਘ ਦੇ ਸੁਭਾ ਨਾਲ ਸੰਬੰਧਿਤ ਕੁਝ ਹੋਰ ਰੌਚਕ ਅਤੇ ਅਰਥ-ਪੂਰਣ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਇਕ ਵਿੱਚ ਆਪਣੇ ਕਥਾ ਨਾਇਕ ਦੀ ਬੁਰੇ ਨਾਲ ਭਲਾਈ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਇਕ ਬੰਦਾ ਮਹਾਰਾਜਾ ਹੀਰਾ ਸਿੰਘ ਦੇ ਅਰਦਲੀਆਂ ਵਿੱਚ, ਭਾਈ ਕਾਨ੍ਹ ਸਿੰਘ ਨੇ ਸਿਫ਼ਾਰਸ਼ ਕਰ ਕੇ ਲਗਵਾਇਆ ਕੁਝ ਦਿਨ ਪਾ ਕੇ ਉਸ ਨੇ ਭਾਈ ਕਾਨ੍ਹ ਸਿੰਘ ਵਿਰੁੱਧ ਚੁਗਲੀਆਂ ਆਰੰਭ ਦਿੱਤੀਆਂ । ਮਹਾਰਾਜੇ ਨੇ ਪੜਤਾਲ ਕਰਵਾਈ ਤਾਂ ਉਹ ਊਜਾਂ ਹੀ ਸਿਧ ਹੋਈਆਂ, ਨਤੀਜੇ ਵਜੋਂ ਉਸ ਚੁਗਲ ਨੂੰ ਨੌਕਰੀ ਤੋਂ ਹੱਟਾ ਦਿੱਤਾ ਗਿਆ, ਸਾਰੀ ਗੱਲ ਜਾਣ ਕੇ ਭਾਈ ਸਾਹਿਬ ਨੇ ਉਸ ਨੂੰ ਮੁੜ ਨੌਕਰੀ ਉੱਤੇ ਲਗਵਾ ਦਿੱਤਾ, ਉਸ ਬੰਦੇ ਨੇ ਫੇਰ ਲਿਖਤੀ ਸ਼ਿਕਾਇਤਾਂ ਕੀਤੀਆਂ ਉਹ ਭੀ ਝੂਠੀਆਂ ਸਾਬਤ ਹੋਈਆਂ, ਉਸ ਨੂੰ ਮੁੜ ਹਟਾਇਆ ਗਿਆ ਅਤੇ ਭਾਈ ਸਾਹਿਬ ਦੀ ਸਿਫਾਰਸ਼ ਨਾਲ ਵਾਪਿਸ ਹਾਜ਼ਿਰ ਕੀਤਾ ਗਿਆ, ਤੀਜੀ ਵਾਰੀ ਵੀ ਜਦ ਉਹ ਨਾ ਬਦਲਿਆ ਤਾਂ ਮਹਾਰਾਜੇ ਨੇ ਸਿਫਾਰਸ਼ ਮੰਨਣੋਂ ਇਨਕਾਰ ਕਰ ਦਿੱਤਾ ।[13]

ਇਕ ਗਰੀਬ ਚਪੜਾਸੀ ਇਕ ਵਾਰੀ ਬੀਮਾਰ ਪੈ ਗਿਆ, ਭਾਈ ਕਾਨ੍ਹ ਸਿੰਘ ਨੇ ਪਤਾ ਲੱਗਣ ਉੱਤੇ ਝੱਟ ਉਸਦੇ ਘਰ ਜਾ ਕੇ ਉਸ ਦੀ ਖ਼ਬਰ ਸਾਰ ਲਈ ਅਤੇ ਆਰਥਿਕ ਸਹਾਇਤਾ ਭੀ ਕੀਤੀ ।[14]

ਯੂਰਪ ਦੇ ਦੌਰੇ ਸਮੇਂ, ਇਕ ਨੁਮਾਇਸ਼ ਵਿੱਚ ਭਾਰਤੀ ਰਾਜਿਆਂ ਦਾ ਮਜ਼ਾਕ ਉਡਾਇਆ ਜਾਂਦਾ ਦੇਖ ਕੇ ਕਾਨ੍ਹ ਸਿੰਘ ਨੇ ਉਸ ਦਾ ਤਤਕਾਲ ਵਿਰੋਧ ਕੀਤਾ ਅਤੇ ਆਪਣੀ ਦੇਸ਼-ਭਗਤੀ ਅਤੇ ਅਣਖਦਾਰੀ ਦਾ ਸਬੂਤ ਦਿੱਤਾ ।[15]

1911 ਦੇ ਦਿੱਲੀ ਦਰਬਾਰ ਸਮੇਂ ਭਾਈ ਕਾਨ੍ਹ ਸਿੰਘ ਨੇ ਮਹਾਰਾਜਾ ਹੀਰਾ ਸਿੰਘ ਬਾਰੇ ਅੰਗ੍ਰੇਜ਼ੀ ਹਕੂਮਤ ਦੇ ਕਰਤਿਆਂ-ਧਰਤਿਆਂ ਵਿੱਚ ਮਹਾਰਾਜ ਦੀ ਵਡਿਆਈ ਦੀ ਅਜਿਹੀ ਫ਼ਜ਼ਾ ਬਣਾਈ ਕਿ ਬਾਦਸ਼ਾਹ ਨੇ ਮਹਾਰਾਜੇ ਦੀ ਭੇਟਾ ਆਪ ਅੱਗੇ ਹੋ ਕੇ ਲਈ ਅਤੇ ਪੰਜਾਬੀ ਵਿੱਚ ਮਹਾਰਾਜੇ ਦੀ ਸਿਹਤ ਦਾ ਸਮਾਚਾਰ ਪੁੱਛਿਆ ।[16] ਇਹ ਉਚੇਚ ਕਿਸੇ ਹੋਰ ਰਾਜੇ ਲਈ ਨਹੀਂ ਵਰਤਿਆ ਗਿਆ ਸੀ । ਇਸ ਘਟਨਾ ਤੋਂ ਭਾਈ ਕਾਨ੍ਹ ਸਿੰਘ ਦੀ ਸੁਆਮੀ-ਭਗਤੀ ਦਾ ਰੂਪ ਨਿੱਖਰ ਕੇ ਸਾਮ੍ਹਣੇ ਆਉਂਦਾ ਹੈ ।

---

11. ਪੰਨਾ 17
12. ਉਹੀ ਅਤੇ ਦੇਖੋ ਮ. ਕੋ. ਪੰਨਾ 595
13. ਅ. ਕਾ. ਪੰਨਾ 109-110

ਸ. ਸ. 'ਅਸ਼ੋਕ' ਅਤੇ ਇਨ੍ਹਾਂ ਸਤਰਾਂ ਦਾ ਲੇਖਕ ਇਸ ਗੱਲ ਦੇ ਸਾਖੀ ਹਨ ਕਿ ਭਾਈ ਕਾਨ੍ਹ ਸਿੰਘ ਨਵੇਂ ਪੁੰਗਰਦੇ ਲੇਖਕਾਂ, ਸਿਖਾਂਦਰੂਆਂ ਅਤੇ ਪੇਂਡੂ ਕਵੀਸ਼ਰਾਂ ਆਦਿ ਦੀਆਂ ਰਚਨਾਵਾਂ ਸੁਣਨ ਅਤੇ ਹਲਾਸ਼ੇਰੀ ਦੇਣ ਜਾਂ ਅਗਵਾਈ ਆਦਿ ਦੇਣ ਵਿੱਚ ਕਦੇ ਢਿੱਲ ਨਹੀਂ ਕਰਦਾ ਹੁੰਦਾ ਸੀ। ਸਗਵਾਂ ਇਨ੍ਹਾਂ ਲੋਕਾਂ ਦਾ ਦਿਲ ਵਧਾਉਣ ਲਈ ਉਹ ਬਹੁਤ ਵਾਰੀ ਆਪਣਾ ਕੀਮਤੀ ਸਮਾਂ ਜਾਂ ਚੰਗੀਆਂ ਪੁਸਤਕਾਂ ਦੇਣ ਤੋਂ ਭੀ ਨਹੀਂ ਝਿਜਕਦਾ ਸੀ। ਉਹ ਕਈ ਵਾਰੀ ਛੋਟੇ ਵੱਡੇ ਕਵੀ ਦਰਬਾਰਾਂ ਅਤੇ ਸਾਹਿਤਕ ਗੋਸ਼ਟੀਆਂ ਦੀ ਪ੍ਰਧਾਨਗੀ ਕਰ ਕੇ ਵੀ ਲਿਖਾਰੀ ਅਤੇ ਕਵੀ ਨੌਜਵਾਨਾਂ ਦਾ ਮਾਨ ਵਧਾਉਂਦੇ ਰਿਹਾ, ਭਾਵੇਂ ਅਜਿਹਾ ਕਰਨ ਵਿੱਚ ਕਈ ਵਾਰੀ ਉਚੇਚੀ ਖੇਚਲ ਵੀ ਕਰਨੀ ਪਈ।

ਰਚਨਾ ਦੇ ਪ੍ਰੇਰਕ ਤੱਤ

ਇਤਿਹਾਸਕ ਅਤੇ ਸਮਾਜਕ

(ੳ) ਸਿੱਖਾਂ ਦਾ ਲੇਖਕ :

ਭਾਈ ਕਾਨ੍ਹ ਸਿੰਘ ਆਪਣੇ ਸਮੇਂ ਦਾ ਇੱਕ ਚੇਤੰਨ ਅਤੇ ਜਾਗ੍ਰਿਤ ਬੁੱਧੀ-ਜੀਵੀ ਪੁਰਸ਼ ਸੀ, ਜਿਸ ਤੋਂ ਇਹ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਉਸ ਨੇ ਜੋ ਕੁਝ ਲਿਖਿਆ, ਅਪਣੇ ਸਮੇਂ ਦੀਆਂ ਲੋੜਾਂ ਨੂੰ ਵਿਚਾਰ ਕੇ, ਸੋਚ ਸਮਝ ਕੇ ਲਿਖਿਆ ਸੀ। ਇਹ ਗੱਲ ਵੀ, ਬਿਨਾਂ ਵਿਵਾਦ ਦੇ ਭੈ ਤੋਂ ਕਹੀ ਜਾ ਸਕਦੀ ਹੈ ਕਿ ਉਸ ਦੀ ਨਜ਼ਰ ਵਿੱਚ ਜੋ ਪਾਠਕ-ਸਮਾਜ ਸੀ, ਉਹ ਅਸਲੋਂ ਸਿੱਖ ਸਮਾਜ ਹੀ ਸੀ। ਇਸ ਲਈ ਭਾਈ ਕਾਨ੍ਹ ਸਿੰਘ ਦੀਆਂ ਰਚਨਾਵਾਂ ਦੇ ਪ੍ਰੇਰਣਾ-ਸ੍ਰੋਤ ਲੱਭਣ ਲਈ ਸਿੱਖਾਂ ਦੀ ਸਮਾਜਕ ਗਤੀ ਦੇ ਇਤਿਹਾਸ ਨੂੰ ਧਿਆਨ ਵਿੱਚ ਰੱਖਣਾ ਹੀ ਹੋਵੇਗਾ।

(ਅ) ਪੰਜਾਬ ਦੀ ਕਾਇਆ ਪਲਟ :

ਗੁਰੂ ਨਾਨਕ ਦੇਵ ਦੇ ਚਰਨਾਂ ਦੀ ਛੁਹ ਪਾ ਕੇ ਸਿੱਖੀ ਦਾ ਬੀਜ ਪੁੰਗਰਿਆ, ਗੁਰੂ ਅੰਗਦ ਦੇਵ ਨੇ ਘਿਆਲ-ਖੀਰ ਦੇ ਲੰਗਰ ਲਾ ਕੇ ਬਲ, ਪੁਸ਼ਟੀ ਅਤੇ ਰੱਜ ਦਿੱਤੇ, ਗੁਰੂ ਅਮਰਦਾਸ ਨੇ ਭਾਈਚਾਰੇ ਦਾ ਬੰਧੇਜ ਬੰਨ੍ਹਿਆ, ਸਿਦਕ ਅਤੇ ਸੇਵਾ ਦੀ ਪਾਣ ਲਾਈ; ਗੁਰੂ ਰਾਮਦਾਸ ਨੇ, ਤੀਰਥ ਦਾ ਸੰਕਲਪ ਦਿੱਤਾ; ਗੁਰੂ ਅਰਜਨ ਦੇਵ ਨੇ ਧਰਮ-ਗ੍ਰੰਥ ਬਖ਼ਸ਼ਿਆ, ਕਿਰਤ-ਕਮਾਈ ਰਾਹੀਂ ਸੰਜਮ, ਆਤਮ-ਨਿਰਭਰਤਾ ਅਤੇ ਹੀਣਿਆਂ-ਊਣਿਆਂ ਦੀ ਸਹਾਇਤਾ ਸਿਖਾਈ। ਹੁਣ ਤਕ ਇਹ ਤਹਿਰੀਕ ਏਨੀ ਸੁੱਭਰ, ਵਿਆਪਕ ਅਤੇ ਲੋਕ-ਮੋਹਕ ਬਣ ਚੁੱਕੀ ਸੀ ਕਿ ਹਾਕਮ-ਜਮਾਤ ਦੇ ਲੋਕ ਵੀ 'ਸਿੱਖ' ਹੋਣ ਲੱਗ ਪਏ ਸਨ ਅਤੇ ਜਹਾਂਗੀਰ ਬਾਦਸ਼ਾਹ ਇਸ ਉੱਭਰਦੀ ਲਹਿਰ ਨੂੰ ਠੱਲ੍ਹ ਪਾਉਣ ਦੀ ਸੋਚਣ ਲੱਗਾ। ਆਖਿਰ ਸ਼ਾਹਜ਼ਾਦੇ ਖ਼ੁਸਰੋ ਦੀ ਬਗ਼ਾਵਤ ਨੂੰ ਨਮੂਨਾ ਬਣਾ ਕੇ, ਗੁਰੂ ਜੀ ਦੀ ਸ਼ਹੀਦੀ ਅਤੇ ਗੁਰੂ ਘਰ ਦੀ ਜ਼ਬਤੀ ਦੇ ਹੁਕਮ ਦੇ ਕੇ ਆਪਣੀ ਭੜਾਸ ਕੱਢੀ। ਗੁਰੂ ਹਰਿਗੋਬਿੰਦ ਨੇ ਮੀਰੀ-ਪੀਰੀ ਦੇ ਆਦਰਸ਼ ਅਪਣਾ ਕੇ ਉੱਜੜਿਆਂ-ਉੱਖੜਿਆਂ ਨੂੰ ਸ੍ਵੈ-ਰਾਜ ਅਤੇ ਸੁਰਾਜ ਦਾ ਟੀਚਾ ਬਖ਼ਸ਼ਿਆ। ਗੁਰੂ ਹਰਿਰਾਇ ਨੇ ਬਾਦਸ਼ਾਹੀ ਕ੍ਰੋਪੀ ਦੀਆਂ ਸੱਟਾਂ ਹੇਠੋਂ ਬੱਚ ਨਿਕਲੀ ਸ਼ਕਤੀ ਨੂੰ ਧੀਰਜ, ਮੁੜ-ਸੰਗਠਨ ਅਤੇ ਮੌਕੇ ਦੀ ਉਡੀਕ ਦਾ ਰਾਹ ਦੱਸਿਆ। ਗੁਰੂ ਹਰਿਕ੍ਰਿਸ਼ਨ ਨੇ 'ਜੰਮਦੀਆਂ ਸੂਲਾਂ ਦੇ ਮੂੰਹ ਤਿੱਖ' ਦਾ ਨਕਸ਼ ਉਭਾਰਿਆ, ਗੁਰੂ ਤੇਗ਼ ਬਹਾਦਰ ਨੇ ਆਦਰਸ਼ਾਂ ਲਈ ਆਤਮ-ਬਲੀਦਾਨ ਸੁਝਾਇਆ ਅਤੇ ਗੁਰੂ ਗੁਰੂ ਗੋਬਿੰਦ ਸਿੰਘ ਨੇ ਕੌਮੀ-ਸੂਝ ਵਾਲੀ ਦੇ ਸੂਤਰਾਂ

ਦੀ ਸੰਭਾਲ ਅਤੇ ਪੰਚਾਇਤੀ-ਸਮਾਜ ਦੀ ਨੀਂਹ ਰੱਖ ਕੇ ਆਤਮ-ਸਨਮਾਨ ਦੀ ਰੱਖਿਆ ਕਰਨੀ ਦੱਸੀ ।

ਸ਼ਾਹੀ ਤਾਕਤਾਂ ਦਾ ਇਕ ਖ਼ਾਸਾ ਹੁੰਦਾ ਹੈ ਕਿ ਉਹ ਹਰ ਉਸੱਰਦੀ-ਸ਼ਕਤੀ ਨੂੰ ਇਸ ਲਈ ਸ਼ਹਿ ਦਿੰਦੀਆਂ ਹਨ ਕਿ ਸਮਾਂ ਆਉਣ ਉੱਤੇ ਉਨ੍ਹਾਂ ਨੂੰ ਅਪਣਾ ਕੇ ਆਪਣੇ ਹਿਤਾਂ ਦੀ ਰਾਖੀ ਵਿੱਚ ਵਰਤਿਆ ਜਾ ਸਕੇ; ਫੇਰ, ਉਨ੍ਹਾਂ ਦੇ ਧਾਰੇ ਨੂੰ ਆਪਣੇ ਮਨ-ਚਾਹੇ ਰੁਖ ਵੱਲ ਮੋੜਣ ਲਈ ਸਹਜੇ ਸਹਜੇ ਦਬਾਉ ਪਾਉਂਦੀਆਂ ਹਨ ਅਤੇ ਜਦੋਂ ਇਸ ਇਰਾਦੇ ਵਿੱਚ ਅਸਫਲ ਹੋ ਜਾਂਦੀਆਂ ਹਨ ਤਾਂ ਦਮਨ ਚੱਕਰ ਨੂੰ ਤ੍ਰਿਖੇਰਾ ਕਰਕੇ ਕੁਚਲਣ ਲਈ ਜ਼ੋਰ ਮਾਰਦੀਆਂ ਹਨ । ਬਹੁਤੀ ਵਾਰੀ, ਹੁੰਦਾ ਇਹੋ ਹੈ ਕਿ ਜਨਤਕ-ਲਹਿਰਾਂ ਦੀਆਂ ਪਕੜਾਂ ਡੂੰਘੇ ਲੱਥ ਜਾਂਦੀਆਂ ਹਨ ਅਤੇ ਸ਼ਾਹੀ ਤਾਕਤਾਂ ਉਨ੍ਹਾਂ ਨੂੰ ਕੁਚਲਣ ਦੇ ਆਹਰ ਵਿੱਚ ਅੰਦਰੋਂ ਖੋਖਲੀਆਂ ਹੋ ਕੇ, ਆਪਣੇ ਭਾਰ ਹੇਠ ਹੀ, ਢਹਿ ਢੇਰੀ ਹੋ ਜਾਂਦੀਆਂ ਹਨ ।

ਮੁਗ਼ਲ ਸਾਮਰਾਜ ਨੇ ਵੀ ਇਹੋ ਤਰੀਕੇ ਅਪਣਾਏ । ਖ਼ਾਸ ਤੌਰ ਉੱਤੇ ਸਿੱਖੀ ਪੰਜਾਬ ਦੇ ਲੋਕਾਂ ਵਿਚ ਡੂੰਘੀ ਪੁੜਦੀ ਗਈ ਅਤੇ ਮੁਗ਼ਲ-ਸ਼ਾਹੀ ਦਾ ਮਹੱਲ ਜਿਸ ਨੂੰ ਉਸਾਰਨ ਵਿਚ ਬਾਬਰ ਤੋਂ ਲੈ ਕੇ ਔਰੰਗਜ਼ੇਬ ਤੱਕ ਛੇ ਬਾਦਸ਼ਾਹਾਂ ਦਾ ਜ਼ੋਰ ਅਤੇ 177 ਵਰ੍ਹੇ ਲੱਗੇ ਸਨ, ਅਗਲੇ 150 ਸਾਲਾਂ ਵਿੱਚ ਢਹਿੰਦੀ-ਕਿਰਦੀ ਮਿੱਟੀ ਵਿੱਚ ਮਿੱਟੀ ਹੋ ਗਿਆ !

(ੲ) ਆਤਮ-ਸੱਤਾ-ਪ੍ਰਾਪਤੀ ਦਾ ਘੋਲ :

ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ "ਚੂੰ ਕਾਰ ਅਜ਼ ਹਮਹ ਹੀਲਤੇ ਦਰਗੁਜ਼ਸ਼ਤ,ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ" (ਜਦੋਂ ਸਾਰੇ ਹੀਲੇ ਮੁੱਕ ਲੈਣ ਤਾਂ ਤਲਵਾਰ ਸੂਤਣੀ ਉਚਿਤ ਹੈ) ਨੂੰ ਧਿਆਨ ਵਿੱਚ ਰਖਦਿਆਂ 'ਬੰਦਾ ਬਹਾਦਰ' ਦੀ ਅਗਵਾਈ ਵਿੱਚ ਸਿੱਖ ਰਾਜ ਦਾ ਝੰਡਾ ਬੁਲੰਦ ਕਰ ਦਿੱਤਾ ਗਿਆ ।[1] ਕੁਝ ਬੁਨਿਆਦੀ ਅੰਤਰ-ਵਿਰੋਧਾਂ ਕਾਰਨ ਇਹ ਜਤਨ ਚਿਰ-ਜੀਵੀ ਨਾਂ ਹੋਇਆ । ਇਸ ਕਚਕਰੇ ਕਦਮ ਦੀ ਕੀਮਤ ਚੁਕਾਉਣ ਲਈ ਦਿੱਤੀਆਂ ਸ਼ਹੀਦੀਆਂ ਅਤੇ ਕੁਰਬਾਨੀਆਂ ਨੇ, ਠੱਲ੍ਹੀਆਂ ਸ਼ਕਤੀਆਂ ਨੂੰ ਸਗਵਾਂ ਮੂਹ-ਤਾਣਾ ਬਣ ਦਿਆ । ਬੰਦਾ ਬਹਾਦਰ 1716 ਵਿੱਚ ਸ਼ਹੀਦ ਹੋਇਆ[2], (ਪਰੰਤੂ ਕੁਝ ਰਵਾਇਤਾਂ ਅਨੁਸਾਰ 1732 ਨੂੰ ਪ੍ਰਾਣ ਤਿਆਗੇ[3]) ।

ਅਗਲੇ ਵੀਹ ਵਰ੍ਹੇ, ਸਿੱਖਾਂ ਉੱਤੇ ਘੋਰ ਅਤਿਆਚਾਰਾਂ ਦਾ ਦੌਰ ਚਲਦਾ ਰਿਹਾ । ਉਹ ਬੇ-ਮਿਸਾਲ ਦ੍ਰਿੜਤਾ ਅਤੇ ਕੁਰਬਾਨੀ ਦੀਆਂ ਮਿਸਲਾਂ ਕਾਇਮ ਕਰਦੇ ਰਹੇ । 1738 ਵਿੱਚ ਨਾਦਿਰ ਸ਼ਾਹ ਦੇ ਭਾਰਤ ਉੱਤੇ ਹਮਲਿਆਂ ਦੇ ਪਿਛੋਕੜ ਵਿੱਚ ਮੁਗ਼ਲ ਹਾਕਮ, ਸਿੱਖਾਂ ਨਾਲ, ਪਠਾਣਾਂ ਵਿਰੁੱਧ, ਸਾਂਝਾ ਮੁਹਾਜ਼ ਬਣਾਉਣ ਵੱਲ ਝੁਕਦੇ ਹਨ ! ਕਪੂਰ ਸਿੰਘ ਨੂੰ

1. ਗੰਡਾ ਸਿੰਘ (ਡਾ:), ਤਜਕਰਾ ਬਾਬਾ ਬੰਦਾ ਸਿੰਘ, ਸਿੱਖ ਯੂਥ ਲੀਗ, 1934, ਅੰਮ੍ਰਿਤਸਰ, ਪੰਨਾ 13 (ਉਰਦੂ)
2. ਮ. ਕੋ., ਪੰਨਾ 669
3. ਉਹੀ ਪੰਨਾ 670,

ਨਵਾਬੀ ਅਤੇ ਖ਼ਾਲਸਾ ਦਲ ਨੂੰ ਜਾਗੀਰਾਂ ਇਸੇ ਦੌਰ ਦਾ ਕਿੱਸਾ ਹਨ।[4] 1752 ਵਿੱਚ ਇਹ ਸਮਝੌਤਾ ਟੁੱਟ ਜਾਂਦਾ ਹੈ। ਵਿਚਕਾਰਲੇ ਸਮੇਂ ਵਿਚ ਭੀ ਤਲਵਾਰ ਖੜਕ ਜਾਂਦੀ ਰਹੀ ਤੇ ਇਕ-ਇਕ ਸਿੱਖ ਦਾ ਸਿਰ ਪੰਜ ਰੁਪਏ ਤੋਂ ਪੰਜਾਹ ਰੁਪਏ ਤੱਕ ਵਿਕਦਾ ਰਿਹਾ।

1763 ਵਿੱਚ ਚਾਲੀ ਕੁ ਹਜ਼ਾਰ ਸਿੱਖ ਕੱਠੇ ਹੋ ਕੇ ਸਰਹੰਦ ਉੱਤੇ ਜਾ ਪਏ। ਨਵਾਬ ਜ਼ੈਨ ਖਾਂ ਮਾਰਿਆ ਗਿਆ। ਸ਼ਹਿਰ ਦੀ ਇੱਟ ਨਾਲ ਇੱਟ ਵਜਾ ਦਿੱਤੀ ਗਈ। ਇਸ ਇਲਾਕੇ ਦਾ ਵੱਡਾ ਹਿੱਸਾ ਆਲਾ ਸਿੰਘ ਦੇ ਕਬਜ਼ੇ ਵਿੱਚ ਆਇਆ ਅਤੇ ਫੂਲ ਕੇ ਘਰਾਣੇ ਦੀ ਰਾਜਗੀ ਦੀ ਨੀਂਹ ਧਰੀ ਗਈ।[5] 1764 ਦੇ ਲਗ ਪਗ ਜਿਹਲਮ ਤੋਂ ਲੈਕੇ ਜਮਨਾ ਤਕ ਖ਼ਾਲਸਈ ਝੰਡਾ ਝੁੱਲ ਰਿਹਾ ਸੀ; 1768 ਵਿਚ ਰੋਹਤਾਸ ਦਾ ਕਿਲ੍ਹਾ ਸਰ ਹੋਣ ਨਾਲ "ਸਿਖ ਰਾਜ ਅਟਕ ਤੋਂ ਲੈਕੇ ਜਮਨਾ ਤਕ ਫੈਲ ਗਿਆ"। ਇਹ ਸਾਰਾ ਇਲਾਕਾ ਉਸ਼ ਸਮੇਂ ਗਿਆਰਾਂ-ਬਾਰ੍ਹਾਂ ਵੱਖ ਘਰਾਨਿਆਂ ਵਿੱਚ (ਜਨ੍ਹਾਂ ਨੂੰ ਮਿਸਲਾਂ ਕਹਿੰਦੇ ਸਨ) ਵੰਡਿਆ ਹੋਇਆ ਸੀ। ਰੁਹਤਾਸ ਨੂੰ ਪਹਿਲੀ ਵਾਰੀ ਚੜ੍ਹਤ ਸਿੰਘ (1774, ਸ੍ਰ) ਨੇ ਜਿੱਤਿਆ ਸੀ।[6] ਉਹ ਰਣਜੀਤ ਸਿੰਘ ਦਾ ਦਾਦਾ ਸੀ।

1799 ਵਿੱਚ ਰਣਜੀਤ ਸਿੰਘ ਨੇ ਲਾਹੌਰ ਨੂੰ ਆਪਣੇ ਅਧਿਕਾਰ ਵਿੱਚ ਲੈਕੇ, 1820 ਤੱਕ ਆਪਣੇ ਜਤਨਾਂ ਨਾਲ, ਇੱਕ ਕੇਂਦਰੀ ਰਾਜ ਸਥਾਪਿਤ ਕਰ ਲਿਆ, ਜਿਸ ਵਿੱਚ ਕੇਵਲ ਸਤਲੁਜ ਅਤੇ ਜਮਨਾਂ ਵਿਚਕਾਰ ਰਾਜ ਕਰਦੀ 'ਫੂਲਕੀ ਮਿਸਲ' ਅਤੇ ਕੁਝ ਹੋਰ ਨਿੱਕੇ ਮੋਟੇ ਸਰਦਾਰਾਂ ਤੋਂ ਛੁੱਟ ਨਾ ਕੇਵਲ ਸਾਰੇ ਪੂਰਬਲੇ ਸਿੱਖ ਘਰਾਣਿਆਂ ਦੀ ਹੀ ਮਾਲਕੀ ਨੂੰ ਸਮੋ ਲਿਆ ਗਿਆ ਸਗੋਂ ਕਸ਼ਮੀਰ, ਕਾਂਗੜਾਂ ਅਤੇ ਜਮਰੌਦ ਤਕ ਦੇ ਕੁਝ ਪਠਾਣੀ ਇਲਾਕੇ ਭੀ ਖਪਾ ਲਏ ਗਏ। ਰਣਜੀਤ ਸਿੰਘ ਦੀ ਮੌਤ (1839) ਪਿੱਛੋਂ ਘਰ ਦੀ ਫੁੱਟ ਅਤੇ ਦਰਬਾਰੀਆਂ ਦੀਆਂ ਚਾਲਾਂ ਸਦਕਾ 1849 ਵਿੱਚ ਮਹਾਰਾਜਾ ਦਲੀਪ ਸਿੰਘ ਨੂੰ ਗੱਦੀਓਂ ਲਾਹ ਕੇ ਅੰਗ੍ਰੇਜ਼ਾਂ ਨੇ ਪੰਜਾਬ ਨੂੰ ਆਪਣੇ ਅਧਿਕਾਰ ਵਿੱਚ ਲੈ ਲਿਆ।

(ਸ) ਢਾਹ ਲਗਣ ਦੇ ਕਾਰਣ :

ਸੱਤਲੁਜ ਉਰਾਰ ਦੀਆਂ ਦੂਜੀਆ ਰਿਆਸਤਾਂ ਪਹਿਲਾਂ ਹੀ ਰਣਜੀਤ ਸਿੰਘ ਦੇ ਭੈ ਤੋਂ ਤ੍ਰਾਹੀਆਂ ਅੰਗ੍ਰੇਜ਼ੀ ਸਰਕਾਰ ਅੱਗੇ ਆਤਮ-ਸਮਰਪਣ ਕਰ ਚੁੱਕੀਆਂ ਸਨ।[7] ਲਾਹੌਰ ਸਰਕਾਰ ਦੇ ਹੱਥੋਂ ਖੁੱਸ ਜਾਣ ਨਾਲ ਸਿੱਖ-ਸੰਕਲਪਾਂ ਉੱਤੇ ਜਿਵੇਂ ਬਿਜਲੀ ਦੀ ਗਾਜ ਪੈ ਗਈ। ਇਹ ਘਟਨਾ ਭਾਈ ਕਾਨ੍ਹ ਸਿੰਘ ਦੇ ਜਨਮ ਤੋਂ ਕੇਵਲ 12 ਵਰ੍ਹੇ ਪਹਿਲਾਂ ਵਾਪਰੀ ਸੀ, ਇਸ ਲਈ ਸੁਭਾਵਕ ਸੀ ਕਿ ਉਨ੍ਹਾਂ ਦੇ ਬਚਪਣੇ ਵਿੱਚ, ਇਸ ਹੋਣੀ ਦੀ ਚਰਚਾ ਆਮ ਹੁੰਦੀ

---

4. ਉਹੀ, ਪੰਨਾ 321
5. ਬਰਾੜ ਚਮਨ, ਪਤਰਾ 599
6. ਹਸਰਤ, ਬੀ. ਜੇ., ਰਣਜੀਤ ਸਿੰਘ ਐਂਡ ਹਿਜ਼ ਟਾਈਮਜ਼, ਪੰਨਾ 381
7. ਉਹੀ,
8. ਉਹ ਜੀਂਦ ਦੇ ਰਾਜ ਘਰਾਣੇ ਦਾ ਦੋਹਤਰਾ ਸੀ-ਬਰਾੜ ਚਮਨ, ਪੱਤਰਾ 569

ਰਹਿੰਦੀ ਹੋਵੇ। ਰਿਆਸਤ ਨਾਭੇ ਦਾ ਇਸ ਘਟਨਾ ਨਾਲ ਵਿਸ਼ੇਸ਼ ਸੰਬੰਧ ਸੀ। ਇੱਕ ਤਾਂ ਮਹਾਰਾਜਾ ਰਣਜੀਤ ਸਿੰਘ ਨਾਭੇ ਦੇ ਰਾਜ-ਘਰਾਣੇ ਦਾ ਦੋਹਤਰਾ ਸੀ[8], ਦੂਜੇ ਸਿੱਖਾਂ ਅਤੇ ਅੰਗ੍ਰੇਜ਼ਾਂ ਵਿਚਕਾਰਲੀਆਂ ਲੜਾਈਆਂ ਸਮੇਂ, ਅੰਗ੍ਰੇਜ਼ਾਂ ਦੀ ਪੂਰੀ ਮੱਦਦ ਨਾ ਕਰਨ ਦੇ ਦੋਸ਼ ਵਿੱਚ ਨਾਭੇ ਦੇ ਰਾਜਾ ਦੇਵਿੰਦਰ ਸਿੰਘ ਨੂੰ ਗੱਦੀ ਤੋਂ ਲਾਹ ਕੇ (1846) ਬ੍ਰਿੰਦਾਬਣ ਭੇਜਿਆ ਗਿਆ ਸੀ।[9] ਇਸ ਲਈ ਨਾਭੇ ਦੀ ਫ਼ਜ਼ਾ ਦਾ ਇਸ ਘਟਨਾ ਤੋਂ, ਹੋਰਨਾਂ ਨਾਲੋਂ ਵਧੇਰੇ ਪ੍ਰਭਾਵਿਤ ਹੋਣਾ ਕੁਦਰਤੀ ਸੀ।

ਆਮ ਤੌਰ ਤੇ ਲੋਕਾਂ ਵਿੱਚ ਪ੍ਰਚਾਰਿਆ ਇਹੋ ਗਿਆ ਸੀ ਕਿ ਸਿੱਖ ਸਰਕਾਰ ਅਤੇ ਬਰਤਾਨਵੀ ਸੰਧੀ ਵਿੱਚ ਵਿਘਨ ਪੰਜਾਬ ਦੀਆਂ ਮੂੰਹ-ਤਾਣੀਆਂ ਫ਼ੌਜਾਂ ਨੇ ਪਵਾਇਆ ਜਾਂ ਰਾਣੀ ਜਿੰਦਾਂ ਨੇ ਫ਼ੌਜ ਤੋਂ ਆਪਣੇ ਭਰਾ ਦੀ ਮੌਤ ਦਾ ਬਦਲਾ ਲੈਣ ਲਈ ਅੰਦਰ-ਖ਼ਾਨੇ ਅੰਗ੍ਰੇਜ਼ਾਂ ਨਾਲ ਗੱਲ ਨਿੱਠ ਕੇ ਲੜਾਈ ਕਰਵਾਈ ਅਤੇ ਫ਼ੌਜ ਨੂੰ ਹਥਿਆਰ ਅਤੇ ਰਸਦ ਦਾ ਭੇਜਣਾ ਰੋਕ ਲਿਆ।[10] ਪਰ, ਕਿਸੇ ਇਤਿਹਾਸਕਾਰ ਨੇ, ਜਿਨ੍ਹਾਂ ਵਿੱਚ ਬਹੁਤੇ ਅੰਗ੍ਰੇਜ਼ ਹੀ ਸਨ, ਸਿੱਖਾਂ ਦੀ ਹਾਰ ਦਾ ਕਾਰਣ ਰਸਦ ਜਾਂ ਹਥਿਆਰਾਂ ਦੀ ਤੋਟ ਨਹੀਂ ਲਿਖਿਆ, ਸਗੋਂ ਕੁਝ ਫ਼ੌਜੀ ਸਰਦਾਰਾਂ ਦੀ ਜਾਣ ਬੁੱਝ ਕੇ ਦਿੱਤੀ ਗ਼ਲਤ ਕਮਾਂਡ ਨੂੰ ਸਿੱਖ ਹਾਰ ਦਾ ਕਾਰਣ ਮੰਨਿਆ ਹੈ ਅਤੇ ਆਮ ਸਿੱਖਾਂ ਨੇ ਫ਼ੌਜਾਂ ਦੀ ਵਫ਼ਾਦਾਰੀ, ਦ੍ਰਿੜ੍ਹਤਾ ਅਤੇ ਦੇਸ਼-ਭਗਤੀ ਨੂੰ ਸਲਾਹਿਆ ਹੈ। ਗੱਦਾਰੀ ਨਵੇਂ ਸਿੰਘ ਬਣੇ ਸਰਦਾਰਾਂ ਵਲੋਂ ਹੋਈ।

ਅਸਲ ਗੱਲ ਇਹ ਸੀ ਕਿ ਅੰਗ੍ਰੇਜ਼-ਹਾਕਮ ਆਪਣੀ ਭਾਰਤ-ਵਿਜੈ ਨੂੰ ਮੁਕੰਮਲ ਕਰਨ ਲਈ ਉਤਾਵਲੇ ਹੋ ਰਹੇ ਸਨ ਅਤੇ ਇਸ ਕਾਹਲ ਵਿੱਚ ਆਪਣਾ ਨੈਤਿਕ-ਬਿਬੇਕ ਵੀ ਖੋ ਬੈਠੇ ਸਨ। 1839-42 ਵਿੱਚ ਉਹ ਅਫ਼ਗਾਨਿਸਤਾਨ ਨੂੰ ਨਾ ਜਿੱਤ ਸਕਣ ਦੀ ਨਮੋਸ਼ੀ ਤੋਂ ਛਿੱਥੇ ਪਏ ਹੋਏ ਸਨ। 1843 ਵਿੱਚ ਸਿੰਧ ਦੀ ਜਿੱਤ ਵਿੱਚ ਮਿਲੀ ਸਫਲਤਾ ਨੂੰ ਦੇਖਦੇ ਹੋਏ, ਵਿਚ ਵਿਚਾਲੇ ਪੰਜਾਬ ਦਾ ਇਹ ਆਜ਼ਾਦ ਇਲਾਕਾ ਉਨ੍ਹਾਂ ਨੂੰ ਚੁਭਣ ਲੱਗਾ ਸੀ। 1845 ਵਿੱਚ ਇਸੇ ਲਈ ਕੂਟਨੀਤੀ ਨਾਲ, ਕੁਝ ਖ਼ੁਦ-ਗਰਜ਼ ਦਰਬਾਰੀਆਂ ਨਾਲ ਸਾਂਢੇ-ਗਾਂਢੇ ਉਪਰੰਤ, ਆਨੀ-ਬਹਾਨੀ ਸਿੱਖਾਂ ਨਾਲ ਉਲਝ ਪਏ, ਕਿਉਂਕਿ ਇਸ ਵਾਰੀ ਉਨ੍ਹਾਂ ਨੇ ਕੁਝ ਇਲਾਕੇ ਹੀ ਹਥਿਆਏ ਸਨ, ਦਲੀਪ ਸਿੰਘ ਦੀ ਬਾਦਸ਼ਾਹੀ ਬਰਕਰਾਰ ਰੱਖੀ ਸੀ, ਇਸ ਲਈ ਕੁਝ ਵਫ਼ਾਦਾਰ ਅਹਿਲਕਾਰ ਅਤੇ ਜਰਨੈਲ, ਚੰਗੇ ਦਿਨਾਂ ਦੀ ਉਡੀਕ ਵਿੱਚ ਮਨ ਮਾਰ ਕੇ ਸਭ ਕੁਝ ਜਰ ਗਏ ਸਨ, ਪਰ 1848 ਵਿੱਚ ਅਚਾਣਕ ਮੁਲਤਾਨ ਦਾ ਬਖੇੜਾ ਗਲ ਆ ਪਿਆ। ਕੇਂਦਰ ਵਿੱਚ ਰਾਜਸੀ ਸੱਤਾ ਅੰਗਰੇਜ਼ ਐਡਮਿਨਿਸਟਰੇਟਰ ਅਤੇ ਉਸਦੇ ਸਹਿਯੋਗੀਆਂ ਦੇ ਹੱਥਾਂ ਵਿੱਚ ਸੀ, ਇਸ ਕਾਰਣ ਮੁੜ ਸਿੱਖਾਂ ਨੂੰ ਹੀ ਮੂੰਹ ਦੀ ਖਾਣੀ ਪਈ। ਲਾਰਡ ਡਲਹੌਜ਼ੀ ਤਦੋਂ ਤਕ ਆਪਣਾ ਮਨ ਪੱਕਾ ਬਣਾ ਚੁੱਕਾ ਸੀ ਅਤੇ ਉਸ ਨੇ ਫ਼ਤਵਾ ਦਿੱਤਾ ਕਿ ਪੰਜਾਬ ਦਾ ਵਧੇਰੇ ਹਿਤ ਇਸੇ ਵਿੱਚ ਹੈ ਕਿ ਸਿੱਖਾਂ ਦੀ ਸਰਕਾਰ ਨੂੰ ਕੇਵਲ ਹਰਾਇਆ ਹੀ ਨਾ ਜਾਵੇ ਸਗੋਂ ਮਲੀਆ ਮੇਟ ਕਰਕੇ, ਉਨ੍ਹਾਂ ਦੇ ਰਾਜ-ਘਰਾਣੇ ਨੂੰ ਵੀ

---

9. ਉਹੀ, ਪੱਤਾ 393 (ਜੀਂਦ ਅਤੇ ਨਾਭਾ ਇੱਕੋ ਘਰਾਣੇ ਦੇ ਰਾਜ ਸਨ)।
10. ਸ਼ਾਹ ਮੁਹੰਮਦ, ਜੰਗਨਾਮਾ, ਬੈਂਤ 47 ਅਤੇ 99

ਖ਼ਤਮ ਕਰ ਦਿੱਤਾ ਜਾਵੇ"। ਭਾਵੇਂ ਉਸ ਦਾ ਪੰਜਾਬ ਵਿਚ ਬੈਠਾ ਪ੍ਰਤੀਨਿਧ ਹੈਨਰੀ ਲਾਰੰਸ ਇਸ ਕਾਰਵਾਈ ਨੂੰ "ਬੇ-ਇਨਸਾਫ਼ੀ ਅਤੇ ਨੀਤਿ ਦੇ ਵਿਰੁੱਧ ਮੰਨਦਾ ਸੀ।"[11]

ਅੰਗ੍ਰੇਜ਼ ਸਰਕਾਰ ਨੇ ਰਾਜ-ਖੋਹਣ ਨੂੰ ਹੀ ਕਾਫ਼ੀ ਨਹੀਂ ਸਮਝਿਆ ਸਗੋਂ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨਾਲ ਕੀਤੇ ਮਿੱਤਰਤਾ ਦੇ ਬਚਨ ਦੀ ਪਾਲਣਾ ਨਾ ਕਰ ਕੇ ਉਸ ਦੇ ਨਾਬਾਲਗ ਪੁੱਤਰ ਨੂੰ ਮਾਂ ਨਾਲੋਂ ਨਿਖੇੜ ਕੇ, ਉਸ ਨੂੰ ਆਪਣੇ ਧਰਮ ਵੱਲੋਂ ਉਪਰਾਮ ਕਰਨ ਅਤੇ ਈਸਾਈ ਧਰਮ ਧਾਰਨ ਕਰਵਾਉਣ ਦਾ ਵੀ ਕੰਮ ਕੀਤਾ।[12] 1854 ਵਿਚ, ਜਿਸ ਸਾਲ ਉਸ ਨੇ ਬਾਲਗ ਹੋਣਾ ਸੀ, ਉਸ ਨੂੰ ਹਿੰਦੁਸਤਾਨ ਤੋਂ ਦੂਰ, ਇੰਗਲੈਂਡ ਵਿਚ ਸੁਖ-ਭੋਗਣ ਲਈ ਭੇਜ ਦਿੱਤਾ ਗਿਆ।[13] 1861 ਵਿਚ ਉਹ ਆਪਣੀ ਬੀਮਾਰ ਮਾਂ ਨੂੰ ਕਲਕੱਤੇ ਮਿਲਣ ਆਇਆ ਹੋਇਆ, ਉਸ ਨੂੰ ਨਾਲ ਲੈ ਕੇ ਪਰਤਿਆ।[14] ਮੁੜ 1864 ਵਿਚ ਉਹ ਮਾਂ ਦੇ ਫੁੱਲ ਪਾਉਣ ਭਾਰਤ ਫੇਰ ਆਇਆ, ਪਰ, ਦੋਹਾਂ ਮੌਕਿਆਂ ਉੱਤੇ ਉਸ ਨੂੰ ਪੰਜਾਬ ਅਤੇ ਪੰਜਾਬੀਆਂ ਤੋਂ ਦੂਰ ਰੱਖਿਆ ਗਿਆ।[15] ਭਾਵੇਂ ਇਨ੍ਹਾਂ ਗੱਲਾਂ ਨੂੰ ਲੈ ਕੇ ਉਸ ਸਮੇਂ ਦੇ ਸਿੱਖ ਕੋਈ ਅੰਦੋਲਨ ਨਹੀਂ ਚਲਾ ਸਕੇ ਤਾਂ ਵੀ ਅਜਿਹੀ ਹਰ ਘਟਨਾ ਉਨ੍ਹਾਂ ਦੇ ਭਾਵਾਂ ਅਤੇ ਉਹਨਾਂ ਦੀ ਚੇਤਨਾਂ ਵਿਚਲੇ ਅੱਲੇ ਘਾਵਾਂ ਉੱਤੇ, ਸੱਜਰੀ ਚੋਟ ਲਾਉਂਦੀ ਰਹੀ ਅਤੇ ਕੱਚੇ ਖਰੀਂਢ ਛਿੱਲਦੀ ਰਹੀ।

ਪੰਜਾਬ ਦਾ ਮਹਾਂ ਸਰਕਾਰ-ਪ੍ਰਸਤ ਇਤਿਹਾਸਕਾਰ ਸਯਦ ਮੁਹੰਮਦ ਲਤੀਫ਼ ਵੀ ਸਿੱਖਾਂ ਦੀ ਤਤਕਾਲੀ ਖ਼ਾਮੋਸ਼ੀ ਉੱਤੇ ਹੈਰਾਨ ਹੋਕੇ ਲਿਖਣੋਂ ਨਾ ਰਹਿ ਸਕਿਆ ਕਿ—

> "ਜਿਸ ਸੌਖ ਅਤੇ ਚੁੱਪ ਨਾਲ ਅਣਗਿਣਤ ਬਹਾਦਰ ਆਦਮੀਆਂ ਨੇ, ਜੋ ਕਦੇ ਇੰਨੀ ਤਰਥਲੀ ਮਚਾਉਣ ਵਾਲੇ ਅਤੇ ਭਿਆਨਕ ਸਨ ਕਿ ਆਪਣੀ ਸਰਕਾਰ ਨੂੰ ਡਰਾਈ ਰੱਖਦੇ ਸਨ ਅਤੇ ਹਕੂਮਤ ਦੀ ਕਿਸਮਤ ਘੜਦੇ ਸਨ, ਹਥਿਆਰ ਸੁੱਟ ਦਿੱਤੇ ਅਤੇ ਖੇਤੀ ਦਾ ਪੇਸ਼ਾ ਅਖ਼ਤਿਆਰ ਕਰਨ ਲਈ ਜੰਗ ਦਾ ਪੇਸ਼ਾ ਛੱਡ ਦਿੱਤਾ।"[16]

ਦਲੀਪ ਸਿੰਘ ਨੇ 1886 ਵਿਚ ਮੁੜ ਭਾਰਤ ਆਉਣ ਦੀ ਇੱਛਾ ਕੀਤੀ ਸੀ। ਉਹ ਅਦਨ ਤੱਕ ਆ ਵੀ ਗਿਆ, ਪਰ, ਉਸ ਤੋਂ ਅੱਗੇ ਵਧਣ ਦੀ ਉਸ ਨੂੰ ਸਮੇਂ ਦੀ ਅੰਗ੍ਰੇਜ਼ ਸਰਕਾਰ ਵੱਲੋਂ (ਜਿਸ ਅੱਗੇ ਉਹ ਵਲੈਤ ਵਿਚ ਆਪਣੇ ਗੁਆਚੇ ਹੱਕਾਂ ਦੇ ਅਤੇ ਅਧਿਕਾਰਾਂ ਦੇ ਰੋਣੇ ਰੋਂਦਾ ਹੰਭ ਗਿਆ ਸੀ) ਆਗਿਆ ਨਾ ਮਿਲੀ।[17] ਇਸ ਨਿਰਾਸ਼ਾ ਵਿਚ ਉਸ ਨੇ ਈਸਾਈ ਧਰਮ ਤਿਆਗ ਕੇ ਮੁੜ ਅਦਨ ਵਿਚ ਹੀ ਅੰਮ੍ਰਿਤ ਛਕਿਆ।[18] ਅਤੇ ਮਜਬੂਰ ਹੋ

---

11. ਪੰਜਾਬ, ਸੰਪਾ. ਗੰਡਾ ਸਿੰਘ, ਪੰਨਾ 117
12. ਖਾਲਸਾ ਅਖਬਾਰ, ਦਿੱਤ ਸਿੰਘ, ਲਾਹੌਰ, 6 ਨਵੰਬਰ 1893
13 ਤੇ 14, ਉਹੀ
15. ਮ. ਕੋ. ਵਾਧੇ ਪੰਨਾ 52
16. ਖਾਲਸਾ ਅਖਬਾਰ, ਪਰਬਲਾ
17. ਮ. ਕੋ., ਵਾਧੇ, ਪੰਨਾ 60
18. ਖਾਲਸਾ ਅਖਬਾਰ, ਪੂਰਬਲਾ

ਯੂਰਪ ਨੂੰ ਪਰਤ ਗਿਆ, ਪਰ ਇੰਗਲੈਂਡ ਮੁੜ ਕੇ ਜਾਣ ਥੀਂ ਤ੍ਰਹਿਆ ਫਰਾਂਸ ਵਿੱਚ ਜਾ ਟਿਕਿਆ, ਜਿੱਥੇ 1893 ਵਿੱਚ ਆਖ਼ਿਰ ਉਸ ਦੇ ਧੁਖਦੇ ਮਨ ਦਾ ਪ੍ਰਾਣ ਵੀ ਸਾਥ ਛੱਡ ਗਏ ।[19]

ਇਕੱਲੇ ਦਲੀਪ ਸਿੰਘ ਦਾ ਹੀ ਰਾਜ ਨਹੀਂ ਗਿਆ ਸੀ, ਸਿੱਖ ਸਰਦਾਰਾਂ-ਜਾਗੀਰਦਾਰਾਂ ਦੀਆਂ ਜਾਗੀਰਾਂ ਜ਼ਬਤ ਹੋਣ ਲੱਗੀਆਂ; ਕਿਤਨੇ ਹੀ ਗਰਿਫ਼ਤਾਰ ਕਰ ਕੇ ਪੂਰਬ ਦੇ ਸ਼ਹਿਰਾਂ ਵਿਚ ਭੇਜੇ ਗਏ । ਪਹਿਲੇ ਤਿੰਨ ਵਰ੍ਹਿਆਂ ਵਿਚ ਕੋਈ ਬਵੰਜਾ ਲੱਖ ਰੁਪਏ ਦੀਆਂ ਜਾਗੀਰਾਂ ਜ਼ਬਤ ਹੋਈਆਂ ਸਨ । ਜਿਨ੍ਹਾਂ ਲੋਕਾਂ ਦੀਆਂ ਜਾਗੀਰਾਂ ਜ਼ਬਤ ਹੋਈਆਂ, ਉਨ੍ਹਾਂ ਨੂੰ ਮਾਮੂਲੀ ਪੈਨਸ਼ਨਾਂ ਦੇ ਦਿੱਤੀਆਂ ਗਈਆਂ ਜਾ ਜਾਗੀਰ ਦਾ ਕੁਝ ਹਿੱਸਾ ਬਹਾਲ ਰੱਖ ਦਿੱਤਾ ਗਿਆ । ਪੁਰਾਣੀ ਫ਼ੌਜ ਤੋੜ ਦਿੱਤੀ ਗਈ ਤੇ ਕੁਝ ਨਵੀਂ ਭਰਤੀ ਕੀਤੀ ਗਈ ।[20]

(ਹ) ਗ਼ੁਲਾਮੀ ਦੀ ਨਵੀਂ ਪਰੰਪਰਾ :

ਨਵਾਂ ਰਾਜ-ਪ੍ਰਬੰਧ ਇਕ ਨਵੀਂ ਆਰਥਕ-ਪ੍ਰਣਾਲੀ ਅਤੇ ਨਵੀਂ ਪ੍ਰਬੰਧਕੀ ਰੀਤ ਲੈ ਕੇ ਆਇਆ ਸੀ । ਜਿਹੋ ਜਿਹੀ ਦੋਸਤੀ ਦਾ ਅਹਿਦਨਾਮਾ ਮਹਾਰਾਜਾ ਰਣਜੀਤ ਸਿੰਘ ਨਾਲ ਹੋਇਆ ਸੀ, ਉਹੋ ਜਿਹੇ ਮਿੱਤ੍ਰਤਾ ਦੇ ਅਹਿਦਨਾਮੇ ਪਹਿਲਾਂ ਬੰਗਾਲ, ਅਵਧ, ਮੈਸੂਰ ਦੇ ਹਾਕਮਾਂ ਅਤੇ ਮਰਾਠਾ ਸਰਕਾਰ ਨਾਲ ਵੀ ਹੋਏ ਸਨ ਅਤੇ ਸਾਰੇ ਅੰਗ੍ਰੇਜ਼ ਦੇ ਪੇਟੇ ਪੈਂਦੇ ਚਲੇ ਗਏ ਸਨ, ਮੁੜਕੇ ਉੱਠਣ ਦਾ ਜਤਨ ਕਿਸੇ ਦਾ ਵੀ ਸਫਲ ਨਹੀਂ ਸੀ ਹੋ ਸਕਿਆ । ਇਸ ਇਹਸਾਸ ਨੇ ਪੰਜਾਬੀਆਂ ਦਾ ਲੱਕ ਤੋੜ ਦਿੱਤਾ ਸੀ । ਭੋਲੇ ਭਾਲੇ ਲੋਕਾਂ ਨੂੰ ਭਰਮਾਉਣ ਲਈ ਧਰਮ-ਗ੍ਰੰਥਾਂ ਵਿਚ ਅਜਿਹੀਆਂ ਸਾਖੀਆਂ ਰਲਾਈਆਂ ਗਈਆਂ ਜਿਨ੍ਹਾਂ ਵਿਚ ਅੰਗ੍ਰੇਜ਼ਾਂ ਦੀ ਆਉਂਦ ਨੂੰ ਗੁਰੂਆਂ ਦਾ ਵਰਦਾਨ ਸਿੱਧ ਕੀਤਾ ਗਿਆ ਸੀ ।[21] ਸ੍ਰੀ ਅੰਮ੍ਰਿਤਸਰ, ਅਕਾਲ ਤਖ਼ਤ ਅਤੇ ਤਰਨ ਤਾਰਨ ਆਦਿ ਦੇ ਪ੍ਰਸਿੱਧ ਗੁਰਦੁਆਰੇ ਸਰਕਾਰ ਦੇ ਪ੍ਰਬੰਧ ਵਿੱਚ ਚਲੇ ਗਏ । ਸਿੱਖਾਂ ਨੂੰ ਮਾਨਸਿਕ ਢਾਹ ਲਾਣ ਲਈ ਇਹ ਸਭ ਕੁਝ ਕਾਫ਼ੀ ਸੀ । ਮੁਸਲਮਾਨਾਂ ਨੂੰ ਜਿਨ੍ਹਾਂ ਪਾਸੋਂ ਲਗਪਗ ਅੱਧੀ ਸਦੀ ਪਹਿਲਾਂ ਪੰਜਾਬ ਦਾ ਰਾਜ ਸਿੱਖਾਂ ਨੇ ਜਿੱਤਿਆ ਸੀ, ਇਹ ਸ਼ਹਿ ਦਿੱਤੀ ਗਈ ਕਿ ਉਹ ਆਪਣੇ ਜੇਤੂਆਂ ਦੇ ਅਧੀਨ ਨਹੀਂ ਰਹੇ ਅੰਗ੍ਰੇਜ਼ਾਂ ਨੇ ਉਨ੍ਹਾਂ ਦੀ ਹਾਰ ਦਾ ਵੱਟਾ ਲਾਹ ਲਿਆ ਹੈ । ਉਨ੍ਹਾਂ ਨੂੰ ਸਿੱਖ ਰਾਜ ਦੇ ਸਮੇਂ ਨਾਲੋਂ ਵਧੇਰੇ ਉਨਤੀ ਦੇ ਮੌਕੇ ਅਤੇ ਅਹੁਦੇ ਦਿੱਤੇ ਜਾਣ ਲੱਗੇ । ਹਿੰਦੂਆਂ ਨੂੰ ਵੀ ਇਹਸਾਸ ਕਰਾਇਆ ਗਿਆ ਕਿ ਹੁਣ ਉਹ ਸਿੱਖਾਂ ਜਾਂ ਮੁਸਲਮਾਨਾਂ ਦੇ ਅਹਿਲਕਾਰ ਹੋਣ ਦੀ ਥਾਂ ਉਨ੍ਹਾਂ ਦੇ ਬਰਾਬਰ ਦੇ ਭਾਈਵਾਲ ਹਨ । ਉੱਤਰ ਪ੍ਰਦੇਸ਼ ਅਤੇ ਦਿੱਲੀ ਆਦਿ ਥਾਵਾਂ ਤੋਂ ਆਪਣੇ ਵਫ਼ਾਦਾਰ ਅਹੁਦੇਦਾਰ ਲਿਆ ਕੇ ਉਨ੍ਹਾਂ ਰਾਹੀਂ ਵੀ ਪ੍ਰਚਾਰ ਕਰਵਾਇਆ ਗਿਆ ਕਿ ਅੰਗ੍ਰੇਜ਼ੀ ਸਰਕਾਰ ਬੜੀ ਬਲਵਾਨ ਹੈ, ਉਸਦੇ ਰਾਜ ਵਿਚ ਹਰ ਸਮੇਂ ਸੂਰਜ ਦਾ ਪ੍ਰਕਾਸ਼ ਬਣਿਆ ਰਹਿੰਦਾ ਹੈ । ਉਸਦੇ ਤਪ-ਤੇਜ ਸਾਮ੍ਹਣੇ ਕੋਈ ਵਿਰੋਧੀ ਖੜਾ ਨਹੀਂ ਰਹਿ ਸਕਦਾ ।

---

19. ਮ. ਕੋ. ਪੰਨਾ 69
20. ਪੰਜਾਬ, ਪੂਰਬਲਾ, ਪੰਨਾ 22, 23
21. ਦੇਖੋ ਗੁਰੂ ਤੇਗਬਹਾਦਰ ਜੀ ਵੱਲੋਂ ਟੋਪੀਆਂ ਵਾਲੇ ਸਿੱਖਾਂ ਨੂੰ ਦੇਖਨ ਦੀ ਕਥਾ ਆਦਿ।

ਸਰਕਾਰ ਦੀ ਵਫ਼ਾਦਾਰੀ ਵਿਚ ਹੀ ਸੁਖ-ਸ਼ਾਂਤੀ ਅਤੇ ਉਨਤੀ ਸੰਭਵ ਹੋ ਸਕਦੀ ਹੈ। ਸੜਕਾਂ, ਨਹਿਰਾਂ, ਰੇਲਾਂ, ਡਾਕ-ਤਾਰ ਦੇ ਪ੍ਰਬੰਧ, ਪੁਲਿਸ, ਕਚਹਿਰੀਆਂ ਦੀ ਨਵੀਂ ਪ੍ਰਣਾਲੀ, ਨਵੀਂ ਵਿੱਦਿਆ ਪ੍ਰਣਾਲੀ, ਕ੍ਰਿਸਾਣੀ ਦਾ ਬੱਝਵਾਂ ਲਗਾਣ, ਜ਼ਮੀਨਾਂ ਦੀ ਨਵੇਂ ਢੰਗ ਨਾਲ ਮਿਣਤੀ ਆਦਿ ਪਿੱਛੋਂ ਬੰਦੋਬਸਤ ਆਕਿ ਕੁਝ ਹੋਰ ਅਜਿਹੇ ਸਾਧਨ ਸਨ ਜਿਨ੍ਹਾਂ ਰਾਹੀਂ ਨਵੀਂ ਸਰਕਾਰ ਨੇ ਆਪਣੇ ਪੈਰ ਪੱਕੇ ਕੀਤੇ ਅਤੇ ਪੁਰਾਣੀ ਲੋਕ-ਸਾਂਝੇਦਾਰੀ ਦਾ ਪੈਂਤੜਾ ਉਖੇੜਿਆ।

ਸਿੱਖਾਂ ਅਤੇ ਅੰਗ੍ਰੇਜ਼ਾਂ ਵਿਚ ਹੋਇਆ ਲੜਾਈਆਂ ਨੇ, ਅੰਗ੍ਰੇਜ਼ੀ-ਰਾਜ ਦੀ ਪੰਜਾਬ ਵਿਚ ਜੜ ਜਮਾ ਦਿੱਤੀ ਸੀ, ਇਸ ਗੱਲ ਤੋਂ ਸਿੱਖ ਅਵੇਸਲੇ ਨਹੀਂ ਸਨ, ਇਸ ਲਈ ਦਲੀਪ ਸਿੰਘ ਹੱਥੋਂ ਰਾਜ ਖੁੱਸਣ ਉੱਤੇ ਉਹ ਬਹੁਤੇ ਉੱਤੇਜਿਤ ਨਹੀਂ ਹੋਏ, ਪਰੰਤੂ ਪਿੱਛੋਂ ਹੋਣ ਵਾਲੀਆਂ ਘਟਨਾਵਾਂ, ਜਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਮਿੱਤ੍ਰਤਾ-ਸੰਧੀ ਨੂੰ ਪੈਰਾਂ-ਹੇਠ ਮਧੋਲ ਕੇ ਉਸਦੇ ਪੁੱਤਰ ਨੂੰ ਪਹਿਲਾਂ ਦੇਸ਼ ਨਿਕਾਲਾ ਦੇਣਾ, ਫੇਰ ਉਸਦਾ ਧਰਮ ਬਦਲਵਾਉਣਾ ਅਤੇ ਉਸ ਦੇ ਮਨ ਵਿਚ ਆਪਣੇ ਦੇਸ਼ ਧਰਮ ਅਤੇ ਸਾਕਾਂ ਸੰਬੰਧੀਆਂ ਲਈ ਘਿਰਣਾ ਦੇ ਭਾਵ ਜਗਾਉਣਾ; ਉਸ ਦੀ ਮਾਤਾ ਰਾਣੀ ਜਿੰਦਾਂ ਨੂੰ ਗਰਿਫ਼ਤਾਰ ਕਰਨਾ; ਜਿੰਦਾਂ ਦੀ ਬੀਮਾਰੀ ਸਮੇਂ ਕਲਕੱਤਿਓਂ ਉਸ ਨੂੰ ਲਿਜਾਣ ਆਏ ਦਲੀਪ ਸਿੰਘ ਉੱਤੇ ਅਕਾਰਣ ਪਾਬੰਦੀਆਂ ਲਗਾਉਣਾ, ਫੇਰ ਮਾਂ ਦਾ ਦਾਹ ਕਰਾਉਣ ਆਏ ਸਮੇਂ ਵੀ ਉਸਨੂੰ ਪੰਜਾਬੀਆਂ ਨਾਲ ਮਿਲਣ ਦੀ ਆਗਿਆ ਨਾ ਮਿਲਣਾ ਅਤੇ ਜਿੰਦਾਂ ਦਾ ਅੰਤਮ-ਸੰਸਕਾਰ ਨਾਸਿਕ ਵਿਚ ਕਰਨ ਉੱਤੇ ਮਜਬੂਰ ਹੋਣਾ ਪੈਣਾ; ਇੰਗਲੈਂਡ ਵਿਚ ਹੀਲੀਂ-ਪੱਜੀਂ ਉਸ ਦੀ ਪੈਨਸ਼ਨ ਦਾ ਘਟਾਇਆ ਜਾਣਾ; ਪੈਨਸ਼ਨ ਘਟ ਜਾਣ ਕਾਰਣ ਤੰਗਦਸਤੀ ਵਿਚ ਉਸਦਾ ਆਪਣੀ ਪੁਸ਼ਤੈਨੀ ਜਾਇਦਾਦ ਦੀ ਬਹਾਲੀ ਲਈ ਸੱਚੀ ਤੇ ਹੱਕੀ ਮੰਗ ਕਰਨਾ ਅਤੇ ਇਸ ਮੰਗ ਦਾ ਠੁਕਰਾਇਆ ਜਾਣਾ; ਅਦਨ ਵਿਚ ਉਸ ਦਾ ਰੋਕਿਆ ਜਾਣਾ ਆਦਿ—ਅਜਿਹੀਆਂ ਘਟਨਾਵਾਂ ਸਨ ਜੋ ਸਿੱਖ ਸਮਾਜ ਦੇ ਮਨ ਨੂੰ, ਅੰਦਰੋਂ ਅੰਦਰ ਚੋਂਭੜ ਕੇ ਜ਼ਖਮਾਂ ਨੂੰ ਤਾਜ਼ਾ ਰੱਖਣ ਵਿਚ ਸਹਾਈ ਹੁੰਦੀਆਂ ਸਨ। ਇਨ੍ਹਾਂ ਜਖਮਾਂ ਉੱਤੇ ਮਲ੍ਹਮ ਰੱਖਣ ਦੀ ਚਿੰਤਾ ਨਾ ਕੀਤੀ ਗਈ ਸਗੋਂ ਮਿਸ਼ਨਰੀਆਂ ਦੀਆਂ, ਈਸਾਈਅਤ ਦੇ ਪ੍ਰਚਾਰ ਲਈ ਕੀਤੀਆਂ ਜਲਦ-ਬਾਜ਼ੀਆਂ ਨੇ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕੀਤਾ।

ਭਾਈ ਵੀਰ ਸਿੰਘ ਦੀ ਜੀਵਨੀ ਦੇ ਲੇਖਕ ਗਿਆਨੀ ਮਹਾਂ ਸਿੰਘ ਨੇ, ਇਸ ਉਤਾਵਲੀ ਨੂੰ ਦਰਸਾਉਂਦੀ ਇਕ ਘਟਨਾ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ ਕਿ ਇਕ ਵਾਰੀ ਭਾਈ ਵੀਰ ਸਿੰਘ ਜੀ ਨੂੰ ਉਨ੍ਹਾਂ ਦੇ ਇਕ ਵਾਕਿਫ਼ ਪਾਦਰੀ ਨੇ, ਜੋ ਆਪਣਾ ਗਿਰਜਾ ਬਣਵਾ ਰਿਹਾ ਸੀ ਪੁੱਛਿਆ ਕਿ ਕੀ ਉਨ੍ਹਾਂ ਨੇ ਨਵਾਂ ਬਣ ਰਿਹਾ ਗਿਰਜਾ ਦੇਖਿਆ ਹੈ, ਤਾਂ ਭਾਈ ਸਾਹਿਬ ਨੇ ਕਿਹਾ ਬਾਹਰੋਂ ਦੇਖਿਆ ਹੈ ਅੰਦਰੋਂ ਨਹੀਂ ਅਤੇ ਨਾਲ ਹੀ ਕਿਹਾ ਕਿ ਇਮਾਰਤ ਸੁੰਦਰ ਤਾਂ ਹੈ ਪਰ ਛੋਟੀ ਹੈ। ਪਾਦਰੀ ਨੇ ਹੱਸ ਕੇ ਕਿਹਾ ਕਿ ਇਹ ਤਾਂ ਕੰਮ-ਚਲਾਊ ਹੈ "ਬੜਾ ਗਿਰਜਾ ਤਾਂ ਬਣਿਆ ਬਣਾਇਆ ਹੈ" ਭਾਈ ਸਾਹਿਬ ਦੇ ਹੈਰਾਨ ਹੋ ਕੇ ਪੁੱਛਣ ਤੇ ਕਿ ਉਹ ਕਿਹੜਾ ਹੈ, ਪਾਦਰੀ ਨੇ ਸਹਿਜ ਸੁਭਾ ਜਵਾਬ ਦਿਤਾ "ਗੋਲਡਨ ਟੈਂਪਲ"[22] ਇਹ

22. ਭਾਈ ਮਹਾਂ ਸਿੰਘ ਗਿਆਨੀ, ਭਾਈ ਸਾਹਿਬ ਭਾਈ ਵੀਰ ਸਿੰਘ ਦਾ ਗੁਰਮੁਖ ਜੀਵਨ, ਪੰਨਾ 49

ਘਟਨਾ ਪਾਦਰੀਆਂ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਚੋਖੀ ਸੇਧ ਦਿੰਦੀ ਹੈ।

ਗਿਆਨੀ ਜੀ ਨੇ ਉਸੇ ਥਾਂ ਇਕ ਹੋਰ ਘਟਨਾ ਦਾ ਵੀ ਜ਼ਿਕਰ ਕੀਤਾ ਹੈ ਕਿ ਜੋ ਇਸੇ ਰੁਚੀ ਵੱਲ ਸੰਕੇਤ ਕਰਦੀ ਹੈ। ਲਿਖਿਆ ਹੈ ਕਿ ਘੜਿਆਲੀਆਂ ਦੇ ਬੁੰਗੇ ਵਿਚਲੀਆਂ ਇਮਾਰਤਾਂ ਲਾਗੇ ਕੁਝ ਕੱਚੇ ਕੋਠੇ ਲੈ ਕੇ ਮਿਸ਼ਨ ਵਾਲਿਆਂ ਅੱਡਾ ਕਾਇਮ ਕਰ ਲਿਆ ਅਤੇ ਉਸ ਮਿਸ਼ਨ ਦੀ ਇੱਕ ਜਨਾਨੀ ਨਿੱਤ ਆਪਣੀ ਜੁੱਤੀ ਪਰਕਰਮਾ ਵਿੱਚ ਸਿੱਟਣ ਅਤੇ ਆਪਣੇ ਕੁੱਤੇ ਤੋਂ ਮੰਗਵਾਉਣ ਲੱਗ ਪਈ, ਜਿਸ ਉੱਤੇ ਕਾਫ਼ੀ ਨਾਰਾਜ਼ਗੀ ਦਾ ਵਾਤਾਵਰਣ ਪੈਦਾ ਹੋ ਗਿਆ।[23]

(ਕ) ਘਰ ਦੀ ਫੁੱਟ ਦੇ ਬਾਨ੍ਹਣੂ:

ਦਰਬਾਰ ਸਾਹਿਬ ਨੂੰ ਉਨ੍ਹਾਂ ਦਿਨਾਂ ਵਿੱਚ ਇਕ ਪਿਕ-ਨਿਕ ਸਪਾਟ (Picnic Spot) ਜਾਂ ਪੰਚਾਇਤੀ ਖੇਤਰ ਵਾਂਗ ਵਰਤੋਂ ਵਿੱਚ ਲਿਆਂਦਾ ਜਾਣ ਲੱਗਾ ਸੀ। ਇਸ ਥਾਂ ਪਰਕਰਮਾਂ ਵਿਚ ਭਾਂਤ ਭਾਂਤ ਦੀਆਂ ਮੂਰਤੀਆਂ ਦੇ ਪੁਜਾਰੀ ਆਪਣੇ ਅੱਡੇ ਲਾਉਂਦੇ, ਵੱਖ ਵੱਖ ਵਿਚਾਰ-ਧਾਰਾਵਾਂ ਦੇ ਲੋਕ ਆਪਣੇ ਭਾਸ਼ਨਾਂ ਦੇ ਮਜਮੇ ਲਾਉਂਦੇ ਅਤੇ ਪੇਂਡੂ-ਲੋਕ ਬੋਲੀਆਂ ਪਾਉਂਦੇ ਘੁੰਮਦੇ ਰਹਿੰਦੇ। ਡਾ: ਬਲਬੀਰ ਸਿੰਘ ਨੇ 'ਚਰਨ-ਹਰੀ ਵਿਸਥਾਰ' ਦੀ ਪਹਿਲੀ ਜਿਲਦ ਦੇ ਭਾਗ ਦੋ ਵਿਚ ਇਸ ਸਥਿਤੀ ਦਾ ਵਿਸਤਾਰ ਸਹਿਤ ਵੇਰਵਾ ਦਿੱਤਾ ਹੈ।[24] ਸਿੱਖਾਂ ਅਤੇ ਸ਼ਨਾਤਨ ਧਰਮੀਆਂ ਵਿਚ ਦੁਫੇੜ ਨੂੰ ਡੂੰਘਾ ਕਰਨ ਵਾਲੀ ਸ਼ਰਧਾ ਰਾਮ ਫਿਲੌਰੀ ਦੀ ਤਕਰੀਰ ਵੀ ਇਸੇ ਥਾਂ ਕੀਤੀ ਗਈ ਸੀ। ਇਸ ਦਾ ਜ਼ਿਕਰ ਵੀ ਡਾ: ਬਲਬੀਰ ਸਿੰਘ ਨੇ ਕੀਤਾ ਹੈ।[25] ਇਹ ਘਟਨਾ 1872 ਦੀ ਹੈ, ਪਰ ਆਰੀਆ ਸਮਾਜ ਦੀ ਸਥਾਪਨਾ ਪੰਜਾਬ ਵਿਚ 1877 ਵਿਚ ਸੁਆਮੀ ਦਯਾਨੰਦ ਦੇ ਆਉਣ ਉੱਤੇ ਹੁੰਦੀ ਹੈ। ਇਸੇ ਸ਼ਰਧਾਰਾਮ ਫਲੌਰੀ ਨੇ ਪ੍ਰਸਿੱਧ ਸਨਾਤਨੀ ਆਰਤੀ "ਜੈ ਜਗਦੀਸ਼ ਹਰੇ" ਰਚੀ ਸੀ। ਇਸ ਲਈ ਉਸ ਸਮੇਂ ਸ਼ਰਧਾਰਾਮ ਨੂੰ ਆਰੀਆ ਸਮਾਜੀ ਮੰਨਣਾ ਉਚਿਤ ਨਹੀਂ ਜਾਪਦਾ। ਆਰੀਆ ਸਮਾਜ ਨਾਲ ਦੁਫੇੜ ਭਾਈ ਦਿੱਤ ਸਿੰਘ (ਪੂਰਬਲੇ ਗੁਲਾਬ ਦਾਸੀ ਸਾਧੂ ਦਿੱਤੇ ਰਾਇ) ਅਤੇ ਸੁਆਮੀ ਦਯਾ ਨੰਦ ਦੇ ਵਿਵਾਦਾਂ[26] ਤੋਂ ਉਪਜ ਕੇ, ਸ਼ੁੱਧੀ ਪ੍ਰਚਾਰ ਸਮੇਂ ਬੌਣਿਆ ਦੀ ਸ਼ੁੱਧੀ[27] ਦੇ ਕਿਸੇ ਨੂੰ ਲੈ ਕੇ ਮਘੀ। ਜਿਥੋਂ ਤੱਕ ਸਿੱਖ-ਹਿੰਦੂ ਮਤ-ਭੇਦਾਂ ਦਾ ਸੰਬੰਧ ਹੈ ਇਹ ਖ਼ਾਲਸਾ-ਸਿਰਜਣਾ ਦੇ ਮਸਲੇ ਨੂੰ ਲੈ ਕੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੋਂ ਚਲੇ ਆ ਰਹੇ ਸਨ ਅਤੇ ਇਸ ਗੁੰਝਲ ਵਿਚ ਸਨਾਤਨੀ ਹਿੰਦੂ ਵਧੇਰੇ ਉਲਝੇ ਰਹੇ ਸਨ। ਸਿੱਖ-ਆਰੀਆ ਮਤ ਭੇਦਾਂ ਦੇ ਸਮੇਂ ਤੋਂ ਉਨ੍ਹਾਂ ਇਹ ਮੋਇਆ ਸੱਪ ਆਰੀਆ ਸਮਾਜ ਦੇ ਗਲ ਪਾ ਛੱਡਿਆ ਸੀ। ਸਗੋਂ ਜੇ ਵਧੇਰੇ ਡੂੰਘੇ ਤੱਕਿਆ ਜਾਵੇ ਤਾਂ ਸਿੱਖ-ਹਿੰਦੂ ਤਣਾਉ ਦਾ ਮੁੱਢ ਬਾਬਾ ਸ੍ਰੀ ਚੰਦ

---

23. ਉਹੀ ਭਾਈ ਸਹਾਂ ਸਿੰਘ, ਪੂਰਬਲਾਂ
24. ਪੰਨਾ 63-64
25. ਉਹੀ
26. ਭਾਈ ਦਿੱਤ ਸਿੰਘ ਨਾਲ ਹੋਏ ਸੰਵਾਦ, ਦੇਖੋ ਗਿ: ਦਿੱਤ ਸਿੰਘ, ਮੇਰਾ ਤੇ ਸਾਧੂ ਦਯਾ ਨੰਦ ਦਾ ਸੰਬਾਦ।
27. ਦੇਖੋ ਕਵੀ ਸੈਨ ਪਤਿ ਰਚਿਤ 'ਗੁਰੂ ਸੋਭਾ' ਵਿਚ ਦਿੱਲੀ ਦੇ ਸਿੱਖਾਂ ਦੀ ਵਿਥਿਆ

ਜੀ ਦੀ ਸੰਪ੍ਰਦਾਇ ਉਦਾਸੀ ਪੰਥ ਦੀ ਕਥਨੀ-ਕਰਨੀ ਵਿਚੋਂ ਭਾਲਣਾ ਹੋਵੇਗਾ, ਇਸ ਸੰਪ੍ਰਦਾਇ ਵਾਲੇ ਸਾਧੂ ਇਕ ਵੰਨੇ ਗੁਰੂ ਨਾਨਕ ਅਤੇ ਉਸਦੇ ਸਿੱਖਾਂ ਨਾਲੋਂ ਨਹੀਂ ਵਿਛੁੜ ਸਕੇ ਅਤੇ ਦੂਜੇ ਵੰਨੇ ਆਪਣੀ ਸ਼ਰਧਾ ਪੰਡਾ-ਪੰਥੀ ਕਰਮ-ਕਾਂਡ ਵਿਚੋਂ ਵੀ ਨਿਖੇੜ ਨਹੀਂ ਸਕੇ। ਸ਼ਾਇਦ ਉਹ ਗੁਰੂ ਨਾਨਕ ਦੀ ਲੋਕ-ਪ੍ਰਿਯਤਾ ਅਤੇ ਬਾਬਾ ਸੀ ਚੰਦ ਦੇ ਤਪੱਸਿਆ-ਵਾਦ ਦਾ ਲਾਭ ਇਕੋ ਸਮੇਂ ਲੈਣਾ ਚਾਹੁੰਦੇ ਸਨ। ਇਸੇ ਦ੍ਰਿਸ਼ਟੀ ਨੇ ਉਨ੍ਹਾਂ ਪਾਸੋਂ ਸਿੱਖੀ ਦੀ, ਸਿੱਖ ਗੁਰਧਾਮਾਂ ਦੀ ਰੱਖਿਆ ਅਤੇ ਸਿੱਖੀ ਪ੍ਰਚਾਰ ਦਾ ਕੰਮ ਭੀ ਲਿਆ ਹੈ ਅਤੇ ਉਨ੍ਹਾਂ ਦੀ ਸਿੱਖੀ ਦੀ ਬੁਨਿਆਦੀ ਵਿਚਾਰਧਾਰਾ ਵਿਚ ਗੁਰੂਆਂ ਦੁਆਰਾ ਖੰਡੇ ਗਏ ਕਰਮਕਾਂਡੀ ਸੰਸਕਾਰਾਂ ਅਤੇ ਬ੍ਰਾਹਮਣੀ ਪੰਡਾ-ਪੰਥੀ ਰੀਤਾਂ ਦਾ ਘਚੋਲਾ ਪਾਉਣ ਦਾ ਭਾਰ ਭੀ ਢੁਆਇਆ ਹੈ। ਅੱਜ ਉਹ ਆਪਣੇ ਆਪ ਨੂੰ ਅਸਿੱਖ ਕਹਿਣ ਲੱਗਣ ਅਤੇ ਸਿੱਖ ਉਨ੍ਹਾਂ ਨੂੰ ਗੁਰੂ ਮਾਰਗ ਤੋਂ ਭਟਕਾਉਣ ਵਾਲੇ ਕਹਿਣ ਤਾਂ ਕਿਸੇ ਨੂੰ ਅਚੰਭਾ ਨਹੀਂ ਹੋਣਾ ਚਾਹੀਦਾ। ਅੱਜ ਇਹ ਹਿੰਦੂਆਂ ਅਤੇ ਸਿੱਖਾਂ ਵਿਚਕਾਰਲੇ ਇਕ ਢੱਠੇ ਟੁੱਟੇ ਪੁਲ ਤੋਂ ਵਧੇਰੇ ਹੈਸੀਅਤ ਨਹੀਂ ਰੱਖਦੇ।

(ਖ) ਰਹਿਤ-ਮਰਯਾਦਾ ਦੀ ਧਾਂਦਲੀ :

ਜਾਪਦਾ ਇਹ ਹੈ ਕਿ ਸਿੱਖ ਰਹਿਤ-ਮਰਯਾਦਾ ਦੀ ਤਾਣੀ ਮੁੱਢੋਂ ਹੀ ਪਿਲਛਦੀ ਆਈ ਹੈ। ਇਸ ਰਹੁ-ਰੀਤ ਦੀ ਸਭ ਤੋਂ ਪਹਿਲੀ ਦਸਤਾਵੇਜ਼ ਗੁਰੂ ਅੰਗਦ ਜੀ ਦੁਆਰਾ ਲਿਖਵਾਈ ਗੁਰੂ ਨਾਨਕ ਦੀ ਜਨਮ-ਸਾਖੀ ਹੋ ਸਕਦੀ ਸੀ। ਬਦਕਿਸਮਤੀ ਨਾਲ ਉਸ ਗ੍ਰੰਥ ਦੀ ਉਚਿਤ ਸੰਭਾਲ ਦਾ ਠੀਕ ਪ੍ਰਬੰਧ ਨਾ ਹੋ ਸਕਿਆ। ਅੱਗੇ ਜਾ ਕੇ ਉਸ ਵਿੱਚ ਅਜਿਹਾ ਕੁਝ ਰਲਾਇਆ ਗਿਆ, ਜਿਸ ਦਾ ਆਸ਼ਾ ਗੁਰੂ ਘਰ ਦੀ ਮਾਣ ਮਹੱਤਾ ਉਤੇ ਬੱਜਰਘਾਤ ਕਰਨਾ ਹੀ ਕਿਹਾ ਜਾ ਸਕਦਾ ਹੈ। ਅੱਜ ਜੋ ਕੁਝ ਬਚਿਆ ਹੈ ਉਹ ਲੋੜੀਂਦੇ ਮੰਤਵ ਲਈ ਇਤਿਹਾਸ ਜਾਂ ਨਿਰੀ ਅਹਿਸਾਸ ਦੇ ਪੱਖ ਤੋਂ ਭੀ ਨਾ ਵਿਸ਼ਵਾਸ਼ ਯੋਗ ਹੈ ਅਤੇ ਨ ਕਾਫੀ। ਉਸ ਗ੍ਰੰਥ ਦਾ ਮੂਲ ਰੂਪ ਲੋਪ ਹੋ ਚੁੱਕਾ ਹੈ। ਅੱਜ ਅਸੀਂ, ਵੱਧ ਤੋਂ ਵੱਧ ਉਨ੍ਹਾਂ ਅਣਸੁਖਾਵੇਂ ਅੰਸ਼ਾਂ ਨੂੰ ਹੀ, ਅੱਖੋਂ ਉਹਲੇ ਕਰਨ ਲਈ, ਕਿਆਸ ਸਕਦੇ ਹਾਂ ਜੋ ਪਿੱਛੋਂ ਰਲਾਏ ਗਏ ਸਨ। ਫੇਰ ਵੀ ਉਸ ਭੈੜੀ ਨੀਯਤ ਨਾਲ ਰਲਾਈ ਗਈ ਖੋਟ ਦੀ ਸਾਰੀ ਛੂਤ ਦੂਰ ਕਰ ਸਕਣਾ ਇੱਕ ਅਸੰਭਵ ਕਿਰਿਆ ਹੈ। ਛੂਤ ਵਾਲੀ ਇਸ ਲਾਗ ਦੀ ਹੋਂਦ ਸ਼ਰਧਾਵਾਨਾਂ ਦੀ ਅਣਜਾਣਤਾ ਕਾਰਨ, ਏਨੀ ਵਾਰ ਦੁਹਰਾਈ ਅਤੇ ਰਚਾਈ ਜਾ ਚੁਕੀ ਹੈ ਕਿ ਹੁਣ ਉਹ ਮੂਲ ਦਾ ਅਨਿੱਖੜਵਾਂ ਅੰਗ ਬਣ ਗਈ ਹੈ।

ਦੂਜੀ ਦਸਤਾਵੇਜ਼ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਹਨ, ਉਹਨਾਂ ਵਿਚ ਕਾਵਿਕ-ਤੱਤ ਅਤੇ ਸੰਕੇਤ-ਸੂਚਨਾਵਾਂ ਵਧੇਰੇ ਹਨ, ਸਪਸ਼ਟ ਵੇਰਵੇ ਘੱਟ। ਖ਼ਾਸ ਕਰਕੇ ਸਮਾਜਿਕ ਤੱਤ ਨਿੱਖੜਵਾਂ ਨਹੀਂ। ਪਰੰਪਰਾਵਾਦੀ ਅਤੇ ਸਿਧਾਂਤਕ ਵਿਆਖਿਆ ਕਰਦੇ ਟੀਕਿਆਂ ਨੇ ਰਹਿੰਦੀ ਗੱਲ ਵੀ ਗੁਆ ਦਿੱਤੀ ਹੋਈ ਹੈ।

ਗੁਰੂ ਅਰਜਨ ਦੇਵ ਨੇ ਜੋ ਰਹੁ-ਰੀਤ ਸ੍ਰੀ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਵਿਚ ਲਾਗੂ ਕਰਵਾਈ ਸੀ, ਉਹ ਗੁਰੂ ਹਰ-ਗੋਬਿੰਦ ਜੀ ਦੇ ਅੰਮ੍ਰਿਤਸਰ ਛੱਡ ਜਾਣ ਪਿੱਛੋਂ, ਮੀਣਿਆਂ, ਮਸੰਦਾਂ ਉਦਾਸੀਆਂ ਅਤੇ ਮੁੜ ਪਿੱਛੋਂ, ਬੰਦਈਆਂ ਦੀਆਂ ਰੁਚੀਆਂ ਅਤੇ ਪ੍ਰਵਿਰ-ਤੀਆਂ ਅਧੀਨ ਰਲੇ ਦਾ ਸ਼ਿਕਾਰ ਹੁੰਦੀ ਰਹੀ।

ਅਸਲ ਵਿੱਚ, ਨਿਰਣਾਜਨਕ ਰਹੁ-ਰੀਤ ਦੀ ਥਾਪਨਾ ਦਾ ਮੌਕਾ ਖ਼ਾਲਸਾ-ਸਿਰਜਣਾ ਤੋਂ ਉਪਰੰਤ ਹੀ ਆਇਆ ਸੀ । ਉਸ ਵੇਲੇ ਸਿੱਖ ਰਹਿਣੀ-ਬਹਿਣੀ ਵਿਚ ਕੁਝ ਬੁਨਿਆਦੀ ਨੇਮ ਥਾਪ ਕੇ, ਗੁਰੂ ਜੀ ਵੱਲੋਂ ਹਿਦਾਇਤ ਹੋਈ ਦੱਸੀ ਜਾਂਦੀ ਹੈ ਕਿ :

"ਰਹਿਣੀ ਰਹੇ ਸੋਈ ਸਿੱਖ ਮੇਰਾ, ਉਹ ਸਾਹਿਬ ਮੈਂ ਉਸ ਕਾ ਚੇਰਾ ।[28]

ਜਾਂ

ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹਿ ।"[29]

ਇਹ ਭੀ ਪ੍ਰਸਿੱਧ ਹੈ ਕਿ ਉਸ ਸਮੇਂ ਗੁਰੂ ਜੀ ਦੀਆਂ ਹਿਦਾਇਤਾਂ ਅਨੁਸਾਰ ਹਜ਼ੂਰੀ ਸਿੱਖਾਂ ਨੂੰ ਅਨੇਕ ਰਹਿਤ-ਨਾਮੇ ਰਚਣ ਦਾ ਸੁਭਾਗ ਵੀ ਪ੍ਰਾਪਤ ਹੋਇਆ । ਪਰ ਇਨ੍ਹਾਂ ਰਹਿਤ ਨਾਮਿਆਂ ਵਿਚੋਂ ਕਿਸੇ ਦੀ ਮੂਲ-ਪੱਤਰੀ ਹੱਥ ਨਹੀਂ ਆਉਂਦੀ । ਜੋ ਕੁਝ ਮਿਲਦਾ ਹੈ ਉਸ ਤੋਂ ਪਾਠਾਂ ਦੀ ਪ੍ਰਮਾਣੀਕਤਾਂ ਦਾ ਕੋਈ ਨਿਰਣਾ ਕਰਨ ਦੇ ਸਾਧਨ ਨਹੀਂ ਲੱਭਦੇ । ਕਦੇ ਕਦੇ ਤਾਂ ਸੂਝਵਾਨ ਆਲੋਚਕ ਉਨ੍ਹਾਂ ਦੇ ਕਿਸੇ ਮੂਲ ਰੂਪ ਦੀ ਹੋਂਦ ਵਿਚ ਵੀ ਸ਼ੱਕ ਕਰ ਬੈਠਦਾ ਹੈ । ਡਾ: ਮਾਨ ਸਿੰਘ ਨਿਰੰਕਾਰੀ ਨੇ ਇਸ ਮਸਲੇ ਉਤੇ ਆਪਣੀ ਸੂਝ ਦੇ ਪੱਖੋਂ ਬਹੁਤ ਵਿਸਤਾਰ ਨਾਲ ਲਿਖਿਆ ਹੈ ।[29ਏ]

ਅਜੋਕੜੇ ਵਿਗਿਆਨਕ ਢੰਗਾਂ ਨਾਲ ਪਾਠ-ਸਥਾਪਨਾ ਦੀ ਉਨ੍ਹਾਂ ਸਮਿਆਂ ਵਿਚ ਨਾ ਕੋਈ ਰੀਤ ਸੀ ਅਤੇ ਨਾ ਕਿਸੇ ਕੋਲ ਵਿਹਲ, ਜੋ ਜਿੱਥੇ, ਜਿਸ ਰੂਪ ਵਿਚ ਮਿਲਿਆ, ਸ਼ਰਧਾ ਨਾਲ ਸੰਭਾਲ ਲਿਆ ਗਿਆ । ਪੜਚੋਲ, ਵਿਸ਼ੇਸ਼ ਕਰਕੇ, ਸ਼ੰਕਾਵਾਦੀ, ਸਬੂਤ ਮੰਗਦੀ ਪੜਚੋਲ ਨੂੰ, ਉਨ੍ਹੀਂ ਦਿਨੀਂ ਬੇਅਦਬੀ ਅਤੇ ਮਨਮਤ ਦਾ ਦਰਜਾ ਦਿੱਤਾ ਜਾਂਦਾ ਸੀ, ਜੋ ਕਿਸੇ ਸਿੱਖ ਲਈ ਗਾਲ੍ਹ ਬਰਾਬਰ ਸੀ । ਅੱਜ ਇਹ ਗ਼ਲਤ ਤੌਰ ਉੱਤੇ ਪ੍ਰਚਾਰ ਪਾਈ ਰਹੁ-ਰੀਤ ਸੋਧਣੀ ਅਤਿ ਕਠਿਨ ਹੋ ਗਈ ਹੈ ।

(ਗ) ਸਿੱਖਾਂ ਦੀ ਗਿਣਤੀ ਵਿਚ ਫ਼ਸਲੀ ਉਤਾਰ-ਚੜ੍ਹਾਉ :

ਸਿੱਖ ਰਾਜ ਆਇਆ, ਤਾਂ ਮਹਾਰਾਜੇ ਦੀ ਸਿੱਖੀ ਵਿਚ ਸ਼ਰਧਾ ਅਤੇ ਪ੍ਰੇਮ ਦਾ ਲਾਭ ਲੈਣ ਦੀ ਕਾਮਨਾ ਵਾਲੇ ਅਨੇਕਾਂ ਫ਼ਸਲੀ ਬਟੇਰਿਆਂ ਨੇ ਸਿੱਖੀ ਬਾਣਾ ਅਤੇ ਸਿੱਖ ਨਾਉਂ ਧਾਰਨ ਕਰ ਲਏ । ਅਨੇਕਾਂ ਬ੍ਰਾਹਮਣ ਪੁਜਾਰੀ ਪਰਿਵਾਰ ਵੀ ਰੋਜ਼ੀ ਅਤੇ ਪ੍ਰਭੁਤਾ ਦੀ ਪ੍ਰਾਪਤੀ ਦੀ ਆਸ ਵਿੱਚ ਪਾਠੀ ਅਤੇ ਗਿਆਨੀ ਬਣ ਬੈਠੇ । ਕੁਦਰਤੀ ਸੀ ਕਿ ਉਨ੍ਹਾਂ ਵਿਚੋਂ ਬਹੁਤੇ ਭੇਖਧਾਰੀ ਤੋਂ ਅਗਲੇਰੀ ਪਉੜੀ ਤੱਕ ਅਪੜਨ ਵਿੱਚ ਸਮਰੱਥ ਹੋ ਹੀ ਨਹੀਂ ਸਨ ਸਕਦੇ ਅਤੇ ਉਨ੍ਹਾਂ ਪਾਸੋਂ ਕਿਸੇ ਰਹਿਤ-ਮਾਰਗੀ ਪਥ-ਪ੍ਰਦਰਸ਼ਨ ਦੀ ਆਸ ਫਜ਼ੂਲ ਸੀ । ਕੁਝ ਤਾਂ ਪੁਰਾਤਨਵਾਦੀ ਦ੍ਰਿੜਤਾ ਦੇ ਦਾਅਵੇਦਾਰ ਆਏ ਹੀ ਵਿਹੁ-ਬੀਜ ਬੀਜਣ ਹੋਣਗੇ । ਮੈਂ ਪਹਿਲਾਂ ਅਜਿਹੇ ਹਰ ਸ਼ੰਕੇ ਨੂੰ ਤੰਗ ਦਿਲੀ ਸਮਝਦਾ ਸਾਂ ਪਰ ਪਿਛਲੇ ਦਿਨੀਂ ਇੰਡੀਅਨ ਐਕਸਪ੍ਰੈਸ ਵਿਚ ਛਪੇ ਤਿੰਨ ਲੇਖ ਖੰਡੀ ਅਤੇ ਉਸ ਬਾਰੇ ਉਦਾਰਵਾਦੀ ਹਿੰਦੂ ਵਿਦਵਾਨਾਂ ਦੇ ਲੇਖਾਂ ਵਿੱਚ

---

28. ਤਨਖਾਹ ਨਾਮਾ ਭਾਈ ਨੰਦ ਲਾਲ

29. ਸੂ. ਪ੍ਰ. ਰੁਤ 5 ਅਧਿ: 3

29 ਏ. ਸਿੱਖ ਤੇ ਸਿੱਖੀ, ਪੰਨਾ 107, 108, 48

ਛਿੱਬਰ ਪਰਿਵਾਰ ਜਾਂ ਬੰਦੇ ਬਹਾਦਰ ਦੇ ਕਦੇ ਸਿੱਖ ਨਾ ਰਹੇ ਹੋਣ ਦੀਆਂ ਦਲੀਲਾਂ ਨੂੰ ਪੜ੍ਹ ਕੇ ਮੇਰਾ ਮਤ ਬਹੁਤ ਕੁਝ ਬਦਲ ਗਿਆ ਹੈ। ਅੱਜ ਮੈਂ ਮੰਨਣ ਲੱਗ ਪਿਆ ਹਾਂ ਕਿ ਸਾਡਾ ਸਾਰਾ ਇਤਿਹਾਸ ਮੁੱਢੋਂ ਹੀ ਗ਼ਲਤ ਹੈ। ਕੋਈ ਹਿੰਦੂ ਧਰਮ ਦਾ ਸੱਚਾ ਪੈਰੋਕਾਰ ਕਦੇ ਸਿੱਖ ਨਹੀਂ ਰਿਹਾ ਅਤੇ ਨਾ ਉਸ ਨੂੰ ਸਿੱਖ ਹੋਣ ਦੀ ਕੋਈ ਲੋੜ ਹੈ ਸੀ, ਜੇ ਸੀ ਤਾਂ ਦੰਭ ਸੀ।

ਡਾ: ਬਲਬੀਰ ਸਿੰਘ ਜੀ ਦੇ ਅਨੁਮਾਨ ਅਨੁਸਾਰ ਸਿੱਖ ਰਾਜ ਵੇਲੇ ਸਿੱਖਾਂ ਦੀ ਗਿਣਤੀ ਦਾ ਅਟਾ ਸਟਾ ਇਕ ਕਰੋੜ ਦੇ ਕਰੀਬ ਸੀ, ਜੋ 1882 ਵਿਚ 18 ਲੱਖ ਦੇ ਆਸ ਪਾਸ ਰਹਿ ਗਈ ਸੀ।[30] ਬਾਕੀ ਦੇ 82 ਲੱਖ ਦੀ ਭੀੜ ਜੇਕਰ ਫਸਲੀ ਬਟੇਰਿਆਂ ਦੀ ਨਹੀਂ ਸੀ ਤਾਂ ਹੋਰ ਕਿਸ ਦੀ ਸੀ ? ਸਾਰੇ ਤਾਂ ਦੇਸ਼ ਤਿਆਗ ਕੇ ਬਾਹਰ ਨਹੀਂ ਚਲੇ ਗਏ ਸਨ, ਨਾ ਸਾਰੇ ਦੇ ਸਾਰੇ ਅੰਗ੍ਰੇਜ਼ਾਂ ਨਾਲ ਹੋਈਆਂ ਲੜਾਈਆਂ ਵਿਚ ਮੁੱਕ ਗਏ ਸਨ। ਇਹ ਸੀ ਉਹ ਕਚਰਾ ਜਿਸ ਦੇ ਸਹ-ਰੇ ਸਿੱਖੀ ਰਹੁ-ਰੀਤਾਂ ਦਾ ਮਹਲ ਖੜਾ ਸੀ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਜਦ ਪਾਦਰੀਆਂ ਅਤੇ ਆਰੀਆ ਸਮਾਜੀਆਂ ਨਾਲ ਸ਼ਾਸਤ੍ਰਾਰਥਾਂ ਦੀ ਲਹਿਰ ਬਹਿਰ ਲੱਗੀ ਤਾਂ ਸਿੱਖਾਂ ਵਲੋਂ ਵਾਦ-ਵਿਵਾਦ ਵਿਚ ਹਿੱਸਾ ਲੈਣ ਵੇਲੇ ਦਲੀਲਾਂ ਤੋਂ ਵਧੇਰੇ ਹੋਰਨਾਂ ਸਾਧਨਾਂ ਦਾ ਸਹਾਰਾ ਲੈਣ ਦੀ ਲੋੜ ਪ੍ਰਤੀਤ ਹੋਣ ਲੱਗੀ। ਇਹੋ ਲੋੜ ਅਸਲੋਂ ਸਿੰਘ ਸਭਾਵਾਂ ਦੀ ਥਾਂ ਮੱਲ ਕੇ ਵਧੇਰੇ ਗਰਮ-ਖਿਆਲੀ ਲਹਿਰਾਂ ਦੇ ਮੂਲ ਵਿਚ ਹਿੱਸਾ ਪਾਉਂਦੀ ਰਹੀ। ਕਿਉਂਕਿ ਦਲੀਲ ਨਾਲ ਕਿਸੇ ਹਿੰਦੂ ਨੂੰ, ਉਸ ਸਮੇਂ ਮਨੁੱਖ ਦੀ ਏਕਤਾ ਮੰਨਣ ਲਈ ਕਹਿਣਾ ਉਸ ਦੇ ਵਰਣਵਾਦੀ ਵਿਸ਼ਵਾਸਾਂ ਉੱਤੇ ਸੱਟ ਮਾਰਣਾ ਸੀ, ਜੇ ਸੀ ਤਾਂ ਦੰਭ ਸੀ।

ਅੱਜ ਸਾਡਾ ਪ੍ਰਤਿਕ੍ਰਮ ਅਜਿਹੇ ਸੰਸਕਾਰਾਂ ਬਾਰੇ ਵੱਖਰੇ ਪ੍ਰਕਾਰ ਦਾ ਹੋ ਸਕਦਾ ਹੈ, ਪਰ ਉਨ੍ਹਾਂ ਸਮਿਆਂ ਵਿਚ ਸਥਿਤੀ ਵੱਖਰੀ ਸੀ। ਬਹੁਤ ਸਾਰੇ ਹਿੰਦੂ ਸੰਸਕਾਰ, ਜਿਹੜੇ ਸਾਧਾਰਨ ਹਾਲਤਾਂ ਵਿੱਚ ਸਿੱਖ-ਵਿਹਾਰ-ਧਾਰਾ ਨਾਲੋ ਮੇਲ ਵੀ ਨਹੀਂ ਖਾਂਦੇ ਸਨ, ਦੇਖਾ-ਦੇਖੀ, ਸੱਚੇ ਸੁੱਚੇ ਸ਼ਰਧਾ-ਭਾਵ ਅਧੀਨ ਹੀ, ਬਿਨਾਂ ਸੋਚੇ ਸਮਝੇ ਵੀ, ਅਨੇਕਾਂ ਸਿੱਖਾਂ ਵਲੋਂ ਅਛੋਪਲੇ ਅਪਣਾ ਲਏ ਜਾਂਦੇ ਸਨ। ਡਾ: ਬਲਬੀਰ ਸਿੰਘ ਜੀ ਨੇ ਅਜਿਹੇ ਪ੍ਰਭਾਵਾਂ ਦੇ ਉਦਾਹਰਣ ਦਿੱਤੇ ਹਨ, ਅਤੇ ਉਨ੍ਹਾਂ ਦੇ ਪਿੱਛੇ ਕੰਮ ਕਰਨ ਵਾਲੀ ਭਾਵਧਾਰਾ ਦਾ ਵੀ ਸੁਚੱਜਤਾ ਨਾਲ ਜ਼ਿਕਰ ਕੀਤਾ ਹੈ। ਇਨ੍ਹਾਂ ਉਦਾਹਰਣਾਂ ਵਿਚੋਂ ਤਿੰਨ ਖ਼ਾਸ ਤੌਰ ਉੱਤੇ ਜ਼ਿਕਰ ਯੋਗ ਜਾਪਦੇ ਹਨ। ਇਕ ਤਾਂ ਕਿਸੇ ਦੇ ਕਹਿਣ ਉਤੇ ਕਵੀ ਤਾਰਾ ਸਿੰਘ ਦੁਆਰਾ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੇ ਮਹਾਤਮ ਦੀ ਪੋਥੀ ਦੀ ਰਚਨਾ ਨਾਲ ਸੰਬੰਧਿਤ ਹੈ,[31] ਦੂਸਰਾ ਸੰਤ ਅਮੀਰ ਦਾਸ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਾਨ-ਮਰਿਆਦਾ ਨਾਲ ਸੰਬੰਧਿਤ 'ਗੁਰਬੰਸ ਸਸੀਂ' ਨਾਉਂ ਦੇ ਗ੍ਰੰਥ ਦੀ ਰਚਨਾ ਸੰਬੰਧੀ ਹੈ,[32] ਅਤੇ ਤੀਜੀ ਘਟਨਾ ਭਾਈ ਗੁਰਮੁਖ ਸਿੰਘ ਦੁਆਰਾ ਰਚੇ ਗਏ 'ਉਸਤਤਿ ਅਸਤੋਤ੍ਰ ਗੁਰੂ ਗ੍ਰੰਥ ਸਾਹਿਬ' ਬਾਰੇ ਹੈ ਜਿਸ ਵਿੱਚ ਕਿਹਾ ਹੈ : ਧੰਨੰ ਬਿੱਤ

30. ਚ. ਹ. ਵਿ. 11 ਪੰਨਾ 23
31. ਚ. ਹ. ਵਿ 11 ਪੰਨਾ 19
32. ਉਹੀ, ਪੰਨਾ 23

ਪੁਤ ਦਹੈ ਸੇਵ ਜੋਈ। ਲਹੈ ਸ਼ੀਘਰ ਰਾਜਾਂਦਿ ਸਵਰਗਾਦਿ ਸੋਈ।''[33] ਇਨ੍ਹਾ ਪ੍ਰਭਾਵਾਂ ਦੀ ਚਰਚਾ ਕਰਦੇ ਹੋਏ ਡਾ: ਬਲਬੀਰ ਸਿੰਘ ਜੀ ਇਸ ਨਤੀਜੇ ਉੱਤੇ ਅਪੜਦੇ ਹਨ ਕਿ ''ਸ਼ਹੀਦੀਆਂ ਦੇ ਜ਼ਮਾਨੇ ਵਿੱਚ ਤਾਂ ਹਿੰਦੂਆਂ ਲਈ ਸਿੱਖਾਂ ਨਾਲ ਜ਼ਾਹਿਰਾ ਹਮਦਰਦੀ ਕਰਨੀ ਬੜੀ ਖ਼ਤਰਨਾਕ ਸੀ, ਪਰ ਉਸ ਵੇਲੇ ਸਿੱਖੀ ਖ਼ਾਲਸ ਸੀ। ਏਸੇ ਕਰਕੇ ਸਿੱਖੀ ਬਚੀ ਰਹੀ। ਹੁਣ ਸਿੱਖ-ਐਸ਼ਵਰਜ ਦੇ ਜ਼ਮਾਨੇ ਵਿੱਚ ਹਿੰਦੂ ਆਪਣੇ ਆਪ ਨੂੰ ਸਿੱਖ ਅਖਵਾਉਣ ਲਈ ਕਾਹਲੇ ਸਨ। ਥੋੜੇ ਹੀ ਸਮੇਂ ਵਿਚ ਸਿੱਖਾਂ ਦੀ ਗਿਣਤੀ ਪੰਜਾਬ ਵਿਚ ਇਕ ਕਰੋੜ ਦੇ ਕਰੀਬ ਹੋ ਗਈ ਦੱਸੀਦੀ ਹੈ।......ਮਜ਼ਬ ਭਗਤੀ ਦੀ ਪ੍ਰਥਾ ਤੋਂ ਨਿਕਲ ਕੇ ਕਰਮ ਕਾਂਡੀ ਬਣ ਗਿਆ। ਗਿਆਨ ਦੀ ਪਉੜੀ ਤੋਂ ਡਿਗ ਕੇ ਵਹਿਮੀ ਤੇ ਭਰਮੀ ਹੋ ਗਿਆ। ਬਹਾਦਰ ਅਣਖੀਲਾ ਰਹਿਣ ਦੀ ਬਜਾਏ, ਖ਼ੁਦਗ਼ਰਜ਼ ਅਤੇ ਆਪੋ ਧਾਪੀ ਵਾਲਾ ਹੋ ਗਿਆ। ਇਹ ਸਾਰੀਆਂ ਗੱਲਾਂ ਦੇ ਅੰਕੁਰ ਮਹਾਰ ਜਾ ਰਣਜੀਤ ਸਿੰਘ ਵੇਲੇ ਹੀ ਪੈਦਾ ਹੋ ਗਏ ਸਨ, ਪਰ ਉਸ ਦੀ ਸ਼ਖਸ਼ੀਅਤ ਇਤਨੀ ਵੱਡੀ ਸੀ ਕਿ ਉਸਦੀ ਸੰਘਣੀ ਛਾਂ ਹੇਠ ਇਹ ਖੇਤੀ ਬਾਉਣੀ ਜੇਹੀ ਰਹੀ, ਜ਼ੋਰ ਨਾ ਪਕੜ ਸਕੀ।''[34]

ਇਸ ਥਾਂ ਮਹਾਰਾਜਾ ਰਣਜੀਤ ਸਿੰਘ ਬਾਰੇ ਡਾਕਟਰ ਸਾਹਿਬ ਦੀ ਸ਼ਰਧਾ ਪੜਦਾ ਕੱਜਣ ਦਾ ਜਤਨ ਕਰਦੀ ਦਿਖਾਈ ਦੇਂਦੀ ਹੈ, ਪਰ ਗਿਣਤੀਆਂ ਦੀ ਗੱਲ ਕਰਦੇ ਹੋਏ ਉਹ ਪਹਿਲਾਂ ਕਹਿ ਚੁਕੇ ਹਨ—

> ''......ਰਾਜ ਸਮੇਂ ਜੋ ਅਸਲ ਸਿੱਖੀ ਸੀ, ਉਹ ਕੁੱਲ ਗਿਣਤੀ ਦੇ ਸਿੱਖਾਂ ਦਾ ਤਕਰੀਬਨ ਪੰਜਵਾਂ ਹਿੱਸਾ ਸੀ। ਇਸ ਗੱਲ ਦਾ ਅਸਰ ਮਜ਼ਬ ਉੱਪਰ ਸੀ, ਉਹ ਮਜ਼ਬ ਜਿਸ ਵਿਚ ਚਾਰ ਹਿੱਸੇ ਬਾਹਰ ਦੀ ਮਿਲਾਵਟ ਹੋਵੇ, ਆਪਣੀ ਮਰਯਾਦਾ ਆਦਿਕ ਕਦੇ ਸ਼ੁੱਧ ਨਹੀਂ ਰੱਖ ਸਕਦਾ। ਹਿੰਦੂਆਂ ਦਾ ਕਰਮ ਕਾਂਡ, ਹਿੰਦੂਆਂ ਦੀਆਂ ਰੀਤਾ ਰਸਮਾਂ ਵਿਆਹ ਸ਼ਾਦੀ, ਮਰਨੇ ਪਰਨੇ ਵੇਲੇ ਬਹੁਤ ਕੁਝ ਉਹੋ ਕੁਝ ਆਪਸ ਵਿਚ ਮਿਲ ਜੁਲ ਕੇ ਰਲਗੱਡ ਜਿਹਾ ਹੋ ਗਿਆ ਸੀ। ਇਹ ਗੱਲ ਏਥੋਂ ਤਕ ਸੀ ਕਿ ਸਤੀ ਜੈਸੀ ਦੁਖਦਾਈ ਰਸਮ ਬਹੁਤ ਸਾਰੇ ਹਲਕਿਆਂ ਵਿਚ ਅਖ਼ੀਰ ਤਕ ਪ੍ਰਚਲਤ ਰਹੀ।''[35]

ਸਿੰਘ ਸਭਾਵਾਂ ਦੀ ਕਾਇਮੀ ਦੇ ਪ੍ਰਸੰਗ ਵਿਚ, ਵਰਤਮਾਨ ਸਥਿਤੀ ਦਾ ਵੇਰਵਾ ਦਿੰਦਿਆਂ ਡਾ: ਜਗਜੀਤ ਸਿੰਘ ਨੇ ਲਿਖਿਆ ਹੈ ਕਿ—

> ''.... ਇਧਰੋਂ 'ਘਰ ਦਾ ਭੇਤੀ ਲੰਕਾ ਢਾਹੇ' ਅਨੁਸਾਰ ਗੁਰੂ-ਡਮ ਦਾ ਪ੍ਰਚਾਰ ਸ਼ੁਰੂ ਹੋ ਗਿਆ ਅਤੇ ਕਈ ਸੋਢੀ ਤੇ ਬੇਦੀ ਆਦਿ ਗੁਰੂ ਅੰਸ਼ ਕਹਾਣ ਵਾਲੇ ਗੁਰੂ ਬਣ ਬੈਠੇ। ਕੁਝ ਭੇਖੀ ਸਾਧਾਂ ਨੇ ਸਿੱਖਾਂ ਨੂੰ ਲੁੱਟ ਹੀ ਨ ਖਾਧਾ, ਸਗੋਂ ਅਜਿਹਾ ਕੁਰਾਹੇ ਪਾਇਆ ਕਿ ਸਿੱਖਾਂ ਨੂੰ ਅਸਲੀਅਤ ਹੀ ਭੁੱਲ ਗਈ।......

---

33. ਚ. ਹ. ਵਿ. II, ਪੰਨਾ 25
34. ਉਹੀ, ਪੰਨਾ 34
35. ਉਹੀ, ਪੰਨਾ 22-23

ਸਿੱਖ ਗੁਰੂ ਸਾਹਿਬ ਉਨ੍ਹਾਂ ਲਈ ਹਿੰਦੂ ਫ਼ਿਲਾਸਫ਼ੀ ਦਾ ਹਿੱਸਾ ਹੋ ਗਏ ਅਤੇ ਸਿੱਖ ਧਰਮ ਪੁਸਤਕਾਂ ਵਿਚ ਰਹਿ ਗਿਆ। ਸ਼ਾਦੀ ਗ਼ਮੀ ਤੇ ਰੋਜ਼ ਦੇ ਵਿਹਾਰ ਵਿਚ ਬ੍ਰਾਹਮਣਾਂ ਦੀ ਰੀਤ ਪੂਰੀ ਤਰ੍ਹਾਂ ਚਲਦੀ। ਭਦਨ ਹੁੰਦੇ ਤੇ ਕਛਹਿਰੇ ਦੀ ਥਾਂ ਧੋਤੀ ਬੰਨ੍ਹਵਾਈ ਜਾਂਦੀ......"[36]

ਏਥੇ ਵਿਸ਼ੇਸ਼ ਧਿਆਨ ਦੇਣ ਜੋਗੀ ਗੱਲ ਇਹ ਹੈ ਕਿ ਗੁਰੂ ਨਾਨਕ ਦੇ ਉਦੈ ਤੋਂ ਰਣਜੀਤ ਸਿੰਘ ਦੇ ਘਸਤ ਤਕ ਦੇ ਹਿੰਦੂ ਸਿੱਖ-ਸਾਂਝੇਦਾਰੀ ਦੇ ਲੰਮੇ ਇਤਿਹਾਸ ਵਿੱਚ ਹਿੰਦੂ ਭਾਈਚਾਰੇ ਨੇ ਕਹਿਣੀ ਕਥਣੀ ਤੋਂ ਲੰਘ ਕੇ ਸਿੱਖ ਵਿਚਾਰ-ਧਾਰਾ ਦਾ ਕੋਈ ਅੰਸ਼ ਕਦੇ ਨਹੀਂ ਅਪਣਾਇਆ। ਕੇਵਲ ਆਪਣੀ ਨਿੱਤ-ਕਿਰਿਆ ਵਿੱਚ ਮੌਕੇ ਬੇਮੌਕੇ ਹੋਰਨਾਂ ਧਾਰਮਿਕ ਸਤਪੁਰਸ਼ਾਂ ਦੇ ਨਾਲ ਗੁਰੂਆਂ ਨੂੰ ਵੀ ਮੱਥਾ ਟੇਕ ਛੱਡਣਾ ਅਪਣਾ ਲਿਆ। ਰਹੁਰੀਤਾਂ ਦੇ ਬਖੇੜੇ, ਮੰਦਿਰਾਂ, ਗੁਰਦੁਆਰਿਆਂ ਦੇ ਝਗੜੇ ਮੰਦਿਰਾਂ ਮਸਜਿਦਾਂ ਦੇ ਝਗੜਿਆਂ ਵਾਂਗ ਹੀ ਰਹੇ। ਏਥੋਂ ਤੱਕ ਕਿ ਕਿ ਸਿੱਖ ਕਵੀਆਂ ਦੀਆਂ ਰਚਨਾਵਾਂ ਹਿੰਦੀ ਵਿੱਚ ਹੋਣ ਤੇ ਵੀ ਅਪਣਾਈਆਂ ਨਹੀਂ ਜਾ ਸਕੀਆਂ। ਉੱਤਰ ਪ੍ਰਦੇਸ਼ ਦੇ ਸਿੱਖ ਕਵੀਆਂ ਦੀਆਂ ਵੀ ਨਹੀਂ।

ਪੰਜਾਬ ਵਿੱਚ ਪ੍ਰੈਸ ਲੱਗਣੇ ਅਰੰਭ ਹੋ ਚੁੱਕੇ ਸਨ। ਗੁਰਮੁੱਖੀ ਵਿੱਚ ਮੁੱਢਲੀਆਂ ਪੁਸਤਕਾਂ ਧਾਰਮਿਕ ਵਾਦ-ਵਿਵਾਦ ਭਰਪੂਰ ਸਨ, ਪਹਿਲਾਂ ਮਿਸ਼ਨਰੀਆਂ ਵੱਲੋਂ ਇਸ ਚੰਗੇ ਸਾਧਨ ਦੀ ਦੁਰਵਰਤੋਂ ਅਰੰਭ ਹੋਈ, ਫੇਰ ਦੂਜਿਆਂ, ਖ਼ਾਸ ਕਰਕੇ ਸਿੱਖਾਂ ਵੱਲੋਂ ਵੀ ਆਪਣੇ ਪੱਖ ਦੇ ਘਟੀਆ ਉਪਰਾਲੇ ਹੋਣ ਲੱਗੇ। ਪ੍ਰੈਸ ਦੀ ਹੋਂਦ ਕਾਰਣ ਛਪੇ ਚੰਗੇ ਮੰਦੇ ਗ੍ਰੰਥਾਂ ਅਤੇ ਨਵੇਂ ਢੰਗ ਦੀ ਤਾਲੀਮ ਵਾਲੇ ਮਿਸ਼ਨ ਸਕੂਲਾਂ ਅੰਦਰ ਬੱਚਿਆਂ ਨੂੰ ਲਾਲਚ ਦੇ ਕੇ ਵਰਗਲਾ ਕੇ ਈਸਾਈ ਬਣਾਉਣ ਦੇ ਜਤਨਾਂ ਨੇ ਸਿੱਖਾਂ ਨੂੰ ਹਲੂਣਾ ਦਿੱਤਾ। 1872 ਵਿੱਚ ਚਾਰ ਬੱਚਿਆਂ ਨੂੰ ਈਸਾਈ ਬਨਾਉਣ ਤੋਂ ਰੋਕਣ ਲਈ ਜੋ ਹਾਲ ਪਾਹਰਾ ਹੋਇਆ, ਉਸ ਵਿੱਚ ਸ਼ਰਧਾ ਰਾਮ ਫਿਲੌਰੀ ਦੀ ਗੁਰੂ ਕੇ ਬਾਗ ਵਿੱਚ ਕੀਤੀ ਤਕਰੀਰ ਨੇ, ਹੋਰ ਤੇਜ਼ੀ ਲੈ ਆਂਦੀ। ਅੰਮ੍ਰਿਤਸਰ ਵਿਚ ਇਕ ਸਭਾ 'ਸਿੰਘ ਸਭਾ' ਦੇ ਨਾਮ ਨਾਲ ਕਾਇਮ ਕੀਤੀ ਗਈ।

(ਘ) ਸਿੰਘ ਸਭਾ :

ਪ੍ਰੋ: ਹਰਬੰਸ ਸਿੰਘ ਦੇ ਸ਼ਬਦਾਂ ਵਿੱਚ : "ਸਾਧਾਰਣ ਤੌਰ ਤੇ ਸਿੰਘ ਸਭਾ ਲਹਿਰ ਸਿੱਖ ਸਮਾਜ ਦੇ ਇਸ ਮਨੋਵੇਗ ਦਾ ਪ੍ਰਗਟਾਵਾ ਸੀ ਕਿ ਉਹ ਆਪਣੇ ਵਿੱਚ ਆਈ ਰਲਾਵਟ ਅਤੇ ਵਾਫ਼ਰ ਉਪਜ ਤੋਂ, ਜਿਨ੍ਹਾਂ ਦੇ ਕਾਰਣ ਇਸ ਦਾ ਬਹੁਤ ਸਾਰਾ ਬਲ ਅਜਾਈਂ ਜਾ ਰਿਹਾ ਸੀ, ਖਲਾਸੀ ਪ੍ਰਾਪਤ ਕਰ ਸਕੇ ਅਤੇ ਆਪਣੀ ਮੌਲਿਕ ਅੰਤਰ-ਪ੍ਰੇਰਨਾ ਦੇ ਸੋਮੇ ਨੂੰ ਮੁੜ ਲੱਭ ਸਕੇ।"[37] ਇਸ ਭਾਂਤ ਦੇ ਉਦੇਸ਼ਾਂ ਵਿੱਚ ਇਹ ਗੱਲ ਸਪਸ਼ਟ ਰੂਪ ਵਿਚ ਦਰਜ ਸੀ ਕਿ "ਸਿੰਘ ਸਭਾ ਵਿੱਚ ਕੋਈ ਬਾਤ ਸਰਕਾਰ ਦੇ ਮੁਤੱਲਕ ਨਹੀਂ ਕੀਤੀ ਜਾਵੇਗੀ ਅਤੇ ਖ਼ੈਰਖ਼ਾਹੀ ਕੌਮ, ਫ਼ਰਮਾਂਬਰਦਾਰੀ ਸਰਕਾਰ, ਸਿੱਖੀ ਧਰਮ ਨਾਲ ਪਿਆਰ ਅਤੇ ਉਨਤੀ ਕਰਨਾ, ਵਿੱਦਿਆ

---

36. ਪੰਜਾਬ, ਪੂਰਬਲਾ, ਪੰਨਾ 123
37. ਪੰਜਾਬ, ਪੰਨਾ 131

ਦਾ ਪੰਜਾਬੀ ਜ਼ਬਾਨ ਦਵਾਰਾ ਅਤੇ ਮਸਲਹਿਤ ਉਹਦੀ ਹਰ ਬਾਤ ਵਿੱਚ ਲਿਹਾਜ਼ ਕਰਨਾ ਮੁੱਖ ਨਿਸ਼ਾਨਾ ਸੀ ।

ਸੁਭਾਵਕ ਸੀ ਕਿ ਅੰਗ੍ਰੇਜ਼ ਸਰਕਾਰ ਨੂੰ ਇਸ ਤੋਂ ਕੋਈ ਤੌਖਲਾ ਨਾ ਹੁੰਦਾ । ਸਗਵਾਂ 1880 ਵਿਚ ਪਟਿਆਲੇ ਵਿੱਚ ਭਾਸ਼ਨ ਦਿੰਦਿਆਂ ਵਾਇਸਰਾਏ ਨੇ ਕਿਹਾ ਸੀ "ਇਸ ਲਹਿਰ ਨਾਲ ਭਾਰਤ ਸਰਕਾਰ ਦੀ ਦਿਲੀ ਹਮਦਰਦੀ ਹੈ ।[38] ਸਭਾ ਦੇ ਕਈ ਵਿਦਿਅਕ ਸੰਗਠਨਾਂ ਵਿੱਚ ਸਰਕਾਰ ਦੇ ਕਈ ਅੰਗ੍ਰੇਜ਼ ਵਿਦਿਆ-ਅਧਿਕਾਰੀ ਬਤੌਰ ਮੈਂਬਰ ਦੇ ਭਾਗ ਵੀ ਲੈਂਦੇ ਰਹੇ । ਇਸ ਸਭਾ ਦੇ ਇੱਕ ਮੁੱਖ ਰੁਕਨ ਪ੍ਰੋਫੈਸਰ ਗੁਰਮੁਖ ਸਿੰਘ ਵੀ ਭਾਈ ਕਾਨ੍ਹ ਸਿੰਘ ਦੇ ਡੂੰਘੇ ਮਿੱਤਰਾਂ ਵਿੱਚੋਂ ਸਨ । ਭਾਈ ਕਾਨ੍ਹ ਸਿੰਘ ਜਿਨ੍ਹਾਂ ਦਿਨਾਂ ਵਿੱਚ ਲਾਹੌਰ, ਡੇਹਰਾ ਸਾਹਿਬ ਦੇ ਮਹੰਤ ਗਿਆਨੀ ਸੰਤ ਸਿੰਘ ਪਾਸੋਂ ਸਿੱਖ-ਸਾਹਿਤ ਅਤੇ ਇਤਿਹਾਸ ਦੀਆਂ ਫ਼ਾਰਸੀ ਦੀਆਂ ਪੁਸਤਕਾਂ ਦਾ ਅਧਿਐਨ ਕਰ ਰਿਹਾ ਸੀ ਉਨ੍ਹੀ ਦਿੱਨੀਂ ਹੀ ਉਹ ਪ੍ਰੋ. ਗੁਰਮੁਖ ਸਿੰਘ ਅਤੇ ਉਸ ਦੇ ਸਾਥੀਆਂ ਦੀ ਸੰਗਤ ਵਿਚ ਅੰਗ੍ਰੇਜ਼ੀ ਵੀ ਸਿੱਖਦਾ ਰਿਹਾ ਸੀ । ਏਥੇ ਹੀ ਭਾਈ ਕਾਨ੍ਹ ਸਿੰਘ ਵੱਲੋਂ ਕੀਤੀ ਜਾ ਰਹੀ ਗੁਰਬਾਨੀ ਦੀ ਕਥਾ ਦੇ ਆਧਾਰ ਉਤੇ ਪ੍ਰੋ. ਗੁਰਮੁਖ ਸਿੰਘ ਨੇ ਆਪਣੇ ਓਰੀਐਂਟਲ ਕਾਲਜ ਦੇ ਵਿਦਿਆਰਥੀਆਂ ਲਈ, (ਭਾਈ ਕਾਨ੍ਹ ਸਿੰਘ ਦੀ ਸਹਾਇਤਾ ਨਾਲ), ਇੱਕ 'ਪ੍ਰਯਾਯ ਗ੍ਰੰਥ' ਸੰਪਾਦਿਤ ਕੀਤਾ ਸੀ ।[39]

(ਙ) ਘਰੇਲੂ ਦਾਇਰੇ ਦਾ ਮਾਹੌਲ :

ਉਂਞ ਵੀ ਜਿਨ੍ਹਾਂ ਤੌਖਲਿਆਂ ਥੀਂ ਅੰਮ੍ਰਿਤਸਰ ਦੇ ਮੁੱਖੀ ਸਿੱਖਾਂ ਨੇ ਸਿੰਘ ਸਭਾ ਬਣਾਈ ਸੀ, ਉਹੋ ਜਿਹੇ ਮਸਲੇ ਨਾਭੇ ਦੇ ਰਾਜ ਘਰਾਣੇ ਵਿੱਚ ਰਾਜਾ ਜਸਵੰਤ ਸਿੰਘ ਅਤੇ ਰਾਜਾ ਦੇਵਿੰਦ੍ਰ ਸਿੰਘ ਦੇ ਵੈਸ਼ਣਵ ਮੱਤ ਵੱਲ ਝੁਕਣ ਨਾਲ, ਭਾਈ ਕਾਨ੍ਹ ਸਿੰਘ ਦੇ ਵਡੇਰਿਆਂ ਨੂੰ ਪੇਸ਼ ਆਏ ਹੋਏ ਸਨ, ਅਤੇ ਪਤਿਤ ਹੋਣ ਵਾਲੇ ਸਿੰਘਾਂ ਦੀ ਮਾਨਸਿਕਤਾ ਉਨ੍ਹਾਂ ਉੱਤੇ ਪੈਣ ਵਾਲੇ ਪ੍ਰਭਾਵਾਂ ਆਦਿ ਦਾ ਉਸ ਨੂੰ ਪਹਿਲੋਂ ਹੀ ਅਨੁਭਵ ਸੀ । ਇਹ ਅਨੁਭਵ ਉਸਦੇ ਘਰੋਗੀ ਵਾਤਾਵਰਣ ਵਿੱਚੋਂ ਉਪਜਿਆ ਹੋਇਆ ਸੀ । ਸਿੰਘ ਸਭਾ ਨਾਲ ਸਹਿਯੋਗ ਦੇ ਮੌਕਿਆਂ ਨੇ ਉਸ੍ਹਾਂ ਦੇ ਅੰਦਰਲੇ ਵਿੱਚ ਧੁਖਦੇ ਭਾਵਾਂ ਨੂੰ ਖੁੱਲ੍ਹ ਕੇ ਮੌਲਣ ਦਾ ਅਵਸਰ ਬਣਾ ਦਿੱਤਾ ।

ਅੰਗ੍ਰੇਜ਼ੀ ਦੀ ਜਾਣਕਾਰੀ ਨੇ ਉਸ ਨੂੰ ਕਈ ਵਿਦਵਾਨ ਅੰਗ੍ਰੇਜ਼ਾਂ, ਖਾਸ ਕਰਕੇ 'ਸਿੱਖ ਰਿਲੀਜਨ' ਦੇ ਲੇਖਕ ਮੈਕਾਲਿਫ ਸਾਹਿਬ ਨਾਲ ਨੇੜਿਓਂ ਜਾਣ ਪਛਾਣ ਦਾ, ਅਤੇ ਅੰਗ੍ਰੇਜ਼ੀ ਗ੍ਰੰਥਾਂ ਦੀ ਲਿਖਣ ਵਿਧੀ ਨਾਲ ਵਾਕਫ਼ੀ ਜੋੜਨ ਦਾ ਮੌਕਾ ਦਿੱਤਾ, ਆਧੁਨਿਕ ਫ਼ਲਸਫ਼ੇ ਦੀ ਦਲੀਲੀ ਭੂਮਿਕਾ ਵੀ ਉਸਨੇ ਇਸੇ ਮੇਲ ਜੋਲ ਵਿਚੋਂ ਸਿੱਖੀ ਸੀ ।

ਮਹਾਰਾਜਾ ਹੀਰਾ ਸਿੰਘ ਦੀ ਨੌਕਰੀ ਨੇ ਭਾਈ ਕਾਨ੍ਹ ਸਿੰਘ ਨੂੰ ਸੁਚੱਜੀ ਅਤੇ ਨਵੇਂ ਢੰਗ ਦੀ ਵਿਉਹਾਰਕ ਲੋਕ-ਸੋਚਣੀ ਦਾ ਜਾਣੂ ਕਰਵਾਇਆ । ਸੰਸਕ੍ਰਿਤ ਅਤੇ ਫ਼ਾਰਸੀ ਦੀ ਸਿੱਖਿਆ ਨੇ ਡੂੰਘੇ ਸ਼ਾਸਤ੍ਰਾਰਥੀ ਢੰਗ ਦੇ ਚਿੰਤਨ ਅਤੇ ਵਿੱਦਵਾਨਾਂ ਵਾਲੇ ਗੰਭੀਰ ਪਰ

---

38. ਦ. ਹ. ਵਿ., 11 ਪੰਨਾ 36
39. ਅ. ਕਾ. ਪੰਨਾ 22

ਕਲਾਤਮਕ ਪ੍ਰਗਟਾਵੇ ਦੀ ਪਾਣ ਲਾ ਦਿੱਤੀ। ਜੀਵਨ ਦੇ ਮੁੱਢਲੇ ਵਿਕਾਸਸ਼ੀਲ ਵਰ੍ਹਿਆਂ ਵਿੱਚ ਟਿੱਕਾ ਰਿਪੁਦਮਨ ਸਿੰਘ ਦੇ ਸਿੱਖਿਆਕਾਰ ਹੋਣ ਦੇ ਅਵਸਰ ਨੇ ਗੂੜ੍ਹ ਵਿਸ਼ਿਆਂ ਨੂੰ ਵਿਚਾਰਨ ਅਤੇ ਬਹੁ-ਪੱਖੀ ਗਿਆਨ ਰਾਹੀਂ ਪ੍ਰਕਾਸ਼ਣ ਦਾ ਚੱਜ ਸਿਖਾਇਆ।

ਇਹ ਗੱਲ, ਲਗਭਗ, ਉਨ੍ਹਾਂ ਸਾਰੇ ਬਜ਼ੁਰਗਾਂ ਪਾਸੋਂ ਸੁਣੀ ਹੈ ਜਿਨ੍ਹਾਂ ਨੂੰ ਕਦੇ ਵੀ ਭਾਈ ਕਾਨ੍ਹ ਸਿੰਘ ਜਾਂ ਮਹਾਰਾਜਾ ਰਿਪੁਦਮਨ ਸਿੰਘ ਦਾ ਨੇੜ ਮਾਣਨ ਦਾ ਸਮਾਂ ਮਿਲਿਆ ਸੀ ਕਿ ਮਹਾਰਾਜਾ ਦੇ ਸੁਭਾ ਵਿੱਚ ਸਿੱਖੀ ਲਈ ਅਟੁੱਟ ਅਤੇ ਅਥੱਕ ਪਿਆਰ ਭਾਈ ਕਾਨ੍ਹ ਸਿੰਘ ਦੀ ਕਠਿਨ ਘਾਲਣਾ ਨਾਲ ਦਿੱਤੀ ਸਿੱਖਿਆ ਦਾ ਹੀ ਫਲ ਸੀ। ਦੋਹਾਂ ਵਿੱਚ ਫਿੱਕ ਪੁਆਉਣ ਦਾ ਜਤਨ ਉਹੀ ਲੋਕ ਕਰਦੇ ਰਹੇ ਜੋ ਮਹਾਰਾਜੇ ਨੂੰ ਹੋਰਨਾਂ ਲੀਹਾਂ ਉੱਤੇ ਟੋਰਨ ਦੇ ਇਛੁੱਕ ਸਨ। ਦਰਅਸਲ ਉਹ ਜ਼ਮਾਨਾ ਹੀ ਕੁਝ ਐਸਾ ਸੀ ਜਿਸ ਵਿੱਚ ਹਰ ਰਿਆਸਤ ਦੇ ਅਹਿਲਕਾਰਾਂ ਵਿੱਚੋਂ ਕੁਝ ਇੱਕ ਖ਼ੁਸ਼ਾਮਦੀ ਅਤੇ ਖ਼ੁਦਗਰਜ਼ ਕਿਸਮ ਦੇ ਲੋਕ ਮਹਾਰਾਜਕੁਮਾਰਾਂ ਨੂੰ ਐਸ਼ ਪ੍ਰਸਤੀ ਦੀ ਜ਼ਿੰਦਗੀ ਵੱਲ ਪ੍ਰੇਰਣਾ ਹੀ ਦਿੰਦੇ ਸੀ। ਉਨ੍ਹਾਂ ਦਾ ਨਿਸ਼ਾਨਾ ਅੱਵੱਲ ਤਾਂ ਰਾਜ ਪਰਿਵਾਰ ਨਾਲ ਨਾਤੇਦਾਰੀ ਗੰਢ ਲੈਣਾ ਹੁੰਦਾ ਸੀ ਨਹੀਂ ਤਾਂ ਰਾਜਕੁਮਾਰ ਨੂੰ ਆਪਣੇ ਹੱਥੀਂ ਪਾ ਕੇ ਰਾਜਕਾਜ ਵਿੱਚ ਦਖ਼ਲ ਕਰ ਲੈਣਾ ਅਤੇ ਉਸਦੀ ਅੰਯਾਸ਼ੀ ਦਾ ਲਾਹਾ ਲੈਣਾ ਹੁੰਦਾ ਸੀ।

ਨਾਭਾ ਦਰਬਾਰ ਦੇ ਰਾਜਕੁਮਾਰ ਆਮਤੌਰ ਉੱਤੇ ਨੇਕ ਅਤੇ ਸੰਜਮੀ ਹੁੰਦੇ ਆਏ ਸਨ ਪਰ ਨਵੀਂ ਜਵਾਨੀ ਨੂੰ ਸੰਯਮ ਦੀ ਰਾਹ ਤੋਂ ਡਗਮਗਾਉਂਦੇ ਬਹੁਤੀ ਦੇਰ ਨਹੀਂ ਲੱਗਿਆ ਕਰਦੀ। ਰੂਪ, ਰਸਿਕਤਾ ਅਤੇ ਨਸ਼ਿਆਂ ਦਾ ਸੇਵਨ ਕੱਚੇ ਅਨੁਭਵ ਨੂੰ ਭੁਚਲਾਉਣ ਵਿੱਚ ਸਹਿਜੇ ਸਫਲ ਹੋ ਜਾਇਆ ਕਰਦਾ ਹੈ।

ਨਾਭੇ ਵਾਲੀ ਕੰਜਰੀ ਅਤੇ ਨਾਭੇ ਦੀ ਬੰਦ ਬੋਤਲ ਲੋਕ ਸਾਹਿਤ ਵਿੱਚ ਅਮਿਟ ਮਰਤਬਾ ਪ੍ਰਾਪਤ ਕਰ ਚੁੱਕੇ ਹੋਏ ਹਨ। ਕੰਜਰੀ (ਨਰਤਕੀ ਅਤੇ ਗਾਇਕਾ) ਅਤੇ ਬਹੁ-ਵਿਆਹ ਉਸ ਯੁਗ ਦੀਆਂ ਫੈਸ਼ਨੇਬਲ ਕਮਜ਼ੋਰੀਆਂ ਸਨ। ਰਾਜਾ ਜਸਵੰਤ ਸਿੰਘ ਦੇ ਸਮੇਂ ਤੋਂ ਹੀ ਇਨ੍ਹਾਂ ਕਮਜ਼ੋਰੀਆਂ ਦੇ ਪੈਰ ਜਮਣੇ ਆਰੰਭ ਹੋ ਗਏ ਸਨ ਭਾਵੇਂ ਇਹ ਰਾਜ ਘਰਾਨਾ ਮੁੱਢ ਤੋਂ ਹੀ ਗੁਰੂ ਦੀ ਚਰਨ-ਸ਼ਰਨ ਨਾਲ ਜੁੜਿਆ ਸੀ, ਰੰਡੀ ਅਤੇ ਸ਼ਰਾਬ ਸਿੱਖੀ ਵਿੱਚ ਵਰਜਿਤ ਹੋਣ ਤੇ ਵੀ ਤਿਆਗੀਆ ਨਹੀਂ ਗਈਆ ਸਨ। ਪੁਰੋਹਤਾਂ ਦੇ ਪ੍ਰਭਾਵ ਭੀ ਘੱਟ ਨਹੀਂ ਹੋਏ ਸਨ। ਕਿਉਂਕਿ ਉਨ੍ਹਾਂ ਸਿੱਖੀ ਰੂਪ ਧਾਰਣ ਕਰ ਕੇ ਵੀ ਅਪਣਾ ਕਿਰਦਾਰ ਉਹੀ ਸਨਾਤਨਵਾਦੀ ਰੱਖਿਆ ਹੋਇਆ ਸੀ, ਰਾਜਾ ਜਸਵੰਤ ਸਿੰਘ ਦਾ ਵੱਡਾ ਪੁੱਤਰ ਕੰਵਰ ਰਣਜੀਤ ਸਿੰਘ ਅਤੇ ਉਸਦਾ ਪੁੱਤਰ ਇਨ੍ਹਾਂ ਲੋਕਾਂ ਦੀਆਂ ਚਾਲਬਾਜੀਆਂ ਦਾ ਪਹਿਲਾ ਸ਼ਿਕਾਰ ਹੋਏ ਸਨ। ਫੇਰ, ਰਾਜਾ ਦੇਵਿੰਦਰ ਸਿੰਘ ਸੰਨਿਆਸੀਆਂ ਦਾ ਸੇਵਕ ਹੋਇਆ, ਲਾਹੌਰ ਦੀ ਸਿੱਖ ਸਲਤਨਤ ਦੇ ਵਿਨਾਸ਼ ਦੇ ਦਿਨਾਂ ਵਿੱਚ ਰਾਸ ਧਾਰੀਆਂ ਦੇ ਪ੍ਰਭਾਵ ਵਿੱਚ ਆਇਆ। ਉਸਦੇ ਦੋਵੇਂ ਪੁੱਤਰ ਰਾਜਾ ਭਰਪੂਰ ਸਿੰਘ ਅਤੇ ਭਗਵਾਨ ਸਿੰਘ ਜਵਾਨੀ ਵਿੱਚ ਹੀ ਜ਼ਿੰਦਗੀ ਤੋਂ ਹੱਥ ਧੋ ਬੈਠੇ ਸਨ। ਰਾਜਾ ਹੀਰਾ ਸਿੰਘ (ਪਿਛੋਂ ਮਹਾਰਾਜਾ) ਇਨ੍ਹਾਂ ਕਮਜ਼ੋਰੀਆਂ ਦਾ ਭੇਤੀ ਸੀ। ਉਸਨੇ ਆਪਣੇ ਵਾਰਿਸ ਨੂੰ ਇਨ੍ਹਾਂ ਕਮਜ਼ੋਰੀਆਂ ਤੋਂ ਦੂਰ ਹੀ ਰੱਖਿਆ। ਭਾਈ ਕਾਨ੍ਹ ਸਿੰਘ ਦੀ ਆਚਰਣਕ ਸਿੱਖਿਆ ਇਸ ਸੁਖਦਾਈ ਸੰਭਾਲ ਦੀ ਜ਼ਾਮਿਨ ਰਹੀ। ਫਿੱਕ ਵਧਾਣ ਵਾਲਿਆਂ ਦੇ ਬਾਵਜੂਦ ਵੀ ਜੋ ਭਾਈ

ਕਾਨ੍ਹ ਸਿੰਘ ਅਤੇ ਮਹਾਰਾਜਾ ਰਿਪੁਦਮਨ ਸਿੰਘ ਜਿਹੇ ਉਸਦਾਦ ਸ਼ਾਗਿਰਦ, ਦੋਹਾਂ ਵਿੱਚ ਟੁੱਟ ਟੁੱਟ ਕੇ ਗੰਢੀਂਦੀ ਰਹੀ ਤਾਂ ਉਸ ਦਾ ਕਾਰਣ ਦੋਹਾਂ ਵਿੱਚਕਾਰ ਸਿੱਖੀ-ਪਿਆਰ ਦੀਆਂ ਸਾਂਝਾਂ ਹੀ ਸਨ।

ਇਸ ਲਈ ਜਦੋਂ ਭਾਈ ਕਾਨ੍ਹ ਸਿੰਘ ਨੇ ਲਿਖਣ ਨੂੰ ਆਪਣਾ ਸ਼ੌਕ ਬਣਾਇਆ ਤਾਂ ਉਸ ਦੀ ਵਿਸ਼ੇ-ਚੋਣ ਸਿੱਖ ਸਾਹਿਤ ਦੇ ਦਾਇਰੇ ਤਕ ਸੀਮਿਤ ਹੋ ਕੇ ਰਹਿ ਗਈ। ਉਸ ਨੇ ਜੋ ਕੁਝ ਵੀ ਕਦੇ ਲਿਖਿਆ ਉਹ ਕੇਵਲ ਸਿੱਖਾਂ ਦੇ ਹਿੱਤ ਵਿੱਚ, ਸਿੱਖਾਂ ਦੇ ਗਿਆਨ ਦੇ ਦਾਇਰੇ ਨੂੰ ਵਿਸਤਾਰਨ ਲਈ ਹੀ ਲਿਖਿਆ। ਉਸ ਦੀ ਸੋਚ ਸਦਾ ਸਿੱਖੀ ਦੇ ਧੁਰੇ ਦੁਆਲੇ ਹੀ ਘੁੰਮਦੀ ਰਹੀ। ਉਹ ਬਹੁਤ ਵੱਡਾ ਸੂਝਵਾਨ ਅਤੇ ਸੁਘੜ ਲੇਖਕ ਹੋ ਕੇ ਵੀ ਕਦੇ ਭਾਰਤੀ ਪੱਧਰ ਉਤੇ ਸਲਾਹੇ ਜਾਣ ਜੋਗਾ ਲੇਖਕ ਨਾ ਬਣ ਸਕਿਆ, ਕੇਵਲ ਇੱਕ ਸਿੱਖ ਲੇਖਕ ਹੀ ਹੋ ਕੇ ਰਹਿ ਗਿਆ। ਕਲਾ ਪੱਖੋਂ ਉਸ ਦੀ ਤੁਲਨਾ ਹਰੀਸ਼ਚੰਦ੍ਰ ਭਾਰਤੇਂਦੂ ਨਾਲ ਕਰਨ ਦੀ ਗੁੰਜਾਇਸ਼ ਸੀ।

ਅਧਿਆਇ 5

ਰਚਨਾਵਾਂ ਦਾ ਵੇਰਵਾ

(ਪਹਿਲਾ ਦੌਰ)

ਸ. ਸ. ਅਸ਼ੋਕ[1] ਅਤੇ ਬੀਬੀ ਸੁਖਜੀਤ ਕੌਰ[2] ਦੁਆਰਾ ਦਿੱਤੀਆਂ ਸੂਚਨਾਵਾਂ ਦੇ ਅਧਾਰ ਉਤੇ ਭਾਈ ਕਾਨ੍ਹ ਸਿੰਘ ਦੀਆਂ ਰਚਨਾਵਾਂ ਦੀ ਨਾਮਾਵਲੀ 31 ਤੱਕ ਪਹੁੰਚ ਜਾਂਦੀ ਹੈ ਅਤੇ ਰਚਨਾ ਕਾਲ 1884 ਤੋਂ 1938 ਤੱਕ (54 ਵਰ੍ਹੇ) ਬਣ ਜਾਂਦਾ ਹੈ। ਇਨ੍ਹਾਂ ਸੂਚੀਆਂ ਵਿੱਚ ਕੁੱਝ ਨਾਉਂ ਅਜਿਹੇ ਭੀ ਹਨ ਜਿਨ੍ਹਾਂ ਨੂੰ ਇਕ ਸੁਤੰਤਰ ਕ੍ਰਿਤ ਜਾਂ ਭਾਈ ਸਾਹਿਬ ਦੀ ਰਚਨਾ ਕਹਿਣ ਵਿੱਚ ਸੰਕੋਚ ਹੁੰਦਾ ਹੈ, ਭਾਵੇਂ ਉਨ੍ਹਾਂ ਵਿੱਚ ਭਾਈ ਕਾਨ੍ਹ ਸਿੰਘ ਦੇ, ਕਿਸੇ ਨਾ ਕਿਸੇ ਰੂਪ ਵਿੱਚ, ਭਾਗੀਦਾਰ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕ੍ਰਮਵਾਰ ਇਨ੍ਹਾਂ ਰਚਨਾਵਾਂ ਦਾ ਵੇਰਵਾ ਅਤੇ ਉਨ੍ਹਾਂ ਦੀ ਭਾਈ ਕਾਨ੍ਹ ਸਿੰਘ ਦੀ ਰਚਨਾ ਦੇ ਰੂਪ ਵਿੱਚ ਪ੍ਰਮਾਣੀਕਤਾ ਬਾਰੇ ਵਿਚਾਰ, ਸੰਖੇਪ ਵਿਚ, ਹੇਠਾਂ ਦਰਜ ਕੀਤਾ ਜਾਂਦਾ ਹੈ :—

1. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ

ਜਿਨ੍ਹਾਂ ਦਿਨ੍ਹਾਂ ਵਿੱਚ ਭਾਈ ਕਾਨ੍ਹ ਸਿੰਘ, ਭਾਈ ਸੰਤ ਸਿੰਘ ਗਿਆਨੀ ਪਾਸੋਂ ਲਾਹੌਰ ਡੇਹਰਾ ਸਾਹਿਬ ਵਿਖੇ, ਫ਼ਾਰਸੀ ਗ੍ਰੰਥ ਪੜ੍ਹ ਰਿਹਾ ਸੀ, ਉਨੀ ਦਿਨੀ ਗੁਰਦੁਆਰੇ ਵਿੱਚ ਆਪਣੇ ਉਸਤਾਦ ਦੇ ਕਹਿਣ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਕਥਾ ਵੀ ਕਰਦਾ ਸੀ। ਸ੍ਰੋਤਿਆਂ ਵਿੱਚ ਹੀ ਪ੍ਰੋਫ਼ੈਸਰ ਗੁਰਮੁਖ ਸਿੰਘ ਵੀ ਆਉਂਦੇ ਸਨ ਅਤੇ ਭਾਈ ਸੇਵਾ ਸਿੰਘ ਮਹੰਤ ਬੱਲੋ ਵਾਲੇ, ਵੀ ਗੁਰਬਾਣੀ ਦੇ ਅਰਥ ਸਮਝਿਆ ਕਰਦੇ ਸਨ, ਜਿਸ ਲਈ ਇਹ ਕਥਾ ਵਿਸ਼ੇਸ਼ ਰੂਪ ਵਿੱਚ ਗੁੰਝਲਾਂ ਖੋਲ੍ਹਣ ਵਾਲੀ ਹੋ ਜਾਂਦੀ ਸੀ। ਪ੍ਰੋਫ਼ੈਸਰ ਗੁਰਮੁਖ ਸਿੰਘ ਨੂੰ ਓਰੀਐਂਟਲ ਕਾਲਜ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਸਮੇਂ, ਅਰਥਾਂ ਦੀ ਗਹਿਰਾਈ ਤੱਕ ਜਾਣ ਦੀ ਲੋੜ ਪੈਂਦੀ ਸੀ ਅਤੇ ਉਸ ਸਮੇਂ, ਪ੍ਰਯਾਯ ਅਤੇ ਗੁਰਬਾਣੀ ਦੇ ਕੋਸ਼ ਦੇ ਰੂਪ ਵਿੱਚ ਜੋ ਗ੍ਰੰਥ ਮਿਲਦੇ ਸਨ, ਉਹ ਆਧੁਨਿਕ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ, ਭਲੀ ਪ੍ਰਕਾਰ ਸਹਾਇਕ ਨਹੀਂ ਸਨ, ਇਸ ਲਈ, ਪ੍ਰੋਫ਼ੈਸਰ ਗੁਰਮੁਖ ਸਿੰਘ ਨੇ ਭਾਈ ਕਾਨ੍ਹ ਸਿੰਘ ਵੱਲੋਂ ਕੀਤੀ ਜਾਣ ਵਾਲੀ ਵਿਆਖਿਆ ਨੂੰ ਨਾਲੋਂ ਨਾਲ ਨੋਟ ਕਰਨਾ ਆਰੰਭ ਲਿਆ ਜੋ ਅੰਤ ਵਿੱਚ ਗੁਰੂ ਗ੍ਰੰਥ ਸ਼ਾਹਿਬ ਦੇ ਕਠਿਨ ਸ਼ਬਦਾਂ ਦਾ, ਇਕ ਸੁਚੱਜਾ ਪ੍ਰਿਯਾਯ ਕੋਸ਼' ਬਣ ਗਿਆ। ਇਸ ਕੋਸ਼ ਨੂੰ ਕੁਝ ਇੱਕ ਕਾਰਣਾਂ ਤੋਂ ਪ੍ਰਕਾਸ਼ਿਤ ਨਾ ਕਰਵਾਇਆ ਜਾ ਸਕਿਆ ਅਤੇ

---

1. ਅ. ਕਾ. ਪੰਨਾ 47-61
2. ਸੁ. ਕਾ. ਪੰਨਾ 17-45

ਪ੍ਰੋਫੈਸਰ ਗੁਰਮੁਖ ਸਿੰਘ ਦੇ ਦੇਹਾਂਤ ਪਿੱਛੋਂ, ਉਸ ਦਾ ਖਰੜਾ ਵੀ ਗੁੰਮ ਗਿਆ।[3] ਸ਼ਾਇਦ, ਰਾਵੀ ਵਿਚ ਹੀ ਰੋੜ੍ਹ ਦਿੱਤਾ ਗਿਆ ਹੋਵੇ। ਪ੍ਰੋਫੈਸਰ ਸਾਹਿਬ ਦੇ ਸੰਤਾਨ ਕੋਈ ਨਹੀਂ ਸੀ ਅਤੇ ਉਹਨੀ ਦਿਨੀਂ ਸਾਰੇ ਕਾਗਜ਼ ਪੱਤਰ ਜੋ ਲਾਵਾਰਿਸ ਹੁੰਦੇ ਸਨ ਦਰਿਆਵਾਂ ਵਿੱਚ ਰੋੜ੍ਹ ਦਿੱਤੇ ਜਾਂਦੇ ਸਨ। ਕਿਉਂਕਿ ਉਨ੍ਹਾਂ ਵਿਚ ਅਉਂਤਰੇ' ਦਾ ਮਾਲ ਹੋਣ ਦੀ ਮਨਹੂਸੀ ਦੀ ਲਾਗ ਲਗੀ ਹੁੰਦੀ ਸੀ। ਇਹ ਰਚਨਾ ਭਾਈ ਕਾਨ੍ਹ ਸਿੰਘ ਅਤੇ ਗੁਰਮੁਖ ਸਿੰਘ ਦੀ ਸੰਯੁਕਤ ਰਚਨਾ ਹੋ ਸਕਦੀ ਸੀ।

2. ਰਾਜ ਧਰਮ[4]

ਅੰਗ੍ਰੇਜ਼ੀ ਰਾਜ ਨੂੰ ਛੱਡ ਕੇ, ਮੁਸਲਿਮ ਸ਼ਰੀਅਤ ਦੇ ਗ੍ਰੰਥਾਂ ਤੋਂ ਵੱਖਰੇ, ਹਿੰਦੂ ਰਾਜਿਆਂ ਦੀ ਅਗਵਾਈ ਲਈ ਉਨ੍ਹਾਂ ਦਿਨਾਂ ਵਿਚ ਕਾਨੂੰਨ ਦੇ ਗ੍ਰੰਥ ਅਤੇ ਉਨ੍ਹਾਂ ਉੱਤੇ ਲਿਖੇ ਟਿੱਪਣੀ-ਗ੍ਰੰਥ ਤਾਂ ਹੁੰਦੇ ਨਹੀਂ ਸਨ, ਕੌਟਿੱਲ ਦਾ 'ਅਰਥ ਸ਼ਾਸਤਰ', ਮਨੂੰ ਦਾ 'ਧਰਮ ਸ਼ਾਸਤਰ' ਅਤੇ ਸੰਸਕ੍ਰਿਤ ਵਿੱਚ ਰਚੇ ਨੀਤੀ ਗ੍ਰੰਥ ਹੀ ਰਾਜਿਆਂ ਨੂੰ ਇਨਸਾਫ਼ ਅਤੇ ਰਾਜ-ਪ੍ਰਬੰਧ ਦਾ ਮਾਰਗ ਦਿਖਾਉਂਦੇ ਸਨ। ਇਸ ਲਈ ਭਗ ਭਗ ਸਾਰੇ ਹੀ ਰਾਜੇ ਆਪਣੇ ਦਰਬਾਰਾਂ ਵਿੱਚ ਕਵੀਆਂ ਨੂੰ ਆਸਰਾ ਦੇ ਕੇ, ਉਨ੍ਹਾਂ ਪਾਸੋਂ ਨੀਤੀ ਦੇ ਗ੍ਰੰਥ ਲਿਖਵਾਉਣ ਵਿਚ ਰੁਚੀ ਲੈਂਦੇ ਸਨ। ਸਿੱਖ ਰਾਜਿਆਂ ਦਾ ਇਸ ਪਾਸੇ ਵਿਸ਼ੇਸ਼ ਧਿਆਨ ਗਿਆ ਸੀ। ਲਗਭਗ ਹਰ ਇਕ ਰਿਆਸਤ ਵਿੱਚ ਨੀਤੀ-ਗ੍ਰੰਥਾਂ ਦੀ ਰਚਨਾ ਕਰਵਾਈ ਗਈ ਸੀ।

ਮਹਾਰਾਜਾ ਹੀਰਾ ਸਿੰਘ ਨੂੰ, ਆਪਣੇ ਅਨੁਭਵ ਦੱਸ ਕੇ ਗ੍ਰੰਥ ਲਿਖਵਾਉਣ ਦਾ ਬਹੁਤ ਸ਼ੌਕ ਸੀ। ਉਸਨੇ ਅਜਿਹੇ 108 ਗ੍ਰੰਥਾਂ ਦੀ ਇਕ ਲੜੀ, ਆਪਣੇ ਵਿਚਾਰ ਦੱਸ ਦੱਸ ਕੇ, ਆਪਣੇ ਦਰਬਾਰ ਦੇ ਵਿਦਵਾਨਾਂ ਤੋਂ ਲਿਖਵਾਈ ਸੀ। ਭਾਈ ਕਾਨ੍ਹ ਸਿੰਘ, ਭਾਈ ਪ੍ਰੇਮ ਸਿੰਘ ਅਤੇ ਪੰਡਿਤ ਸ਼੍ਰੀਧਰ ਜੀ ਇਸ ਲੇਖਕ ਮੰਡਲ ਦੇ ਸ਼ਿੰਗਾਰ ਸਨ।

ਇਹ ਗ੍ਰੰਥ ਲਿਖਵਾ ਕੇ ਜਨਤਾ ਵਿਚ ਮੁਫ਼ਤ ਵੰਡੇ ਜਾਂਦੇ ਸਨ ਅਤੇ ਉਨ੍ਹਾਂ ਉਪਰ ਰਾਵਾਂ ਮੰਗੀਆਂ ਜਾਂਦੀਆਂ। ਕਈ ਵਾਰੀ, ਜਦੋਂ, ਕੋਈ ਮਾਮਲਾ ਬਹਿਸ ਜੋਗ ਪ੍ਰਤੀਤ ਹੁੰਦਾ ਤਾਂ ਉਸ ਦੇ ਖੰਡਨ ਵੰਡੇ ਜਾਂਦੇ ਸਨ। ਆਮ ਤੌਰ ਤੇ ਭਾਈ ਕਾਨ੍ਹ ਸਿੰਘ, ਸਿੰਘ ਸਭਾਈ ਵਿਚਾਰ-ਧਾਰਾ ਦੇ ਪ੍ਰਕਾਸ਼ਕ ਅਤੇ ਭਾਈ ਪ੍ਰੇਮ ਸਿੰਘ ਅਤੇ ਪੰਡਿਤ ਸ਼੍ਰੀਧਰ ਸਨਾਤਨੀ ਵਿਚਾਰ-ਧਾਰਾ ਦੇ ਪੱਖਵਾਦੀ ਦੇ ਰੂਪ ਵਿੱਚ ਸਾਮ੍ਹਣੇ ਆਉਂਦੇ ਸਨ। ਵਿਸ਼ੇਸ਼ ਕਰਕੇ, ਇਹ ਵੰਡ ਸਿੱਖ-ਰਹੁ-ਰੀਤਾਂ ਅਤੇ ਵਿਸ਼ਵਾਸ਼ਾਂ ਨਾਲ ਸੰਬੰਧਿਤ ਮਸਲਿਆਂ ਦੀ ਚਰਚਾ ਵਿੱਚ ਵਧੇਰੇ ਨਿਭਾਈ ਗਈ ਦਿੱਸਦੀ ਹੈ। ਅਜਿਹੇ ਮਸਲਿਆਂ ਵਿੱਚ ਦੁਰਗਾ-ਪੂਜਨ ਅਤੇ ਸਿੱਖੀ ਦਾ ਆਨੰਦ-ਕਾਰਜ ਅਤੇ ਸਨਾਤਨੀ-ਵਿਵਾਹ ਆਦਿ ਦੇ ਮਸਲੇ ਝਗੜੇ ਵਾਲੇ ਵਿਸ਼ੇ ਗਿਣੇ ਜਾਂਦੇ ਸਨ।[5]

---

3. ਅ. ਕਾ. ਪੰਨਾ 10
4. ਉਹੀ. ਪੰਨਾ 47
5. ਆਨੰਦ ਕਾਰਜ ਦਾ ਫ਼ੈਸਲਾ ਆਨੰਦ ਮੈਰਿਜ ਬਿਲ ਨਾਲ ਹੋ ਗਿਆ ਸੀ। ਬਾਕੀ ਝਗੜੇ ਅਜੇ ਵੀ ਕਿਤੇ ਕਿਤੇ ਉਭਾਰ ਲਏ ਜਾਂਦੇ ਹਨ। ਦੇਖੋ ਭਾਈ ਪ੍ਰੇਮ ਸਿੰਘ ਦਾ 'ਦੁਰਗਾ ਪੂਜਨ ਪੜਤਾਲ' ਤੇ ਗਿਆਨੀ ਸਰਦਲ ਸਿੰਘ, ਦਾ 'ਸੱਦ ਸਿਧਾਂਤ' ਆਦਿ।

ਭਾਈ ਕਾਨ੍ਹ ਸਿੰਘ ਦੀ 'ਰਾਜ ਧਰਮ' ਵੀ ਮਹਾਰਾਜਾ ਸਾਹਿਬ ਦੇ ਵਿਚਾਰਾਂ ਉਤੇ ਹੀ ਲਿਖੀ ਗਈ ਪੁਸਤਕ ਸਿੱਧ ਹੁੰਦੀ ਹੈ। ਨਾਟਕ ਭਾਵਾਰਥ ਦੀਪਿਕਾ ਦੀ ਭੂਮਿਕਾ ਵਿੱਚ ਇਹ ਮਹਾਰਾਜੇ ਦੀ ਰਚਨਾ ਹੀ ਦੱਸੀ ਗਈ ਹੈ। ਇਸ ਦੀ ਕੋਈ ਕਾਪੀ ਕਿਧਰੋਂ ਹੱਥ ਨਹੀਂ ਆ ਸਕੀ। ਅਸ਼ੋਕ ਨੇ ਵੀ ਜਿਸ ਢੰਗ ਨਾਲ ਇਸ ਗ੍ਰੰਥ ਦਾ ਜ਼ਿਕਰ ਕੀਤਾ ਹੈ, ਉਸ ਤੋਂ ਜਾਪਦਾ ਹੈ ਕਿ ਉਸ ਨੂੰ ਵੀ ਇਸ ਦੇ ਦਰਸ਼ਨ ਨਹੀਂ ਹੋਏ। ਬੀਬੀ ਸੁਖਵੰਤ ਕੌਰ ਦੇ ਸੰਕਲਿਤ ਸਹਾਇਕ ਗ੍ਰੰਥਾਂ ਵਿੱਚ ਵੀ ਇਸ ਦਾ ਪਤਾ ਨਹੀਂ ਦਿੱਤਾ ਹੋਇਆ। ਨਾਭਾ ਦਰਬਾਰ ਵਿੱਚ ਇਹ ਭਾਈ ਕਾਨ੍ਹ ਸਿੰਘ ਦੀ ਪਹਿਲੀ ਕਿਰਤ ਸੀ, ਜਿਸਨੂੰ ਮਹਾਰਾਜਾ ਹੀਰਾ ਸਿੰਘ ਅਤੇ ਭਾਈ ਕਾਨ੍ਹ ਸਿੰਘ ਦੀ ਪਹਿਲੀ ਸਾਂਝੀ ਰਚਨਾ ਕਹਿ ਸਕਦੇ ਹਾਂ। ਇਸ ਨਾਲ ਭਾਈ ਸਾਹਿਬ ਨੇ ਰਾਜੇ ਨੂੰ ਮੋਹ ਲਿਆ ਜਾਪਦਾ ਹੈ। ਰਚਨਾ 1884 ਦੀ ਹੈ।

੩. ਨਾਟਕ ਭਾਵਾਰਥ ਦੀਪਿਕਾ

ਕਵੀ ਹਿਰਦੇ ਰਾਮ ਦੇ ਲਿਖੇ 'ਰਾਮ ਗੀਤ' ਦਾ (ਜੋ, ਸੰਸਕ੍ਰਿਤ ਦੇ ਪ੍ਰਸਿੱਧ ਗ੍ਰੰਥ 'ਹਨੂਮਾਨ ਨਾਟਕ' ਦਾ ਭਾਖਾ-ਰੂਪਾਂਤਰ ਸੀ), ਸਿੱਖਾਂ ਵਿੱਚ ਵਿਸ਼ੇਸ਼ ਆਦਰ ਸੀ। ਇਸ ਦਾ ਇਕ ਪ੍ਰਤੱਖ ਕਾਰਣ ਤਾਂ ਸਨਾਤਨੀ ਪੰਜਾਬ ਵਿੱਚ ਰਾਮ-ਭਗਤੀ ਦੀ ਪਰੰਪਰਾ ਸੀ; ਦੂਜੇ, ਗੁਰੂ ਗੋਬਿੰਦ ਸਿੰਘ ਨੇ ਬਚਿੱਤ੍ਰ ਨਾਟਕ ਵਿੱਚ ਬੇਦੀਆਂ-ਸੋਢੀਆਂ ਨੂੰ ਰਾਘਵ-ਵੰਸ਼ੀ ਵਰਨਿਆ ਸੀ, ਗੁਰੂ-ਵੰਸ਼ ਅਤੇ ਰਾਘਵ-ਵੰਸ਼ ਦੇ ਇੱਕ ਹੋਣ ਨਾਲ ਸਨਾਤਨੀ-ਸਿੱਖਾਂ ਦੀ ਇਸ ਪਾਸੇ ਰੁਚੀ ਮੁੜੀ, ਤੀਜੇ, ਇਹ ਰਚਨਾ ਪੰਜਾਬ ਵਿੱਚ ਪੜ੍ਹੀ-ਲਿਖੀ ਜਾਂਦੀ 'ਬ੍ਰਿਜੀ' ਭਾਸ਼ਾ ਦੀ ਸੁੰਦਰ ਕਵਿਤਾ ਦਾ ਨਮੂਨਾ ਸੀ; ਚੌਥੇ, ਲੋਕਾਂ ਵਿੱਚ ਇਹ ਕਥਾ ਭੀ ਚਲਦੀ ਸੀ ਕਿ ਬਾਦਸ਼ਾਹ ਔਰੰਗਜ਼ੇਬ ਦੇ ਮਰਨ ਪਿੱਛੋਂ ਜਦੋਂ ਬਹਾਦਰਸ਼ਾਹ ਨੇ ਗੁਰੂ ਸਾਹਿਬ ਨਾਲ ਸੁਲਹ-ਸਫ਼ਾਈ ਕਰ ਲਈ ਤਾਂ ਇਕ ਦਿਨ ਗੁਰੂ ਸਾਹਿਬ ਨੇ ਬਾਦਸ਼ਾਹ ਦਾ ਕੁਤਬਖ਼ਾਨਾ ਦੇਖਿਆ ਅਤੇ ਸਾਰੀਆਂ ਪੁਸਤਕਾਂ ਵਿੱਚੋਂ ਇਸ ਨਾਟਕ ਨੂੰ ਪਸੰਦ ਕਰਕੇ ਲੈ ਲਿਆ। ਜੋ ਪ੍ਰਸੰਗ ਇਸ ਗ੍ਰੰਥ ਵਿੱਚ ਨਹੀਂ ਸਨ ਉਨ੍ਹਾਂ ਨੂੰ ਕਵੀ ਕਾਂਸ਼ੀ ਰਾਮ ਪਾਸੋਂ ਪੂਰਾ ਕਰਵਾ ਲਿਆ।[6] ਇਸੇ ਭਾਵਨਾ ਨਾਲ, ਕਿਸੇ ਸਮੇਂ ਗੁਰਦੁਆਰਿਆਂ ਵਿਚ ਇਸ ਰਚਨਾ ਦੀ ਕਥਾ ਵੀ ਹੁੰਦੀ ਰਹੀ। ਫੇਰ ਹਿੰਦੂਆਂ ਅਤੇ ਸਿੱਖਾਂ ਵਿਚਲੇ ਤਣਾਉ ਦੇ ਦਿਨਾਂ ਵਿੱਚ, ਸਿੱਖਾਂ ਨੇ ਇਸ ਲਈ ਇਹ ਰਚਨਾ ਤਿਆਗ ਦਿੱਤੀ ਕਿ ਇਹ ਅਵਤਾਰੀ ਮਹਿਮਾ ਨਾਲ ਸੰਬੰਧ ਰੱਖਦੀ ਹੈ, ਅਤੇ ਹਿੰਦੂਆਂ ਨੇ ਇਸ ਲਈ ਇਸ ਨੂੰ ਭੁਲਾ ਦਿੱਤਾ ਕਿ ਇਹ ਗੁਰਮੁਖੀ ਲਿਪੀ ਵਿੱਚ ਲਿਖੀ ਹੋਈ ਹੈ।

ਜਿਨ੍ਹਾਂ ਦਿਨਾਂ ਵਿੱਚ "ਨਾਟਕ ਭਾਵਾਰਥ ਦੀਪਿਕਾ" ਲਿਖੀ ਗਈ, ਉਨ੍ਹੀ ਦਿਨੀ ਇਸ ਗ੍ਰੰਥ ਦੇ ਅਰਥ ਕਰ ਸਕਣਾ ਵਿੱਦਵਤਾ ਦੀ ਪਛਾਣ ਸੀ।[7] ਟਿੱਕਾ ਰਿਪੁਦਮਨ

---

6. ਮ. ਕੋ. ਪੰਨਾ 194
ਇਹ ਧਾਰਨਾ ਠੀਕ ਨਹੀਂ, ਬਾਦਸ਼ਾਹ ਨੂੰ ਗੁਰੂ ਜੀ ਪੰਜਾਬ ਛੱਡ ਜਾਣ ਪਿੱਛੋਂ ਮਿਲੇ ਸਨ। ਜਿਸ ਕਾਰਣ ਇਸ ਰਚਨਾ ਦਾ ਸੋਧ ਸੁਧਾਰ ਕਰਾਉਣ ਦੀ ਗੁੰਜਾਇਸ਼ ਨਹੀਂ ਹੋ ਸਕਦੀ ਸੀ। ਇਹ ਹੋ ਸਕਦਾ ਹੈ ਕਿ ਇਹ ਪੁਸਤਕ ਗੁਰੂ ਜੀ ਪਾਸ ਬਚਪਣ ਤੋਂ ਹੋਵੇ।

7. ਭਗਤ ਸਿੰਘ, ਗਿਆਨੀ ਗਿਆਨ ਸਿੰਘ, ਪੰਜਾਬੀ ਯੂਨੀਵਰਸਿਟੀ, 198, ਪੰਨਾ 5.6.

ਸਿੰਘ ਦੀ ਤਾਲੀਮ ਵਿੱਚ ਇਹ ਪੁਸਤਕ ਟੈਕਸਟ-ਬੁਕ ਦੇ ਰੂਪ ਵਿੱਚ ਸ਼ਾਮਿਲ ਕੀਤੀ ਗਈ ਸੀ। ਭਾਈ ਕਾਨ੍ਹ ਸਿੰਘ ਨੂੰ ਟਿੱਕਾ ਸਾਹਿਬ ਦੀ ਵਿਦਿਅਕ ਅਗਵਾਈ ਦੀ ਜ਼ਿੰਮੇਵਾਰੀ ਸੌਂਪੀ ਹੋਈ ਸੀ। ਟਿੱਕਾ ਸਾਹਿਬ ਦੀ ਉਮਰ ਉਸ ਸਮੇਂ 14 ਬਰਸ ਦੀ ਹੋ ਗਈ ਸੀ ਅਤੇ ਉਹ ਆਪਣੀ ਸਿੱਖਿਆ ਦੇ ਅੰਤਲੇ ਦੌਰ ਵਿੱਚ ਸੀ। ਭਾਈ ਕਾਨ੍ਹ ਸਿੰਘ ਦੇ ਕਥਨ ਅਨੁਸਾਰ, ਜਿਸ ਸਮੇਂ ਟਿੱਕਾ ਸਾਹਿਬ ਨੂੰ ਪੜ੍ਹਾਇਆ ਜਾ ਰਿਹਾ ਹੁੰਦਾ ਸੀ, ਉਸ ਸਮੇਂ ਮਹਾਰਾਜਾ ਹੀਰਾ ਸਿੰਘ ਵੀ ਪਾਸ ਆ ਬੈਠਿਆ ਕਰਦਾ ਸੀ। ਪਾਠ ਦੇ ਸਾਂਪ੍ਰਦਾਈ ਅਰਥ ਹੋ ਲੈਣ ਪਿੱਛੋਂ ਮਹਾਰਾਜਾ ਆਪ ਆਪਣੇ ਅਨੁਭਵ ਅਨੁਕੂਲ ਰਚਨਾ ਵਿੱਚ ਵਰਣਨ ਕੀਤੀ ਗਈ ਘਟਨਾ ਦਾ ਭਾਵ-ਅਰਥ ਬਿਆਨਿਆ ਕਰਦਾ ਸੀ, ਜਿਸ ਨੂੰ ਨੋਟ ਕਰ ਲਿਆ ਜਾਂਦਾ ਸੀ ਅਤੇ ਉਨ੍ਹਾਂ ਨੋਟਾਂ ਦਾ ਸੰਕਲਨ ਹੀ, ਇਸ ਰਚਨਾ ਦਾ ਮੂਲ ਬਣਿਆ। ਅਰਥਾਤ ਇਸ ਰਚਨਾ ਦੀ ਵਸਤੂ ਮਹਾਰਾਜਾ ਹੀਰਾ ਸਿੰਘ ਦੀ ਦੇਣ ਹੈ ਅਤੇ ਉਸ ਨੂੰ ਭਾਸ਼ਾ ਵਿੱਚ ਲਿਖਿਆ ਭਾਈ ਕਾਨ੍ਹ ਸਿੰਘ ਨੇ ਹੈ। ਕਿਉਂਕਿ ਭਾਈ ਕਾਨ੍ਹ ਸਿੰਘ ਨੇ ਭੂਮਿਕਾ ਵਿੱਚ ਸਪਸ਼ਟ ਲਿਖਿਆ ਹੈ..."ਜਬ ਮੈਂ ਸਾਂਪ੍ਰਦਾਈ ਅਰਥ ਕਰ ਚੁਕਤਾ ਤਬ ਮਹਾਰਾਜਾ ਸਾਹਿਬ ਅਪਨਾ ਬਚਿਤ੍ਰ ਭਾਵ ਪ੍ਰਗਟ ਕਰਤੇ"। ਛਪੀ ਹੋਈ ਪੋਥੀ ਵਿੱਚ ਸ਼ਬਦਾਰਥ ਜਾਂ ਸੰਪਰਦਾਈ ਅਰਥਾਂ ਜੇਹੀ ਕੋਈ ਚੀਜ਼ ਨਹੀਂ, ਨਾ ਹੀ ਸਾਰੇ ਹਨੂਮਾਨ ਨਾਟਕ ਦੇ ਪਾਠ ਦਾ ਅਰਥ ਦਿੱਤਾ ਹੈ, ਸਗੋਂ ਚੋਣਵੀਆਂ ਤੁਕਾਂ ਦੇ ਕੇ, ਉਨ੍ਹਾਂ ਦਾ ਕਥਿਤ ਭਾਵਾਰਥ ਦਿੱਤਾ ਹੋਇਆ ਹੈ ਜੋ ਭਾਈ ਕਾਨ੍ਹ ਸਿੰਘ ਦੇ ਕਥਨ ਅਨੁਸਾਰ ਮਹਾਰਾਜਾ ਸਾਹਿਬ ਦੀ ਉਪਜ ਹੈ। ਇਸੇ ਭੂਮਿਕਾ ਵਿੱਚ ਮਹਾਰਾਜਾ ਸਾਹਿਬ ਬਾਰੇ ਦੱਸਿਆ ਗਿਆ ਹੈ ਕਿ ਮਹਾਰਾਜਾ ਹੀਰਾ ਸਿੰਘ "ਬੇਦ ਕੇ ਮਹਾਂਵਾਕ ਔਰ ਮੂਰਖ ਲੋਗੋਂ ਕੇ ਮੁਖ ਸੇ ਨਿਕਸੇ ਹੁਏ ਗੀਤ ਕੋ ਆਪਣੀ ਬਚਿਤ੍ਰ ਬੁੱਧੀ ਬਲ ਸੇ ਨੀਤੀ ਔਰ ਗਯਾਨ ਮੇਂ ਲਗਾ ਦੇਤੇ ਹੈਂ ਔਰ ਇਸ ਯੁਕਤੀ ਸੇ ਬਿਆਨ ਕਰਤੇ ਹੈਂ ਕਿ ਸਭ ਉੱਤਮ ਪੁਰਸ਼ੋਂ ਕੇ ਮਨ ਮੇਂ ਜਿਸਕਾ ਪੂਰਾ ਅਸਰ ਹੋ ਜਾਯ।"

ਮਹਾਰਾਜਾ ਸਾਹਿਬ ਦੀ ਇਸ 'ਬਚਿੱਤ੍ਰ' ਚਿੰਤਨ ਅਤੇ ਵਰਣਨ ਸ਼ਕਤੀ ਦਾ ਪ੍ਰਮਾਣ ਇਸੇ ਗੱਲ ਤੋਂ ਮਿਲ ਜਾਂਦਾ ਹੈ ਕਿ ਕਵੀ ਹਿਰਦੇ ਰਾਮ ਦੀ ਰਚਨਾ ਦੇ ਮੁੱਢਲੇ ਕਬਿਤ ਦਾ ਭਾਵਾਰਥ ਪੰਨਾ 7 ਤੋਂ ਪੰਨਾ 46 ਤਕ ਬਿਆਨ ਹੋਇਆ ਹੈ ਅਤੇ ਉਸ ਵਿਚ 25 ਪ੍ਰਸੰਗਾਂ ਦੀ ਚਰਚਾ ਹੋਈ ਹੈ। ਭਾਵਾਰਥ ਦੀ ਇਸ ਕ੍ਰਿਆ ਦੀ ਇੱਕ ਝਲਕ ਪਾਠਕ ਨੂੰ ਦੇਣ ਲਈ, ਮੰਗਲਾਚਰਣ ਦੇ ਇਸ ਕਬਿੱਤ ਦੀ ਵਿਆਖਿਆ ਵਿੱਚ ਚਰਚਿਤ ਪ੍ਰਸੰਗਾਂ ਦੀ (ਅੱਖਰ ਕ੍ਰਮ ਅਨੁਸਾਰ) ਸੂਚੀ ਦੇ ਦਿੱਤੀ ਜਾਵੇ; (ਅੱਖਰ ਜੋੜ ਮੂਲ ਅਨੁਸਾਰ ਹਨ ਅਤੇ ਸੰਬੰਧਿਤ ਪੰਨਿਆਂ ਦਾ ਵੇਰਵਾ ਬ੍ਰੈਕਟਾਂ ਵਿੱਚ ਦਰਜ਼ ਹੈ) :—

1. ਇਸਤ੍ਰੀ ਏਕ ਬਿਵਾਹਨੀ ਚਾਹੀਏ (41)
2. ਇਸਤ੍ਰੀ ਕੁਲੀਨ ਹੋਨੀ ਚਾਹੀਏ (43)
3. ਇਸ਼ਨਾਨ ਕਾ ਪ੍ਰਸੰਗ (21)
4. ਸਤਯ ਕੀ ਬਡਾਈ (39)

8. ਨਾਟਕ ਭਾਵਾਰਥ ਦੀਪਿਕਾ, ਭੂਮਿਕਾ, ਪਨਾ 4

5. ਸਫ਼ਾਈ ਕੀ ਬਡਾਈ ਔਰ ਗੁਣ (30)
6. ਸਰਣਾਗਤ ਕੀ ਰੱਛਾ (38)
7. ਸੁਭਾਵ ਉੱਤਮ ਹੋਨੇ ਕੀ ਮਹਿਮਾ (38)
8. ਸੋਨਾ ਅਥਵਾ ਨਿਦ੍ਰਾ (30)
9. ਕਰਮ ਤੀਨ ਪ੍ਰਕਾਰ ਕੇ ਹੈਂ (13)
10. ਵਰਨ ਸੇ ਜਾਤੀ ਕਾ ਹੋਨਾ (13)
11. ਕਰਮ ਕੇ ਛੇ ਭੇਦ (15)
12. ਕਵੀਓਂ ਕੋ ਝੂਠੀ ਤਾਰੀਫ ਨਹੀਂ ਕਰਨੀ ਚਾਹੀਯੇ (46)
13. ਕਿਰਤ ਕਰਨੇ ਕੀ ਮਹਿਮਾ (33)
14. ਖਾਨ ਪਾਨ ਕੇ ਵਿਸ਼ਯ ਮੇਂ (15)
15. ਗ੍ਰਿਹਸਤ ਭੋਗ (31)
16. ਘਰ ਕੋ ਸਵੱਛ ਰਖਨੇ ਕੇ ਗੁਣ (25)
17. ਤੀਨ ਲੋਕ ਪਤੀ ਕਾ ਅਰਥ ਔਰ ਤੀਨ ਲੋਕੋਂ ਕਾ ਬਰਣਨ (10)
18. ਪਹਿਰਨੇ ਕਾ ਪ੍ਰਸੰਗ (22)
19. ਪਰ ਇਸਤ੍ਰੀ ਕੀ ਨਿੰਦਾ ਔਰ ਨਿਸ਼ੇਧ (41)
20. ਪਵਨ ਸਵੱਛ ਸੁਖ ਕਾ ਹੇਤੂ
21. ਪੀਨੇ ਦਾ ਪ੍ਰਸੰਗ (19)
22. ਪ੍ਰੀਤੀ ਕੀ ਮਹਿਮਾ (36)
23. ਪੁਤਰ ਪਾਲਨ (13)
24. ਭੂਤ ਸਬਦ ਕਾ ਅਰਥ (13)
25. ਰਾਜਾ ਕੋ ਯੋਗ ਔਰ ਭੋਗ ਦੋਨੋਂ ਮੇਂ ਨਿਪੁਨ ਹੋਨਾ ਚਾਹੀਯੇ (42)

ਬਿਨਾਂ ਸੰਦੇਹ ਇਹ ਗੱਲ ਕਹੀ ਜਾ ਸਕਦੀ ਹੈ ਕਿ ਇਨ੍ਹਾ ਪ੍ਰਸੰਗਾਂ ਵਿੱਚੋਂ ਬਹੁਤੇ ਪ੍ਰਸੰਗ ਮੂਲ ਲੇਖਕ ਦੇ ਚਿੰਤਨ ਦਾ ਅੰਗ ਕਦੇ ਵੀ ਨਹੀਂ ਰਹੇ ਹੋਣਗੇ।

ਗੱਲ ਵਧੇਰੇ ਸਪਸ਼ਟ ਕਰਨ ਲਈ, ਮੂਲ ਕਬਿੱਤ ਹੇਠ ਨਕਲ ਕੀਤਾ ਜਾਂਦਾ ਹੈ :—

ਤੀਨੋ ਲੋਕਪਤਿ ਪ੍ਰਾਨਪਤਿ ਪ੍ਰੀਤਿ ਹੀ ਸੌਂ ਰਤਿ
ਅਗਨਤ ਗਤਿ ਕੇ ਚਰਨ ਸਿਰ ਨਾਇ ਹੌਂ।
ਸਦਾ **ਸੀਲਪਤਿ ਸਤਯਪਤਿ ਏਕ-ਨਾਰੀ-ਬ੍ਰਤਿ**
ਸਿਵ ਸਨਕਾਦਿ-ਪਤਿ ਜਸਹਿ ਸੁਨਾਇ ਹੌਂ।
ਸੁਰਪਤਿ ਹੂ ਕੇ ਪਤਿ ਜਾਨਕੀ ਕੇ ਪਤਿ
ਰਾਮ ਨੈਨ ਕੋਰ ਓਰ ਕਬਹੂੰ ਤੌਂ ਪਰ ਜਾਇ ਹੌਂ।
ਫੁਰੇ **ਬਾਕਪਤਿ** ਸੁਨੋ **ਸੰਤ ਸਾਧੂ ਮਤਿ**, ਤਬ,
ਐਸੇ **ਰਘੁਪਤਿ** ਕੇ ਕਛੁਕ ਗੁਨ ਗਾਇ ਹੌਂ ॥੧॥

ਭਾਵਾਰਥ ਕਥਨ ਕਰਦੇ ਸਮੇਂ ਮੋਟੇ ਛਪੇ ਅੰਸ਼ਾਂ ਨੂੰ ਹੀ ਆਧਾਰ ਬਣਾਇਆ ਗਿਆ ਹੈ ਅਤੇ ਇੱਕ ਇੱਕ ਪ੍ਰਸੰਗ ਵਿੱਚ ਅਗੋਂ ਕਈ ਆਂਸ਼ਿਕ-ਪ੍ਰਸੰਗ ਬਿਆਨ ਕੀਤੇ ਗਏ ਹਨ।

ਸਾਰੀ ਰਚਨਾ ਵਿਚ ਸਾਢੇ ਅੱਠ ਸੌ ਤੋਂ ਉੱਤੇ ਪ੍ਰਸੰਗ ਕਥੇ ਗਏ ਹਨ। ਉਪ-ਪ੍ਰਸੰਗ ਗਿਣੇ ਨਹੀਂ ਜਾ ਸਕੇ।

ਗ੍ਰੰਥ ਦੇ ਅੰਤ ਉੱਤੇ ਰਚਨਾ ਦਾ ਸਾਲ 428 ਨਾਨਕਸ਼ਾਹੀ ਦਿੱਤਾ ਹੈ, ਜੋ 1897 ਬੈਠਦਾ ਹੈ।[9] ਪਰ ਅਸ਼ੋਕ ਨੇ ਰਚਨਾ 1888 ਵਿੱਚ ਹੋਈ ਲਿਖੀ ਹੈ।[10] ਸ਼ਾਇਦ, ਇਹ ਗ੍ਰੰਥ ਲਈ ਨੋਟ ਲਏ ਜਾਣ ਦੇ ਆਰੰਭ ਦਾ ਸਾਲ ਹੋਵੇ। ਵੱਡੇ ਆਕਾਰ ਵਾਲੀ ਇਸ ਰਚਨਾ ਦੀ ਤਿਆਰੀ, ਸੰਪਾਦਨ ਅਤੇ ਅੰਤਮ ਸੰਸ਼ੋਧਨ ਜੋ, ਨਿਸ਼ਚੇ ਹੀ, ਮਹਾਰਾਜਾ ਸਾਹਿਬ ਨੇ ਸੁਣ ਕੇ ਪ੍ਰਵਾਨ ਕੀਤੇ ਹੋਣਗੇ, ਅੱਠ-ਨੌਂ ਵਰ੍ਹੇ ਲੱਗ ਜਾਣੇ ਅਸੰਭਵ ਨਹੀਂ।

ਗ੍ਰੰਥ ਦੇ ਮੁੱਖ-ਪੱਤ੍ਰੇ ਉੱਤੇ ਪ੍ਰਕਾਸ਼ਨ ਦਾ ਸਾਲ ਦਰਜ ਨਹੀਂ। ਬੀਬੀ ਸੁਖਵੰਤ ਕੌਰ ਨੇ, ਪੈਰ ਟਿੱਪਣੀ ਅਤੇ ਸਹਾਇਕ ਗ੍ਰੰਥ ਸੂਚੀ ਵਿੱਚ 1888 ਲਿਖਿਆ ਹੈ[11] ਜੋ ਠੀਕ ਨਹੀਂ, ਭੁਲੇਖੇ ਕਾਰਣ ਹੈ। ਗ੍ਰੰਥ ਵਿਚ ਦਿੱਤੇ ਰਚਨਾ ਸੰਮਤ ਵੱਲ ਸ਼ਾਇਦ ਉਨ੍ਹਾਂ ਧਿਆਨ ਨਹੀਂ ਦਿੱਤਾ ਅਤੇ ਅਸ਼ੋਕ ਵੱਲੋਂ ਦਿੱਤੀ ਸੂਚਨਾ ਨੂੰ ਗ਼ਲਤ ਤੌਰ ਤੇ ਸਹੀ ਸਮਝ ਲਿਆ। 1888 ਵਿੱਚ ਭਾਈ ਭਾਈ ਕਾਨ੍ਹ ਸਿੰਘ ਟਿੱਕਾ ਸਾਹਿਬ ਦਾ ਉਸਤਾਦ ਵੀ ਨਹੀਂ ਸੀ।

ਬੀਬੀ ਸੁਖਵੰਤ ਕੌਰ ਦਾ ਇਹ ਕਹਿਣਾ ਕਿ "ਪਹਿਲੇ ਪੈਰੇ ਦੀ ਵਿਆਖਿਆ ਤੋਂ ਭਾਈ ਸਾਹਿਬ ਦੇ ਆਪਣੇ ਵਿਚਾਰ ਵੀ ਪ੍ਰਗਟ ਹੁੰਦੇ ਹਨ"[12] ਭੁਲੇਖੇ ਦੇ ਕਾਰਣ ਹੈ। ਇਸ ਗ੍ਰੰਥ ਦੀ ਰਚਨਾ 'ਠਕੁਰ-ਬਖਾਨੀ' ਪੱਧਤੀ ਉੱਤੇ ਹੋਈ ਹੈ। ਭਾਈ ਕਾਨ੍ਹ ਸਿੰਘ ਨੇ ਉਸ ਨੂੰ, ਵੱਧ ਤੋਂ ਵੱਧ, ਆਪਣੀ ਕਥਨ ਸ਼ੈਲੀ ਰਾਹੀਂ ਪ੍ਰਕਾਸ਼ਿਆ ਹੈ, ਉਸ ਵਿੱਚ ਆਪਣੇ ਵਿਚਾਰਾਂ ਨੂੰ ਉਜਾਗਰ ਨਹੀਂ ਕੀਤਾ, ਨਾ ਅਜਿਹਾ ਕਰਨ ਦੀ ਕਿਧਰੇ ਗੁੰਜਾਇਸ਼ ਹੀ ਸੀ, ਜੇ ਕਿਧਰੇ ਭਾਈ ਸਾਹਿਬ ਨੇ ਆਪਣਾ ਕੋਈ ਵਿਚਾਰ ਸਮੋਇਆ ਵੀ ਹੋਵੇਗਾ ਤਾਂ ਉਹ ਮਹਾਰਾਜੇ ਵੱਲੋਂ ਅਪਣਾ ਲਿਆ ਜਾਣ ਕਾਰਣ, ਉਸੇ ਦਾ ਹੋ ਗਿਆ। ਮਹਾਰਾਜਾ ਹੀਰਾ ਸਿੰਘ ਅਤੇ ਭਾਈ ਕਾਨ੍ਹ ਸਿੰਘ ਦੀ ਇਹ ਤੀਜੀ ਸਾਂਝੀ ਰਚਨਾ ਹੈ।

4. ਵਿਸ਼ਨੂ ਪੁਰਾਣ ਟੀਕਾ

ਕਾਲ ਕ੍ਰਮ ਅਨੁਸਾਰ, ਇਸ ਪੁਸਤਕ ਦਾ ਜ਼ਿਕਰ, "ਨਾਟਕ ਭਾਵਾਰਥ ਦੀਪਿਕਾ" ਦੇ ਵੇਰਵੇ ਤੋਂ ਪਹਿਲਾਂ ਆਉਣਾ ਚਾਹੀਦਾ ਸੀ, ਕਿਉਂਕਿ "ਨਾਟਕ ਭਾਵਾਰਥ ਦੀਪਿਕਾ" ਦੀ ਭੂਮਿਕਾ ਵਿੱਚ ਇਸ ਰਚਨਾ ਦੇ ਮਹਾਰਾਜਾ ਹੀਰਾ ਸਿੰਘ ਦੁਆਰਾ ਰਚੇ ਗਏ ਗ੍ਰੰਥਾਂ ਦੇ ਸੰਬੰਧ ਵਿੱਚ ਜ਼ਿਕਰ ਕੀਤਾ ਹੋਇਆ ਮਿਲਦਾ ਹੈ। ਪਰੰਤੂ, ਬੀਬੀ ਸੁਖਜੀਤ ਕੌਰ ਨੇ ਇਸ ਦਾ

---

9. ਨਾਟਕ ਭਾਵਾਰਥ, ਪੰਨਾ 7
10. ਅ. ਕਾ. ਪੰਨਾ 48
11. ਸੁ. ਕਾ. ਪੰਨਾ 101
12. ਉਹੀ, ਪੰਨਾ 17

ਪ੍ਰਕਾਸ਼ਨ ਸਾਲ 1903 ਦਿੱਤਾ[13] ਹੈ, ਜੋ "ਨਾਟਕ ਭਾਵਾਰਥ ਦੀਪਿਕਾ" ਤੋਂ ਪਿੱਛੋਂ ਦਾ ਹੈ, ਇਸ ਲਈ ਇਸਦਾ ਵਰਣਨ ਪਿੱਛੋਂ ਕਰ ਲਿਆ ਹੈ ।

ਵਿਸ਼ਨੂ-ਪੁਰਾਣ ਦੀ ਗਿਣਤੀ ਮਹਾਂਪੁਰਾਣਾਂ ਵਿਚਕਾਰ ਹੁੰਦੀ ਹੈ। ਦੇਵੀ ਭਾਗਵਤ ਵਿੱਚ ਜਿਨ੍ਹਾਂ ਪੁਰਾਣਾਂ ਦੀ ਸੂਚੀ, ਸੰਕੇਤ ਰੂਪ ਵਿੱਚ ਦਿੱਤੀ ਹੋਈ ਹੈ, ਉਸ ਵਿੱਚ ਇਹ 'ਵ' ਅੱਖਰ ਨਾਲ ਆਰੰਭ ਹੋਣ ਵਾਲੇ ਚਾਰ (ਵਿਸ਼ਨੂ, ਵਾਯੂ, ਵਰਾਹ ਅਤੇ ਵਾਮਨ) ਪੁਰਾਣਾਂ ਵਿੱਚੋਂ ਇੱਕ ਹੈ। ਵੈਸ਼ਣਵ-ਭਗਤਾਂ ਵਿੱਚ ਇਸ ਦਾ ਵਿਸ਼ੇਸ਼ ਆਦਰ ਰਿਹਾ ਹੈ। ਪੰਜਾਬ ਵਿੱਚ ਇਸ ਪੁਰਾਣ ਦੇ ਕਈ ਭਾਸ਼ਾ ਰੂਪਾਂਤਰ ਮਿਲਦੇ ਹਨ[14] ਅਜਿਹੇ ਦੋ ਭਿੰਨ ਰੂਪਾਂਤਰ ਮੇਰੇ ਆਪਣੇ ਸੰਗ੍ਰਹਿ ਵਿੱਚ ਮੌਜੂਦ ਹਨ ਜਿਨ੍ਹਾਂ ਵਿੱਚੋਂ ਇਕ 1743 ਦੀ ਲਿਖਤ ਹੈ। ਇਹ ਸਾਰੇ ਰੂਪਾਂਤਰ ਵਾਰਤਕ ਵਿੱਚ ਮਿਲਦੇ ਹਨ, ਜਦ ਕਿ ਮੂਲ ਵਿਸ਼ਨੂ-ਪੁਰਾਣ, ਸ੍ਰੀਮਦ ਭਾਗਵਤ ਅਨੁਸਾਰ, ਤੇਈਸ ਹਜ਼ਾਰ ਸ਼ਲੋਕ ਵਿੱਚ ਰਚਿਆ ਗਿਆ ਸੀ । ਅੱਜ ਕੱਲ੍ਹ ਜੋ ਵਿਸ਼ਨੂ-ਪੁਰਾਣ ਮਿਲਦਾ ਹੈ, ਉਸ ਵਿੱਚ ਕੇਵਲ ਸੋਲ੍ਹਾਂ ਹਜ਼ਾਰ ਸ਼ਲੋਕ ਹੀ ਹਨ, ਬਾਕੀ ਦੇ ਸੱਤ ਹਜ਼ਾਰ ਸ਼ਲੋਕਾਂ ਦਾ ਖੋਜ ਹੀ ਨਹੀਂ ਮਿਲਦਾ । ਕਈ ਛੋਟੀਆਂ ਛੋਟੀਆਂ ਪੋਥੀਆਂ ਵਿਸ਼ਨੂ ਪੁਰਾਣ ਦਾ ਅੰਗਭੂਤ ਅੰਸ਼ ਮੰਨੀਆਂ ਜਾਂਦੀਆਂ ਹਨ ਹੋ ਸਕਦਾ ਹੈ, ਇਹ ਗੁਆਚੇ ਅੰਸ਼ ਦੇ ਅਧਿਆਇ ਹੀ ਹੋਣ ।

ਸ੍ਰੀਮਦ ਭਾਗਵਤ ਨੇ ਪੁਰਾਣਾਂ ਨੂੰ ਪੰਜਵੇਂ ਵੇਦ ਸਮਾਨ ਦਰਜਾ ਦਿੰਦਿਆਂ,ਬ੍ਰਾਹਮਣਾ ਦੇ ਚੌਹਾਂ ਮੁਖਾਂ ਤੋਂ ਉਪਜਿਆ ਪ੍ਰਮਾਣਿਤ ਕੀਤਾ ਹੈ ਜਦ ਕਿ ਮਤਸਯ ਪੁਰਾਣ ਵਿੱਚ, ਪੁਰਾਣਾਂ ਦੀ ਰਚਨਾ ਸਭਨਾਂ ਸ਼ਾਸਤ੍ਰਾਂ ਅਤੇ ਵੇਦਾਂ ਤੋਂ ਪਹਿਲਾਂ ਕੀਤੀ ਗਈ ਮੰਨੀ ਹੈ ।[15] ਖ਼ੁਦ ਰਿਗਵੇਦ ਵਿੱਚ ਪੁਰਾਣ ਸ਼ਬਦ ਦੀ ਵਰਤੋਂ ਅਤੇ ਉਹ ਵੀ ਉਨ੍ਹਾਂ ਹੀ ਅਰਥਾਂ ਵਿੱਚ ਜਿਨ੍ਹਾਂ ਵਿਚ ਅਸੀਂ ਅੱਜ ਕਲ੍ਹ ਕਰਦੇ ਹਾਂ, ਕਿਸੇ ਹਦ ਤਕ ਮਤਸਯ ਪੁਰਾਣ ਦੇ ਇਸ ਦਾਅਵੇ ਦੀ ਤਸਦੀਕ ਕਰਦੀ ਪ੍ਰਤੀਤ ਹੁੰਦੀ ਹੈ, ਪਰ ਮਤਸਯ ਪੁਰਾਣ ਦੀ ਉਸੇ ਟੂਕ ਵਿੱਚ ਜਿਸ ਵਿੱਚ ਪੁਰਾਣਾਂ ਨੂੰ ਵੇਦ ਤੋਂ ਪਹਿਲਾਂ ਦੀ ਰਚਨਾ ਮੰਨਿਆ ਗਿਆ ਹੈ, ਵੇਦ ਸ਼ਬਦ ਦੀ ਵਰਤੋਂ ਮੁੜ ਸ਼ੰਕੇ ਜਗਾ ਦਿੰਦੀ ਹੈ ।[16], ਕੁਝ ਵੀ ਕਿਉਂ ਨਾਂ ਹੋਵੇ, ਵਿਸ਼ਨੂ ਪੁਰਾਣ ਚੌਥੀ ਪੁਰਾਣੀ ਰਚਨਾ ਹੈ। ਕਿਉਂਕਿ ਵਿਸ਼ਨੂ ਅਵਤਾਰਾਂ ਦਾਂ ਸੋਮਾ ਮੰਨਿਆ ਜਾਂਦਾ ਹੈ ਅਤੇ ਪੁਰਾਣ ਪੜ੍ਹਣ ਸੁਣਨ ਦਾ ਅਧਿਕਾਰ ਸਭਨਾ ਨੂੰ ਹੈ, ਇਸ ਲਈ ਵਿਸ਼ਨੂ ਪੁਰਾਣ ਦੇ ਪੜ੍ਹਨ-ਸੁਣਨ ਦੀ ਮਹਿਮਾ ਕੁਝ ਵਧੇਰੇ ਹੀ ਰਹੀ ਹੈ ।

ਰਿਆਸਤ ਨਾਭੇ ਦੇ ਪ੍ਰਸੰਗ ਵਿੱਚ ਇਸ ਗ੍ਰੰਥ ਦਾ ਮਹੱਤਵ, ਇਸ ਗੱਲੋਂ ਕੁਝ ਹੋਰ ਜ਼ਿਆਦਾ ਇਸ ਲਈ ਵੀ ਸਮਝਿਆ ਜਾ ਸਕਦਾ ਹੈ ਕਿ ਇਸ ਰਿਆਸਤ ਦੇ ਦੋ ਪਹਿਲੇ ਰਾਜੇ (ਜਸਵੰਤ ਸਿੰਘ ਅਤੇ ਦੇਵਿੰਦਰ ਸਿੰਘ) ਵੈਸ਼ਣਵ ਸੰਪਰਦਾਇ ਦੇ ਸ਼ਰਧਾਲੂ ਰਹੇ ਸਨ ।

---

13. ਸੁ. ਕਾ. ਪੰਨਾ 21
14. ਪੰ. ਹ ਲਿ. ਭਾਗ I ਪੰਨਾ 16-18, ਭਾਗ II ਪੰਨਾ 49-50
15. ਸ੍ਰੀ ਮਦ ਭਾਗਵਤ, 3/13/39
16. ਕਲਿਆਣ, ਹਿੰਦੂ, ਸੰਸਕ੍ਰਿਤਿ ਅੰਕ, ਪੰਨਾ 295

ਟੀਕਾਕਾਰ ਨੇ ਇਸ ਦਾ ਟੀਕਾ ਕਰਦੇ ਸਮੇਂ ਪਹਿਲੀਆਂ ਕੁਝ ਤੁਕਾਂ ਦੇ ਵਿੱਚ ਪੁਰਾਣ ਦੇ ਕੁਝ ਪੰਨਿਆਂ ਦਾ ਸਾਰ ਦਿੱਤਾ ਹੈ। ਉਸਦੇ ਨਾਲ ਹੀ ਲਿਖ ਦਿੱਤਾ ਹੈ ਕਿ ਇਹ ਸਾਰ ਕਿੰਨਿਆਂ ਪੰਨਿਆਂ ਦਾ ਹੈ। ਉਸ ਦੇ ਉਪਰੰਤ ਉਸ ਵਿੱਚੋਂ ਤੱਤ ਕੱਢੇ ਹਨ, ਜਾਂ ਵਿਆਖਿਆ ਕੀਤੀ ਹੈ, ਜਾਂ ਆਲੋਚਨਾ ਕੀਤੀ ਹੈ ਅਤੇ ਜਾਂ ਹੁਣ ਦੇ ਸਮੇਂ ਉੱਤੇ ਘਟਾ ਕੇ ਕੋਈ ਕਟਾਖ ਆਦਿ ਕੀਤੇ ਹਨ।[17] ਇਹ ਬੀਬੀ ਸੁਰਜੀਤ ਕੌਰ ਦਾ ਮਤ ਹੈ। ਅਸਲ ਵਿੱਚ ਇਸ ਗ੍ਰੰਥ ਵਿੱਚ ਵੀ ਮਹਾਰਾਜਾ ਹੀਰਾ ਸਿੰਘ ਦੇ ਮਤ ਨੂੰ ਹੀ ਬਿਆਨਿਆ ਗਿਆ ਹੈ, ਲੇਖਕ ਨੇ ਆਪਣੀ ਭਾਸ਼ਾ ਦੀ ਚਤੁਰਾਈ ਤੋਂ ਬਿਨਾਂ ਹੋਰ ਕੁਝ ਨਹੀਂ ਕੀਤਾ।

ਅਸ਼ੋਕ ਨੇ ਇਹ ਪੁਸਤਕ ਭਾਈ ਕਾਨ੍ਹ ਸਿੰਘ ਦੀਆਂ ਰਚਨਾਵਾਂ ਵਿੱਚ ਸ਼ਾਮਿਲ ਨਹੀਂ ਕੀਤੀ। ਪੁਸਤਕ ਵਿੱਚ ਟਾਈਟਲ ਉੱਤੇ ਲੇਖਕ ਦਾ ਨਾਉਂ ਦਰਜ ਹੈ। ਗੁਟਕੇ ਦੇ ਅਕਾਰ ਦੀ ਇਹ ਛੋਟੀ ਪੋਥੀ ਦੁਰਗਾ ਪ੍ਰੈਸ, ਨਾਭਾ, ਤੋਂ ਭਾਈ ਪ੍ਰੇਮ ਸਿੰਘ ਵੱਲੋਂ ਮਹਾਰਾਜਾ ਸਾਹਿਬ ਦੀ ਆਗਿਆ ਨਾਲ ਛਾਪੀ ਗਈ ਸੀ, ਛਾਪਣ ਦਾ ਸੰਮਤ 1903 ਹੈ, ਜਦ ਕਿ ਰਚਨਾ ਇਸ ਦੀ 1899 ਤੋਂ ਪਹਿਲਾਂ ਹੋ ਚੁੱਕੀ ਦੱਸੀ ਹੈ। ਇਸ ਲਈ ਇਸ ਗ੍ਰੰਥ ਦੇ ਭਾਈ ਕਾਨ੍ਹ ਸਿੰਘ ਰਾਹੀਂ ਰਚੇ ਗਏ ਹੋਣ ਵਿੱਚ ਸੰਦੇਹ ਨਹੀਂ ਹੈ, ਅਸ਼ੋਕ ਦੀ ਪੁਸਤਕ ਵਿੱਚ ਸੂਚਨਾਵਾਂ ਭਾਈ ਸਾਹਿਬ ਦੇ ਜਿਉਂਦੇ-ਜੀ ਪੁੱਛ-ਪੜਤਾਲ ਕਰਕੇ ਦਰਜ ਕੀਤੀਆਂ ਗਈਆਂ ਸਨ, ਫੇਰ ਉਨ੍ਹਾਂ ਦੀ ਸੋਧ ਸੁਧਾਈ, ਭਾਈ ਸਾਹਿਬ ਦੇ ਸਪੁੱਤਰ ਭਾਈ ਭਗਵੰਤ ਸਿੰਘ (ਹਰੀ ਜੀ) ਦੀ ਨਿਗਰਾਨੀ ਵਿੱਚ ਭਾਈ ਸਾਹਿਬ ਦੇ ਕਈ ਸਮਕਾਲੀਆਂ ਅਤੇ ਨਿਕਟ-ਵਰਤੀਆਂ ਪਾਸੋਂ ਕਰਵਾਈ ਗਈ ਸੀ, ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਇਸ ਪੁਸਤਕ ਦੇ ਭਾਈ ਸਾਹਿਬ ਦੁਆਰਾ ਰਚੇ ਹੋਣ ਦਾ ਪਤਾ ਨਹੀਂ ਸੀ, ਇਹ ਗੱਲ ਮਨ ਨੂੰ ਨਹੀਂ ਲੱਗਦੀ। ਸੋ ਵਿਸਵੇ ਉਸ ਪੁਸਤਕ ਵਿੱਚ ਦਰਜ ਵਿਹਾਰਾਂ ਨੂੰ ਕਿਸੇ ਮਤਵਾਦ ਅਧੀਨ ਭਾਈ ਕਾਨ੍ਹ ਸਿੰਘ ਨੇ ਆਪਣੇ ਨਾਉਂ ਨਾਲ ਜੋੜਨਾ ਪਸੰਦ ਨਹੀਂ ਕੀਤਾ ਹੋਵੇਗਾ।

ਇਹ ਕਹਿਣਾ ਕਿ ਇਹ ਰਚਨਾ, ਭਾਈ ਕਾਨ੍ਹ ਸਿੰਘ ਨੇ "ਆਪਣੀ ਭਰਪੂਰ ਜਵਾਨੀ ਵੇਲੇ ਲਿਖੀ ਜਦੋਂ ਉਹ ਡੇਰਾ ਪਰੰਪਰਾ ਵਿੱਚ ਚੰਗੀ ਤਰ੍ਹਾਂ ਲੀਨ ਸਨ ਤੇ ਉਹਨਾਂ ਨੂੰ ਪਛਮੀ ਵਿੱਦਿਆ ਦਾ ਕੋਈ ਪਤਾ ਨਹੀਂ ਸੀ।"[18] ਵੀ ਬਿਨਾਂ ਪ੍ਰਮਾਣ ਦਿੱਤਿਆਂ ਢੁੱਕਦਾ ਨਹੀਂ। ਇਸ ਰਚਨਾ ਦੀ ਕੋਈ ਗੱਲ ਵੀ ਮਹਾਰਾਜਾ ਹੀਰਾ ਸਿੰਘ ਦੀਆਂ ਲਿਖਵਾਈਆਂ ਪੁਸਤਕਾਂ ਨਾਲੋਂ ਵੱਖਰੀ ਨਹੀਂ, ਫੇਰ ਭਾਈ ਕਾਨ੍ਹ ਸਿੰਘ ਅੰਗ੍ਰੇਜ਼ੀ ਦਾ ਜਾਣੂ ਇਹ ਰਚਨਾ ਕਰਨ ਤੋਂ ਪਹਿਲਾਂ ਹੋ ਚੁੱਕਾ ਸੀ, ਮੈਕਾਲਿਫ਼ ਨਾਲ ਵੀ ਮੇਲ ਹੋ ਲਿਆ ਸੀ। ਭਾਸ਼ਾ ਉਨ੍ਹਾਂ ਦਿਨ੍ਹਾਂ ਦੀਆਂ ਸਾਰੀਆਂ ਰਚਨਾਵਾਂ ਵਿੱਚ ਇਕ ਸਮਾਨ ਹੀ ਵਰਤੀ ਜਾਂਦੀ ਸੀ। ਅਜਿਹੀ ਭਾਸ਼ਾ ਦਾ ਮੁੱਢ, ਨਾਭਾ ਰਿਆਸਤ ਦੀ ਛਤਰ ਛਾਇਆ ਵਿੱਚ ਰਚੇ ਜਾਣ ਵਾਲੇ ਸਾਹਿਤ ਵਿੱਚ ਮਹਾਰਾਜਾ ਹੀਰਾ ਸਿੰਘ ਤੋਂ ਪੂਰਬਲੇ ਦੋ ਰਾਜਿਆਂ (ਭਗਵਾਨ ਸਿੰਘ ਅਤੇ ਭਰਪੂਰ ਸਿੰਘ)

17. ਸੁ. ਕਾ. ਪੰਨਾ 76-77
18. ਉਹੀ, ਪੰਨਾ 78

ਦੇ ਰਾਜ-ਕਾਲ ਵਿੱਚ ਗਵਾਲ ਕਵੀ ਨੇ, ਆਪਣੇ ਮੀਰ-ਹਸਨ ਦੀ ਮਸਨਵੀ 'ਸੇਹਰ-ਉਲ-ਬਿਆਨ ਦੇ ਹਿੰਦੀ ਰੂਪਾਂਤਰ' 'ਇਸ਼ਕ ਲਹਿਰ ਦਰਿਆਉ'' ਵਿੱਚ ਕੀਤਾ ਸੀ ਅਤੇ ਇਸ ਦਾ ਮੁਹਾਂਦਰਾ ਵਰਣਨ ਕਰਦਿਆਂ ਲਿਖਿਆ ਸੀ ;

"ਉਰਦੂ ਕਾ ਸਾ ਬੋਲਨਾ ਸਮਝੇਂ ਬਾਲਾ ਬਾਲ"[19]

ਇਹ ਲੋਕ-ਭਾਸ਼ਾ, ਖੜੀ-ਬੋਲੀ ਵੱਲ, ਪੰਜਾਬ ਦੇ ਲੇਖਕਾਂ ਦਾ ਇੱਕ ਕਦਮ ਹੋਰ ਅੱਗੇ ਵਧਕੇ ਸੁਆਗਤ ਕਰਨਾ ਸੀ ਪਰ ਡੇਰਾ ਪੰਥੀ, ਸਧੁੱਕੜੀ ਭਾਸ਼ਾ ਨਾਲੋਂ ਯਕੀਨਨ ਵੱਖਰੀ ਸੀ। ਇਸ ਵਿੱਚ ਉਰਦੂ ਬੋਲੀ ਦੇ ਸੁਖੇਨ ਅੰਸ਼ਾਂ ਨੂੰ ਹਿੰਦੀ ਨਾਲ ਸਹਿਜੇ ਹੀ ਸਮੋਣ ਦੀ ਰੁਚੀ ਮੌਜੂਦ ਸੀ ਜੋ ਡੇਰਾ ਪੰਥੀ ਸਧੁੱਕੜੀ ਵਿੱਚੋਂ ਜਤਨ ਕਰਕੇ ਦੂਰ ਹੀ ਰੱਖੇ ਜਾਂਦੇ ਸਨ। ਬੀਬੀ ਸੁਖਵੰਤ ਕੌਰ ਨੇ ਇਸ ਨਿਖੱਰਵੇਂ ਪ੍ਰਭਾਵ ਨੂੰ ਭੁਲੇਖੇ ਨਾਲ ਜੁਆਨੀ ਦੇ ਦਿਨਾਂ ਦੀ ਲਾਪਰਵਾਹੀ ਜਾਂ ਅਲ੍ਹੜ-ਪਣ ਦਾ ਪ੍ਰਭਾਵ ਮੰਨਿਆ ਜਾਪਦਾ ਹੈ। ਜੋ ਅੰਸ਼ ਬੀਬੀ ਨੇ ਇਸ ਗ੍ਰੰਥ ਵਿੱਚੋਂ ਉਦਾਹਰਨਾਂ ਦੇਣ ਲਈ ਛਾਂਟੇ ਹਨ, ਉਨ੍ਹਾਂ ਵਿੱਚ ਵੀ 'ਨਿਹਾਯਤ', 'ਮੁਸ਼ਕਲ', 'ਸਾਬਤ', 'ਹਕੂਮਤ', 'ਮਗਰ', 'ਅਗਰ' 'ਬਾਤ-ਚੀਤ', 'ਅਖ਼ੀਰ', 'ਮੁਨਾਸਿਬ', 'ਹਾਲ', 'ਜ਼ਿਕਰ', 'ਹਜ਼ਾਰੋਂ'' 'ਅਦਲ', 'ਫ਼ਰੀਕ' 'ਮੁਖ਼ਤਾਰ' ਅਤੇ 'ਵਕੀਲ'[20] ਆਦਿ ਦੀ ਵਰਤੋਂ ਉੱਤੇ ਧਿਆਨ ਨਹੀਂ ਦਿੱਤਾ। ਸਧੁੱਕੀ ਭਾਸ਼ਾ ਵਿੱਚ, ਜਾਂ ਨਿਰਮਲੇ ਸੰਤਾਂ ਦੀ ਜਾਂ ਉਦਾਸੀ ਸੰਤਾਂ ਦੀ ਭਾਸ਼ਾ ਵਿੱਚ ਇਨ੍ਹਾਂ ਅਤੇ ਐਹੋ-ਜੇਹੇ ਹੀ ਹੋਰ ਅਨੇਕਾਂ ਸ਼ਰਲ ਸਬਦਾਂ ਦੀ ਥਾਂ ਸੰਸਕ੍ਰਿਤ-ਰੰਗੀ ਸ਼ਬਦਾਵਲੀ ਦੀ ਹੀ ਵਰਤੋਂ ਦੀ ਰੀਤ ਸੀ।

ਇਨ੍ਹਾਂ ਗੇਣਵੀਆਂ ਰਚਨਾਵਾਂ ਦੀ ਪੂਰਤੀ ਦੇ ਨਾਲ ਹੀ, ਭਾਈ ਕਾਨ੍ਹ ਸਿੰਘ ਦੀ ਰਚਨਾ, ਕ੍ਰਿਆ ਦੀ ਪੂਰਤੀ ਦਾ ਇਕ ਦੌਰ ਪੂਰਾ ਹੋ ਗਿਆ। ਇਸ ਦੌਰ ਨੂੰ ਅਸੀਂ ਭਾਈ ਕਾਨ੍ਹ ਸਿੰਘ ਦੀ ਸਾਹਿਤਿਕ ਮੁਜ਼ਾਰੇਦਾਰੀ ਦਾ ਦੌਰ ਕਹਿ ਸਕਦੇ ਹਾਂ। ਇਨ੍ਹਾਂ ਦਿਨਾਂ ਵਿੱਚ ਉਸ ਨੇ ਜੋ ਕੁਝ ਸੋਚਿਆ, ਸੰਕਲਪਿਆ, ਰਚਿਆ, ਲਿਖਿਆ ਉਸ ਉੱਤੇ ਹੋਰਨਾਂ ਦੀ ਇੱਛਾ ਜਾਂ ਆਦੇਸ਼ ਦੀ ਛਾਇਆ ਸੀ। ਮਿਹਨਤ ਦੀ ਉਪਜ ਉੱਤੇ ਪ੍ਰਾਪਤੀ ਅਤੇ ਮਾਲਕੀ ਦੀ ਮੁਹਰ ਉਸ ਦੀ ਆਪਣੀ ਨਹੀਂ ਸੀ। ਇਹ ਵੱਖਰੀ ਗੱਲ ਹੈ, ਕਿ ਉਹ ਆਪਣੀ ਕਿਰਤ ਵਿੱਚੋਂ ਆਪਣੇ ਆਪੇ ਨੂੰ ਵੱਖਰਾ ਨਹੀਂ ਰੱਖ ਸਕਿਆ। ਉਸਦੀ ਹੋਂਦ ਦੀ ਮੁਹਰ-ਛਾਪ ਇਨ੍ਹਾਂ ਰਚਨਾਵਾਂ ਦੇ ਅੱਖਰ ਅੱਖਰ ਵਿੱਚ ਰਮੀ ਹੋਈ ਹੈ।

ਪਹਿਲੀ ਰਚਨਾ (ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ) ਵਿੱਚ ਵਿਚਾਰ ਭਾਈ ਕਾਨ੍ਹ ਸਿੰਘ ਦੇ ਸਨ ਤਾਂ ਉਸਨੂੰ ਸਾਹਿਤਿਕ ਕਿਰਤ ਦਾ ਰੂਪ ਦੇਣ ਦਾ ਕੰਮ ਉਸ ਦੇ ਮਿੱਤਰ ਪ੍ਰੋਫੈਸਰ ਗੁਰਮੁਖ ਸਿੰਘ ਨੇ ਪੂਰਾ ਕੀਤਾ ਸੀ। ਅਗਲੀਆਂ ਰਚਨਾਵਾਂ ਵਿੱਚ ਵਿਸ਼ੇ ਦੀ ਚੋਣ, ਵਸਤੂ ਅਤੇ ਵਿਚਾਰਾਂ ਦਾ ਸੰਕੇਤ ਉਨ੍ਹਾਂ ਦੇ 'ਹਾਕਮ' ਅਤੇ ਸਾਹਿਤਿਕ ਸੰਜੋਗੀ ਮਹਾਰਾਜਾ ਹੀਰਾ ਸਿੰਘ ਦਾ ਸੀ; ਉਨ੍ਹਾਂ ਦੇ ਜ਼ਿੰਮੇ ਕੇਵਲ ਵਿਸ਼ੇ-ਵਸਤੂ ਨੂੰ ਸਾਂਭ ਸੁਆਰ ਕੇ ਸਾਹਿਤਿਕ ਸਰੂਪ ਦੇਣਾ ਸੀ। ਸਮੇਂ ਦੇ ਵਿਉਹਾਰ ਅਨੁਸਾਰ ਸਾਰੀਆਂ ਰਚਨਾਵਾਂ, ਜੋ ਮਹਾਰਾਜਾ

19. ਇਸ਼ਕ ਲਹਿਰ ਦਰਿਆਵ, ਛੰਦਾਂਕ 5

20. ਸੁ. ਕਾ. ਪੰਨਾ 75-78

ਹੀਰਾ ਸਿੰਘ ਦੇ ਹੁਕਮ-ਅਨੁਸਾਰ, ਜਾਂ ਉਸ ਦੇ ਕਥਨਾਂ ਨੂੰ ਆਧਾਰ ਬਣਾ ਕੇ, ਰਚੀਆਂ ਜਾਂਦੀਆਂ ਸਨ, ਅੰਤਿਮ ਰੂਪ ਵਿੱਚ ਪ੍ਰਵਾਣਿਤ ਅਤੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਦਰਬਾਰ ਦੀ ਵਿੱਦਵਾਨ ਮੰਡਲੀ ਵਿੱਚ ਪੜ੍ਹੀਆਂ ਅਤੇ ਵਿਚਾਰੀਆਂ ਜਾਂਦੀਆਂ ਸਨ ; ਸੁਭਾਵਕ ਹੀ ਸੀ ਕਿ ਦੂਜੇ ਵਿਦਵਾਨਾਂ ਨੂੰ ਵੀ ਉਨ੍ਹਾਂ ਦੀ ਰੂਪ-ਰੇਖਾ, ਵਰਣਨ ਅਤੇ ਸ਼ੈਲੀ ਆਦਿ ਵਿੱਚ 'ਕਿੰਤੂ' ਕਰਨ ਦਾ ਅਵਸਰ ਮਿਲਦਾ ਰਹਿੰਦਾ ਸੀ। ਅੰਤਿਮ-ਰੂਪ ਵਿੱਚ ਪ੍ਰਵਾਣਿਤ ਹੋ ਨਿੱਬੜੀ ਕਿਰਤ ਅਸਲੋਂ ਇੱਕ ਸਾਂਝੀ-ਕਿਰਤ, 'ਦਰਬਾਰ ਦੀ ਕਿਰਤ' ਹੋ ਜਾਂਦੀ ਸੀ। ਇਹ ਦਰਬਾਰਦਾਰੀ ਦੀ ਰੀਤ ਸੀ।[21]

ਇੱਕ ਗੱਲ ਹੋਰ ਧਿਆਨ ਦੇਣ ਯੋਗ ਹੈ ਕਿ ਇਨ੍ਹਾਂ ਰਚਨਾਵਾਂ ਵਿੱਚ ਵਰਤਿਆ ਗਿਆ ਭਾਸ਼ਾ-ਰੂਪ ਅੱਗੋਂ ਰਚੀਆਂ ਜਾਣ ਵਾਲੀਆਂ ਕਿਰਤਾਂ ਵਿੱਚ ਦੁਹਰਾਇਆ ਨਹੀਂ ਗਿਆ। ਭਾਵੇਂ ਭਾਈ ਕਾਨ੍ਹ ਸਿੰਘ ਉੱਤੇ ਲਿਖਣ ਵਾਲਿਆਂ ਨੇਂ ਇਸ ਪੱਖ ਨੂੰ ਬਹੁਤ ਨਹੀਂ ਗੌਲਿਆ ਸਗੋਂ ਇਕ ਨਵਾਂ ਭੁਲੇਖਾ ਖਾਧਾ ਅਤੇ ਭੁਲੇਖਾ ਪਰਚਾਰਿਆ ਗਿਆ ਹੈ ਕਿ ਅਗਲੀਆਂ ਰਚਨਾਵਾਂ ਪਹਿਲਾਂ ਹਿੰਦੀ ਵਿੱਚ ਰਚੀਆਂ ਗਈਆਂ ਸਨ ਅਤੇ ਪਿੱਛੋਂ ਉਨ੍ਹਾਂ ਦੇ ਪੰਜਾਬੀ ਸੰਸਕਰਨ ਪ੍ਰਕਾਸ਼ਿਤ ਹੋਏ।[22] ਪਰੰਤੂ, ਜਤਨ ਕਰਨ ਉਤੇ ਭੀ ਮੈਨੂੰ 'ਹਮ ਹਿੰਦੂ ਨਹੀਂ'; ਜਾਂ ਗੁਰਮਤ ਸੁਧਾਕਰ, ਗੁਰਮਤ ਪ੍ਰਭਾਕਰ' ਆਦਿ ਦਾ ਕੋਈ ਹਿੰਦੀ ਸੰਸਕਰਣ ਵੇਖ਼ਣ ਨੂੰ ਨਹੀਂ ਮਿਲਿਆ, ਨਾ ਹੀ ਅਜਿਹੇ ਕਿਸੇ ਪੂਰਬਲੇ ਸੰਸਕਰਣ ਦੀ ਕਿਧਰੇ ਕੋਈ ਸੂਚਨਾ ਹੀ ਮਿਲਦੇ ਸੰਸਕਰਣਾਂ ਵਿੱਚ ਦਿੱਤੀ ਹੋਈ ਹੈ।

ਇਹ ਭੇਦ ਉਨ੍ਹਾਂ ਸਾਰੀਆਂ ਹੀ ਰਚਨਾਵਾਂ ਵਿੱਚ ਹੈ, ਜੋ ਲੇਖਕ ਨੇ ਮਹਾਰਾਜਾ ਲਈ ਨਹੀਂ ਸਗੋਂ, ਆਪਣੇ ਨਾਉਂ ਹੇਠ, ਆਪਣੀ ਇੱਛਾ ਅਨੁਸਾਰ, ਆਪਣੇ ਵੱਲੋਂ ਰਚੀਆਂ ਸਨ। ਇਨ੍ਹਾਂ ਉਤੇ ਕਰਤੇ ਦੇ ਰੂਪ ਵਿੱਚ ਭਾਈ ਕਾਨ੍ਹ ਸਿੰਘ ਦਾ ਨਾਉਂ ਜਾਂ ਉਸਦਾ ਸੰਖੇਪ-ਸੰਕੇਤ ਦਰਜ ਹੈ। ਇਸ ਲਈ ਕਿਸੇ ਸੰਦੇਹ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ।

ਇਸ ਤਬਦੀਲੀ ਦਾ ਮੁੱਢ, ਟਿੱਕਾ ਰਿਪੁਦਮਨ ਸਿੰਘ ਦੇ ਸਿਆਣੇ ਹੋਣ, ਮੈਕਾਲਿਫ ਦੀ ਸੰਗਤ, ਦਰਬਾਰ ਤੋਂ ਬਾਹਰ ਰਾਜ-ਖੇਤਰ ਦੇ ਲੋਕ-ਪ੍ਰਬੰਧ ਨਾਲ ਸੰਬੰਧਿਤ ਅਹੁਦਿਆਂ ਉੱਤੇ ਨਿਉਕਤੀਆਂ ਅਤੇ ਸਿੰਘ ਸਭਾ ਦੇ ਕਾਰਜਾਂ ਨਾਲ ਨੇੜਤਾ ਦੇ ਸਮੇਂ ਹੋਇਆ। ਨਵੀਆਂ ਰਚਨਾਵਾਂ ਦੀ ਭਾਸ਼ਾ ਪੰਜਾਬੀ ਦੇ ਵਧੇਰੇ ਨੇੜੇ ਹੈ। ਇਸ ਵਿੱਚ ਸ਼ਕ ਨਹੀਂ ਕਿ ਇਨ੍ਹਾਂ ਰਚਨਾਵਾਂ ਵਿੱਚ ਵਰਤੀ ਗਈ ਪੰਜਾਬੀ ਭਾਈ ਵੀਰ ਸਿੰਘ ਦੀ ਪੰਜਾਬੀ ਨਾਲ, ਠੇਠ ਮੁਹਾਵਰੇ ਦੇ ਪੱਖੋਂ, ਮੇਚੀ ਨਹੀਂ ਜਾ ਸਕਦੀ, ਪਰ ਪੂਰਬੀ ਪੰਜਾਬ ਦੇ ਸਮਕਾਲੀ ਲੇਖਕਾਂ ਦੀ ਪੰਜਾਬੀ ਵਿੱਚ, ਆਪਣੀ ਸੁਘੜਤਾ ਲਈ ਨਿਖੱਰਵੀਂ ਅਤੇ ਨਰੋਈ ਹੈ। ਮਲਵਈ ਮੁਹਾਵਰੇ ਦੀ ਪ੍ਰਭੁਤਾ ਇਸ ਦਾ ਖ਼ਾਸਾ ਹੈ।

---

21. ਮੇਰਾ ਪਰਿਵਾਰ ਪੁਸ਼ਤਾਂ ਤੋਂ ਦਰਬਾਰ ਨਾਲ ਸੰਬੰਧਿਤ ਹੋਣ ਕਾਰਨ ਇਸ ਰੀਤ ਦਾ ਭੁਗਤ-ਭੋਗੀ ਸੀ। ਭਾਈ ਸੰਤੋਖ ਸਿੰਘ ਦੇ ਅਧਿਐਨ ਤੋਂ ਵੀ ਇਸ ਰੀਤ ਦਾ ਪ੍ਰਭਾਵ ਸਪਸ਼ਟ ਹੋ ਜਾਂਦਾ ਹੈ।

22. ਅ. ਕਾ. ਪੰਨਾ 45-49 ਅ

ਪਹਿਲੇ ਦੌਰ ਦੀਆਂ ਦਰਬਾਰੀ ਰਚਨਾਵਾਂ ਵਿਚਲੇ, ਭਾਈ ਕਾਨ੍ਹ ਸਿੰਘ ਦੀ ਭਾਸ਼ਾ ਦੇ ਰੂਪ ਨੂੰ ਬੀਬੀ ਸੁਰਜੀਤ ਕੌਰ ਵੱਲੋਂ ਡੇਰੇਦਾਰੀ ਪਰੰਪਰਾ ਦੀ ਦੇਣ ਮੰਨਿਆ ਗਿਆ ਹੈ ਜਾਂ ਮੰਨਣ ਦਾ ਜਤਨ ਕੀਤਾ ਗਿਆ ਹੈ।[23] ਪਰ ਅਜਿਹਾ ਕਰਦੇ ਸਮੇਂ, ਜਿਸ ਡੇਰੇ ਨਾਲ ਭਾਈ ਕਾਨ੍ਹ ਸਿੰਘ ਦਾ ਬਚਪਨ ਜੁੜਿਆ ਹੈ, ਉਸ ਵੱਲ ਵਧੇਰੇ ਧਿਆਨ ਨਹੀਂ ਦਿੱਤਾ ਗਿਆ।

ਇਹ ਡੇਰਾ ਜਿਸ ਵਿੱਚ ਭਾਈ ਕਾਨ੍ਹ ਸਿੰਘ ਪਲਿਆ ਪੜ੍ਹਿਆ ਸੀ ਸੱਚ ਆਖੀਏ ਤਾਂ ਆਰੰਭ ਹੀ ਭਾਈ ਕਾਨ੍ਹ ਸਿੰਘ ਦੇ ਦੋ ਵਡੇਰਿਆਂ (ਬਾਬਾ ਸਰੂਪ ਸਿੰਘ ਅਤੇ ਬਾਬਾ ਨਾਰਾਯਣ ਸਿੰਘ) ਨਾਲ ਹੁੰਦਾ ਹੈ।[24]

ਇਹ ਭੀ ਨਿਸ਼ਚਿਤ ਹੈ ਕਿ ਇਸ ਡੇਰੇ ਦਾ ਉਦਾਸੀ ਜਾਂ ਨਿਰਮਲਾ ਸੰਪ੍ਰਦਾਇ ਦੇ ਸੰਤਾਂ ਨਾਲ ਕਦੇ ਕੋਈ ਸੰਬੰਧ ਨਹੀਂ ਰਿਹਾ। ਜਿਸ ਮਹਾਂ ਪੁਰਖ (ਬਾਬਾ ਅਜਾਪਾਲ ਸਿੰਘ) ਦੀ ਯਾਦ ਵਿੱਚ ਇਹ ਡੇਰਾ ਚਲਦਾ ਰਿਹਾ ਉਸ ਦਾ ਵੀ ਸਨਾਤਨ-ਡੇਰਾ-ਪੰਥੀ ਭਾਵਨਾ ਨਾਲ ਕੋਈ ਸੰਬੰਧ ਕਦੇ ਰਿਹਾ ਹੋਵੇ ਕਿਸੇ ਨੂੰ ਮਾਲੂਮ ਨਹੀਂ। ਹਾਂ ਉਸ ਸਮੇਂ ਦੀ, ਸਿੱਖ ਰਿਆਸਤਾਂ ਵਿੱਚ ਰਚੇ ਜਾ ਰਹੇ ਗ੍ਰੰਥਾਂ ਦੀ, ਭਾਸ਼ਾ ਨਾਲ ਇਸ ਭਾਸ਼ਾ ਦੀ ਸਾਂਝ ਡੂੰਘੀ ਹੈ। ਖ਼ਾਸ ਕਰ ਕੇ ਭਾਈ ਸੰਤੋਖ ਸਿੰਘ ਅਤੇ ਪੰਡਿਤ ਤਾਰਾ ਸਿੰਘ 'ਨਰੋਤਮ' ਦੀ ਭਾਸ਼ਾ ਦੇ ਪਿਛੋਕੜ ਵਿੱਚ ਹੀ ਇਸ ਭਾਸ਼ਾ ਦੇ ਰੂਪ ਨੂੰ ਪਰਖਿਆ ਅਤੇ ਵਿਚਾਰਿਆ ਜਾ ਸਕਦਾ ਹੈ। ਵਿਸ਼ੇਸ਼ ਰੂਪ ਵਿੱਚ ਭਾਈ ਪ੍ਰੇਮ ਸਿੰਘ ਦੀ ਭਾਸ਼ਾ ਇਸ ਸੰਬੰਧ ਵਿੱਚ ਪਰਖਣ ਅਤੇ ਵਿਚਾਰਨ ਜੋਗ ਹੈ।

ਪਰ ਇਨ੍ਹਾਂ ਸਾਰੇ ਵਿਦਵਾਨਾ ਵਿੱਚੋਂ ਕੋਈ ਵੀ ਡੇਰੇਦਾਰੀ ਦੀ ਪਰੰਪਰਾ ਨਾਲ ਜੁੜਿਆ ਨਹੀਂ ਸੀ।

ਕਿਸੇ ਇੱਕ ਨੁਕਤੇ ਨੂੰ ਆਧਾਰ ਬਣਾ ਕੇ ਅਤੇ ਬਾਕੀ ਸਾਰੇ ਤੱਤਾਂ ਅਤੇ ਤੱਥਾਂ ਨੂੰ ਅੱਖੋਂ ਉਹਲੇ ਕਰ ਕੇ ਫਤਵੇ ਜਾਰੀ ਕਰਨਾ ਖੋਜੀ ਬ੍ਰਿਤੀ ਨੂੰ ਗਲਤ ਰਾਹਾਂ ਵੱਲ ਮੋੜ ਲੈ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨੂੰ ਡੇਰੇਦਾਰੀ ਦੀ ਉਪਜ ਕਹਿ ਲੈਣਾ ਕਿਸੇ ਹੱਦ ਤਕ ਠੀਕ ਹੋ ਸਕਦਾ ਸੀ ਪਰ ਜਦੋਂ ਉਸ ਨੂੰ ਡੇਰੇਦਾਰੀ ਪਰੰਪਰਾ ਦੀ ਪੈਦਾਵਾਰ ਕਹਿਣ ਦੀ ਗਲਤੀ ਕੀਤੀ ਜਾਂਦੀ ਹੈ ਤਾਂ ਅਕਾਰਣ ਹੀ ਸਾਰਾ ਗੁੜ ਗੋਬਰ ਹੋ ਜਾਂਦਾ ਹੈ।

ਭਾਸ਼ਾ ਜਿਸ ਨੂੰ ਆਧਾਰ ਬਣਾ ਕੇ ਇਹ ਭੁਲੇਖਾ ਖਾਧਾ ਅਤੇ ਪਾਇਆ ਗਿਆ ਹੈ ਓਪਰੀ ਡੀਠ ਤੋਂ ਬੇਸ਼ਕ ਸਧੁੱਕੜੀ ਭਾਸ਼ਾ ਮੰਨ ਲਈ ਜਾਵੇ ਪਰ ਗਹੁ ਨਾਲ ਦੇਖਿਆਂ ਸਾਰਾ ਪਾਜ ਖੁੱਲ੍ਹ ਜਾਂਦਾ ਹੈ। ਸ਼ਾਇਦ ਭਾਈ ਕਾਨ੍ਹ ਸਿੰਘ ਨੂੰ ਡੇਰਾ ਪਰੰਪਰਾ ਦੀ ਦੇਣ ਕਹਿਣ ਵਿੱਚ ਖੋਜਕਾਰ ਨੂੰ ਇੱਕੋ ਤੱਥ ਨੇ ਭਟਕਾਇਆ ਹੈ ਕਿ ਉਸ ਦਾ ਦਾਦਾ ਅਤੇ ਪਿਉ ਦੋਵੇਂ ਇੱਕ ਡੇਰੇ ਦੇ ਮਹੰਤ ਸਨ, ਫੇਰ ਉਸਨੇ ਕੋਈ ਚਿੰਤਾ ਨਹੀਂ ਕੀਤੀ ਕਿ ਉਸ ਡੇਰੇ ਦਾ 'ਡੇਰੇਦਾਰੀ ਦੀ ਪਰੰਪਰਾ' ਨਾਲ ਕਿੰਨਾ ਕੁਝ ਸੰਬੰਧ ਥਾਪਿਆ ਜਾ ਸਕਦਾ ਸੀ। ਅਸਲੋਂ ਇਸ

---

23. ਸੁ. ਕਾ. ਪੰਨਾ 56

24. ਬਾਬਾ ਸਰੂਪ ਸਿੰਘ ਅਤੇ ਬਾਬਾ ਨਾਰਾਯਣ ਸਿੰਘ (ਭਾ. ਕਾਨ੍ਹ ਸਿੰਘ ਦੇ ਪਿਤਾ) ਤੋਂ ਪਿੱਛੋਂ ਭਾਈ ਬਿਸ਼ਨ ਸਿੰਘ ਅਤੇ ਫੇਰ ਭਾਈ ਭਗਵੰਤ ਸਿੰਘ ਮਹੰਤ, ਹੁਣ ਇਹ ਡੇਰਾ ਸ੍ਰੋ: ਮਣੀ ਗੁ. ਪ੍ਰ: ਕਮੇਟੀ ਦੇ ਅਧੀਨ ਹੈ।

ਡੇਰੇ ਵਿੱਚ ਸਿਵਾਇ ਇਸ ਇੱਤਫਾਕ ਦੇ ਕਿ ਭਾਈ ਕਾਨ੍ਹ ਸਿੰਘ ਦੇ ਦਾਦੇ ਨੇ ਉਸ ਸਮੇਂ ਦੇ ਸਾਰੇ ਪੁਰਾਤਨ ਗੁਰਦੁਆਰਿਆਂ ਵਾਂਗ ਏਥੇ ਵੀ ਲੰਗਰ ਜਾਰੀ ਕਰ ਲਿਆ ਸੀ ਹੋਰ ਸਾਧਗੀਰੀ ਦੇ ਕੋਈ ਚਿੰਨ੍ਹ ਮੌਜੂਦ ਨਹੀਂ ਸਨ, ਹਾਂ ਸਸਤਰਾਂ ਅਤੇ ਘੋੜਿਆਂ ਦੀ ਗੱਲ ਜ਼ਰੂਰ ਚਲਦੀ ਸੀ, ਨਗਾਰਾ ਜ਼ਰੂਰ ਵੱਜਦਾ ਸੀ, ਚੜ੍ਹਾਵਾ ਵੀ ਘੋੜਿਆਂ ਦਾ (ਫੇਰ ਭਾਵੇਂ ਉਹ ਮਿੱਟੀ ਦੇ ਹੀ ਹੁੰਦੇ ਸਨ) ਹੀ ਚੜ੍ਹਦਾ ਸੀ। ਅੱਜ ਜਦੋਂ ਦੇਸ਼ ਵੰਡ ਪਿੱਛੋਂ ਬਾਹਰੋਂ ਆ ਕੇ ਵਸੇ ਪਰਿਵਾਰਾਂ ਨੂੰ ਬਾਬਾ ਅਜਾਪਾਲ ਸਿੰਘ ਦਾ ਨਾਉਂ ਵੀ ਚੇਤੇ ਨਹੀਂ ਰਿਹਾ, ਇਸ ਡੇਰੇ ਨੂੰ ਘੋੜਿਆਂ ਵਾਲਾ ਡੇਰਾ ਆਖਦੇ ਹਨ। ਗੁਰਬਾਣੀ ਅਤੇ ਕੀਰਤਨ ਤੋਂ ਬਿਨਾਂ ਏਥੇ ਕਦੇ ਯੋਗ-ਸਾਧਨਾਂ, ਤਪੱਸਿਆ ਅਤੇ ਧੂਣੀਆਂ, ਵਿਭੂਤੀ ਆਦਿ ਦੀ ਕੋਈ ਰੀਤ ਨਹੀਂ ਰਹੀ। ਕੋਈ ਮੂਰਤੀ ਨਹੀਂ ਸਥਾਪਿਤ ਹੋਈ, ਕਿਸੇ ਦੇਵੀ ਦੇਵਤਾ ਦੀ ਪੂਜਾ ਨਹੀਂ ਕੀਤੀ ਗਈ।

ਭਾਸ਼ਾ ਦੇ ਪੱਖੋਂ ਵੀ ਭਾਈ ਕਾਨ੍ਹ ਸਿੰਘ ਦੀ ਭਾਸ਼ਾ ਨੂੰ ਸਧੁੱਕੜੀ ਨਹੀਂ ਕਿਹਾ ਜਾ ਸਕਦਾ, ਇਹ ਖਰੀ ਸਾਹਿਤਿਕ ਭਾਸ਼ਾ ਹੈ ਜਿਸ ਵਿੱਚ ਹਿੰਦੀ ਦੀ ਮੁੱਖ ਉਪਭਾਸ਼ਾ ਬ੍ਰਜਭਾਸ਼ਾ ਦੀ ਪੰਜਾਬੀ ਨਾਲ ਉਸੇ ਪ੍ਰਕਾਰ ਦੀ ਸਹਿੱਜ ਮਿੱਸ ਰਲੀ ਹੈ ਜਿਸ ਪ੍ਰਕਾਰ ਬੰਗਾਲੀ ਨਾਲ ਬ੍ਰਜਬੁਲੀ ਵਿੱਚ ਅਤੇ ਅਸਾਮੀ ਨਾਲ ਬ੍ਰਜਵਾਣੀ ਵਿੱਚ। ਉਸ ਵੇਲੇ ਦੇ ਬਜ਼ੁਰਗ ਇਸ ਨੂੰ 'ਬ੍ਰਜੀ' ਕਹਿੰਦੇ ਸਨ।

ਜੇਕਰ ਭਾਈ ਕਾਨ੍ਹ ਸਿੰਘ ਨੂੰ ਕਿਸੇ ਪਰੰਪਰਾ ਦੀ ਦੇਣ ਨਾਲ ਜੋੜਨਾ ਹੀ ਬਣਦਾ ਹੋਵੇ ਤਾਂ ਉਸ ਨੂੰ 'ਸਿੱਖ ਦਰਬਾਰਾਂ ਦੀ ਪਰੰਪਰਾ ਦੀ ਪੈਦਾਵਾਰ' ਕਹਿ ਸਕਾਂਗੇ, ਕਿਉਂਕਿ ਉਸ ਵਿੱਚ ਅਮੀਰੀ, ਨਫਾਸਤ, ਹਲੀਮੀ ਅਤੇ ਵਿਦਵਾਨਤਾ ਦੇ ਗੁਣ ਹੀ ਰਚੇ ਸਨ।

ਅਧਿਆਇ 6

ਰਚਨਾਵਾਂ ਦਾ ਵੇਰਵਾ

(ਦੂਜਾ ਦੌਰ)

1. ਹਮ ਹਿੰਦੂ ਨਹੀਂ

ਭਾਈ ਕਾਨ੍ਹ ਸਿੰਘ ਦੀ ਰਚਨਾ ਦਾ ਦੂਜਾ ਦੌਰ, ਜਿਸ ਰਚਨਾ ਨਾਲ ਆਰੰਭ ਹੁੰਦਾ ਹੈ, ਉਹ ਭਾਈ ਕਾਨ੍ਹ ਸਿੰਘ ਦੇ ਜੀਵਨ ਵਿਚ ਹੀ ਸਭ ਤੋਂ ਵਧੇਰੇ ਚਰਚਾ ਦਾ ਵਿਸ਼ਾ ਬਣੀ ਰਹੀ ਸੀ। ਇਹ ਭਾਈ ਕਾਨ੍ਹ ਸਿੰਘ ਦੀ ਪਹਿਲੀ ਮੌਲਿਕ ਰਚਨਾ ਕਹੀ ਜਾ ਸਕਦੀ ਹੈ। ਇਸ ਵਿੱਚ ਉਹ ਅਜਿਹੇ ਸੂਝਵਾਨ ਖੋਜੀ ਦੇ ਰੂਪ ਵਿੱਚ ਸਾਮ੍ਹਣੇ ਆਉਂਦਾ ਹੈ ਜਿਸਦਾ ਅਧਿਐਨ ਵਿਸ਼ਾਲ ਹੈ ਅਤੇ ਜਿਸਦੀ ਤਰਕ ਸ਼ਕਤੀ ਕਾਫ਼ੀ ਸੰਜਮੀ ਹੈ। ਅਜੋਕੜੀ ਵਿਚਾਰ ਪ੍ਰਣਾਲੀ ਭਾਵੇਂ ਇਸ ਤਰਕ-ਵਿਧੀ ਨੂੰ ਬਹੁਤ ਮਹੱਤਵ ਨਾ ਦੇਵੇ ਪਰ ਉਸ ਸਮੇਂ ਦੀ ਸ਼ਾਸਤ੍ਰਾਰਥੀ, ਹਥਕੰਡੇਬਾਜ਼, ਅਤੇ ਦਲੀਲ ਦੀ ਸੁੱਚਮ ਨਾਲੋਂ ਭੁਚਲਾਉ-ਵਾਦ ਉੱਤੇ ਵਧੇਰੇ ਜ਼ੋਰ ਦਿੰਦੀ ਬਹਿਸ-ਵਾਦ ਦੀ ਰੀਤ ਦੇ ਮੁਕਾਬਲੇ ਉੱਤੇ ਭਾਈ ਕਾਨ੍ਹ ਸਿੰਘ ਦੀ ਦਲੀਲ ਪ੍ਰਧਾਨ ਸ਼ੈਲੀ ਚੋਖੀ ਸਮਰੱਥਾ ਵਾਲੀ ਸੀ।

ਸਿੱਖਾਂ ਅਤੇ ਹਿੰਦੂਆਂ ਵਿਚਕਾਰ ਸਾਂਝੀਵਾਲਤਾ, ਸ਼ਰੀਕੇਦਾਰੀ ਅਤੇ ਵਿਸ਼ਵਾਸਾਂ ਵਿੱਚ ਅੰਤਰ ਦੀ ਤ੍ਰੇੜ, ਸ਼ਾਇਦ, ਮੁੱਢੋਂ ਹੀ ਚਲੀ ਆਈ ਹੈ। ਭਾਈ ਮਨੀ ਸਿੰਘ ਦੇ ਨਾਉਂ ਨਾਲ ਜੁੜੀਆਂ ਲਿਖਤਾਂ ਦੇ ਅਧਾਰ ਉੱਤੇ ਇਸ ਦੁਫੇੜ ਦੇ ਚਿੰਨ੍ਹ ਗੁਰੂ ਅਰਜਨ ਦੇ ਸਮੇਂ ਤਕ ਉਲੀਕੇ ਗਏ ਹਨ।[1] ਪਿੱਛੋਂ, ਗੁਰੂ ਗੋਬਿੰਦ ਸਿੰਘ ਦੁਆਰਾ 'ਖ਼ਾਲਸੇ' ਦੀ ਸਿਰਜਣਾ ਸਮੇਂ ਤੋਂ ਰਹੁ-ਰੀਤਾਂ ਦੇ ਭੇਦ ਨੂੰ ਮੁੱਦਾ ਬਣਾ ਕੇ, ਖਹਿਬੜ ਦੇ ਆਸਾਰ ਵਧੇ।[2] ਮਿਸਲਾਂ ਸਮੇਂ, ਜਦੋਂ ਸਿੱਖਾਂ ਦੇ ਸਿਰਾਂ ਦਾ ਮੁੱਲ ਪੈਂਦਾ ਸੀ, ਕੁਝ ਲਾਲਚੀਆਂ ਅਤੇ ਸਰਕਾਰ-ਪ੍ਰਸਤਾਂ ਨੇ ਨਿਜੀ ਲਾਭਾਂ ਲਈ, ਇਸ ਦੁਫੇੜ ਦੇ ਭਾਵਾਂ ਨੂੰ ਵਰਤਿਆ। ਸਿੱਖ ਰਾਜ ਸਮੇਂ ਕੁਝ ਵਿੱਥਾਂ ਘਟਦੀਆਂ ਨਜ਼ਰ ਆਈਆਂ। ਸਿੱਖ ਰਾਜ ਮੁੱਕਿਆ ਤਾਂ ਮੁੜ ਦੁਰਾਇਤਾਂ ਜਾਗਣ ਲੱਗ ਪਈਆਂ। ਸ਼ਰਧਾ ਰਾਮ ਫਿਲੌਰੀ ਸਣੇ ਆਰੀਆ ਸਮਾਜ ਦੇ ਕਈ ਲੇਖਕਾਂ-ਪ੍ਰਚਾਰਕਾਂ ਅਤੇ ਤੀਰਥਾਂ ਦੇ ਪੰਡਿਆਂ ਨੇ ਫ਼ਾਸਿਲੇ ਵਧਾਉਣ ਵਿੱਚ ਹੀ ਸਹਿਯੋਗ ਦਿੱਤਾ। ਆਰੀਆ ਸਮਾਜ ਦੇ ਇੱਕ ਧੜੇ ਵੱਲੋਂ ਵਖੇਵਿਆਂ ਅਤੇ ਵਿਰੋਧਾਂ ਨੂੰ ਘਟਾਉਣ ਦੇ ਜੇਕਰ ਕੁਝ ਜਤਨ ਕੀਤੇ ਵੀ ਗਏ

---

1. ਸੋਹਨ ਕਵੀ, ਗੁਰ ਬਿਲਾਸ ਪਾ. ੬
2. ਸੈਨਾਪਤੀ, ਗੁਰ ਸ਼ੋਭਾ, ਸੰਪਾ. ਸ਼ਮਸ਼ੇਰ ਸਿੰਘ 'ਅਸ਼ੋਕ' ਪੰਨਾ 43-50

ਤਾਂ ਦੂਜਿਆਂ ਵੱਲੋਂ ਉਨ੍ਹਾਂ ਦਾ ਵਿਰੋਧ ਹੀ ਹੋਇਆ ਅਤੇ ਦੋਹਾਂ ਧਰਮਾਂ ਦੇ ਆਗੂਆਂ ਵਿਚਕਾਰ ਤੁਲਨਾ ਕਰ ਕੇ ਊਚ-ਨੀਚ ਸਥਾਪਨਾ ਦੀਆਂ ਪ੍ਰਵਿਰਤੀਆਂ ਨੂੰ ਹਵਾ ਦਿੱਤੀ ਜਾਂਦੀ ਰਹੀ।

1898 ਵਿੱਚ ਸਰਦਾਰ ਦਿਆਲ ਸਿੰਘ ਮਜੀਠੀਏ ਦੀ ਵਸੀਅਤ ਵਿਰੁੱਧ ਉਸ ਦੀ ਪਤਨੀ ਅਤੇ ਚਾਚੇ ਦੇ ਪੁੱਤਰ ਵਿੱਚਕਾਰ ਚਲਾਏ ਗਏ ਮੁੱਕਦਮੇ ਵਿੱਚ ਅਦਾਲਤ ਵੱਲੋਂ ਦਿੱਤੇ ਫ਼ੈਸਲੇ ਨੇ ਇਸ ਪ੍ਰਸ਼ਨ ਨੂੰ ਮੁੜ ਉਭਾਰ ਦਿੱਤਾ ਕਿ ਕੀ ਸਿੱਖ, ਹਿੰਦੂ ਹਨ ਜਾਂ ਇੱਕ ਵੱਖਰਾ ਧਰਮ ਰੱਖਦੇ ਹਨ।[3] "ਹਮ ਹਿੰਦੂ ਨਹੀਂ" ਅਜਿਹੇ ਦੁਬਿਧਾ ਭਰੇ ਵਾਤਾਵਰਣ ਦੀ ਦੇਣ ਹੈ। ਇਸ ਪੁਸਤਕ ਦੇ ਕਾਰਣ ਭਾਈ ਕਾਨ੍ਹ ਸਿੰਘ ਨੂੰ ਜ਼ਿਲ੍ਹੇ ਦੀ ਨਜ਼ਾਮਤ ਦੇ ਅਹੁਦੇ ਤੋਂ ਬਰਖ਼ਾਸਤ ਹੋਣਾ ਪਿਆ, ਕਿਉਂਕਿ ਵਿਰੋਧੀਆਂ ਨੇ ਮਹਾਰਾਜਾ ਹੀਰਾ ਸਿੰਘ ਨੂੰ ਇੱਕ ਗੁੰਮਨਾਮ ਚਿੱਠੀ ਭੇਜੀ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ 'ਹਮ ਹਿੰਦੂ ਨਹੀਂ' ਪੁਸਤਕ ਹਿੰਦੂਆਂ ਅਤੇ ਸਿੱਖਾਂ ਵਿੱਚ ਫ਼ਸਾਦ ਪੁਆਉਣ ਵਾਲੀ ਹੈ। ਚਿੱਠੀ ਦੇ ਲੇਖਕ ਨੇ ਇਹ ਵੀ ਕਿਹਾ ਸੀ ਕਿ ਉਸ ਨੂੰ ਗਵਰਨਮੈਂਟ (ਅੰਗਰੇਜ਼ ਸਰਕਾਰ) ਨੇ ਇਸ ਕਿਤਾਬ ਦੇ ਲੇਖਕ ਬਾਰੇ ਤਹਿਕੀਕਾਤ ਕਰਨ ਲਈ ਨੀਯਤ ਕੀਤਾ ਹੈ। "ਸਰਕਾਰ (ਅੰਗ੍ਰੇਜ਼ੀ) ਲੇਖਕ ਨੂੰ ਸਖਤ ਸਜ਼ਾ ਦੇਵੇਗੀ। ਅਤੇ ਮੈਂ, ਸਾਰੇ ਪੰਜਾਬ ਦਾ ਦੌਰਾ ਕਰਕੇ ਪਤਾ ਕਰ ਲਿਆ ਹੈ, ਉਹ ਭਾਈ ਕਾਨ੍ਹ ਸਿੰਘ ਹੈ। ਚੰਗਾ ਹੋਵੇਗਾ ਜੇਕਰ ਨਾਭਾ ਸਰਕਾਰ, ਗਵਰਨਮੈਂਟ ਤਕ ਮੇਰੀ ਰਪੋਰਟ ਪਹੁੰਚਣ ਤੋਂ ਪਹਿਲਾਂ ਰਿਆਸਤ ਵੱਲੋਂ ਹੀ ਲੇਖਕ ਨੂੰ ਸਜ਼ਾ ਦੇ ਦੇਵੇ "[4]

ਮਹਾਰਾਜਾ ਨੇ ਇਸ ਗੁੰਮਨਾਮ ਚਿੱਠੀ ਦੇ ਆਧਾਰ ਉੱਤੇ ਹੀ, ਜਿਸ ਘਬਰਾਹਟ ਅਤੇ ਕਾਹਲੀ ਨਾਲ ਆਪਣੇ ਇੱਕ ਉੱਚੇ ਅਧਿਕਾਰੀ ਨੂੰ ਨੌਕਰੀ ਤੋਂ ਵੱਖ ਕਰ ਦਿੱਤਾ, ਉਸ ਤੋਂ ਉਨ੍ਹਾਂ ਦਿਨਾਂ ਵਿੱਚ ਸਿੱਖ ਰਾਜਿਆਂ ਦੀ ਮਨੋ-ਦਸ਼ਾ ਅਤੇ ਅੰਗ੍ਰੇਜ਼ੀ ਰਾਜ ਦੀ ਦਹਿਸ਼ਤ ਦਾ ਹੀ ਪਤਾ ਚਲਦਾ ਹੈ। ਨਹੀਂ ਤਾਂ ਇਸ ਚਿੱਠੀ ਦੀ ਸ਼ਬਦਾਵਲੀ ਹੀ ਇਸ ਦੇ ਫ਼ਰਜ਼ੀ ਹੋਣ ਦੀ ਚੁਗਲੀ ਕਰਦੀ ਹੈ। ਹੈਰਾਨੀ ਹੁੰਦੀ ਹੈ ਕਿ ਕੀ ਉਸ ਸਮੇਂ ਸਰਕਾਰ ਅੰਗ੍ਰੇਜ਼ੀ ਦੀ, ਗੁਪਤਚਰ-ਵਿਭਾਗ ਉੱਤੇ, ਪਕੜ ਏਨੀ ਢਿੱਲੀ ਸੀ ਕਿ ਉਸਦੇ ਪੁੱਛ-ਪੜਤਾਲ ਅਧਿਕਾਰੀ ਦੇਸੀ ਰਿਆਸਤਾਂ ਦੇ ਰਾਜਿਆਂ ਨੂੰ ਗੁਮਨਾਮ ਚਿੱਠੀਆਂ ਰਾਹੀਂ ਸਰਕਾਰ ਵੱਲੋਂ ਕਰਾਈਆਂ ਜਾ ਰਹੀਆਂ ਪੜਤਾਲਾਂ ਦੀ ਸੂਚਨਾ ਦੇਂਦੇ ਰਹਿੰਦੇ ਸਨ ਅਤੇ ਕੀ ਇੱਕ ਅਜਿਹੀ ਪੁਸਤਕ ਦੇ ਲੇਖਕ ਦਾ ਪਤਾ ਲਾਉਣ ਬਾਰੇ, ਜੋ ਸਰਕਾਰ ਅੰਗ੍ਰੇਜ਼ੀ ਦੇ ਇਲਾਕੇ ਵਿੱਚ ਛਪੀ ਸੀ ਅਤੇ ਜਿਸ ਉੱਤੇ ਛਾਪਣ ਵਾਲੇ ਪ੍ਰੈਸ ਦਾ ਨਾਉਂ ਦਰਜ ਸੀ, ਸਾਰੇ ਪੰਜਾਬ ਦਾ ਦੌਰਾ ਕਰਨਾ ਜ਼ਰੂਰੀ ਸੀ। ਕੀ ਕੋਈ ਸਰਕਾਰ ਇਸ ਦੌਰੇ ਦੀ ਆਗਿਆ ਦਿੰਦੀ ? ਭਾਈ ਕਾਨ੍ਹ ਸਿੰਘ ਦੀ ਬਰਖ਼ਾਸਤਗੀ ਤੋਂ ਪਿੱਛੋਂ ਮਹਾਰਾਜੇ ਨੇ ਪੰਜਾਬ ਸਰਕਾਰ ਦੇ ਕਾਨੂੰਨੀ ਸਲਾਹਕਾਰ ਅਤੇ ਸਿੱਖ ਤਖ਼ਤਾਂ ਦੀ ਰਾਇ ਲਈ, ਪਿੱਛੋਂ, ਭਾਈ ਕਾਨ੍ਹ ਸਿੰਘ ਨੂੰ ਮੁੜ ਨੌਕਰੀ ਵਿੱਚ ਲੈ ਲਿਆ।

'ਹਮ ਹਿੰਦੂ ਨਹੀਂ' ਪੁਸਤਕ ਵਿੱਚ ਭਾਈ ਕਾਨ੍ਹ ਸਿੰਘ ਨੇ ਆਪਣੀ ਵਿਚਾਰ-ਵਸਤੂ ਨੂੰ[4]

---

3. ਇਸ ਫੈਸਲੇ ਦਾ ਨੰਬਰ ਆਦਿ ਨਹੀਂ ਮਿਲ ਸਕਿਆ।
4. ਹਮ ਹਿੰਦੂ ਨਹੀਂ, ਭੂਮਿਕਾ ਪੰਨਾ 21

ਸਿਰਲੇਖਾਂ ਅਧੀਨ ਵੰਡਿਆ ਹੈ । ਇਹ ਸਿਰਲੇਖ ਹਨ :—

> (1) ਵੇਦ-ਸਿਮ੍ਰਤੀ, ਪੁਰਾਣ : (2) ਜਾਤੀ, ਵਰਨ (3) ਅਵਤਾਰ (4) ਦੇਵੀ, ਦੇਵਤਾ (5) ਮੂਰਤੀ-ਪੂਜਾ (6) ਸੰਧਯਾਤਰਪਣ (7) ਸੂਤਕ-ਪਾਤਕ (8) ਚੌਂਕਾ ਕਾਰ (9) ਬ੍ਰਤ (10) ਮਹੂਰਤ, ਤਿਥਿਵਾਰ. ਸ਼ਗਨ (11) ਪ੍ਰੇਤ-ਕ੍ਰਿਯਾ, ਸ਼੍ਰਾਪ, ਤੀਰਥ (12) ਮੰਤ੍ਰ, ਯੰਤ੍ਰ, ਗ੍ਰਹ (13) ਯੱਗ, ਹੋਮ (14) ਸੰਸਕਾਰ ਔਰ ਚਿੰਨ੍ਹ ।

ਆਪਣੀ ਵਿਚਾਰ-ਪ੍ਰਣਾਲੀ ਨੂੰ ਪ੍ਰਸ਼ਨ-ਉੱਤਰ ਸ਼ੈਲੀ ਨਾਲ ਪ੍ਰਕਾਸ਼ਿਤ ਕੀਤਾ ਹੈ। ਅਜਿਹੀਆਂ ਰਚਨਾਵਾਂ ਵਿੱਚ ਅਕਸਰ ਪ੍ਰਸ਼ਨ ਕਿਆਸੀ ਹੁੰਦੇ ਸਨ, ਜਦ ਕਿ ਇਸ ਰਚਨਾ ਦੇ ਬਹੁਤੇ ਪ੍ਰਸ਼ਨ ਹਿੰਦੂ ਵਿੱਦਵਾਨਾਂ ਵੱਲੋਂ ਪ੍ਰਕਾਸ਼ਿਤ ਪੈਂਫਲੈਟਾਂ ਆਦਿ ਵਿੱਚੋਂ ਸੰਗ੍ਰਹਿ ਕੀਤੇ ਹਨ । ਆਪਣਾ ਪੱਖ ਸਪਸ਼ਟ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਨੰਦ ਲਾਲ ਦੀਆਂ ਫ਼ਾਰਸੀ ਕਿਰਤਾਂ, ਗੁਰਤਾਪ ਸੂਰਯ ; ਵਾਰਾਂ ਭਾਈ ਗੁਰਦਾਸ ; ਰਹਿਤਨਾਮਾ ਭਾਈ ਚੌਂਪਾ ਸਿੰਘ ; ਰਹਿਤਨਾਮਾ ਭਾਈ ਦਯਾ ਸਿੰਘ ; ਗੁਰਬਿਲਾਸ ਪਾ: ੧੦ ਭਾਈ ਸੁੱਖਾ ਸਿੰਘ ; ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ ; ਭਗਤ ਰਤਨਾਵਲੀ ਭਾਈ ਮਨੀ ਸਿੰਘ ; ਰਹਿਤਨਾਮਾ ਭਾਈ ਦੇਸਾ ਸਿੰਘ ; ਪ੍ਰੇਮ ਸੁਮਾਰਗ ; ਛੱਕੇ ਪਾ: ੧੦ ; ਭਾਈ ਸੁੱਖਾ ਸਿੰਘ ਬ੍ਰਿਹਤ ਪਰਾਸ਼ਰ-ਸੰਹਿਤਾ ; ਮਨੂ ਸਿਮ੍ਰਤੀ ; ਅਤ੍ਰਿ ਸੰਹਿਤਾ : ਵਿਸ਼ਨੂ ਸਿਮ੍ਰਤੀ ; ਅਪਸਤੰਬ ਸਿਮ੍ਰਤੀ ; ਵਸ਼ਿਸ਼ਟ ਸੰਹਿਤਾ ; ਵਾਲਮੀਕਿ ਰਾਮਾਯਣ ; ਦਬਿਸਤਾਨਿ-ਮਜ਼ਾਹਿਬ, ਮੁਹਸਿਨ ਫਾਨੀ ; ਦੁਰਗਾ-ਸਪਤਸ਼ਤੀ ; ਵ੍ਰਿਧ ਹਾਰੀਤ-ਸੰਹਿਤਾ ; ਮੰਤ੍ਰ ਮਹੋਦਧਿ ; ਮਹਾਂ ਨਿਰਬਾਣ ਤੰਤ੍ਰ ; ਗਯਾਨ ਰਤਨਾਵਲੀ ਮਨੀ ਸਿੰਘ ; ਰਾਜਾਜ਼ ਆਫ਼ ਦੀ ਪੰਜਾਬ ; ਲੈਪਲ ਗ੍ਰਿਫਿਨ ; ਆਦਿ ਤੋਂ ਪ੍ਰਮਾਣ ਜੁਟਾਏ ਗਏ ਹਨ । ਭਾਈ ਕਾਨ੍ਹ ਸਿੰਘ ਬਹਿਸ ਦੇ ਅੰਤ ਵਿੱਚ ਲਿਖਿਆ ਹੈ :—

> ਪਯਾਰੇ ਭਾਈ ! ਏਹ ਕਹਾਵਤ ਪ੍ਰਸਿੱਧ ਹੈ ਕਿ 'ਤਾੜੀ (ਤਾਲੀ) ਦੋਹਾਂ ਹੱਥਾਂ ਨਾਲ ਵੱਜਦੀ ਹੈ' ; ਸੋ ਜੋ ਕੋਈ ਅਕਾਰਣ ਸਿੱਖਾਂ ਨਾਲ ਵਿਰੋਧ ਕਰੇ, ਤਾਂ ਇਸ ਪਾਸਿਓਂ ਸ਼ਾਂਤੀ ਹੋਣ ਕਰਕੇ ਆਪੇ ਹੀ ਵਿਰੋਧ ਸ਼ਾਂਤ ਹੈ ।
>
> ਔਰ ਅਸੀਂ ਏਹ ਭੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਹਿੰਦੂਆਂ ਦਾ ਸਾਡੇ ਨਾਲ ਕੋਈ ਵੈਰ ਨਹੀਂ, ਸਗੋਂ ਪ੍ਰੇਮ ਹੈ, ਔਰ ਓਹ ਸਾਡੇ ਸਤਗੁਰਾਂ ਦੇ ਉਪਕਾਰਾਂ ਨੂੰ ਅੱਛੀ ਤਰ੍ਹਾਂ ਜਾਣਦੇ ਹਨ, ਔਰ ਅਸੀਂ ਭੀ ਸਦੈਵ ਉਨ੍ਹਾਂ ਦਾ ਭਲਾ ਚਾਹੁਨੇ ਹਾਂ। ਵਿਰੋਧ ਦਾ ਕਾਰਨ ਸਿਰਫ਼ ਓਹ ਆਦਮੀ ਹਨ, ਜਿਨ੍ਹਾਂ ਨੂੰ ਖ਼ੁਦਗਰਜ਼ੀ ਰੂਪ ਰੋਗ ਲੱਗਿਆ ਹੋਯਾ ਹੈ । ਔਰ ਜੋ ਸਿੱਖ ਕੌਮ ਨੂੰ ਆਪਣਾ ਦਾਸ ਬਣਾ ਕੇ ਖੀਸੇ ਭਰਨਾ ਚਾਹੁੰਦੇ ਹਨ । ਉਨ੍ਹਾਂ ਨੂੰ ਭਰੋਸਾ ਹੋ ਗਯਾ ਹੈ ਕਿ ਜੇ ਸਿੱਖ ਕੌਮ ਸਾਡੇ ਹੱਥੋਂ ਜਾਂਦੀ ਰਹੀ ਤਾਂ ਆਮਦਨ ਦਾ ਭਾਰੀ ਹਿੱਸਾ ਮਾਰਿਆ ਜਾਊ । ਏਹੀ ਲੋਕ ਜਗਾ ਜਗਾਂ ਸ਼ੋਰ ਮਚਾ ਕੇ ਉਪਾਧੀ ਛੇੜ ਰਹੇ ਹਨ ਔਰ ਵਿਰੋਧ ਫੈਲਾ ਰਹੇ ਹਨ। ਜੇ ਵਾਹਿਗੁਰੂ ਇਨ੍ਹਾਂ ਨੂੰ ਸੁਮਤਿ ਦੇਵੇ ਤਾਂ ਕਮਾਈ ਕਰਕੇ ਖਾਣ ਨੂੰ ਚੰਗਾ ਸਮਝਣ

ਔਰ ਬਿਗਾਨੇ-ਹੱਕ ਨੂੰ ਹਰਾਮ ਜਾਣਨ, ਫੇਰ ਆਪ ਹੀ ਸਾਰੇ ਝਗੜੇ ਮਿਟੇ ਪਏ ਹਨ।"......

ਇਨ੍ਹਾਂ ਸਵਾਰਥੀ ਲੋਕਾਂ ਨੇ ਹੀ ਪੋਥੀਆਂ ਛਾਪ ਕੇ ਔਰ ਅਖ਼ਬਾਰਾਂ ਵਿੱਚ ਮਜ਼ਮੂਨ ਦੇ ਕੇ ਏਹ ਸਿਧ ਕਰਨ ਦਾ ਯਤਨ ਕੀਤਾ ਹੈ ਕਿ 'ਸਿੱਖ ਹਿੰਦੂ ਹਨ।' ਭਲਾ ਕੋਈ ਵਿਚਾਰਵਾਨ ਸੋਚੇ ਕਿ ਜੇ ਸਿੱਖ ਆਪਣੇ ਆਪ ਨੂੰ "ਅਹਿੰਦੂ" ਕਹਿੰਦੇ ਹਨ ਤਾਂ ਕਿਸੇ ਦਾ ਕੀ ਵਿਗੜਦਾ ਹੈ। ਹਾਂ – ਜੇ ਸਿੱਖ ਹਿੰਦੂਆਂ ਨੂੰ ਆਖਣ ਕਿ ਤੁਸੀਂ ਹਿੰਦੂ ਨਹੀਂ ਤਾਂ ਬੇਸ਼ਕ ਝਗੜੇ ਦੀ ਗੱਲ ਹੈ। ਜੇ ਕੋਈ ਏਹ ਆਖੇ ਕਿ ਹਿੰਦੂ ਸਿੱਖਾਂ ਨਾਲ ਹਮਦਰਦੀ ਕਰਦੇ ਹਨ ਔਰ ਉਨ੍ਹਾਂ ਨੂੰ ਆਪਣੇ ਤੋਂ ਵੱਖਰਾ ਹੁੰਦਾਂ ਦੇਖ ਕੇ ਦੁਖ ਮੰਨਦੇ ਹਨ, ਤਾਂ ਏਹ ਗੱਲ ਭੀ ਨਿਰੀ ਝੂਠ ਹੈ, ਕਯੋਂ ਕਿ ਚਾਰੇ ਪਾਸਿਆਂ ਤੋਂ ਸਿੱਖਾਂ ਨੂੰ ਮਲੀਆਮੇਟ ਕਰਨ ਲਈ ਜੋ ਹਿੰਦੂਆਂ ਦੀ ਤਰਫ਼ੋਂ ਯਤਨ ਹੋ ਰਹਿਆ ਹੈ, ਸੋ ਕਿਸੇ ਤੋਂ ਗੁੱਝਾ ਨਹੀਂ। ਕੋਈ ਹਿੰਦੂ ਇਕ ਦ੍ਰਿਸ਼ਟਾਂਤ ਲਈ ਤਾਂ ਦੱਸੇ ਕਿ ਫਲਾਣੇ ਸਿੱਖ ਨੂੰ ਧਰਮ ਤੋਂ ਪਤਿਤ ਹੁੰਦੇ ਕਿਸੇ ਹਿੰਦੂ ਨੇ ਬਚਾਯਾ ਹੈ। ਇਸ ਦੇ ਵਿਰੁੱਧ ਅਸੀਂ ਹਜ਼ਾਰਾਂ ਦ੍ਰਿਸ਼ਟਾਂਤ ਵਿਖਾ ਸਕਦੇ ਹਾਂ ਕਿ ਕਿਤਨਿਆਂ ਸਿੱਖਾਂ ਦੇ ਹਿੰਦੂਆਂ ਨੇ ਕੇਸ ਦੂਰ ਕੀਤੇ, ਕਈਆਂ ਨੂੰ ਹੁੱਕੇ ਦੀ ਧੂਪ ਦਿੱਤੀ, ਕਈਆਂ ਦੀ ਕ੍ਰਿਪਾਨ ਕੱਛ ਉਤਰਵਾ ਕੇ ਸੰਕਲਪ ਕਰਵਾਏ, ਕਿਤਨਿਆ ਹੀ ਗੁਰਮੰਦਰਾਂ ਵਿਚ ਪੁਰਣੀਆਂ ਰੀਤਾਂ ਹਟਾ ਕੇ ਆਪਣੇ ਘੰਟਿਆਂ ਦੀ ਘਨਘੋਰ ਮਚਾ ਕੇ ਭੋਲੇ ਸਿੱਖਾਂ ਨੂੰ ਇੰਦ੍ਰ-ਜਾਲ ਨਾਲ ਮੋਹਿਤ ਕੀਤਾ, ਕਈ ਗੁਰਦੁਆਰਿਆਂ ਦੀਆਂ ਜਾਯਦਾਤਾਂ ਆਪਣੇ ਨਾਉਂ ਕਰਵਾ ਕੇ ਅੱਜ ਸਿੱਖੀ ਤੋਂ ਇਨਕਾਰੀ ਔਰ ਆਕੀ ਹੋਏ ਬੈਠੇ ਹਨ। ਐਹੋ ਜੇਹੇ ਆਪ ਨੂੰ ਕੀ ਕੀ ਪ੍ਰਸੰਗ ਸੁਣਾਈਏ, ਜੋ ਸਿੱਖ ਧਰਮ-ਦ੍ਰਿਸ਼ਟੀ ਵਿੱਚ ਇਨ੍ਹਾਂ ਮਹਾਂ-ਕੌਤਕੀਆਂ ਨੇ ਉਲਟ-ਪੁਲਟ ਕੀਤੀ ਹੈ। ......[5]

ਇਸ ਕਿਤਾਬ ਬਾਰੇ ਇੱਕ ਇਤਰਾਜ਼ ਇਹ ਸੀ ਕਿ ਇਸ ਕਿਤਾਬ ਦੇ ਟਾਈਟਲ ਉੱਤੇ ਲੇਖਕ ਨੇ ਆਪਣਾ ਨਾਮ ਨਹੀਂ ਸੀ ਪ੍ਰਗਟ ਕੀਤਾ। ਲੇਖਕ ਦਾ ਉੱਤਰ ਇਹ ਰਿਹਾ ਹੈ ਕਿ ਉਸਨੇ ਆਪਣੇ ਉਪਨਾਮ 'ਹਰਿ ਬ੍ਰਜੇਸ਼' ਦੇ ਆਦਿ-ਅੱਖਰ (Hari Brajesh) ਐਚ.ਬੀ. ਉਸ ਉੱਤੇ ਦਿੱਤੇ ਹੋਏ ਸਨ ਅਤੇ ਇਹ ਪੁਸਤਕ 30 ਜੂਨ 1890 ਦੇ ਗਜ਼ਟ ਵਿੱਚ ਦਰਜ ਹੋ ਚੁਕੀ ਸੀ ਅਤੇ 447 ਨੰਬਰ ਪਰ ਰਜਿਸਟਰੀ ਹੋਈ ਹੋਈ ਸੀ। ਅਗਲੀਆਂ ਐਡੀਸ਼ਨਾਂ ਦੇ ਮੁੱਢ ਵਿੱਚ ਹੀ 'ਕਰਤਾ ਵੱਲੋਂ ਜ਼ਰੂਰੀ ਬੇਨਤੀ' ਦੇ ਸਿਰ ਲੇਖ ਹੇਠ ਲਿਖਿਆ ਸੀ :—

ਪਯਾਰੇ ਪਾਠਕ ਜੀ ! 'ਹਮ ਹਿੰਦੂ ਨਹੀਂ' ਪੁਸਤਕ ਪੜ੍ਹਕੇ ਆਪ ਨੂੰ ਕੇਵਲ ਇਹ ਜਾਨਣਾ ਯੋਗਯ ਹੈ ਕਿ ਸਿੱਖ ਧਰਮ, ਹਿੰਦੂ ਆਦਿਕ ਧਰਮਾਂ ਤੋਂ ਭਿੰਨ ਹੈ ਔਰ ਸਿੱਖ ਕੌਮ, ਹੋਰ ਕੌਮਾਂ ਦੀ ਤਰ੍ਹਾਂ ਇੱਕ ਜੁਦੀ ਕੌਮ ਹੈ, ਪਰ ਇਹ ਕਦੇ ਨਹੀਂ ਹੋਣਾ ਚਾਹੀਯੇ ਕਿ ਆਪ 'ਹਿੰਦੂ, ਜਾਂ ਹੋਰ ਧਰਮੀਆਂ' ਨਾਲੋਂ ਵਿਰੋਧ ਕਰੋ ਔਰ

5. ਹਮ ਹਿੰਦੂ ਨਹੀਂ, ਪੰਨਾ 166-168

ਉਨ੍ਹਾਂ ਦੇ ਧਰਮਾਂ ਉਪਰ ਕੁਤਰਕ ਕਰੋ, ਅਥਵਾ ਦੇਸ਼-ਭਾਈਆਂ ਨੂੰ ਅਪਣਾ ਅੰਗ ਨਾ ਮੰਨ ਕੇ ਜਨਮ-ਭੂਮੀ ਤੋਂ ਸਰਾਪ ਲਓ......[6]

ਬਿਨਾਂ ਸ਼ੰਕੇ ਅਤੇ ਸੰਕੋਚ ਦੇ ਕਿਹਾ ਜਾ ਸਕਦਾ ਹੈ ਕਿ ਕਿ 'ਕੌਮ' ਸ਼ਬਦ ਤੋਂ ਭਾਈ ਸਾਹਿਬ ਦਾ ਭਾਵ ਉਹ ਅਰਥ ਲੈਣ ਦਾ ਕਦੇ ਵੀ ਨਹੀਂ ਸੀ ਜੋ ਆਧੁਨਿਕ ਰਾਜਨੀਤਿ ਸ਼ਾਸਤਰ ਵਾਲੇ ਲੈਂਦੇ ਹਨ। ਪਰੰਤੂ ਦੇਸ਼ ਵੰਡ ਸਮੇਂ, ਹਿੰਦੂ-ਮੁਸਲਮ, ਦੋ ਕੌਮਾਂ ਦੇ ਸਿਧਾਂਤ ਦੀ ਪ੍ਰਵਾਣਗੀ ਨੇ, ਇਸ ਪ੍ਰਸੰਗ ਨੂੰ ਭੀ ਆਪਣੀ ਦੁਰਗੰਧ ਵਿਚ ਲਪੇਟ ਲਿਆ ਹੈ ਅਤੇ ਸਿੱਖਾਂ ਨੂੰ ਗਿਣਤੀਆਂ ਸਮੇਂ 'ਹਿੰਦੂ' ਮੰਨਣ, ਅਧਿਕਾਰਾਂ ਸਮੇਂ ਜਾਂ ਧਾਰਮਿਕ-ਖੇਤਰ ਵਿੱਚ ਵੱਖਰੇ ਤੇ ਅਸ਼ੁੱਧ ਮੰਨਣ ਵਾਲਿਆਂ ਨੇ ਉਸ ਦੁਰਗੰਧ ਨੂੰ ਵਧਾਵਾ ਦੇਣ ਵਿੱਚ ਚੋਖਾ ਸਹਿਯੋਗ ਦਿੱਤਾ ਹੈ। ਬਹਰ ਹਾਲ, ਜਦੋਂ ਇਹ ਪੁਸਤਕ ਰਚੀ ਗਈ ਸੀ, ਓਦੋਂ ਇਸ ਦਾ ਮੰਤਵ ਧਾਰਮਿਕ ਖੇਤਰ ਤੱਕ ਹੀ ਸੀਮਿਤ ਸੀ।

ਸ. ਸ. ਅਸ਼ੋਕ ਦਾ ਮਤ ਹੈ ਕਿ ਪਹਿਲੀ ਵਾਰੀ ਇਹ ਪੁਸਤਕ ਹਿੰਦੀ ਵਿੱਚ ਹੀ ਲਿਖੀ ਗਈ ਸੀ ਫੇਰ ਏਸ ਦਾ ਪੰਜਾਬੀ ਅਨੁਵਾਦ ਕਰ ਲਿਆ ਗਿਆ ਸੀ।[7] ਵਿਸ਼ੇ ਵਸਤੂ ਦੀ ਦ੍ਰਿਸ਼ਟੀ ਤੋਂ ਅਜਿਹਾ ਹੋਣਾ ਸੰਭਵ ਜਾਪਦਾ ਹੈ, ਪਰ ਉਹ ਹਿੰਦੀ ਸੰਸਕਰਣ ਅਜੇ ਤਕ ਮੇਰੀ ਨਜ਼ਰੋਂ ਨਹੀਂ ਲੰਘਿਆ। ਮੂਲ ਪੋਥੀ 1897 ਵਿਚ ਖ਼ਾਲਸਾ ਪ੍ਰੈਸ ਲਾਹੌਰ ਤੋਂ ਛਪੀ ਸੀ ਅਤੇ 1916 ਤਕ ਇਸ ਦੇ ਪੰਜ ਸੰਸਕਰਣ ਛਪ ਚੁਕੇ ਸਨ। ਦੂਜੇ ਐਡੀਸ਼ਨ (1898) ਦੀ ਭੂਮਿਕਾ ਪੰਜਾਬੀ ਵਿੱਚ ਹੀ ਹੈ ਅਤੇ ਅਗਲੇ ਸਾਰੇ ਸੰਸਕਰਣ ਵੀ ਪੰਜਾਬੀ ਵਿੱਚ ਹੀ ਹਨ। ਹਰ ਸੰਸਕਰਣ ਸਮੇਂ ਲੋੜ ਅਨੁਸਾਰ ਸੋਧ-ਸੁਧਾਰ ਅਤੇ ਵਾਧੇ ਘਾਟੇ ਹੁੰਦੇ ਰਹੇ ਹਨ। ਇਸ ਅਧਿਐਨ ਵਿੱਚ ਸਾਡਾ ਸੰਬੰਧ ਪੰਜਾਬੀ ਸੰਸਕਰਣ ਨਾਲ ਹੀ ਹੈ। 1917 ਵਿੱਚ ਇਸ ਪੁਸਤਕ ਦਾ 'ਕਾਪੀ ਰਾਈਟ' ਪੰਚ-ਖ਼ਾਲਸਾ ਦੀਵਾਨ ਨੂੰ ਦੇ ਦਿੱਤਾ ਗਿਆ।[7 ਏ]

2. ਗੁਰਮਤ ਪ੍ਰਭਾਕਰ

'ਹਮ ਹਿੰਦੂ ਨਹੀਂ' ਦੇ ਕੌੜੇ ਮਿੱਠੇ ਅਨੁਭਵਾਂ ਅਤੇ ਨੌਕਰੀ ਤੋਂ ਵੱਖ ਹੋਣ ਪਿੱਛੋਂ ਵੀ ਭਾਈ ਕਾਨ੍ਹ ਸਿੰਘ ਦਾ ਮਨ ਹਾਰ ਮੰਨ ਬੈਠਣ ਵੱਲ ਨਹੀਂ ਝੁਕਿਆ, ਸਗੋਂ ਉਹ ਇਸ ਤਰ੍ਹਾਂ ਮਿਲੀ ਜਬਰੀ ਵਿਹਲ ਦਾ ਲਾਭ ਲੈ ਕੇ, ਸਿੱਖ ਪੰਥ ਵਿਚਲੇ ਗੇਣਵੇਂ ਪੜ੍ਹੇ ਲਿਖੇ ਬੰਦਿਆਂ ਨੂੰ ਦਲੀਲਾਂ ਨਾਲ, ਗੁਰਮਤ ਦੀ ਨਿੱਖੜਵੀਂ ਸੋਚਣੀ ਦਾ ਕਾਇਲ ਕਰਨ ਦੇ ਇਰਾਦੇ ਨਾਲ ਜੁਟ ਗਿਆ। 1898 ਵਿੱਚ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਚੋਣਵੇਂ ਅੰਸ਼ਾਂ ਦਾ ਇੱਕ ਸੰਗ੍ਰਿਹ, 843 ਸਿਰ-ਲੇਖਾਂ ਹੇਠ, ਲਗ-ਭੱਗ 100 ਪ੍ਰਸੰਗਾਂ ਬਾਰੇ ਗੁਰੂ-ਮਤ ਦੀ ਡੀਠ ਪ੍ਰਕਾਸ਼ਿਤ ਕਰਨ ਦੇ ਇਰਾਦੇ ਨਾਲ ਤਿਆਰ ਕੀਤਾ। ਸਿੱਖ-ਸਾਹਿਤ ਦੀ ਵਿਆਖਿਆ ਵਿੱਚ ਲਿਖਿਆ, ਸ਼ਾਇਦ ਇਹ ਪਹਿਲਾ ਗ੍ਰੰਥ ਸੀ, ਜਿਸ ਵਿੱਚ ਆਧੁਨਿਕ ਢੰਗ ਦੇ ਫ਼ੁਟ-ਨੋਟ (ਪੈਰ-ਟਿਪੱਣੀਆਂ) ਲਾ ਕੇ ਸ਼ਬਦਾਰਥਾਂ ਅਤੇ ਆਸ਼ਿਆਂ ਨੂੰ ਸਪਸ਼ਟ ਕੀਤਾ ਗਿਆ ਸੀ।

6. ਉਹੀ, ਪੰਨਾ 17
7. ਅ. ਕਾ. ਪੰਨਾ 48
7.ਏ. ਹਮ ਹਿੰਦੂ ਨਹੀਂ, ਛੇਵੀਂ ਐਡੀਸ਼ਨ, ਪੰਨਾ 219

ਪ੍ਰਮਾਣਾਂ ਦਾ ਸੰਕਲਣ ਇਸ ਰੀਤ ਨਾਲ ਕੀਤਾ ਗਿਆ ਸੀ ਕਿ ਗੁਰਮਤ ਅਤੇ ਸਨਾਤਨੀ ਵਿਚਾਰ-ਧਾਰਾ ਦੇ ਅੰਤਰ, ਬਿਨਾਂ ਬਹੁਤੀ ਖੇਚਲ ਦੇ, ਸਮਝ ਪੈਂਦੇ ਰਹਿਣ। ਭੂਮਿਕਾ ਵਿੱਚ ਕਿਹਾ ਗਿਆ ਹੈ :—

> "ਸ੍ਰੀ ਗੁਰੂ ਗ੍ਰੰਥ ਸਾਹਿਬ ਸਰਵਗੁਣ ਭਰਪੂਰ ਮਹਾਨ ਸਮੁਦ੍ਰ ਹੈ, ਜਿਸ ਵਿੱਚ ਸੁਭ ਉਪਦੇਸ਼ ਅਮੋਲਕ ਰਤਨ ਹਨ, ਪਰੰਤੂ ਉਨ੍ਹਾਂ ਦੀ ਪ੍ਰਾਪਤੀ ਪੂਰਣ ਅਭਯਾਸ ਅਰ ਮਿਹਨਤ ਬਿਨਾਂ ਹੋਣੀ ਅਤਿ ਕਠਿਨ ਹੈ। ਸਰਵ ਸਾਧਾਰਣ ਦੀ ਇਸ ਮੁਸ਼ਕਿਲ ਨੂੰ ਆਸਾਨ ਕਰਨ ਵਾਸਤੇ ਅੱਖਰਕ੍ਰਮ ਅਨੁਸਾਰ ਗੁਰਬਾਣੀ ਵਿੱਚੋਂ ਪ੍ਰਸੰਗ ਚੁਣ ਕੇ 'ਗੁਰਮਤ ਪ੍ਰਭਾਕਰ' ਗ੍ਰੰਥ ਵਿੱਚ ਇਕੱਤ੍ਰ ਕੀਤੇ ਗਏ ਹਨ, ਅਰ ਟਿੱਪਨੀ ਵਿਖੇ ਗੁਰਮਤ ਦਾ ਸਿਧਾਂਤ ਸਪਸ਼ਟ ਕਰਕੇ, ਫੁਟ-ਨੋਟਾਂ ਵਿੱਚ ਕਠਨ ਪਦਾਂ ਦੀ ਵਿਆਖਿਆ ਕਰੀ ਗਈ ਹੈ......"[8]

ਪ੍ਰਸੰਗਾਂ ਨੂੰ ਅੱਖਰ-ਕ੍ਰਮ ਨਾਲ ਤਰਤੀਬ ਦਿੱਤੇ ਜਾਣ ਨੇ, ਇਸ ਰਚਨਾ ਨੂੰ, ਇਕ ਅਜਿਹੇ ਵਿਚਾਰ-ਕੋਸ਼ (Dictionary of Thoughts) ਦਾ ਰੂਪ ਦੇ ਦਿੱਤਾ, ਜਿਸ ਵਿੱਚ ਵਿਚਾਰਾਂ ਦਾ ਸੰਕਲਨ ਕਰਦੇ ਸਮੇਂ, ਸੰਪਾਦਕ, ਨਾਲੋ ਨਾਲ, ਆਪਣੇ ਵੱਲੋਂ, ਪਾਠਕ ਦੀ ਬੌਧਿਕ-ਅਗਵਾਈ ਲਈ, ਦਲੀਲਾਂ ਅਤੇ ਟਿੱਪਣੀਆਂ ਵੀ ਦਿੰਦਾ ਗਿਆ ਹੈ। ਟਿੱਪਣੀਆਂ ਵਿੱਚ ਭਾਰਤੀ-ਚਿੰਤਨ ਅਤੇ ਸੰਸਕ੍ਰਿਤੀ ਬਾਰੇ ਵੱਡਮੁੱਲੀ ਜਾਣਕਾਰੀ ਦਰਜ ਕੀਤੀ ਗਈ ਹੈ। ਇਸ ਗ੍ਰੰਥ ਦੀ ਵਿਚਿੱਤ੍ਰ ਅਤੇ ਪ੍ਰਭਾਵ-ਸ਼ਾਲੀ ਸ਼ੈਲੀ - ਥੋੜੇ ਸ਼ਬਦਾਂ ਵਿੱਚ ਬਹੁਤੀ ਗੱਲ ਨੂੰ ਪਾਠਕ ਤਕ ਪੁਚਾਣ ਦੀ ਸਾਧਕ ਸ਼ੈਲੀ ਤੋਂ - ਪ੍ਰਭਾਵਿਤ ਹੋ ਕੇ, ਨਾਭੇ ਦੇ ਟਿੱਕਾ ਰਿਪੁਦਮਨ ਸਿੰਘ ਨੇ ਆਪ ਨੂੰ ਇੱਕ ਵਿਸ਼ੇਸ਼ ਪੱਤ੍ਰ ਭੇਜ ਕੇ ਬੇਨਤੀ ਕੀਤੀ ਸੀ :—

> "ਆਜ ਕਲ ਮੇਂ ਏਕ ਧਰਮ-ਸ਼ਾਸਤ੍ਰ ਕੀ ਬੜੀ ਭਾਰੀ ਜ਼ਰੂਰਤ ਹੈ, ਜਿਸ ਮੇਂ ਜਨਮ ਸੇ ਲੇ ਕਰ ਮਰਣ ਪ੍ਰਯੰਤ ਸਭ ਰੀਤੀ ਗੁਰਮਤ ਅਨੁਸਾਰ ਕਰਨੇ ਕੀ ਬਿਧੀ ਲਿਖੀ ਜਾਵੇ। ਇਸ ਕਾਮ ਕੋ ਪੂਰਾ ਕਰਨੇ ਕੇ ਵਾਸਤੇ ਮੇਰੇ ਨਜ਼ਦੀਕ ਆਪ ਸੇ ਬਢ ਕਰ ਔਰ ਪੰਥ ਕੋ ਕੋਈ ਵਿਦਵਾਨ ਨਹੀਂ ਮਿਲ ਸਕਤਾ ਹੈ। ਇਸ ਹੇਤੂ ਮੈਂ ਆਪ ਕੀ ਸੇਵਾ ਮੇਂ ਪ੍ਰਾਰਥਨਾ ਕਿਯੇ ਬਗੈਰ ਨਹੀਂ ਰਹਿ ਸਕਤਾ ਕਿ ਆਪ ਔਰ ਸਭ ਕਾਮ ਛੋੜ ਕਰ ਸਭ ਸੇ ਪ੍ਰਥਮ ਇਸ ਪੰਥ-ਸੇਵਾ ਕੋ ਕਰਕੇ ਯਸ਼ ਕੇ ਭਾਗੀ ਬਨੇ।"......[9]

ਟਿੱਕਾ ਸਾਹਿਬ ਦੀ ਇਹ ਮੰਗ ਭਾਵੇਂ ਅੱਖਰ ਅੱਖਰ ਤਾਂ ਪੂਰੀ ਨਹੀਂ ਹੋਈ ਪਰ ਕਾਫ਼ੀ ਹੱਦ ਤਕ 'ਗੁਰਮਤ-ਸੁਧਾਕਰ' ਨਾਉਂ ਦੀ ਰਚਨਾ ਨਾਲ ਇਹ ਘਾਟ ਪੂਰੀ ਹੋਈ ਹੈ।

3. ਗੁਰਮਤ ਸੁਧਾਕਰ

ਅਪਣੀ ਰਚਨਾ-ਰੀਤ ਲਈ, ਇਹ ਗ੍ਰੰਥ ਭੀ 'ਪ੍ਰਭਾਕਰ' ਦੀ ਪੈਰਵੀ ਹੀ ਕਰਦਾ ਹੈ।

---

8. ਗੁਰਮਤ ਪ੍ਰਭਾਕਰ, ਪੰਨਾ ਵ-ਮ
9. ਅੰ. ਕ'. ਪੰਨਾ 49-50

ਇਸ ਵਿੱਚ ਪ੍ਰਸੰਗਾਂ ਦਾ ਨਿਰਣਾ ਦਸਮ ਗ੍ਰੰਥ; ਭਾਈ ਗੁਰਦਾਸ ਦੀਆਂ ਰਚਨਾਵਾਂ; ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ (ਭਾਈ ਬਾਲੇ ਵਾਲੀ); ਗਿਆਨ ਰਤਨਾਵਲੀ: ਭਗਤ ਰਤਨਾਵਲੀ; ਗੁਰੂ ਬਿਲਾਸ ਪਾ: ੬; ਗੁਰੂ ਬਿਲਾਸ ਪਾ ੧੦; ਗੁਰ ਪ੍ਰਤਾਪ ਸੂਰਜ ਗ੍ਰੰਥ; ਪੰਥ ਪ੍ਰਕਾਸ਼; ਸ੍ਰੀ ਗੁਰੂ ਰਤਨ-ਮਾਲ (ਸੌ ਸਾਖੀ); ਜ਼ਿੰਦਗੀ ਨਾਮਾ, ਗੁਰੂ ਸੋ ਭਾ; ਪ੍ਰੇਮ-ਸੁਮਾਰਗ ਅਤੇ ਰਹਿਤਨਾਮਿਆਂ ਦੇ ਅਧਾਰ ਉੱਤੇ ਕੀਤਾ ਗਿਆ ਹੈ। ਸੋਲਾਂ ਸ੍ਰੋਤਾਂ ਤੋਂ ਇਕੱਤਰ ਕੀਤੀ ਸਾਮੱਗ੍ਰੀ ਨੂੰ ਸੋਲਾਂ ਕਲਾਵਾਂ ਵਿੱਚ ਵੰਡ ਕੇ, ਵਿਚਾਰ ਕੇ ਸੁਧਾਕਰ ਨਾਉਂ ਦਾ ਰੂਪਕ ਭੀ ਨਿਭਾਇਆ ਹੈ। ਅਨੇਕਾਂ ਮਨ-ਘੜਤ ਸਾਖੀਆਂ ਦੇ ਖੰਡਨ ਕਰਦੇ ਸਮੇਂ, ਟਿੱਪਣੀਆਂ ਦੀ ਭਾਖਾ ਤਿੱਖੀ ਅਤੇ ਵਿਅੰਗ-ਭਰੀ ਭੀ ਹੋ ਗਈ ਹੈ। ਰਹਿਤ ਨਾਮਿਆਂ ਅਤੇ ਪ੍ਰੇਮ-ਸੁਮਾਰਗ ਤੋਂ ਲਈਆਂ ਗਈਆਂ ਟੂਕਾਂ ਰਾਹੀਂ, ਬਹੁਤ ਕੁਝ ਟਿੱਕਾ ਰਿਪੁਦਮਨ ਸਿੰਘ ਵੱਲੋਂ ਸੁਝਾਏ ਗਏ, ਧਰਮ-ਸ਼ਾਸਤ੍ਰ ਦੀ ਘਾਟ ਪੂਰੀ ਕਰਨ ਦਾ ਸਾਧਨ ਵੀ ਹੋ ਗਿਆ ਹੈ।[10]

ਕਿਹਾ ਜਾਂਦਾ ਹੈ ਕਿ ਇਹ ਦੋਵੇਂ ਗ੍ਰੰਥ ਪਹਿਲਾਂ ਹਿੰਦੀ ਵਿਚ ਸਨ, (ਜੋ ਮਿਲੇ ਨਹੀਂ) ਪਿੱਛੋਂ, ਪੰਜਾਬੀ ਵਿੱਚ ਛਪੇ। ਜਿਨ੍ਹਾਂ ਦੇ ਤਿੰਨ ਤਿੰਨ ਸੰਸਕਰਣ ਛਪੇ ਮਿਲਦੇ ਹਨ। ਸੁਧਾਕਰ ਨੂੰ ਚੌਥੀ ਵਾਰੀ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੇ 1970 ਵਿੱਚ ਛਾਪਿਆ ਸੀ।

4. ਗੁਰ ਗਿਰਾ ਕਸੌਟੀ

ਭਾਈ ਕਾਨ੍ਹ ਸਿੰਘ ਸੰਪਾਦਿਤ 'ਗੁਰਮਤ ਪ੍ਰਭਾਕਰ', 'ਗੁਰਮਤ ਸੁਧਾਕਰ' ਅਤੇ ਮੌਲਿਕ ਰਚਨਾ 'ਹਮ ਹਿੰਦੂ ਨਹੀਂ', ਸਿੱਖ ਸਮਾਜ ਵਿੱਚ ਨਿਰੇ ਸਤਿਕਾਰੇ ਹੀ ਨਹੀਂ ਗਏ, ਸਗੋਂ ਪਾਠਕਾਂ ਦੇ ਮਨ ਵਿੱਚ ਗੁਰਬਾਣੀ ਨੂੰ ਸਮਝਣ ਅਤੇ ਵਿਚਾਰਨ ਦਾ ਚੇਟਕ ਲਾਉਣ ਵਿੱਚ ਵੀ ਸਹਾਇਕ ਹੋਏ। ਪਰੰਪਰਾਵਾਦੀ ਕਥਾ-ਪ੍ਰਣਾਲੀ ਨੇ ਇਕ ਇਕ ਤੁਕ ਦੇ ਕਈ ਕਈ ਪੱਖਾਂ ਤੋਂ (ਕਦੇ ਕਦੇ ਸੁਐ-ਵਿਰੋਧੀ ਵੀ) ਅਰਥ ਕਰਨ ਦੀ ਜੋ ਪਿਰਤ ਪਾ ਰੱਖੀ ਸੀ, ਉਹ ਪਾਠਕ ਜਾਂ ਸ੍ਰੋਤੇ ਦੇ ਸਾਧਾਰਨ ਗਿਆਨ ਜਾਂ ਭਾਸ਼ਾ ਬੋਧ ਦੇ ਵਿਕਾਸ ਵਿੱਚ ਬੇਸ਼ਕ ਸਹਾਈ ਰਹੀ ਹੋਵੇ, ਪਰ, ਗੁਰਬਾਣੀ ਦੇ ਆਸ਼ੇ ਨੂੰ ਸਮਝ ਸਕਣ ਵਿੱਚ ਸਹਾਇਕ ਨਹੀਂ ਹੀ ਹੋਈ ਸੀ। ਪੁਰਾਤਨ ਸ਼ੈਲੀ ਦੀਆਂ ਗੁੰਝਲਾਂ ਵਿੱਚ ਪੈ ਕੇ ਸਾਧਾਰਣ ਬੁੱਧੀ ਦਾ ਪਾਠਕ ਅਕਸਰ ਗੁਰਮਤ ਦੇ ਆਸ਼ੇ ਤੋਂ ਦੂਰ ਭਟਕ ਜਾਂਦਾ ਜਾਂ ਸ਼ੰਕਿਆਂ ਦਾ ਸ਼ਿਕਾਰ ਹੋ ਜਾਂਦਾ ਸੀ। ਭਾਈ ਕਾਨ੍ਹ ਸਿੰਘ ਦੁਆਰਾ ਵਰਤੋਂ ਵਿੱਚ ਲਿਆਂਦੀ ਨਵੀਂ ਸ਼ੈਲੀ ਤੋਂ ਪ੍ਰਭਾਵਿਤ ਹੋਏ ਕੁਝ ਪਾਠਕਾਂ ਅਤੇ ਟਿੱਕਾ ਰਿਪੁਦਮਨ ਸਿੰਘ ਨੇ ਕੁਝ ਦੁਚਿਤੀ-ਜਗਾਊ ਅੰਸ਼ਾਂ ਵੱਲ ਭਾਈ ਕਾਨ੍ਹ ਸਿੰਘ ਦਾ ਧਿਆਨ ਪ੍ਰੇਰਿਆ ਸੀ। ਭਾਈ ਕਾਨ੍ਹ ਸਿੰਘ ਨੇ ਇਹਨਾਂ ਕੁੰਠਾਵਾਂ ਦਾ ਨਿਤਾਰਾ ਕਰਨ ਲਈ ਇੱਕ ਗ੍ਰੰਥ ਦੀ ਰਚਨਾ 1899 ਵਿੱਚ ਕੀਤੀ ਸੀ। ਪਰ, ਸਿੱਖਾਂ ਵਿੱਚ ਘਰੇਲੂ ਵਿਰੋਧਾਭਾਸਾਂ ਅਤੇ ਕੁਝ ਪੁਰਾਤਨ-ਪੰਥੀਆਂ ਦੀ ਹਠ-ਧਰਮੀ ਦੀ ਛਾਇਆ ਵਿੱਚ, ਇਸ ਬੌਧਿਕ-ਬੂਟੇ ਦੀ ਫਲਣ ਦੀ ਆਸ ਨਾ ਬੱਝ ਸਕੀ ਅਤੇ ਇਹ ਗ੍ਰੰਥ ਅਣਛਪਿਆ ਹੀ ਰਹਿ ਗਿਆ। ਪਿੱਛੋਂ, 1938 ਵਿੱਚ, ਇਸ ਦੀ ਚੋਖੀ ਵਸਤੂ 'ਗੁਰਮਤ ਪ੍ਰਭਾਕਰ' ਅਤੇ 'ਗੁਰਮਤ ਸੁਧਾਕਰ' ਦੀ

10. ਅ. ਬਾ. ਪੰਨਾ 50

ਵਸਤੂ ਨਾਲ ਸ਼ਮੋ[11] ਕੇ ਭਾਈ ਕਾਨ੍ਹ ਸਿੰਘ ਨੇ ਇਕ ਨਵੇਂ ਗ੍ਰੰਥ 'ਗੁਰਮਤ ਮਾਰਤੰਡ' ਨੂੰ ਜਨਮ ਦਿੱਤਾ। ਇਹ ਸੰਗ੍ਰਹਿ ਗ੍ਰੰਥ ਵੀ 1962 ਤੋਂ ਪਹਿਲਾਂ ਪ੍ਰਕਾਸ਼ਿਤ ਨਾ ਹੋ ਸਕਿਆ । ਇਸ ਗ੍ਰੰਥ ਵਿੱਚ ਜਨਮ-ਸਾਖੀਆਂ, ਗੁਰ ਬਿਲਾਸਾਂ, ਗੁਰ ਪ੍ਰਤਾਪ ਸੂਰਜ ਆਦਿ ਪ੍ਰਸਿੱਧ ਗੁਰੂ-ਪੰਥ ਦੇ ਇਤਿਹਾਸ ਗ੍ਰੰਥਾਂ ਵਿੱਚੋਂ ਗੁਰਮਤ ਬਾਰੇ ਅਨੇਕ ਭੁਲੇਖੇ-ਪਾਊ ਕਥਨਾਂ ਦਾ ਗੁਰਬਾਨੀ ਦੀ ਕਸੌਟੀ ਉੱਤੇ ਪਰਖ ਕੇ ਨਿਰਣਾ ਕੀਤਾ ਗਿਆ ਸੀ। ਭਾਈ ਕਾਨ੍ਹ ਸਿੰਘ ਦਾ ਮਤ ਸੀ ਕਿ ਗੁਰਮਤ ਦੀ ਹਰ ਗੁੰਝਲ ਗੁਰਬਾਣੀ ਦੀ ਰੋਸ਼ਨੀ ਵਿੱਚ ਹੀ ਸੁਲਝਾਈ ਜਾਣੀ ਚਾਹੀਦੀ ਹੈ।

5. ਸਮਸਯਾ ਪੂਰਤੀ

ਸ. ਸ. ਅਸ਼ੋਕ[12] ਅਤੇ ਬੀਬੀ ਸੁਖਜੀਤ ਕੌਰ[13] ਨੇ ਇਨ੍ਹਾਂ ਦਿਨਾਂ ਦੀ ਇਕ ਰਚਨਾ 'ਸਮਸਯਾ ਪੂਰਤੀ' ਨਾਉਂ ਦੀ ਵੀ, 'ਭਾਈ ਕਾਨ੍ਹ ਸਿੰਘ ਦੀਆਂ ਰਚਨਾਵਾਂ ਵਿੱਚ ਗਿਣਾਈ ਹੈ। ਇਹ 10 × 12-1/2 ਸੈ.ਮੀ. ਸਾਈਜ਼ ਦੀ 18 ਸਫ਼ੇ ਦੀ ਨਿੱਕੀ ਜੇਹੀ ਸੈਂਚੀ ਹੈ। ਜਿਸ ਵਿੱਚ 10 ਹਿੰਦੀ ਕਵੀਆਂ ਦੇ 36 ਛੰਦ, ਦੋ ਸਮਸਯਾਵਾਂ ਦੀ ਪੂਰਬਤੀ ਵਿੱਚ, ਦਰਜ ਹਨ।

ਸ. ਸ.ਅਸ਼ੋਕ ਨੇ ਟਿੱਕਾ ਰਿਪੁਦਮਨ ਸਿੰਘ ਦੀ, 25 ਦਿਸੰਬਰ 1898, ਦੀ ਭਾਈ ਕਾਨ੍ਹ ਸਿੰਘ ਦੇ ਨਾਉਂ ਲਿਖੀ ਚਿੱਠੀ ਦਾ ਅੰਸ਼ ਛਾਪਿਆ ਹੈ।[14], ਜਿਸ ਵਿੱਚ ਟਿੱਕਾ ਸਾਹਿਬ ਨੇ ਭਾਈ ਕਾਨ੍ਹ ਸਿੰਘ ਦੇ ਇੱਕ 'ਪ੍ਰਯੋਗ' ਦੀ ਵਡਿਆਈ ਕਰਦੇ ਹੋਏ, ਇਨ੍ਹਾਂ ਛੰਦਾਂ ਨੂੰ 'ਖ਼ਾਲਸਾ ਅਖ਼ਬਾਰ' ਵਿੱਚ ਛਾਪਣ ਦੀ ਆਗਿਆ ਮੰਗੀ ਸੀ । ਸ਼ਾਇਦ, ਇਥੋਂ ਆਗਿਆ ਮੰਗਣ ਤੋਂ ਹੀ, ਇਸ ਰਚਨਾ ਨੂੰ ਭਾਈ ਕਾਨ੍ਹ ਸਿੰਘ ਸੰਪਾਦਿਤ ਮੰਨਿਆ ਜਾਣ ਲੱਗਾ ਹੈ। ਸੈਂਚੀ ਉੱਤੇ ਕਿਸੇ ਸੰਪਾਦਕ ਦਾ ਨਾਉਂ ਨਹੀਂ, ਪਰ ਇਹ ਟਿੱਕਾ ਸਾਹਿਬ ਦੀ ਚਿੱਠੀ ਦੇ ਪਿੱਛੋਂ ਛਪੀ ਹੈ। ਇਸ ਕਾਰਣ ਤੋਂ ਮੇਰਾ ਅਨੁਮਾਨ ਹੈ ਕਿ ਇਹ ਟਿੱਕਾ ਰਿਪੁਦਮਨ ਸਿੰਘ ਦੁਆਰਾ ਸੰਪਾਦਿਤ ਹੈ। ਕਿਉਂਕਿ, ਇਸ ਸੈਂਚੀ ਵਿੱਚ ਭਾਈ ਕਾਨ੍ਹ ਸਿੰਘ ਦੀ ਰਚਨਾ ਸਭ ਤੋਂ ਪਹਿਲਾ ਦਰਜ ਹੈ, ਜੇਕਰ ਭਾਈ ਕਾਨ੍ਹ ਸਿੰਘ ਨੇ ਇਨ੍ਹਾਂ ਛੰਦਾਂ ਨੂੰ ਛਾਪਿਆ ਹੁੰਦਾ ਤਾਂ ਉਨ੍ਹਾਂ ਆਪਣੀ ਰਚਨਾਂ ਨੂੰ ਪਹਿਲਾ ਸਥਾਨ ਨਾ ਦਿੱਤਾ ਹੁੰਦਾ, ਪਰ ਟਿੱਕਾ ਸਾਹਿਬ ਲਈ ਅਜਿਹਾ ਕਰਨਾ ਵਾਜਿਬ ਹੈ ਸੀ। ਭਾਈ ਕਾਨ੍ਹ ਸਿੰਘ ਨੇ ਟਿੱਕਾ ਸਾਹਿਬ ਨੂੰ ਪੜ੍ਹਾਇਆ ਸੀ। ਉਂਞ ਸੰਪਾਦਨ ਜਿਹਾ ਵੀ ਇਸ ਸੈਂਚੀ ਵਿੱਚ ਕੁਝ ਨਹੀਂ, ਕੇਵਲ ਛੰਦ ਇਕੱਠੇ ਕਰਕੇ ਛਾਪ ਦਿੱਤੇ ਗਏ ਹਨ, ਚਰਚਾ ਕੋਈ ਨਹੀਂ ਕੀਤੀ।

ਇਸ ਸੈਂਚੀ ਵਿੱਚ ਕਵੀਆਂ ਦਾ ਕ੍ਰਮ ਉਨ੍ਹਾਂ ਦੇ ਦਰਜੇ ਮੁਤਾਬਿਕ ਹੈ, ਅਰਥਾਤ ਭਾਈ ਕਾਨ੍ਹ ਸਿੰਘ, ਭਾਈ ਦਿੱਤ ਸਿੰਘ ; ਟਿੱਕਾ ਰਿਪੁਦਮਨ ਸਿੰਘ (ਇਕ ਕਵੀ ਨਾਭਾ ਨਿਵਾਸੀ) : ਰਾਮ ਗੋਪਾਲ ; ਜੀਵਨ ਰਾਮ ; ਪੰਡਿਤ ਸ੍ਰੀ ਧਰ ; ਇੱਕ ਕਵਿ ਸੰਗਰੂਰ (ਮਦਨ ਸਿੰਘ) ; ਭਾਈ ਪ੍ਰੇਮ ਸਿੰਘ ('ਬੁੱਧਿ ਬਾਰਿਧ ਵਾਰਤਕ' ਦੇ ਕਰਤਾ) : ਸਰਦਾਰ ਸੁਮੇਰ ਸਿੰਘ ਅਤੇ ਭਾਈ ਤਾਰਾ ਸਿੰਘ 'ਰਾਗੀ' ।[14ੲ].

---

11. ਗੁਰਮਤ ਮਾਰਤੰਡ, ਸੰਸਕਰਣ ਦੂਜਾ, ਫਲਾਈ ਲੀਫ਼ ਉੱਤੇ ਦਿੱਤਾ ਘਨਾਕਸ਼ਰੀ ਛੰਦ, ਅੰਮਿਤ ਚਰਣ
12. ਅ. ਕ., ਪੰਨਾ 50
13. ਸੁ. ਕਾ., ਕੰਨਾ 33
14. ਅ. ਕ., ਪੰਨਾ 50-51

14ੲ. ਭਾਈ ਪ੍ਰੇਮ ਸਿੰਘ ਅਤੇ ਭਾਈ ਤਾਰਾ ਸਿੰਘ ਦੋਵੇਂ ਲੇਖਕ ਦੇ 'ਤਾਇਆ ਜੀ' ਸਨ।

ਬੀਬੀ ਸੁਖਜੀਤ ਕੌਰ ਨੇ ਡਾ: ਇਕਬਾਲ ਦੇ ਪੰਜਾਬੀ ਵਿੱਚ ਨਾ ਲਿਖਣ ਉਤੇ ਇੱਕ ਮਿੱਤ੍ਰ ਦੇ ਉਲ੍ਹਾਮੇ ਦੇ ਜਵਾਬ ਵਿੱਚ ਇਹ ਕਹਿਣ ਨੂੰ ਕਿ ਪੰਜਾਬੀ ਵਿੱਚ ਕਾਫ਼ੀਏ ਰਦੀਫ਼ ਦੀ ਪਾਬੰਦੀ ਨਹੀਂ ਹੁੰਦੀ ਅਧਾਰ ਬਣਾ ਕੇ ਅਨੁਮਾਨ ਕੀਤਾ ਹੈ ਕਿ ਸਮੱਸਯਾ ਪੂਰਤੀ 'ਉਰਦੂ ਕਵੀਆਂ ਦੇ ਉਲਾਮ੍ਹੇ ਲਾਹੁਣ ਲਈ ਛਾਪੀ,[15] ਪਰੰਤੂ ਇਹ ਨਾ ਪੰਜਾਬੀ ਰਚਨਾ ਹੈ ਨਾ ਕਾਫ਼ੀਏ-ਰਦੀਫ਼ ਦੀ ਪਾਬੰਦ ਹੈ। ਇਸ ਲਈ ਇਹ ਅਨੁਮਾਨ ਇਸ ਰਚਨਾ ਉਤੇ ਲਾਗੂ ਨਹੀਂ ਹੁੰਦਾ।

6. ਸੱਦ ਪਰਮਾਰਥ

ਇਨ੍ਹਾਂ ਦਿਨਾਂ ਦੀ ਇਹ ਇੱਕ ਅਜਿਹੀ ਰਚਨਾ ਹੈ ਜਿਸਦਾ ਪੰਜਾਬੀ ਰੂਪ ਨਹੀਂ ਪ੍ਰਕਾਸ਼ਿਤ ਕਰਵਾਇਆ ਗਿਆ ! ਇਸ ਰਚਨਾ ਦੀ ਭਾਸ਼ਾ 'ਨਾਟਕ ਭਾਵਾਰਥ' ਦੀਪਿਕਾ ਵਾਲੀ ਹੀ ਹੈ। ਇਸ ਉੱਤੇ ਵੀ ਲੇਖਕ ਦਾ ਨਾਉਂ ਨਹੀਂ ਦਿੱਤਾ ਹੋਇਆ। 1901 ਵਿੱਚ, ਇਹ ਵਜ਼ੀਰੇ-ਹਿੰਦ ਪ੍ਰੈਸ, ਅਮ੍ਰਿਤਸਰ ਤੋਂ ਛਪੀ ਸੀ। ਸ਼ੈਲੀ ਅਤੇ ਬੋਲੀ ਉੱਤੇ ਭਾਈ ਕਾਨ੍ਹ ਸਿੰਘ ਦੀ ਪੂਰੀ ਛਾਪ ਹੈ। ਭਾਈ ਸਾਹਿਬ ਬਾਗੜੀਆਂ ਦੇ ਗ੍ਰੰਥ ਸੰਗ੍ਰਹਿ ਵਿੱਚ ਇਹ ਭਾਈ ਕਾਨ੍ਹ ਸਿੰਘ ਦੀ ਰਚਨਾ ਦੇ ਰੂਪ ਵਿੱਚ ਹੀ ਦਰਜ ਹੈ।[16]

ਇਸ ਪੁਸਤਕ ਵਿੱਚ, ਗੁਰੂ ਗ੍ਰੰਥ ਸਾਹਿਬ ਵਿੱਚੋਂ, ਰਾਗ ਰਾਮਕਲੀ ਸਿਰ-ਲੇਖ ਹੇਠਾਂ ਦਰਜ ਬਾਬੇ ਸੁੰਦਰ ਦੀ ਸੱਦ ਦਾ ਅਰਥ ਗੁਰਬਾਣੀ ਦੀ ਵਿਚਾਰ-ਧਾਰਾ ਦੇ ਅਨੁਕੂਲ ਕਰਨ ਦਾ ਜਤਨ ਕੀਤਾ ਗਿਆ ਹੈ। ਮੁੱਢ ਵਿੱਚ 59 ਸਫ਼ਿਆਂ ਵਿੱਚ ਗਰੁੜ-ਪੁਰਾਣ ਦੀ ਸੋਚਣੀ ਦਾ ਗੁਰਬਾਣੀ ਦੀ ਚਿੰਤਨ-ਧਾਰਾ ਨਾਲ ਤੁਲਨਾਤਮਕ ਟਾਕਰਾ ਕੀਤਾ ਹੈ। ਦਲੀਲ ਦਾ ਢੰਗ ਚੋਭ-ਭਰਿਆ ਅਤੇ ਵਿਅੰਗ ਭਰਪੂਰ ਹੈ। ਸਿੱਖਾਂ ਵਿੱਚੋਂ ਉਨ੍ਹੀਂ ਦਿਨੀਂ ਬਹੁਤੇ ਲੋਕ ਮਰਨੇ-ਪਰਨੇ ਦੀਆਂ ਸਨਾਤਨੀ ਰੀਤਾਂ ਵਿੱਚ ਹੀ ਉਲਝੇ ਹੋਏ ਸਨ। ਭਾਈ ਕਾਨ੍ਹ ਸਿੰਘ ਤੋਂ ਕੋਈ ਬਾਰਾਂ ਕੁ ਵਰ੍ਹੇ ਪਹਿਲਾਂ 'ਸੱਦ-ਸਿਧਾਂਤ' ਦੇ ਲੇਖਕ ਗਿਆਨੀ ਸਰਦੂਲ ਸਿੰਘ ਨੇ ਲਿਖਿਆ ਸੀ !—

> "......ਸ੍ਰੀ ਯੁਤ ਰਣਜੀਤ ਸਿੰਘ ਦੇ ਰਾਜ ਪ੍ਰਤਾਪ ਅਰ ਤੇਜ ਨੂੰ ਦੇਖਕੇ ਕੇਵਲ ਧਨ ਅਰ ਪ੍ਰਤਿਸ਼ਟਾ ਦੇ ਲੋਭ ਲਈ ਹਰੇਕ ਕੰਮ ਦੇ ਲੋਕ ਸਿੰਘ ਸਜ ਗਏ —ਅਰ ਏਹ ਗੁਰਮਤ ਦੀ ਰਹੁ-ਰੀਤ ਤੇ ਅਗਯਾਤ ਸੇ – ਅਰ ਇਸ ਖ਼ਾਲਸਾ ਮਤ ਦੇ ਮੁਖੀ ਗ੍ਰੰਥੀ ਗਯਾਨੀ ਆਦਿਕਾਂ ਨੇ ਧੋਖੇ ਵਿੱਚ ਆਕੇ ਅਰ ਅਜਿਹੇ ਹੋਰ ਭੀ ਕਈ ਕਾਰਨਾਂ ਕਰਕੇ ਬ੍ਰਾਹਮਣਾਂ ਅਰ ਅਚਾਰਜਾਂ ਨੂੰ ਉਨ੍ਹਾਂ ਦੇ ਹ੍ਰਿਦੇ ਦੇ ਆਸ਼ਯ ਦੀ ਪ੍ਰੀਖਯਾ ਕੀਤੇ ਬਿਨਾਂ ਹੀ ਪਾਹੁਲ ਦੇ ਦਿੱਤੀ...ਸੋ ਇਹ ਮੰਤ੍ਰ ਅਜਿਹਾ ਉਲਟਾ ਹੋ ਪਿਆ, ਜੋ ਉਨ੍ਹਾਂ ਨੂੰ ਸਿੱਖ ਬਣਾਉਂਦੇ ਆਪ ਉਨ੍ਹਾਂ ਦੇ ਸਿੱਖ ਬਣ ਗਏ, ਉਨ੍ਹਾਂ ਨੂੰ ਪਾਹੁਲ ਪਿਆਉਂਦੇ ਆਪ ਗੋਬਰ ਔਰ ਗੋਮੂਤ ਪੀਣ ਦੇ ਅਧਿਕਾਰੀ ਹੋ ਗਏ, ਉਨ੍ਹਾਂ ਨੂੰ ਮੁਕਤਿ ਕਰਦੇ ਆਪ ਪ੍ਰੇਤ ਬਣ ਗਏ, ਅਰ ਉਨ੍ਹਾਂ ਨੂੰ ਗਤਿ

15. ਸੁ. ਕਾ. ਪੰਨਾ 33
16., ਉਹੀ, ਪੰਨਾ 23

ਦਿੰਦੇ, ਆਪ ਉਨ੍ਹਾਂ ਕੋਲੋਂ ਗਤੀ ਲੈਣ ਦੇ ਅਰਥੀਏ ਹੋ ਗਏ.....[17]

ਇਹ ਕੁਤ੍ਰਿੱਤਣ ਸਾਰੇ ਸਿੰਘ-ਸਭਾਈ ਦੌਰ ਦੇ ਸਿੱਖ ਲੇਖਕਾਂ ਦੀ ਰਚਨਾ ਵਿੱਚ ਬਰਾਬਰ ਅਨੁਭਵ ਕੀਤੀ ਜਾ ਸਕਦੀ ਹੈ। ਹਰ ਕੋਈ ਇਸ ਸਥਿਤੀ ਤੋਂ ਪਿੰਡ ਛੁਡਾਉਣ ਲਈ ਤੜਪ ਰਿਹਾ ਸੀ। ਇਹ ਬੱਤੀ ਪੰਡਿਤ ਸ਼ਰਧਾ ਰਾਮ ਫਿਲੌਰੀ ਦੀ ਲਾਈ ਸੀ।

'ਸੱਦ' ਦੇ ਸੰਬੰਧ ਵਿੱਚ, ਕੇਵਲ ਇਸ ਰਚਨਾ ਦੀ ਪੰਜਵੀਂ ਪਉੜੀ, ਅਜਿਹੀ ਹੈ, ਜਿਸ ਉਤੇ-ਬਰਾਬਰ ਬਹਿਸ ਹੁੰਦੀ ਆਈ ਹੈ। ਸਨਾਤਨ ਵਿਚਾਰ-ਧਾਰਾ ਵਾਲੇ ਇਸ ਤੋਂ ਇਹ ਸਿੱਧ ਕਰਨਾ ਚਾਹੁੰਦੇ ਰਹੇ ਹਨ ਕਿ ਗੁਰੂ ਅਮਰਦਾਸ ਜੀ ਵੱਲੋਂ ਜੀਵਨ ਅੰਤ ਸਮੇਂ ਦੀ ਸਨਾਤਨੀ ਕ੍ਰਿਆ ਦੀ ਪ੍ਰੋੜ੍ਹਤਾ ਕੀਤੀ ਗਈ ਹੈ ਜਦ ਕਿ ਸਿੰਘ ਸਭਾਈ ਇਸ ਥੀਂ ਉਲਟੇ ਅਰਥ ਕਰਦੇ ਆਏ। ਇਸ ਪਉੜੀ ਵਿੱਚ ਗੁਰੂ ਜੀ ਵੱਲੋਂ ਉਨ੍ਹਾਂ ਦੀਆਂ ਅੰਤਿਮ ਇੱਛਿਆ ਦੱਸੀ ਗਈ ਹੈ ਕਿ ਉਨ੍ਹਾਂ ਤੋਂ ਪਿੱਛੋਂ ਨਿਸ਼ਚਿਤ ਕੀਰਤਨ ਕੀਤਾ ਜਾਵੇ ; (2) ਕੇਸੋ ਗੋਪਾਲ ਪੰਡਿਤ ਨੂੰ ਸੱਦ ਕੇ 'ਹਰਿ ਹਰਿ ਕਥਾ ਪੜ੍ਹੇ ਪੁਰਾਣ' ਲਈ ਕਿਹਾ ਜਾਵੇ ; (3) ਹਰਿ ਕਥਾ ਪੜ੍ਹੀ ਜਾਵੇ, ਹਰਿ ਨਾਮ ਸੁਣਿਆ ਜਾਵੇ ; (4) ਹਰਿਰੰਗ 'ਬੇਬਾਣ' ਨਿਕਲੇ । (5) 'ਪਿੰਡ ਪਤਲ ਕਿਰਿਆ, ਦੀਵਾ, ਫੁਲ ਹਰਿਸਰ ਪਾਵਏ', ਦੀ ਕਿਰਿਆ ਪੂਰੀ ਕੀਤੀ ਜਾਵੇ। ਏਸ ਦਾ ਆਦੇਸ਼ ਦਿੱਤਾ ਸਾਰੀ ਕਿਰਿਆ ਨਾਲ ਸੰਬੰਧਿਤ ਅਸਪਸ਼ਟ ਅਤੇ ਅਨਿਸ਼ਚਿਤ ਅਰਥਾਂ ਵਾਲੀ (Ambiguious) ਸ਼ਬਦਾਵਲੀ ਦੀ ਵਰਤੋਂ ਕਰਕੇ ਬਾਬੇ ਸੁੰਦਰ ਨੇ ਉਲਝੀ ਤਾਣੀ ਨੂੰ ਹੋਰ ਉਲਝਾਂ ਦਿੱਤਾ ਹੈ। ਇਸ ਗੀਤ ਨੂੰ 'ਪੁਰਾਤਨ' ਅਤੇ 'ਸਨਾਤਨ' ਸਿੱਧ ਹੁੰਦਾ ਮੰਨਣ ਦੇ ਪੱਖ ਵਾਲੇ ਲੋਕਾਂ ਕਿਤੇ ਵੀ ਇਹ ਸਿੱਧ ਨਹੀਂ ਕੀਤਾ ਕਿ 'ਮਰਣੇ' ਦੇ ਸਮੇਂ ਕੀਰਤਨ ਕਰਨ ਦੀ ਕੋਈ ਰੀਤ ਕਿਧਰੇ ਇਸ ਇਲਾਕੇ ਵਿੱਚ ਸਨਾਤਨ ਪਰੰਪਰਾ ਦੇ ਰੂਪ ਵਿੱਚ ਚਾਲੂ ਵੀ ਸੀ, ਨਾ ਹੀ ਇਹ ਨਿਸ਼ਚਿਤ ਕੀਤਾ ਜਾ ਸਕਿਆ ਹੈ ਕਿ ਗੁਰੂ ਪਰਿਵਾਰ ਜਾਂ ਗੁਰੂ ਕੇ ਨਗਰ 'ਗੋਇੰਦਵਾਲ' ਦਾ ਕੋਈ ਕੇਸੋ-ਗੋਪਾਲ ਨਾਉਂ ਦਾ ਪੁਰੋਹਿਤ ਸੀ। ਇਹ ਕੇਸੋ ਅਤੇ ਗੋਪਾਲ ਦੋ ਵੱਖ ਵੱਖ ਨਾਉਂ ਦੇ ਪੰਡਿਤ ਵੀ ਹੋ ਸਕਦੇ ਹਨ, ਪਰ, ਇਸ ਸੂਰਤ ਵਿੱਚ ਇਹ ਸਿੱਧ ਕਰਨਾ ਚਾਹੀਦਾ ਸੀ ਕਿ ਅਜਿਹੇ ਅਵਸਰ ਉੱਤੇ ਇੱਕ ਤੋਂ ਵਧੇਰੇ ਪੁਰੋਹਿਤ ਵੀ ਗਰੜ-ਪੁਰਾਣ (ਜੇਹਰਿ-ਹਰਿ' ਦੇ ਅਰਥ 'ਗਰੁੜ' ਲਾਏ ਜਾਣ) ਦੀ ਕਥਾ ਲਈ ਬੁਲਾਏ ਜਾਂਦੇ ਸਨ, ਨਾ ਹੀ ਇਹ ਨਿਰਣਾ ਕੀਤਾ ਜਾ ਸਕਿਆ ਹੈ ਕਿ 'ਹਰਿ-ਰੰਗ ਬੇਬਾਣ' ਕੇਹੋ ਜਿਹਾ ਹੁੰਦਾ ਸੀ, ਨਾ 'ਹਰਿ-ਸਰ' ਦਾ ਨਿਰਣਾ ਹੋਇਆ ਹੈ ਨਾ 'ਪਾਵਏ' ਕਿਰਿਆ ਦਾ 'ਕਰਤਾ' ਲੱਭਿਆ ਗਿਆ ਹੈ।...

ਭਾਈ ਕਾਨ੍ਹ ਸਿੰਘ ਨੇ ਆਪਣੇ ਢੰਗ ਦੀ ਖੰਡਨ-ਮੰਡਨ ਸ਼ੈਲੀ ਨਾਲ ਇਹ ਸਿੱਧ ਕੀਤਾ ਹੈ ਕਿ ਗਰੁੜ-ਪੁਰਾਣ ਵਿੱਚ ਮੋਏ ਨੂੰ ਰੋਣਾ ਜ਼ਰੂਰੀ ਹੈ ਇਸ ਲਈ ਜਦੋਂ ਗੁਰੂ ਜੀ ਆਗਿਆ ਕਰਦੇ ਹਨ ਕਿ ਉਨ੍ਹਾਂ ਪਿੱਛੋਂ ਕੋਈ ਰੋਵੇ ਨਾ, ਤਾਂ ਸੁੱਤੇ ਹੀ ਪਰੰਪਰਾਵਾਦੀ ਰੀਤਿ ਦਾ ਖੰਡਨ ਹੋ ਜਾਂਦਾ ਹੈ। ਇਹ ਕਹਿਣਾ ਕਿ "...ਸਾਧਾਰਣ ਪਾਠਕ ਨੂੰ ਬਾਬਾ ਸੁੰਦਰ ਜੀ ਦੀ ਰਚਨਾ ਵਿੱਚੋਂ ਉਹ ਅਰਥ ਨਹੀਂ ਦਿੱਸ ਸਕਦੇ ਜੋ ਭਾਈ ਸਾਹਿਬ ਨੇ ਕੱਢ ਲਏ ਜਾਪਦੇ

17. ਸੱਦ-ਸਿਧਾਂਤ. ਅੰਮ੍ਰਿਤਸਰ 1886. ਪਨਾ 3

ਹਨ।'[18] ਵੀ ਨਹੀਂ ਢੁੱਕਦਾ, ਕਿਉਂਕਿ ਇਹ ਰਚਨਾਵਾਂ ਸੰਬੋਧਿਤ ਹੀ ਖੋਜੀ ਅਤੇ ਸੂਝਵਾਨ ਪਾਠਕ ਨੂੰ ਹਨ, ਸਾਧਾਰਣ ਪਾਠਕ ਨੂੰ ਨਹੀਂ।

7. ਸ਼ਰਾਬ ਨਿਸ਼ੇਧ

1907 ਵਿੱਚ ਛਪੀ, ਇਹ ਵੀ 32 ਸਫ਼ਿਆਂ ਦੀ ਇੱਕ ਲਘੁ ਰਚਨਾ ਹੈ, ਜਿਸਦਾ ਕੁਝ ਸੰਕੇਤ ਜੀਵਨ-ਘਟਨਾਵਾਂ ਵਾਲੇ ਅਧਿਆਇ ਵਿੱਚ ਆ ਚੁਕਿਆ ਹੈ। ਇਹ ਪੁਸਤਕ ਮੌਲਿਕ ਰਚਨਾਵਾਂ ਦੀ ਗਿਣਤੀ ਵਿੱਚ ਆ ਜਾਂਦੀ ਹੈ, ਪਰ, ਇਸਦਾ ਪ੍ਰਮਾਣ-ਅੰਸ਼ ਮੌਲਿਕ-ਕਥਨਾਂ ਉੱਤੇ ਭਾਰੀ ਹੈ। ਇਹ ਰਚਨਾ ਭਾਵੇਂ ਸਾਰੇ ਪੰਜਾਬ ਨੂੰ ਧਿਆਨ ਵਿੱਚ ਰੱਖ ਕੇ ਲਿਖੀ ਗਈ ਹੈ, ਪਰ, ਇਹ ਮੁੱਖ-ਰੂਪ ਵਿੱਚ ਸਿੱਖ ਭਾਈਚਾਰੇ ਨੂੰ ਸੰਬੋਧਿਤ ਹੈ। ਉਦਾਹਰਣ ਲਈ ਦੇਖੋ :

> "ਹੁਣ ਆਪ ਵਿਚਾਰ ਕਰ ਸਕਦੇ ਹੋ ਕਿ ਕੇਵਲ ਬੀਸ ਲੱਖ ਦੀ ਗਿਣਤੀ ਵਾਲੀ ਕੌਮ ਦੇ ਸਿਪਾਹੀਆਂ ਦਾ ਇੱਕ ਹਿੱਸਾ, ਜਦ ਨੌ-ਦਸ ਲੱਖ ਰੁਪੱਯਾ ਆਪਣੇ ਬਲ, ਬੁੱਧੀ ਔਰ ਨੇਕ-ਚਲਣੀ ਦੇ ਨਾਸ਼ ਕਰਨ ਲਈ ਹਰ ਸਾਲ ਖ਼ਰਚ ਕਰੇ, ਤਦ ਇਸ ਤੋਂ ਵਧ ਕੇ ਹੋਰ ਮੰਦ-ਭਾਗਯਤਾ ਕੀ ਹੋ ਸਕਦੀ ਹੈ?
>
> ਜੇ ਸਿੱਖਾਂ ਦੀ ਸਮਝ ਵਿਚ ਵਾਹਿਗੁਰੂ ਦੀ ਕਿਰਪਾ ਕਰਕੇ ਇਹ ਆ ਜਾਵੇ ਕਿ ਸ਼ਰਾਬ ਉਪਰ ਖ਼ਰਚ ਕਰਨ ਨਾਲੋਂ ਆਪਣੀ ਕੌਮ ਵਿੱਚ ਵਿਦਯਾ ਔਰ ਹੁਨਰ ਫੈਲਾਉਣ ਲਈ ਧਨ ਖ਼ਰਚ ਕਰਨਾ ਲਾਭਦਾਈ ਹੈ, ਤਾਂ ਸਿੱਖ ਕੌਮ ਬਹੁਤ ਛੇਤੀ (ਕਿਸੇ ਦੂਸਰੇ ਦੀ ਸਹਾਯਤਾ ਬਿਨਾ ਹੀ) ਆਪਣਾ ਸੁਧਾਰ ਕਰ ਸਕਦੀ ਹੈ, ਔਰ ਕਈ ਵਿੱਦਯਾ ਔਰ ਹੁਨਰ ਸੰਬੰਧੀ ਕਾਲਜ ਵੀ ਸਕੂਲ ਲੜਕੇ ਲੜਕੀਆਂ ਵਾਸਤੇ ਖੁੱਲ੍ਹ ਸਕਦੇ ਹਨ ਔਰ ਅਨੇਕ ਕਾਰਖ਼ਾਨੇ ਦੇਸ਼ ਦੀ ਦੁਰਦਸ਼ਾ ਦੂਰ ਕਰਨ ਲਈ ਬਣ ਸਕਦੇ ਹਨ।[19]

[ਸਮੁੱਚੇ ਸੂਬੇ ਅਤੇ ਦੇਸ਼ ਦੀ ਗੱਲ] ਭੀ ਉਸ ਦੀ ਅੱਖੋਂ ਉਹਲੇ ਨਹੀਂ। ਉਹ ਕਹਿੰਦਾ ਹੈ :—

> ...ਪਿਛਲੇ ਸਾਲ ਦੇ ਹਿਸਾਬ ਤੋਂ ਮਾਲੂਮ ਹੋਯਾ ਹੈ ਕਿ ਪੰਜਾਬ ਦੇ ਕੇਵਲ ਸੱਤ ਜ਼ਿਲ੍ਹੇ (ਅੰਬਾਲਾ, ਲੁਧਿਆਣਾ, ਫਿਰੋਜ਼ਪੁਰ, ਅੰਮ੍ਰਿਤਸਰ, ਲਾਹੌਰ, ਸਿਆਲਕੋਟ ਔਰ ਗੁਜਰਾਂਵਾਲਾ) ਇੱਕ ਸਾਲ ਵਿੱਚ ਤੀਸ ਹਜ਼ਾਰ ਅੱਠ ਸੌ ਇਕਾਨਵੇ ਰੁਪਯੇ ਦੀ ਸ਼ਰਾਬ ਪੀ ਜਾਂਦੇ ਹੈਂ, ਔਰ ਇਕੱਲੇ ਅਮ੍ਰਿਤਸਰ ਜ਼ਿਲ੍ਹੇ ਵਿੱਚ ਛੀ ਲੱਖ ਉਣੱਤੀ ਹਜ਼ਾਰ ਔਰ ਚੁਰਾਣਵੇਂ ਰੁਪੱਯੇ ਦੀ ਸ਼ਰਾਬ ਖ਼ਰਚ ਹੁੰਦੀ ਹੈ, ਜੋ ਵਿੱਦਯਾ ਬੁੱਧੀ ਔਰ ਧਨ ਹੀਨ ਦੇਸ਼ ਦੀ ਬਰਬਾਦੀ ਲਈ ਕੁੱਝ ਘੱਟ ਨਹੀਂ ਹੈ। ਜੇ ਏਹੀ ਰਕਮ ਦੇਸ਼ ਔਰ ਕੌਮ ਦੇ ਭਲੇ ਵਾਸਤੇ ਖ਼ਰਚ ਕੀਤੀ ਜਾਵੇ ਤਾਂ ਏਸ ਤੋਂ ਬਹੁਤ ਲਾਭ ਹੋ ਸਕਦਾ ਹੈ।"[20]

ਆਪਣੀ ਗੱਲ ਨੂੰ ਸਿੱਧ ਕਰਨ ਲਈ ਗੁਰਬਾਣੀ ਦੀਆਂ ਤੁਕਾਂ ਦੇ ਨਾਲ ਨਾਲ ਹੀ

---

18. ਸੂ. ਕਾ,. ਪੰਨਾ 7।
19. ਸ਼ਰਾਬ ਨਿਸ਼ੇਧ, ਪੰਨਾ 3-4
20. ਸ਼ਲਾਬ ਨਿਸ਼ੇਧ, ਪੰਨਾ-4 ਫੁਟ ਨੋਟ

ਦਸਮ ਗ੍ਰੰਥ ; ਭਾਈ ਗੁਰਦਾਸ ; ਗੁਰ ਬਿਲਾਸ ਪਾ: ੧੦; ਪ੍ਰੇਮ ਸੁਮਾਰਗ ; ਰਹਿਤਨਾਮਾ ਭਾਈ ਦੇਸਾ ਸਿੰਘ ; ਸਰਕਾਰੀ ਰੀਪੋਰਟਾਂ ; ਮਨੂ ਸਮ੍ਰਿਤੀ ; ਹਜ਼ਰਤ ਸੁਲੇਮਾਨ ਦੀਆਂ ਕਹਾਵਤਾਂ ; ਹਜ਼ਰਤ ਈਸਾ ; ਹਜ਼ਰਤ ਮੁਹੰਮਦ ਦੇ ਕਥਨਾਂ ; ਹਦੀਸਾਂ ; ਹਾਫ਼ਿਜ਼ ਸ਼ੀਰਾਜ਼ੀ, ਯੂਨਾਨੀ ਹਕੀਮਾਂ, ਯੂਰਪੀ ਡਾਕਟਰਾਂ, ਅੰਗ੍ਰੇਜ਼ੀ ਅਖ਼ਬਾਰਾਂ-ਰਸਾਲਿਆਂ ਆਦਿ ਤੋਂ ਪ੍ਰਮਾਣ ਇਕੱਤ੍ਰ ਕੀਤੇ ਗਏ ਹਨ। ਬਾਦਸ਼ਾਹ ਬਾਬਰ ਜਿਹੇ ਪਿਅੱਕੜ ਦੀ 'ਤੋਜ਼ਕ' ਵਿੱਚੋਂ ਵੀ ਉਸ ਦੇ ਸ਼ਰਾਬ ਤਿਆਗਣ ਦੀ ਕਥਾ ਦੀ ਵਰਤੋਂ ਕੀਤੀ ਗਈ ਹੈ।

ਇਸ ਰਚਨਾ ਦਾ ਇੱਕ ਪਹਿਲੇਰਾ ਸੰਸਕਰਣ ਵੀ (ਕੁਝ ਅਧੂਰਾ ਤੇ ਪਾਟਿਆ ਜਿਹਾ) ਮੈਨੂੰ ਆਪਣੇ ਘਰੇਲੂ-ਸੰਗ੍ਰਹਿ ਵਿੱਚੋਂ ਮਿਲਿਆ ਹੈ। ਛਪਾਈ ਦੇ ਰੂਪ ਤੋਂ ਪ੍ਰਤੀਤ ਹੁੰਦਾ ਹੈ। ਕਿ ਇਹ ਪਹਿਲਾ ਸਰੂਪ ਨਾਭੇ ਦੇ ਦੁਰਗਾ ਪ੍ਰੈਸ ਤੋਂ ਛਪਿਆ ਸੀ। ਉਸ ਸੰਸਕਰਣ ਦੀ ਭਾਸ਼ਾ ਉੱਤੇ ਉਸੇ ਰੂਪ ਦਾ ਪ੍ਰਭਾਵ ਹੈ, ਜਿਸ ਨੂੰ ਮੈਂ ਪਿੱਛੇ "ਉਰਦੂ ਕਾ ਸ਼ਾ ਬੋਲਨਾ" ਕਹਿ ਚੁੱਕਾ ਹਾਂ। ਇਹ ਸੈਂਚੀ 11-1/2 × 15 ਸੈਂ.ਮੀ. ਦੇ ਅਕਾਰ ਦੇ 42 ਸਫ਼ਿਆਂ ਉਤੇ ਮੋਟੇ ਟਾਈਪ ਵਿੱਚ ਛਪੀ ਹੋਈ ਹੈ। ਪਹਿਲਾ ਸਫ਼ਾ ਨਾ ਹੋਣ ਕਾਰਨ ਵਧੇਰੇ ਸੂਚਨਾਵਾਂ ਦਾ ਨਿਰਣਾ ਸੰਭਵ ਨਹੀਂ। ਪੰਜਾਬੀ ਵਿੱਚ ਲਿਖਿਆ, 1907 ਵਾਲਾ ਸੰਸਕਰਣ, ਮੁੜ ਸੋਧ ਕੇ ਅਤੇ ਕੁਝ ਵਾਧੇ ਘਾਟੇ ਕਰਕੇ ਰਚਿਆ ਗਿਆ ਸੀ ਅਤੇ ਅੰਮ੍ਰਿਤਸਰ ਦੇ ਵਜ਼ੀਰੇ-ਹਿੰਦ ਪ੍ਰੈਸ ਤੋਂ ਛਪਿਆ ਸੀ, ਅਕਾਰ ਡਿਮਈ ਸੋਲ਼ਾਂ ਪੇਜੀ ਸੀ।

ਪਹਿਲੇ ਸੰਸਕਰਣ ਵਿੱਚ ਕੁਝ ਹੱਦ ਤੱਕ, ਇਹ ਮੰਨ ਲੈਣ ਵੱਲ ਝੁਕਾਉ ਸੀ ਕਿ ਸਿਹਤ ਦੇ ਖ਼ਿਆਲ ਨਾਲ ਗਿਣਵੀਂ ਮਿਣਵੀ ਥੋੜੀ ਮਿਕਦਾਰ ਵਿੱਚ ਪੀਤੀ ਗਈ ਸ਼ਰਾਬ, ਕਿਸੇ ਸਮੇਂ ਜਾਇਜ਼ ਵੀ ਹੋ ਸਕਦੀ ਹੈ, ਪਰ ਉਸ ਵਿੱਚ ਇਹ ਖ਼ਤਰਾ ਵੀ ਮੰਨ ਲਿਆ ਹੋਇਆ ਹੈ ਕਿ ਥੋੜੀ ਮਾਤਰਾ ਵਿੱਚ ਪੀ ਲੈਣ ਵਾਲੇ ਵੀ ਹੱਦਾਂ ਉਲੰਘ ਸਕਦੇ ਹਨ, ਇਸ ਲਈ ਕਿਹਾ ਹੈ ਕਿ :—

> "ਅਗਰ ਆਪ ਆਪਣੀ ਆਦਤ ਕੋ ਰੋਕ ਨਹੀਂ ਸਕਤੇ ਔਰ ਬਿਨਾਂ ਸ਼ਰਾਬ ਦਿਲ ਕੋ ਤਸਕੀਨ ਨਹੀਂ ਹੋਤੀ ਤਬ ਹਕੀਮੋਂ ਕੀ ਰਾਯ ਕੇ ਮੁਤਾਬਿਕ ਨੌਂ ਮਾਸ਼ੇ ਮਿਕਦਾਰ ਸੇ ਜ਼ਿਆਦਹ ਨਾ ਪੀਓ ਔਰ ਵੋਹ ਭੀ ਹਫ਼ਤੇ ਮੇਂ ਦੋ ਦਫ਼ਾ... ਨੇਕ ਸਲਾਹ ਤੋ ਯੇਹ ਹੈ ਕਿ ਇਸ ਸੇ ਬਿਲਕੁਲ ਪਰਹੇਜ਼ ਕਰੋ ਔਰ ਆਪਣੇ ਤਮਾਮ ਖ਼ਿਆਲਾਤ ਕੋ ਸ਼ਰਾਬ ਸੇ ਬਾਜ਼ ਰਖੋ...।"[21]

ਨਵੇਂ ਸੰਸਕਰਣ ਵਿੱਚੋਂ ਇਹ ਅੰਸ਼ ਕੱਢ ਦਿੱਤਾ ਗਿਆ ਹੈ ਜੋ ਬਦਲਦੇ ਹਾਲਾਤ ਅਤੇ ਵਿਚਾਰਾਂ ਵਿੱਚ ਦ੍ਰਿੜਤਾ ਦੇ ਵਿਕਾਸ ਦਾ ਸੂਚਕ ਹੈ। ਡਾ: ਚਰਨ ਸਿੰਘ ਨੇ ਵੀ ਇਸੇ ਵਿਸ਼ੇ ਉੱਤੇ ਇੱਕ ਟ੍ਰੈਕਟ 'ਰਾਣੀ ਸ਼ਰਾਬ ਕੌਰ' ਛਪਵਾਇਆ ਸੀ।

8. ਪਹਾੜ ਯਾਤ੍ਰਾ

1906 ਵਿੱਚ ਭਾਈ ਕਾਨ੍ਹ ਸਿੰਘ ਨੇ, ਸਿੱਖ-ਸਾਹਿਤ ਅਤੇ ਇਤਿਹਾਸ ਦੀ ਸਾਮਗ੍ਰੀ ਦੀ ਖੋਜ ਵਿੱਚ, ਪਹਾੜੀ ਰਿਆਸਤਾਂ ਦਾ ਦੌਰਾ ਕਰਕੇ, ਆਪਣੇ ਯਾਤ੍ਰਾ ਦੇ ਅਨੁਭਵ ਲਿਖੇ ਸਨ। ਇਹ ਪੁਸਤਕ ਅਣਛਪੀ ਹੈ। ਇਸ ਪੁਸਤਕ ਵਿੱਚ ਅਜੋਕੜੇ ਹਿਮਾਚਲ ਪ੍ਰਦੇਸ਼ ਵਿਚਲੇ

21. ਉਹੀ, ਪੰਨਾ, 36

ਅਨੇਕਾਂ ਥਾਵਾਂ ਉੱਤੇ ਘੁੰਮ ਫਿਰ ਕੇ ਸਥਾਨਕ ਰਹੁ-ਰੀਤਾਂ, ਵੇਖਣ ਯੋਗ ਥਾਵਾਂ ਅਤੇ ਬਿਉਹਾਰਾਂ ਦਾ ਬੜਾ ਸਜੀਵ ਵਰਣਨ ਕੀਤਾ ਹੈ। ਉਦਾਹਰਣ ਲਈ ਕੁੱਲੂ ਦੇ ਮੇਲੇ ਦਾ ਵਰਣਨ ਦੇਖੋ :—

"...ਇਥੇ ਦੁਸਹਿਰੇ ਦਾ ਮੇਲਾ ਬੜੀ ਧੂਮ ਧਾਮ ਨਾਲ ਹੋਇਆ, ਜਿਤਨੇ ਚਾਲੀ ਪਚਾਸ ਕੋਸ ਦੇ ਦੇਵ ਹਨ, ਸਭ ਪਾਲਕੀਆਂ ਵਿੱਚ ਬੈਠ ਕਰ ਸਜ ਧਜ ਨਾਲ ਆਏ। ਇਹ ਦੇਵ ਕਾਠ ਦੇ ਬਣੇ ਹੋਏ ਹਨ, ਕੋਈ ਕੋਈ ਧਾਤੂ ਦਾ ਭੀ ਹੈ, ਪਰ ਸਭ ਸੋਨੇ ਚਾਂਦੀ ਦੇ ਗਹਿਣਿਆਂ ਨਾਲ ਸਿੰਗਾਰੇ ਹੋਏ ਹਨ। ਇਨ੍ਹਾਂ ਦੇ ਅੱਗੇ ਢੋਲ, ਨਫੀਰੀ, ਨਰਸਿੰਗੇ, ਤੁਰਹੀਆਂ, ਡਫਾਂ, ਸੰਖ ਆਦਿ ਵੱਜਦੇ ਆਉਂਦੇ ਹਨ। ਹਰ ਇਕ ਦੇ ਉਪਰ ਛਤ੍ਰ ਚੌਰ ਹੁੰਦਾ ਹੈ। ਇਹ ਗਿਣਤੀ ਵਿੱਚ ਤਿੰਨ ਸੌ ਸੱਠ ਹਨ। ਸਾਰੇ ਦੇਵ ਰਘੁਨਾਥ ਜੀ ਪਾਸ ਜਮ੍ਹਾ ਹੁੰਦੇ ਹਨ। ਰਘੁਨਾਥ ਜੀ ਰਥ ਵਿੱਚ ਵਿਰਾਜਦੇ ਹਨ। ਰਘੁਨਾਥ ਜੀ ਦੇ ਰਥ ਨੂੰ ਬਹੁਤ ਆਦਮੀ ਖਿੱਚਦੇ ਹਨ। ਖਿੱਚ ਕੇ ਚਾਰ ਸੌ ਕਦਮ ਦੇ ਫਾਸਲੇ ਪਰ ਲੈ ਜਾਂਦੇ ਹਨ। ਸਭ ਦੇਵ ਅਰਦਲ ਵਿੱਚ ਚਲਦੇ ਹਨ। ਨ੍ਰਿਤਕਾਰੀ ਅੱਗੇ ਅੱਗੇ ਹੁੰਦੀ ਹੈ। ਸੂਰਜ ਮੁਖੀਆਂ ਅੱਗੇ ਹੁੰਦੀਆਂ ਹਨ ਕੁੱਲੂ ਦਾ ਰਾਜਾ ਨੰਗੇ ਪੈਰੀ ਨਾਲ ਹੁੰਦਾ ਹੈ। ਪਰੇਡ ਵਿੱਚ ਜਾਕਰ ਰਘੁਨਾਥ ਜੀ ਨੂੰ ਰਥ ਤੋਂ ਉਤਾਰ ਕੇ ਤੰਬੂ ਵਿਚ ਡੇਰਾ ਦਿੰਦੇ ਹਨ। ਉਸ ਦੇ (ਕੁੱਲੂ ਦੇ ਰਾਜੇ ਦੇ) ਅੱਗੇ ਸਭ ਦੇਵ ਆ ਕੇ ਸਲਾਮਾਂ ਲੋਕ ਕਰਦੇ ਹਨ ਕਹਿੰਦੇ ਹਨ ਕਿ ਇਹ ਰਾਜਾ ਰਘੁਨਾਥ ਜੀ ਦਾ ਕਾਇਮ-ਮੁਕਾਮ ਹੈ, ਇਸ ਵਾਸਤੇ ਸਭ ਇਸ ਦੀ ਤਾਮੀਲ ਕਰਦੇ ਹਨ। ਜੋ ਦੇਵ ਹਾਜ਼ਰ ਨਾ ਹੋਵੇ ਉਸ ਨੂੰ ਰਾਜਾ ਜੁਰਮਾਨਾ ਕਰਦਾ ਹੈ। ਇਸ ਇਲਾਕੇ ਵਿਚ ਰਾਜ-ਭਗਤੀ ਹੱਦ ਤੋਂ ਜ਼ਿਆਦਾ ਹੈ, ਲੋਕੀ ਰਾਜੇ ਨੂੰ ਸਾਖਸ਼ਾਤ ਈਸ਼ਵਰ ਦਾ ਰੂਪ ਮੰਨਦੇ ਹਨ।......[22]

9. ਵਿਲਾਇਤ ਯਾਤ੍ਰਾ ਅਤੇ 10. ਸਫਰਨਾਮਾ ਇੰਗਲੈਂਡ

ਭਾਈ ਕਾਨ੍ਹ ਸਿੰਘ ਨੇ ਤਿੰਨ ਵਾਰੀ 1907, 1908 ਅਤੇ 1910 ਵਿੱਚ ਇੰਗਲੈਂਡ ਦੀ ਯਾਤ੍ਰਾ ਕੀਤੀ ਇਨ੍ਹਾਂ ਯਾਤ੍ਰਾਵਾਂ ਦਾ ਸਫਰਨਾਮਾ ਵੀ 'ਪਹਾੜ ਯਾਤ੍ਰਾ ਵਾਂਗ ਨਹੀਂ' ਛਪਿਆ। ਸ਼. ਸ. ਅਸ਼ੋਕ ਨੇ ਇੱਕ ਹੋਰ ਅਣਛਪੇ ਗ੍ਰੰਥ 'ਸਫ਼ਰ ਨਾਮਾ ਇੰਗਲੈਂਡ' ਦਾ ਜ਼ਿਕਰ ਵੀ ਕੀਤਾ ਹੈ,[23] ਜੋ ਸ਼ਾਇਦ ਇਸੇ 'ਵਿਲਾਯਤ ਯਾਤ੍ਰਾ' ਨਾਉਂ ਨਾਲ ਗਿਣਾਏ ਗ੍ਰੰਥ ਦਾ ਹੀ ਕੋਈ ਸੋਧਿਆ ਸੰਸਕਰਣ ਹੋਵੇ, ਕਿਉਂ ਕਿ ਭਾਈ ਕਾਨ੍ਹ ਸਿੰਘ ਨੇ 1910 ਪਿੱਛੋਂ ਫੇਰ ਇੰਗਲੈਂਡ ਦੀ ਯਾਤ੍ਰਾ ਨਹੀਂ ਕੀਤੀ। ਭਾਸ਼ਾ ਅਤੇ ਸ਼ੈਲੀ ਦੇ ਨਾਤੇ 'ਪਹਾੜ ਯਾਤ੍ਰਾ' ਅਤੇ 'ਵਲਾਯਤ-ਯਾਤ੍ਰਾ' ਵਿੱਚ ਅੰਤਰ ਨਹੀਂ, ਦੋਹਾਂ ਵਿੱਚ ਲੇਖਕ ਦੀ ਨੀਝ ਲਾਕੇ ਵੇਖਣ ਅਤੇ ਸੁਆਦ ਲੈ ਕੇ ਵਰਣਨ ਦੀ ਪ੍ਰਵਿਰਤੀ ਦੇ ਇੱਕ-ਸਮਾਨ ਦਰਸ਼ਨ ਹੁੰਦੇ ਹਨ। ਕੁਝ ਉਦਾਹਰਣ ਦੇਖੋ : —

(ੳ) ...ਏਥੇ ਕਾਰੀਗਰਾਂ ਦੀ ਭੀ ਮਜਲਿਸ ਜੁੜਦੀ ਹੈ। ਹਰੇਕ ਪੇਸ਼ੇ ਦੇ ਲੋਕ ਕੱਠੇ ਹੋ ਕੇ ਚਰਚਾ ਕਰਦੇ ਹਨ, ਸਭ ਮਜ਼ਦੂਰ ਕਿਸੇ ਨ ਕਿਸੇ ਸੋਸਾਇਟੀ ਦੇ ਮੈਂਬਰ ਹਨ। ਜੇ ਮਜ਼ਦੂਰ 24 ਸ਼ਲਿੰਗ ਹਫਤੇ ਤੋਂ ਘੱਟ ਮਜ਼ਦੂਰੀ ਲਵੇ ਉਸਨੂੰ ਸੋਸਾਇਟੀ ਖਾਰਜ

22. ਅ. ਕਾ. ਪੰਨਾ 76-77

23. ਅ. ਕਾ., ਪੰਨਾ 81

ਕਰ ਦਿੰਦੀ ਹੈ ।[24]

(ਅ "..ਇਸ ਜਗਾ ਕੁੱਤੇ ਬਹੁਤ ਹੀ ਮੌਨ ਹਨ, ਕਿਸੇ ਘਰ ਆਏ ਨੂੰ ਨਹੀਂ ਭੌਂਕਦੇ ਔਰ ਨਾ ਬਾਜ਼ਾਰ ਵਿੱਚ ਇਕ ਕੁੱਤੇ ਨੂੰ ਦੂਜਾ ਭੌਂਕਦਾ ਹੈ। ਯੂਰਪ ਦੀ ਤਾਲੀਮ ਦਾ ਅਸਰ ਪਸ਼ੂਆਂ ਪਰ ਭੀ ਹੋ ਗਯਾ ."[25]

(ੲ) "...ਪੈਰਿਸ ਔਰ ਵਾਰਸਾਈਸ ਵਿੱਚ ਬੱਡੇ ਬੱਡੇ ਅੱਖਰਾਂ ਵਿੱਚ ਕਈ ਥਾਂਈ ਲਿਖਿਆ ਹੋਇਆ ਦੇਖਿਆ ਜਿਸ ਦਾ ਉੱਚਾਰਣ 'ਕਾਫ਼ਰ' ਹੈ, ਫ਼ਰੈਂਚ ਭਾਸ਼ਾ ਵਿੱਚ ਨਾਈ ਦਾ ਅਰਥ ਰੱਖਦਾ ਹੈ। ਮੇਰੇ ਖ਼ਯਾਲ ਵਿਚ ਏਹ ਨਾਉਂ ਬਹੁਤ ਹੀ ਯੋਗ ਹੈ ਕਯੋਂਕਿ ਨਾਈ ਤੋਂ ਵੱਧ ਕੇ ਹੋਰ ਕੌਣ ਕਾਫ਼ਰ ਹੋ ਸਕਦਾ ਹੈ ਜੋ ਵਾਹਗੁਰੂ ਦੇ ਬਖਸ਼ੇ ਹੋਏ ਨੂਰ ਨੂੰ ਉਸਤਰੇ ਔਰ ਕੈਂਚੀ ਦਵਾਰਾ ਪਲ ਵਿਚ ਨਾਸ ਕਰ ਦਿੰਦਾ ਹੈ..."[26]

(ਸ) ਲੰਡਨ ਦੇ ਬਾਜ਼ਾਰ ਭੀ ਬਹੁਤ ਹੀ ਵਿਚਿਤ੍ਰ ਹਨ ਔਰ ਜਗਾ ਜਗਾ ਸੈਰ ਦੇ ਥਾਉਂ, ਯਾਦਗਾਰਾਂ ਔਰ ਬਾਜੇ ਆਦਿਕ ਹਨ। ਸ਼ਹਿਰ ਦੇ ਹੇਠ ਜੋ ਬਿਜਲੀ ਦੀ ਰੇਲ ਚਲਦੀ ਹੈ, ਜਿਸ ਨੂੰ ਟਯੂਬ ਆਖਦੇ ਹਨ, ਬਹੁਤ ਹਿਕਮਤ ਨਾਲ ਨਿਕਾਲੀ ਗਈ ਹੈ। ਲੋਕਾਂ ਨੂੰ ਲਿਫ਼ਟ ਦੇ ਜ਼ਰੀਏ ਹੇਠ ਉਤਾਰ ਦੇਂਦੇ ਹਨ। ਅੱਗੇ ਹਰ ਪੰਜ ਮਿਨਟ ਪਿਛੋਂ ਟ੍ਰੇਨ ਆ ਜਾਂਦੀ ਹੈ। ਸੁਰੰਗ ਬਿਜਲੀ ਦੀ ਰੋਸ਼ਨੀ ਨਾਲ ਦਿਨ ਜੈਸੀ ਰੌਸ਼ਨ ਹੈ। ਜਿਸ ਸਟੇਸ਼ਨ ਉਤਰਣਾ ਚਾਹੇ ਉੱਤਰ ਕੇ ਲਿਫ਼ਟ ਦੇ ਜ਼ਿਰੀਏ ਹੀ ਬਜ਼ਾਰ ਵਿੱਚ ਪਹੁੰਚ ਜਾਓ, ਜ਼ਰਾ ਕਠਿਨਾਈ ਨਹੀਂ ਹੁੰਦੀ ।[27]

(ਹ) "ਲੰਡਨ ਵਿੱਚ ਮੰਗਤੇ ਨਹੀਂ ; ਜੇ ਕੋਈ ਅਪਾਹਜ ਹੈ ਤਾਂ ਕਿਸੇ ਕਿਨਾਰੇ ਬੈਠਾ ਹੈ। ਲੋਕ ਆਪ ਹੀ ਓਸ ਦੀ ਦਸ਼ਾ ਨੂੰ ਦੇਖ ਕੇ ਕੁਝ ਦੇ ਦਿੰਦੇ ਹਨ, ਪਰ ਓਹ ਸਵਾਲ ਨਹੀਂ ਕਰਦਾ। ਜੇ ਕੋਈ ਮੰਗੇ ਤਾਂ ਝੱਟ ਪੁਲਿਸ ਉਸ ਨੂੰ ਫੜ ਲੈਂਦੀ ਹੈ। ਇਸ ਜਗਾ ਇਕ ਸਟ੍ਰੀਟ-ਸਿੰਗਰ (Street Singer) ਖ਼ਾਸ ਆਦਮੀ ਹਨ। ਓਹ ਬਾਜ਼ਾਰ ਔਰ ਗਲੀਆਂ ਵਿੱਚ ਅਨੇਕ ਤਰ੍ਹਾਂ ਦੇ ਗੀਤ ਗਾਉਂਦੇ ਹਨ, ਪਰ ਬਿਨਾਂ ਆਖੇ ਕਿਸੇ ਦੇ ਮਕਾਨ ਪਰ ਠਹਿਰਦੇ ਨਹੀਂ ਲੋਕ ਉਨ੍ਹਾਂ ਨੂੰ ਆਪਣੀ ਇੱਛਾ ਅਨੁਸਾਰ ਕੁਛ ਬਖ਼ਸ਼ ਦਿੰਦੇ ਹਨ ।[28]

11. ਇਕ ਜਯੋਤਿਸ਼ ਗਰੰਥ

1911 ਵਿੱਚ ਮਹਾਰਾਜਾ ਹੀਰਾ ਸਿੰਘ ਨੇ, ਭਾਈ ਕਾਨ੍ਹ ਸਿੰਘ ਨੂੰ ਤਾਰਿਆਂ ਦੀ ਚਾਲ ਅਤੇ ਮਨੁੱਖੀ ਜੀਵਨ ਉੱਤੇ ਪੈਣ ਵਾਲੇ ਤਾਰਿਆਂ ਦੇ ਪ੍ਰਭਾਵਾਂ ਸੰਬੰਧੀ, ਇੱਕ ਗ੍ਰੰਥ ਰਚਣ ਲਈ ਆਗਿਆ ਕੀਤੀ, ਅਤੇ ਵਚਨ ਦਿੱਤਾ ਕਿ ਇਸ ਗ੍ਰੰਥ ਦੀ ਰਚਨਾ ਦੇ ਮਿਹਨਤਾਨੇ

---

24. ਅ, ਕਾ., ਪੰਨਾ 81
25. ਉਹੀ, ਪੰਨਾ 81-82
26. ਉਹੀ. ਪੰਨਾ 82
27. ਉਹਾ, ਪੰਨਾ 85
28. ਅ. ਕਾ , ਪੰਨਾ 86

ਵਜੋਂ ਸਵਾ ਲੱਖ ਰੁਪਯਾ ਦਿੱਤਾ ਜਾਵੇਗਾ। ਸ਼ਾਇਦ, ਇਹ ਵਾਇਦਾ ਭਾਈ ਪ੍ਰੇਮ ਸਿੰਘ ਨੂੰ ਦਿੱਤੇ ਗਏ ਸਵਾ ਲੱਖ ਰੁਪਏ ਦੇ ਇਨਾਮ[29] ਸਮੇਂ ਵਿਦਵਾਨਾਂ ਵਿੱਚ ਉਪਜੇ ਤਣਾਉ ਨੂੰ ਘਟਾਉਣ ਦੇ ਇਰਾਦੇ ਨਾਲ ਕੀਤਾ ਗਿਆ ਹੋਵੇ। ਹਰ ਹਾਲ, ਜਦੋਂ ਭਾਈ ਕਾਨ੍ਹ ਸਿੰਘ ਨੇ ਇਹ ਗ੍ਰੰਥ ਰਚਕੇ ਪੇਸ਼ ਕੀਤਾ ਤਾਂ ਮਹਾਰਾਜੇ ਦੀ ਸਿਹਤ ਉੱਖੜੀ ਹੋਈ ਸੀ। ਇਸ ਲਈ ਇਸ ਗ੍ਰੰਥ ਉੱਤੇ ਵਿਚਾਰ ਕਰਨ ਅਤੇ ਉਸ ਨੂੰ ਪ੍ਰਵਾਨ ਕਰਕੇ ਇਨਾਮ ਦਿੱਤੇ ਜਾਣ ਦਾ ਮਾਮਲਾ ਖੱਟੇ ਵਿੱਚ ਪੈ ਗਿਆ। ਇਸੇ ਸਾਲ ਮਹਾਰਾਜੇ ਦੇ ਚਲਾਣਾ ਕਰ ਜਾਣ ਕਾਰਣ, ਇਹ ਬੇਨਾਮ ਗ੍ਰੰਥ ਬਣਦੇ ਸਨਮਾਨ ਸਤਿਕਾਰ ਅਤੇ ਪ੍ਰਕਾਸ਼ਨ ਤੋਂ ਵਾਂਝਾ ਰਹਿ ਗਿਆ।[30]

ਬੀਬੀ ਸੁਖਜੀਤ ਕੌਰ ਨੇ ਇਕ ਵੈਦਿਕ ਗ੍ਰੰਥ ਦੀ ਗੱਲ ਵੀ ਕੀਤੀ ਹੈ।[31] ਜੋ ਜੋਤਿਸ਼ ਗ੍ਰੰਥ ਵਾਂਗ ਹੀ ਅਪ੍ਰਕਾਸ਼ਿਤ ਰਿਹਾ। ਇਨ੍ਹਾਂ ਗ੍ਰੰਥਾਂ ਦੀ ਸਾਹਿਤਿਕ ਮਹੱਤਾ ਨਾ ਹੋਣ ਸਮਾਨ ਹੈ ਅਤੇ ਇਨ੍ਹਾਂ ਦੀ ਭਾਸ਼ਾ ਵੀ ਪੰਜਾਬੀ ਨਹੀਂ, ਸਗੋਂ ਮਹਾਰਾਜਾ ਹੀਰਾ ਸਿੰਘ ਲਈ ਰਚੇ ਗਏ ਹੋਰਨਾਂ ਗ੍ਰੰਥਾਂ ਵਾਂਗ ਹੀ ਹੈ। ਤਾਂ ਭੀ, ਇਨ੍ਹਾਂ ਗ੍ਰੰਥਾਂ ਦੀ ਰਚਨਾ ਤੋਂ ਭਾਈ ਕਾਨ੍ਹ ਸਿੰਘ ਦੀ ਬਹੁ-ਪਖੀ ਵਿਦਵਾਨਤਾ ਦਾ ਪਤਾ ਜ਼ਰੂਰ ਚਲ ਜਾਂਦਾ ਹੈ। ਇਨ੍ਹਾਂ ਗ੍ਰੰਥਾਂ ਲਈ ਇਕੱਤਰ ਕੀਤੀ ਸਾਮਗ੍ਰੀ ਪਿੱਛੋਂ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਦੀ ਰਚਨਾ ਸੰਭਵ ਹੋਈ।

12. ਇਤਿਹਾਸ ਬਾਗੜੀਆਂ

ਭਾਈ ਰੂਪ ਚੰਦ ਦੇ ਅੰਸ਼-ਵੰਸ਼ ਪਰਿਵਾਰਾਂ ਦਾ ਸੰਬੰਧ ਸਿੱਖੀ ਦੇ ਵਿਕਾਸ ਵਿਸਤਾਰ ਦੀ ਕਥਾ ਨਾਲ ਡੂੰਘਾ ਹੈ, ਇਸੇ ਵੰਸ਼ ਦੇ ਬਾਬਾ ਗੁੱਦੜ ਸਿੰਘ ਅਤੇ ਮਾਈ ਰੱਜੀ ਦੀ ਅੰਸ਼ ਵਿੱਚੋਂ ਬਾਗੜੀਆਂ ਪਰਿਵਾਰ ਬਹੁ ਸਨਮਾਨਿਤ ਅਤੇ ਬਹੁ ਸੰਪਤੀ ਵਾਲਾ ਹੋਇਆ। ਭਾਈ ਅਰਜਨ ਸਿੰਘ ਇਸ ਘਰਾਣੇ ਵਿੱਚੋਂ ਭਾਈ ਕਾਨ੍ਹ ਸਿੰਘ ਦੇ ਸਮਕਾਲੀ ਸਨ।[32] ਫੂਲਕੀਆਂ ਰਿਆਸਤਾਂ ਵਿਚ ਇਨ੍ਹਾਂ ਦਾ ਮਾਨ ਸਨਮਾਨ 'ਰਾਜਗੁਰੂ' ਵਾਲਾ ਕੀਤਾ ਜਾਂਦਾ ਸੀ। ਰਿਆਸਤ ਨਾਭੇ ਅਤੇ ਰਿਆਸਤ ਪਟਿਆਲੇ ਦੇ ਝਗੜਿਆਂ ਵਿਚ ਵੀ ਭਾਈ ਅਰਜਨ ਸਿੰਘ ਨੇ ਨਿਪਟਾਰੇ ਦੇ ਜਤਨਾਂ ਵਿੱਚ ਚੋਖਾ ਹਿੱਸਾ ਪਾਇਆ ਸੀ। ਇਕ ਸਨਮਾਨ ਯੋਗ ਅਹਿਲਕਾਰ ਅਤੇ ਇਕ ਸਨਮਾਨ ਯੋਗ ਧਾਰਮਿਕ ਹਸਤੀ ਦੇ ਨਾਤੇ, ਦੋਹਾਂ ਵਿੱਚ ਮੇਲ ਮਿਲਾਪ ਵੀ ਮੌਜੂਦ ਸੀ। ਉਨੀਂ ਦਿਨੀਂ ਗਿਆਨੀ ਗਿਆਨ ਸਿੰਘ ਦੀ ਰਚੀ ਇਕ ਪੁਸਤਕ 'ਇਤਿਹਾਸ ਰਿਆਸਤ ਬਾਗੜੀਆਂ' ਛਪੀ ਸੀ, ਜੋ ਕਈ ਪੱਖਾਂ ਤੋਂ ਅਧੂਰੀ ਸੀ। ਭਾਈ ਕਾਨ੍ਹ ਸਿੰਘ ਦੀ ਇਹ ਪੁਸਤਕ

---

29. ਭਾਈ ਪ੍ਰੇਮ ਸਿੰਘ ਨੂੰ ਇਹ ਇਨਾਮ "ਬੁੱਧਿ ਬਾਰਿਧਿ ਨਾਟਕ" ਦੀ ਵਾਰਤਕ ਉਤੇ ਦਿੱਤਾ ਗਿਆ ਸੀ।
30. ਅ. ਕਾ., ਪੰਨਾ 52-53
31. ਸ. ਕਾ. ਪੰਨਾ 33
32. ਅ. ਕਾ. ਪੰਨਾ 61

ਜਾਪਦਾ ਹੈ ਗਿਆਨੀ ਗਿਆਨ ਸਿੰਘ ਦੀ ਰਚਨਾ "ਇਤਿਹਾਸ ਰਿਆਸਤ ਬਾਗੜੀਆਂ" ਦੇ ਸੁਧਾਰ ਵਜੋਂ ਰਚੀ ਗਈ ਸੀ। ਗਿਆਨੀ ਗਿਆਨ ਸਿੰਘ ਦੀ ਰਚਨਾ ਇਤਿਹਾਸ ਦੀ ਰਚਨਾ ਦੇ ਨਾਉਂ ਉੱਤੇ ਨਿਰੀ ਪ੍ਰਸ਼ੰਸਾ-ਪੱਤਰੀ ਕਹੀ ਜਾ ਸਕਦੀ ਹੈ।"[33] ਭਾਈ ਕਾਨ੍ਹ ਸਿੰਘ ਦਾ ਰਚਿਆ 'ਇਤਿਹਾਸ ਬਾਗੜੀਆ' ਛਪਿਆ ਨਹੀਂ।

33. ਭਗਤ ਸਿੰਘ. (ਡਾ.) ਗਿਆਨੀ ਗਿਆਨ ਸਿੰਘ, ਪੰਨਾ 20

ਅਧਿਆਇ 10

ਰਚਨਾਵਾਂ ਦਾ ਵੇਰਵਾ

ਤੀਜਾ ਦੌਰ

ਭਾਈ ਕਾਨ੍ਹ ਸਿੰਘ ਦੀਆਂ ਰਚਨਾਵਾਂ ਦਾ ਤੀਜਾ ਦੌਰ ਸਾਰੇ ਦਾ ਸਾਰਾ ਇਕ ਪ੍ਰਕਾਰ "ਗੁਰ ਸ਼ਬਦ ਰਤਨਾਕਰ ਮਹਾਨ ਕੋਸ਼" ਦੀ ਤਿਆਰੀ ਅਤੇ ਰਚਨਾ ਦਾ ਦੌਰ ਕਿਹਾ ਜਾ ਸਕਦਾ ਹੈ। ਭਾਈ ਕਾਨ੍ਹ ਸਿੰਘ ਦੇ ਆਪਣੇ ਕਥਨ ਅਨੁਸਾਰ[1] ਇਹ ਦੌਰ 1900 ਵਿੱਚ ਅਰੰਭ ਹੁੰਦਾ ਹੈ ਅਤੇ ਭਾਈ ਸਾਹਿਬ ਦੇ ਜੀਵਨ-ਅੰਤ ਤੋੜੀ ਨਿਰੰਤਰ ਚਲਦਾ ਹੈ। ਪਹਿਲੇ ਬਾਰਾਂ ਸਾਲ ਇਸ ਸਾਮਗ੍ਰੀ ਦੀ ਤਿਆਰੀ ਦੇ ਹਨ। 1912 ਵਿੱਚ ਸਾਧਨਾ ਅਤੇ ਸਾਮੱਗ੍ਰੀ ਦੀ ਆਸ਼ਾ ਦਾ ਇਕ ਨਿਸ਼ਾਨਦਹੀ ਅਤੇ ਪ੍ਰਾਪਤੀ ਦੀ ਨਿਸ਼ਚਿਤ ਸੰਭਾਵਨਾ ਨੂੰ ਆਧਾਰ ਬਣਾ ਕੇ, ਸੰਪਾਦਨ ਦੀ ਰੂਪ ਰੇਖਾ ਡੋਲਣ ਅਤੇ ਲਿਖੇ ਜਾਣ ਦਾ ਕਾਰਜ ਆਰੰਭ ਹੋ ਗਿਆ। ਇਸ ਸਾਲ, ਮਹਾਰਾਜਾ ਹੀਰਾ ਸਿੰਘ ਦੇ ਅਕਾਲ ਚਲਾਣੇ ਦੇ ਪਿੱਛੋਂ ਮਹਾਰਾਜਾ ਰਿਪੁਦਮਣ ਸਿੰਘ ਦੇ ਰਾਜ-ਪ੍ਰਬੰਧ ਨਾਲ ਅਤੇ ਮਹਾਰਾਜੇ ਦੀ ਇੱਛਾ ਅਨੁਸਾਰ ਨਾ ਚੱਲ ਸਕਣ ਕਾਰਣ ਭਾਈ ਕਾਨ੍ਹ ਸਿੰਘ ਨੂੰ ਤੀਜੀ ਅਤੇ ਆਖ਼ਿਰੀ ਬਾਰ, ਅਹਿਲਕਾਰੀ ਦੇ ਰਿਆਸਤੀ ਸੰਬੰਧਾਂ ਨਾਲੋਂ ਨਿਖੱੜਣਾ ਪੈ ਗਿਆ ਸੀ[2] ਅਤੇ ਸਿਵਾਏ ਉਸ ਥੋੜੇ 'ਜਿਹੇ ਸਮੇਂ' ਦੇ ਜਿਸ ਵਿੱਚ ਪਟਿਆਲਾ ਸਰਕਾਰ ਦੀ ਨੌਕਰੀ ਕਰਨੀ ਪਈ ਸੀ, ਬਾਕੀ ਦਾ ਸਾਰਾ ਸਮਾਂ, ਇਨ੍ਹਾਂ ਰਚਨਾਵਾਂ ਦੀ ਸੰਪਾਦਨ-ਸਾਧਨਾ ਵਿੱਚ ਬਿਤਾਇਆ। ਕਾਰਜ ਦਾ ਮੁੱਢ 1912 ਦੀਆਂ ਗਰਮੀਆਂ ਦੇ ਦਿਨਾਂ ਵਿੱਚ, ਕਸ਼ਮੀਰ ਦੇ ਰਮਣੀਕ ਵਾਤਾਵਰਣ ਵਿੱਚ ਹੋਇਆ, ਫੇਰ ਸ਼ਿਮਲਾ, ਮਸੂਰ ਆਦਿ ਵੀ ਗਰਮੀਆਂ ਦੇ ਦਿਨ ਕੱਢ ਦੇ ਅਤੇ ਸਰਦੀਆਂ ਵਿਚ ਆਪਣੇ ਜੱਦੀ ਪਿੰਡ—ਪਿੱਥੋ, ਵਿੱਚ ਜਾਂ ਨਾਭੇ ਵਿੱਚ ਰਹਿ ਕੇ ਹੀ ਕੰਮ ਕਰਦੇ ਰਹੇ। ਇਸ ਕਾਲ ਦੀਆਂ ਸਾਰੀਆਂ ਰਚਨਾਵਾਂ ਦਾ ਸੰਬੰਧ ਸ਼ਬਦ-ਸਿੱਧੀ ਦੇ ਬਹੁ-ਰੂਪਾਂ – ਛੰਦ, ਅਲੰਕਾਰ, ਅੱਖਰ ਵਰਤਨੀ ਅਤੇ ਸ਼ਬਦਾਰਥ ਦੀ ਵਿਆਖਿਆ ਨਾਲ ਰਿਹਾ ਹੈ।

1. ਗੁਰ ਛੰਦ ਦਿਵਾਕਰ

ਸ਼. ਸ. ਅਸ਼ੋਕ[3] ਅਤੇ ਬੀਬੀ ਸੁਖਜੀਤ ਕੌਰ[4] ਨੇ ਇਸ ਪੁਸਤਕ ਦੀ ਰਚਨਾ ਅਤੇ

---

1. ਸ. ਕੋ. ਭੂਮਿਕਾ ਪੰਨਾ ੲ
2. ਅ. ਕਾ.. ਪੰਨਾ 16
3. ਉਹੀ, ਪੰਨਾ 53
4. ਸੁ. ਕਾ., ਪੰਨਾ 31

ਉਸ ਦਾ ਪ੍ਰਕਾਸ਼ਨ 1921 ਵਿੱਚ ਹੋਇਆ ਲਿਖਿਆ ਹੈ, ਪਰੰਤੂ ਮੇਰੇ ਸੰਗ੍ਰਹਿ ਵਿੱਚ ਇਸ ਦੀ ਜੋ ਕਾਪੀ (ਭਾਈ ਕਾਨ੍ਹ ਸਿੰਘ ਦੇ ਹੱਥਾਂ ਦੀ ਦਿੱਤੀ) ਹੈ, ਉਸ ਦੀ ਭੂਮਿਕਾ ਦੇ ਮੁਕਾਉਣ ਦੀ ਤਾਰੀਖ਼ ਭਾਈ ਕਾਨ੍ਹ ਸਿੰਘ ਨੇ "ਪੋਹ ਸੁਦੀ 7 ਸਾਲ ਨ: ਸ. 455 (ਸਨ ਈਸਵੀ 1924)" ਲਿਖਿਆ ਹੈ। ਟਾਈਟਲ ਉੱਤੇ ਪ੍ਰਕਾਸ਼ਨ ਦਾ ਸਾਲ ਤਾਂ ਨਹੀਂ ਪਰ "ਪਹਿਲੀ ਵਾਰ—ਕਾਪੀਆਂ 1000" ਸਾਫ਼ ਛਪਿਆ ਹੈ : ਇਸ ਪੁਸਤਕ ਨੂੰ ਉਕਤ ਵਿਦਵਾਨਾਂ ਦੇ ਕਥਨ ਅਨੁਸਾਰ ਨਾਭਾ ਦਰਬਾਰ ਵੱਲੋਂ ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ ਤੋਂ ਛਪਵਾਇਆ ਗਿਆ ਸੀ, ਮੇਰੀ ਕਾਪੀ ਵੀ ਉਸੇ ਛਾਪੇਖ਼ਾਨੇ ਤੋਂ ਛਪੀ ਹੋਈ ਹੈ।

ਇਹ ਪੁਸਤਕ ਦੂਜੀ ਵਾਰ ਭਾਸ਼ਾ ਵਿਭਾਗ, ਪੰਜਾਬ ਵਲੋਂ 1970 ਵਿੱਚ ਪ੍ਰਕਾਸ਼ਿਤ ਹੋ ਚੁਕੀ ਹੈ, ਜਿਸ ਤੋਂ ਸਿੱਧ ਹੁੰਦਾ ਹੈ ਕਿ ਇਸ ਪੁਸਤਕ ਦੀ ਲੋੜ ਦੀ ਪੂਰਤੀ ਅਜੇ ਤੋੜੀ ਕਿਸੇ ਹੋਰ ਗ੍ਰੰਥ ਤੋਂ ਨਹੀਂ ਹੋਈ। ਪੰਡਿਤ ਕਰਤਾਰ ਸਿੰਘ 'ਦਾਖਾ' ਦਾ ਇਸੇ ਵਿਸ਼ੇ ਉੱਤੇ ਰਚਿਆ ਪ੍ਰਸਤਾਰ ਗ੍ਰੰਥ[5] ਇਸ ਦੀ ਥਾਂ ਲੈਣ ਵਿੱਚ ਸਮਰੱਥਵਾਨ ਨਹੀਂ ਹੋ ਸਕਿਆ, ਭਾਵੇਂ ਗੁਰੂਬਾਨੀ ਨਾਲ ਸੰਬੰਧਿਤ ਛੰਦ-ਵਿਦਿਆ ਦੀ ਉਹ ਵੀ ਆਪਣੇ ਢੰਗ ਦੀ, ਅਨੂਠੀ ਰਚਨਾ ਕਿਹਾ ਜਾ ਸਕਦਾ ਹੈ, ਦੋਵੇਂ ਗ੍ਰੰਥ, ਇੱਕ ਦੂਜੇ ਨਾਲੋਂ ਰਚਨਾ-ਡੀਠ ਕਾਰਣ ਵੱਖਰੇ ਹਨ। ਭਾਈ ਕਾਨ੍ਹ ਸਿੰਘ ਦੀ ਰਚਨਾ ਗੁਰਬਾਣੀ ਦੇ ਛੰਦ-ਰੂਪਾਂ ਦੀ ਵਕਾਲਤ ਨਹੀਂ ਕਰਦੀ, ਸਗੋਂ ਵੈਗਿਆਨਿਕ ਪ੍ਰਵਿਰਤੀ ਅਨੁਸਾਰ ਆਧਾਰ ਰਚਨਾਵਾਂ ਦਾ, ਉਨ੍ਹਾਂ ਦੇ ਸੁਲੱਭ ਸਰੂਪ ਦਾ ਵਿਸ਼ਲੇਸ਼ਣ ਕਰਕੇ 'ਲੱਛਣ' ਥਾਪਦੀ ਹੈ ਜਦ ਕਿ ਪੰਡਿਤ ਦਾਖਾ ਦੀ ਕ੍ਰਿਤ ਸ਼ਾਸਤ੍ਰ ਨੂੰ ਮੁੱਖ ਰੱਖ ਕੇ ਉਸ ਅਨੁਸਾਰ ਗੁਰਬਾਣੀ ਨੂੰ ਮਾਪਣ-ਤੋਲਣ ਦਾ ਜਤਨ ਕਰਦੀ ਅਤੇ ਪ੍ਰਸਤਾਰ ਆਦਿ ਦੇ ਚੱਕਰਾਂ ਵਿੱਚ ਪਿਲਛ ਕੇ ਚਲਦੀ ਹੈ। ਪੰਡਿਤ ਕਰਤਾਰ ਸਿੰਘ ਦੀ ਰਚਨਾ, ਉਸਦੀ ਵਿਦਵਤਾ ਦਾ ਪ੍ਰਮਾਣ ਹੈ ਤਾਂ ਭਾਈ ਕਾਨ੍ਹ ਸਿੰਘ ਦੀ ਰਚਨਾ ਲੇਖਕ ਦੀ ਵਿਉਹਾਰਕ-ਵੈਗਿਆਨਿਕਤਾ ਨੂੰ ਉਜਾਗਰ ਕਰਦੀ ਹੈ। ਪੰਡਿਤ ਕਰਤਾਰ ਸਿੰਘ ਦੀ ਰਚਨਾ ਗੁਰਬਾਣੀ ਤੱਕ ਸੀਮਿਤ ਰਹਿੰਦੀ ਹੈ ਜਦ ਕਿ ਭਾਈ ਕਾਨ੍ਹ ਸਿੰਘ ਦੀ ਰਚਨਾ ਆਪਣੇ ਖੇਤਰਲੇ ਸਿੱਖ-ਸਾਹਿਤ ਦੇ ਉਸ ਸਮੇਂ ਤਕ ਜਾਣੇ-ਪਛਾਣੇ ਗ੍ਰੰਥਾਂ ਦੀ 'ਵਸਤੂ' ਨੂੰ ਵੀ ਆਪਣੇ ਨਿਰਣਿਆਂ ਦਾ ਆਧਾਰ ਬਣਾ ਕੇ ਚਲਦੀ ਹੈ। ਛੰਦਾਂ ਦੇ ਨਵੇਂ ਰੂਪ ਕਲਪਣ ਜਾਂ ਨਿਖੇੜਨ ਦੀ ਉਸ ਵਿੱਚ ਰੁਚੀ ਨਹੀਂ। ਭਾਈ ਕਾਨ੍ਹ ਸਿੰਘ ਨੇ ਆਪਣੀ ਰਚਨਾ ਵਿਚ ਜਿਨ੍ਹਾਂ ਗ੍ਰੰਥਾਂ ਨੂੰ ਸ਼ਾਸਤ੍ਰੀ ਸੂਚਨਾ ਦਾ ਆਧਾਰ ਬਣਾਇਆ ਹੈ, ਉਨ੍ਹਾਂ ਦੀ ਸੂਚੀ ਗ੍ਰੰਥ ਦੀ ਭੂਮਿਕਾ ਵਿੱਚ ਇਸ ਪ੍ਰਕਾਰ ਦਿੱਤੀ ਹੈ: (1) ਸ਼੍ਰੁਤ ਬੋਧ, (2) ਹਦਾਯਕੁਲਬਲਾਗਤ (ਫ਼ਾਰਸੀ), (3) ਗਣਪ੍ਰਸਤਾਰ ਪ੍ਰਕਾਸ਼, (4) ਗੁਲਜ਼ਾਰੇ-ਸੁਖ਼ਨ (ਉਰਦੂ), (5) ਛੰਦ ਪ੍ਰਭਾਕਰ, (6) ਛੰਦ-ਮਾਲਾ, (7) ਛੰਦ ਰਤਨਾਵਲੀ, (8) ਛੰਦ ਬੋਧਿਨੀ, (9) ਛੰਦਾਰਣਵ, (10) ਛੰਦੋਨਿਧਿ, (11) ਛੰਦੋ ਮੰਜਰੀ, (12) ਛੰਦੋ ਬੋਧ, (13) ਪਿੰਗਲ ਸਾਰ, (14) ਪਿੰਗਲ ਦਰਪਣ, (15) ਪ੍ਰਸਤਾਰ ਸੰਗ੍ਰਹ (ਬਾਵਾ ਰਾਮਦਾਸ), (16) ਰੂਪ ਦੀਪ, (17) ਵਾਚਸਪਤਯ ਬ੍ਰਿਹਤ ਅਭਿਧਾਨ, (18) ਵ੍ਰਿਤ ਦੀਪਿਕਾ ਅਤੇ (19) ਵ੍ਰਿਤ ਰਤਨਾਕਾਰ[6]

5. ਇਸ ਦੀ ਭਾਸ਼ਾ ਅਤੇ ਵਰਣਨ ਵਿੱਚ ਪੰਡਤਾਈ ਦਾ ਭਾਰ ਹੈ ਅਤੇ ਕਥਨ ਦਾ ਢੰਗ ਵਧੇਰੇ ਸ਼ਾਸਤ੍ਰੀ ਹੈ।
6. ਗੁਰਛੰਦ ਦਿਵਾਕਰ ਭੂਮਿਕਾ ਅਤੇ ਵਿਚਲੇ ਫੁਟ ਨੋਟ

ਉਵੇਂ ਕੁਝ ਹੋਰ ਗ੍ਰੰਥ ਵੀ ਹਨ, ਜਿਨ੍ਹਾਂ ਦਾ ਨਾਉਂ ਦਰਜ ਨਹੀਂ । ਇਸ ਤਰ੍ਹਾਂ ਹਿੰਦੀ, ਪੰਜਾਬੀ, ਉਰਦੂ, ਫ਼ਾਰਸੀ ਅਤੇ ਸੰਸਕ੍ਰਿਤ ਸੋਮਿਆਂ ਤੋਂ ਭਰਪੂਰ ਸਹਾਇਤਾ ਲਈ ਗਈ ਅਤੇ ਮਤ-ਮਤਾਂਤਰਾਂ ਨੂੰ ਘੋਖਿਆ ਗਿਆ ਹੈ । ਅਜਿਹੀ ਰਚਨਾ ਲਈ ਪ੍ਰਮਾਣ ਸਾਮਗ੍ਰੀ ਸੰਕਲਿਤ ਕਰਨਾ ਬਹੁਤ ਕਠਿਨ ਹੁੰਦਾ ਹੈ । ਹਰ ਕਿਸੇ ਦੀ ਰਚਨਾ ਪ੍ਰਮਾਣ ਨਹੀਂ ਹੋ ਸ਼ਕਦੀ ਅਤੇ ਵਿਦਵਾਨਾਂ ਦੇ ਆਪਸੀ ਮਤਾਂਤਰੀ-ਭੇਦਾਂ ਦਾ ਪੂਰਾ ਧਿਆਨ ਰੱਖਣਾ ਪੈਂਦਾ ਹੈ, ਕਈ ਵਾਰੀ ਅਜਿਹੀਆਂ ਨਵੀਨਤਾਵਾਂ ਜੋ ਅੱਗੋਂ ਕਬੂਲੀਆਂ ਨਾ ਗਈਆਂ ਹੋਣ, ਵਿਚਿਤ ਅਤੇ ਮਹੱਤਵਪੂਰਣ ਹੁੰਦੀਆਂ ਹੋਈਆਂ ਵੀ ਪ੍ਰਮਾਣ ਰੂਪ ਵਿੱਚ ਨਹੀਂ ਵਿਆਖਿਆਈਆਂ ਜਾ ਸਕਦੀਆਂ, ਉਦਾਹਰਣ ਸਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਦੇ ਅਮ੍ਰਿਦ-ਧੁਨੀ ਛੰਦ ਨਾਲ ਕੀਤੇ ਕਈ ਪ੍ਰਯੋਗ ਗਿਣਾਏ ਜਾ ਸਕਦੇ ਹਨ । ਅਜਿਹੇ ਨਮੂਨਿਆਂ ਤੋਂ ਸੰਭਲ ਕੇ ਚਲਣਾ ਭਾਈ ਕਾਨ੍ਹ ਸਿੰਘ ਦੀ ਵੈਗਿਆਨਿਕ ਰੁਚੀ ਦਾ ਪ੍ਰਮਾਣ ਕਿਹਾ ਜਾ ਸਕਦਾ ਹੈ । ਇੱਕ ਅਧ ਕਵੀ ਦੀ ਰਚਨਾ ਵਿੱਚ ਅਜਿਹੇ ਰੂਪ-ਪ੍ਰਯੋਗ ਵਿਵਾਦ ਹੀ ਕਹੇ ਜਾ ਸਕਣਗੇ। ਜਦੋਂ ਤੋੜੀ ਦੂਜੇ ਕਵੀ ਉਨ੍ਹਾਂ ਪ੍ਰਯੋਗਾਂ ਨੂੰ ਆਪਣੀਆਂ ਰਚਨਾਵਾਂ ਵਿੱਚ ਸਵੀਕਾਰ ਨਾ ਕਰ ਲੈਣ, ਉਹ ਸ਼ਾਸਤ੍ਰ ਦਾ ਅੰਗ ਨਹੀਂ ਹੋ ਸਕਦੇ । ਬਹੁਤ ਥਾਂ ਭਾਈ ਕਾਨ੍ਹ ਸਿੰਘ ਨੇ ਵਿਵਾਦ ਵਿੱਚ ਨਾ ਪੈ ਕੇ ਸ਼ਾਸਤ੍ਰੀ ਲੱਛਣਾਂ ਅਨੁਸਾਰ ਆਪ ਨਮੂਨੇ ਰਚ ਦਿੱਤੇ ਹਨ ਤਾ ਕਿ ਪਾਠਕਾਂ ਨੂੰ ਉਨ੍ਹਾਂ ਛੰਦਾਂ ਦੇ ਪ੍ਰਮਾਣੀਕ ਸਰੂਪ ਦੀ ਜਾਣਕਾਰੀ ਹੋ ਜਾਵੇ ਅਤੇ ਉਹ ਵਿਵਾਦੀ ਪ੍ਰਯੋਗਾਂ ਦੇ ਗੁਣ-ਦੋਸ਼ ਆਦਿ ਤੋਂ ਆਪ ਆਪਣੀ ਬੁੱਧੀ ਅਨੁਸਾਰ ਰਸ ਜਾਂ ਨਿਰਣੇ ਲੈ ਸਕਣ ਵਿੱਚ ਸਮਰੱਥ ਹੋਣ । ਇਸਦਾ ਇਹ ਅਰਥ ਨਹੀਂ ਕਿ ਉਹ ਛੰਦ ਪਹਿਲਾਂ ਕਿਸ ਨਹੀਂ ਵਰਤੇ । ਅਜਿਹਾ ਕਰਦੇ ਸਮੇਂ ਭਾਈ ਕਾਨ੍ਹ ਸਿੰਘ ਨੇ ਆਪਣੇ ਦੋ ਨਿੱਜੀ ਗੁਣਾਂ ਦਾ ਪਤਾ ਦਿੱਤਾ ਹੈ ; ਇੱਕ ਗੁਣ ਹੈ ਪੁਰਾਣੀ ਕਵਿਤਾ ਦੇ ਵਿਦਿਅਕ ਜਾਂ ਸਮਾਜਕ ਰੋਲ ਨੂੰ ਉਪਯੋਗਤਾ ਦੀ ਕਸੌਟੀ ਉੱਤੇ ਪਰਖ ਸਕਣਾ ਅਤੇ ਦੂਜਾ ਗੁਣ ਹੈ ਅਪ੍ਰਚੱਲਿਤ ਜਾਂ ਘੱਟ ਵਰਤੀਂਦੇ ਛੰਦਾਂ ਵਿੱਚ ਲੋੜ ਅਨੁਸਾਰ ਰਚਨਾ ਕਰ ਸਕਣਾ । ਜਿਨ੍ਹਾਂ ਗ੍ਰੰਥਾਂ ਅਤੇ ਕਵੀਆਂ ਦੀਆਂ ਰਚਨਾਵਾਂ ਨੂੰ ਛੰਦ-ਚੋਣ ਲਈ ਆਧਾਰ ਬਣਾਇਆ ਹੈ, ਉਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ : (1) ਆਦਿ ਗ੍ਰੰਥ, (2) ਦਸਮ ਗ੍ਰੰਥ, (3) ਸਰਬਲੋਹ ਗ੍ਰੰਥ, (4) ਭਾਈ ਗੁਰਦਾਸ-ਵਾਰਾਂ, (6) ਭਾਈ ਗੁਰਦਾਸ ਦੇ ਕਬਿਤ ਸਵੈਯੇ, (7) ਭਾਈ ਨੰਦ ਲਾਲ ਰਚਿਤ ਜ਼ਿੰਦਗੀ ਨਾਮਾ ਅਤੇ ਦੀਵਾਨੇ – ਗੋਯਾ (6) ਭਾਈ ਗੁਰਦਾਸ (ਦੂਜਾ) ਵਾਰ, (9) ਗੁਰਬਿਲਾਸ ਪਾ. ੬, ਕਵਿ ਸੋਹਨ, (10) ਅਧਿਆਤਮ ਰਾਮਾਇਣ, ਗੁਲਾਬ ਸਿੰਘ, (11) ਕਵੀ ਹੰਸ ਰਾਮ (ਗੁਰੂ ਗੋਬਿੰਦ ਸਿੰਘ ਜੀ ਦਾ ਹਜ਼ੂਰੀ ਕਵੀ), (12) ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਯ ਗ੍ਰੰਥ, ਭਾਈ ਸੰਤੋਖ ਸਿੰਘ, (13) ਰਾਮ ਚੰਦ੍ਰਿਕਾ, ਕਵਿ ਕੇਸ਼ਵ ਦਾਸ, (14) ਚਕ੍ਰਧਰ ਚਰਿਤ੍ਰ ਚਾਰੂ ਚੰਦ੍ਰਿਕਾ, ਨਿਹਾਲ ਸਿੰਘ, (ਸੱਯਦ ਪਿੰਡ ਵਾਲੇ), (16) ਵੈਰਾਗ ਸ਼ਤਕ, ਕਵੀ ਹਰਿਦਯਾਲ, (17) ਬਾਰਾਮਾਹਾ-ਬੀਰ ਸਿੰਘ, (18) ਹੀਰ ਵਾਰਿਸ, (19) ਪ੍ਰੇਮ ਪਿਟਾਰੀ, ਬੇਦੀ ਬ੍ਰਿਜ ਬੱਲਭ ਸਿੰਘ, (20) ਗੁਰੂ ਪਦ ਪ੍ਰੇਮ ਪ੍ਰਕਾਸ਼, ਬਾਬਾ ਸੁਮੇਰ ਸਿੰਘ ਭੱਲਾ, (21) ਗੁਰੂ ਨਾਨਕ ਸਤੋਤ੍ਰ ਰਤਨਾਕਰ (ਸੰਸਕ੍ਰਿਤ) ਅਤੇ ਬਹੁਤੇ ਉਦਾਹਰਣ ਗੁਰਬਾਣੀ ਵਿੱਚੋਂ ਲਏ ਗਏ ਹਨ ।

ਭੂਮਿਕਾ ਵਿੱਚ ਲੇਖਕ ਸਪੱਸ਼ਟ ਕਰਦਾ ਹੈ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ, ਭਾਈ ਨੰਦ ਲਾਲ, ਭਾਈ ਸੰਤੋਖ ਸਿੰਘ ਅਤੇ ਹੋਰ ਬਹੁਤ ਸਿੱਖ ਕਵੀਆਂ ਦੇ ਰਚੇ ਕਾਵਯ ਗ੍ਰੰਥਾਂ ਦੇ ਅਨੇਕ ਛੰਦ ਉਨ੍ਹਾਂ ਪੁਸਤਕਾਂ (ਪਿੰਗਲ ਦੇ ਆਮ ਗ੍ਰੰਥਾਂ ਵਿੱਚ ਨਹੀਂ ਪਾਏ ਜਾਂਦੇ, ਅਰੁ ਜੋ ਕੁਛ ਮਿਲਦੇ ਵੀ ਹੈਨ, ਉਨ੍ਹਾਂ ਵਿਚੋਂ ਬਹੁਤਿਆਂ ਦੇ ਨਾਮਾਂਤਰ ਅਤੇ ਰੂਪਾਂਤਰ ਹੋਣ ਕਰਕੇ ਪਾਠਕਾਂ ਨੂੰ ਪਤਾ ਨਹੀ ਲਗ ਸਕਦਾ ।"[7]

ਅੱਗੇ ਚੱਲ ਕੇ ਉਹ ਲਿਖਦੇ ਹਨ ਕਿ "ਛੰਦ, ਰਾਗਾਂ ਦੀ ਤਰ੍ਹਾਂ ਸਦਾ ਨਵੇਂ ਬਣਦੇ ਰਹਿੰਦੇ ਹਨ। ਜੇ ਵੇਦ, ਪੁਰਾਣ, ਰਾਮਾਯਣ ਅਤੇ ਕਾਲਿਦਾਸ ਦੇ ਛੰਦਾਂ ਦਾ ਮੁਕਾਬਲਾ ਕਰੀਏ, ਤਦ ਰਾਤ ਦਿਨ ਦਾ ਅੰਤਰ ਭਾਸਦਾ ਹੈ ਅਰੁ ਵਰਤਮਾਨ ਕਾਲ ਦੇ ਅਨੇਕਾਂ ਛੰਦਾਂ ਦਾ ਸਰੂਪ ਪੁਰਾਣੇ ਗ੍ਰੰਥਾਂ ਵਿੱਚ ਨਹੀਂ ਪਾਯਾ ਜਾਂਦਾ, ਇਸ ਲਈ ਛੰਦਾਂ ਦੇ ਨਵੇਂ ਨਾਮ ਅਰੁ ਰੂਪ ਵੇਖ ਕੇ ਆਸਚਰਯ ਨਹੀਂ ਹੋਣਾ ਚਾਹੀਏ,[8] ਫੇਰ ਲਿਖਿਆ ਗਿਆ ਹੈ ਕਿ "ਕਦੇ ਐਸਾ ਭੀ ਹੁੰਦਾ ਹੈ ਕਿ ਛੰਦ ਇੱਕ ਹੀ ਹੈ, ਪਰ ਅਨੇਕ ਗ੍ਰੰਥ ਕਰਤਾ ਵਿਦਵਾਨਾਂ ਨੇ ਉਸ ਦੇ ਨਾਮ ਭਿੰਨ ਭਿੰਨ ਲਿਖੇ ਹਨ, ਯਥਾ ਉਤਭੁਜ ਛੰਦ ਦੇ ਨਾਮ—ਅਰਧ ਭੁਜੰਗ, ਸੋਮਰਾਜੀ ਅਤੇ ਸੰਖਨਾਰੀ ਦੇਖੀਦੇ ਹਨ ਅਰੁ ਕਈ ਲੇਖਕਾਂ ਨੇ ਅਨੰਗ ਸ਼ੇਖਰ ਨੂੰ ਮਦਨਸ਼ੇਖਰ, ਸਾਰੰਗੀ ਨੂੰ ਹਰਿਣੀ 'ਕਮਲ ਨੂੰ ਪਦਮ ਅਤੇ ਭੁਜੰਗ ਪ੍ਰਯਾਤ ਨੂੰ ਉਰਗ (ਪ੍ਰਯਾ) ਆਦਿਕ ਪ੍ਰਯਾਯ ਰੂਪ ਸੰਗਯਾ ਦੇ ਕੇ ਅਨੇਕ ਨਾਮ ਬਣਾ ਦਿੱਤੇ ਹਨ।[9]

ਉਹ ਇਹ ਗੱਲ ਜਾਣਦੇ ਹਨ ਕਿ ਛੰਦ ਦੀ ਯਤੀ, ਗਤੀ, ਰੂਪ ਅਤੇ ਆਕਾਰ ਦੀ ਸੂਝ ਬਿਨਾ, ਪੁਰਾਣੀਆਂ ਛੰਦ-ਬੱਧ ਲਿਖਤਾਂ ਅਤੇ ਗੁਰਬਾਣੀ ਦੇ ਪਦ-ਪਦਾਰਥ ਦੀ ਸੋਝੀ ਹੋਣੀ ਕਠਿਨ ਹੈ । ਉਹ ਇਸ ਗੱਲ ਨੂੰ 'ਸ਼ੋਕ ਦੀ ਬਾਤ' ਕਹਿੰਦੇ ਹਨ ਕਿ "ਸਿੱਖਾਂ ਨੂੰ ਆਪਣੇ ਧਰਮ ਪੁਸਤਕ ਅਰੂ ਕਾਵਯਗ੍ਰੰਥਾਂ ਦੇ ਛੰਦ ਨਾ ਮਾਲੂਮ ਹੋਣ"[10]...ਇਸ ਭਾਰੀ ਘਾਟੇ ਨੂੰ ਅਨੁਭਵ ਕਰਕੇ ਉਨ੍ਹਾਂ ਨੇ "ਇਹ ਛੰਦ ਸ਼ਾਸਤ੍ਰ ਰਚਿਆ ਹੈ, ਜਿਸ ਤੋਂ ਸਿੱਖ ਕਾਵਯ ਦੇ ਛੰਦਾਂ ਦਾ ਪੂਰਣ ਗਯਾਨ ਹੋਵੇਗਾ।"[11]

ਛੰਦ ਵਿੱਚ, ਮਾਤ੍ਰਾ ਦੀ ਗਿਣਤੀ, ਚਾਲ, ਤੋਲ ਅਤੇ ਉਚਾਰਣ ਆਦਿ ਨੂੰ ਸ਼ੁੱਧ ਦਰਸਾਉਣ ਲਈ ਗ੍ਰੰਥ ਵਿੱਚ ਕੁਝ ਨਵੇਂ ਅੱਖਰ ਚਿੰਨ੍ਹ ਸਮੋਏ ਗਏ ਹਨ, ਜਿਹਾ ਕਿ ਸੰਸਕ੍ਰਿਤ ਦੇ 'ष' ਅਤੇ 'क्ष' ਨੂੰ ਦਰਸਾਉਣ ਲਈ ਸਿਰ ਉੱਤੇ ਲੱਗਣ ਵਾਲੇ 'ਰ' ਲਈ ' ੱ ' ਦੀ ਥਾਂ ਅਗਲੇ ਅੱਖਰ ਦੇ ਸਿਰ ਉੱਤੇ ਉਲਟਾ 'ੲ' ਅਤੇ ਅਰਧ-ਬਿੰਦੂ ਅਤੇ ਉਰਦੂ ਲਿਖਤ ਵਿਚਲੇ ਇਜ਼ਾਫ਼ਤ ਦੇ ਚਿੰਨ੍ਹ ਲਈ ਅੱਖਰ ਨਾਲੋਂ ਕੁਝ ਉੱਪਰ ਉੱਠੀ ਹੋਈ 'ਏ-ਲਾਂ' ਦੀ ਵਰਤੋਂ ' ੇ ' ਰੂਪ ਵਿੱਚ ਕੀਤੀ ਗਈ ਹੈ।

"ਗ੍ਰੰਥ ਦੇ ਆਦਿ ਇੱਕ ਅਜੇਹੀ ਸੂਚੀ ਵੀ ਲਾ ਦਿੱਤੀ ਹੈ, ਜਿਸ ਕਰਕੇ ਇੱਕ ਅੱਖਰ ਤੋਂ ਲੈ ਕੇ ਚੌਂਤੀ ਅੱਖਰ ਤੀਕ ਦੇ ਵਰਣਿਕ ਛੰਦ, ਅਤੇ ਅੱਠ ਮਾਤ੍ਰਾ ਤੋਂ ਲੈ ਕੇ ਤ੍ਰੇਹਠ ਮਾਤ੍ਰਾ ਤੀਕ ਦੇ ਮਾਤ੍ਰਿਕ ਛੰਦ, ਸਿਲਸਿਲੇਵਾਰ ਮਾਲੂਮ ਹੋ ਜਾਣ ।"[12] ਅੱਗੇਂ 316

10, ਉਹੀ
11. ਉਹੀ
12. ਉਹੀ

ਸਫ਼ਿਆਂ ਦੇ ਇਸ ਗ੍ਰੰਥ ਦੇ ਅਰੰਭ ਵਿੱਚ, 50 ਸਫ਼ਿਆਂ ਵਿੱਚ ਕਾਵਯ ਸ਼ਾਸਤ੍ਰ ਨਾਲ ਸੰਬੰਧਿਤ ਅਨੇਕਾਂ ਮਸਲਿਆਂ ਦੀ ਮੁੱਢਲੀ ਜਾਣਕਾਰੀ ਦਿੱਤੀ ਹੈ ਤੇ ਫ਼ੇਰ, ਮਾਤ੍ਰਿਕ, ਵਰਣਿਕ ਜਾਂ ਗਣ ਛੰਦਾਂ ਦੇ ਵੱਖਰੇ ਵੱਖਰੇ ਪ੍ਰਕਰਣਾਂ ਦੀ ਥਾਵੇਂ ਅੱਖਰ ਅਤੇ ਮਾਤ੍ਰਾ ਕ੍ਰਮ ਅਨੁਸਾਰ, ਕੋਸ਼ ਦੀ ਰੀਤ ਉੱਤੇ ਛੰਦਾਂ ਦੇ ਨਾਉਂ, ਲੱਛਣ ਅਤੇ ਉਦਾਹਰਣ ਲਿਖੇ ਹਨ। ਕੁਲ 105 ਪ੍ਰਸੰਗਾਂ ਵਿਚ 500 ਦੇ ਕਰੀਬ ਛੰਦਾਂ ਦਾ ਵੇਰਵਾ ਦਿੱਤਾ ਗਿਆ ਹੈ ਅਤੇ ਕਠਿਨ ਨੁਕਤਿਆਂ ਨੂੰ ਫ਼ੁਟ-ਨੋਟਾਂ ਰਾਹੀਂ ਸੁਲਝਾਉਣ ਦਾ ਜਤਨ ਕੀਤਾ ਗਿਆ ਹੈ।

2. **ਗੁਰ ਸ਼ਬਦਾਲੰਕਾਰ** ਅਰਥ-ਬੋਧ ਦੀ ਕ੍ਰਿਆ ਵਿੱਚ, ਛੰਦ-ਬੋਧ ਦੇ ਨਾਲ ਨਾਲ, ਅਲੰਕਾਰ-ਬੋਧ ਭੀ ਸਹਾਈ ਹੁੰਦਾ ਹੈ। 'ਗੁਰਛੰਦ ਦਿਵਾਕਰ' ਦੀ ਰਚਨਾ ਉਪਰੰਤ ਭਾਈ ਕਾਨ੍ਹ ਸਿੰਘ ਨੇ 'ਗੁਰਸ਼ਬਦਾਲੰਕਾਰ' ਦੀ ਰਚਨਾ ਕੀਤੀ। ਇਹ ਗ੍ਰੰਥ ਭੀ ਨਾਭਾ ਦਰਬਾਰ ਵੱਲੋਂ, ਉਸੇ ਸਾਲ ਸੁਦਰਸ਼ਨ ਪ੍ਰੈਸ ਅੰਮ੍ਰਿਤਸਰ ਤੋਂ ਛਪਿਆ, ਬੀਬੀ ਸੁਖਜੀਤ ਕੌਰ ਨੇ ਸ਼ਾਇਦ, ਕਿਸੇ ਭੁਲੇਖੇ ਅਧੀਨ ਇਸ ਗ੍ਰੰਥ ਨੂੰ ਭੀ ਭਾਸ਼ਾ ਵਿਭਾਗ ਵੱਲੋਂ ਦੁਬਾਰਾ 1970 ਵਿੱਚ ਛਾਪਿਆ ਗਿਆ ਲਿਖਿਆ ਹੈ।[13] ਅਸਲ ਵਿੱਚ ਭਾਸ਼ਾ ਵਿਭਾਗ ਵੱਲੋਂ ਕੇਵਲ 'ਗੁਰ-ਛੰਦ-ਦਿਵਾਕਰ' ਦਾ ਹੀ ਪ੍ਰਕਾਸ਼ਨ ਉਸ ਸਾਲ ਵਿੱਚ ਹੋਇਆ ਸੀ।

ਗੁਰਬਾਣੀ ਵਿੱਚ ਅਲੰਕਾਰਾਂ ਦੀ ਵਰਤੋਂ ਘੋਖਣ ਅਤੇ ਉਨ੍ਹਾਂ ਦੇ ਲੱਛਣ ਦੱਸਣ ਦਾ ਇਹ ਦੂਜਾ ਜਤਨ ਕਿਹਾ ਜਾ ਸਕਦਾ ਹੈ। ਪਹਿਲਾ ਜਤਨ ਭਾਈ ਸੰਤੋਖ ਸਿੰਘ ਨੇ ਆਪਣੀ ਰਚਨਾ ਜਪੁਜੀ ਦੀ 'ਗਰਬ-ਗੰਜਨੀ' ਟੀਕਾ ਰਾਹੀਂ ਕੀਤਾ ਸੀ। ਭਾਈ ਸੰਤੋਖ ਸਿੰਘ ਦਾ ਖੇਤਰ ਸੀਮਿਤ ਸੀ, ਭਾਈ ਕਾਨ੍ਹ ਸਿੰਘ ਨੇ ਖੇਤਰ ਦਾ ਚੋਖਾ ਵਿਸਤਾਰ ਕਰਕੇ, ਨਾ ਕੇਵਲ ਗੁਰਬਾਣੀ ਨੂੰ ਹੀ ਸਗੋਂ ਸਿੱਖ-ਸਾਹਿਤ ਦੇ ਗਿਣੇ-ਮੰਨੇ ਗ੍ਰੰਥਾਂ ਨੂੰ ਵੀ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਇਸ ਗ੍ਰੰਥ ਦੀ ਲਗ-ਭਗ ਸਾਰੀ ਦੀ ਸਾਰੀ, ਸਾਮੱਗ੍ਰੀ ਨੂੰ ਪਿੱਛੋਂ 'ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼' ਵਿੱਚ ਖਪਾ ਲਿਆ ਗਿਆ ਸੀ। ਇਸ ਗ੍ਰੰਥ ਵਿੱਚ ਵੀ ਸੰਸਕ੍ਰਿਤ ਅਤੇ ਹਿੰਦੀ ਦੇ ਪ੍ਰਸਿੱਧ ਗ੍ਰੰਥਾਂ ਤੋਂ ਸਹਾਇਤਾ ਲਈ ਗਈ ਹੈ।

ਫ਼ੁਟ-ਨੋਟਾਂ ਵਿੱਚ ਖ਼ਾਸ ਤੌਰ ਉੱਤੇ, ਕਾਵਯ ਪ੍ਰਭਾਕਰ, ਅਲੰਕਾਰ ਸਾਗਰ ਸੁਧਾ, ਲਲਿਤ ਲਲਾਮ, ਰਾਮ ਚੰਦ੍ਰ ਚੰਦ੍ਰਿਕਾ, ਚਿਤ੍ਰ ਦੀਪਿਕਾ, ਰਾਮ ਚੰਦ੍ਰ ਭੂਸ਼ਣ ਅਤੇ ਲਲਿਤ ਕੌਮਦੀ, ਗਰਬ-ਗੰਜਨੀ, ਸ਼ਿਵਰਾਜ ਭੂਸ਼ਣ ਆਦਿ ਦੇ ਹਵਾਲੇ ਦਰਜ ਹਨ।

ਇਸ ਗ੍ਰੰਥ ਦੇ ਮੁੱਢ ਵਿੱਚ ਕੋਈ ਭੂਮਿਕਾ ਆਦਿ ਦਰਜ ਨਹੀਂ। ਸਾਰੇ ਅਲੰਕਾਰਾਂ ਦਾ ਅੱਖਰ-ਕ੍ਰਮ ਨਾਲ, ਕੋਸ਼ ਵਾਂਗ, ਵਰਣਨ ਕੀਤਾ ਹੋਇਆ ਹੈ। ਅੱਜ ਜਦੋਂ, ਆਧੁਨਿਕ ਕਵੀ ਅਲੰਕਾਰਾਂ ਦੀ ਪੁਰਾਣੀ ਪਰੰਪਰਾ ਤਿਆਗ ਕੇ 'ਬਿੰਬਾਂ', ਕੋਲਾਜਾਂ, ਸਿਸਟਮਾਂ, ਥੀਮਾਂ ਆਦਿ ਦੀ ਵਰਤੋਂ ਦੇ ਅਭਿਆਸੀ ਹੋ ਗਏ ਹਨ, ਪੁਰਾਣੇ ਸਾਹਿਤ ਨੂੰ ਸਮਝਣ ਲਈ, ਅਜਿਹੇ ਗ੍ਰੰਥਾਂ ਦੀ ਲੋੜ ਹੋਰ ਵੀ ਵਧੇਰੀ ਹੋ ਗਈ ਹੈ। ਗ੍ਰੰਥ ਦੇ ਨਾਉਂ ਤੋਂ ਪ੍ਰਤੀਤ ਹੁੰਦਾ ਹੈ ਕਿ ਇਸ ਗ੍ਰੰਥ ਵਿੱਚ, ਅਲੰਕਾਰਾਂ ਨੂੰ ਵਿਸਤਾਰ ਵਿੱਚ ਨਾ ਘੋਖ ਕੇ, ਕੇਵਲ ਸ਼ਬਦਾਲੰਕਾਰਾਂ ਦਾ ਹੀ ਵੇਰਵਾ ਦਿੱਤਾ ਗਿਆ ਹੋਵੇਗਾ, ਪਰੰਤੂ ਅਸਲ

15. ਸੁ. ਕਾ, ਪੰਨਾ 26

ਵਿੱਚ, ਨਾਉਂ ਵਿਚਲੀ 'ਸ਼ਬਦ' ਸੰਗਿਆ ਤੋਂ ਭਾਵ 'ਗੁਰੂ ਕੇ ਸ਼ਬਦ' ਅਰਥਾਤ ਗੁਰਬਾਣੀ
ਤੋਂ ਹੈ। 'ਗੁਰੂ ਸ਼ਬਦਾਲੰਕਾਰ' ਵਿੱਚ, ਅਲੰਕਾਰਾਂ ਦੀਆਂ ਚਾਰੇ ਵੰਡਾਂ ਸ਼ਬਦਾਲੰਕਾਰਾਂ,
ਅਰਥਾਲੰਕਾਰਾਂ, ਉਭਯਾਲੰਕਾਰਾਂ ਅਤੇ ਚਿਤ੍ਰਾਲੰਕਾਰਾਂ ਦਾ ਵੇਰਵਾ ਉਦਾਹਰਣ ਦੇ ਕੇ
ਸਮਝਾਇਆ ਗਿਆ ਹੈ। ਜਿਨ੍ਹਾਂ ਜਿਨ੍ਹਾਂ ਅਲੰਕਾਰਾਂ ਦਾ ਜ਼ਿਕਰ ਇਸ ਗ੍ਰੰਥ ਵਿੱਚ ਹੈ, ਉਨ੍ਹਾਂ
ਦੀ ਅੱਖਰ ਕ੍ਰਮ ਅਨੁਸਾਰ ਸੂਚੀ ਇਸ ਪ੍ਰਕਾਰ ਹੈ :—

"ਉਕ੍ਤਿਨਿਮਿਤਾ, ਉਤਪ੍ਰੇਖਾ, ਉਤਪ੍ਰੇਖੋਪਮਾ, ਉਪਮਾ, ਉਪਮਾਨੋਪਮੇਯੋਪਮਾ, ਉਲਾਸ,
ਉਲੇਖ, ਅਸੰਗਤਿ, ਅਸੰਭਵ, ਅਚਿੰਤ-ਨਿਮਿਤਾ, ਅਤਦਗੁਣ ਅਤਿਸ਼ਯੋਕ੍ਤਿ, ਅਤੁਲਯ
ਯੋਗਿਤਾ ਅਤਿਯੰਤਾਤਿਸ਼ਯੋਕ੍ਤਿ, ਅਧਰ-ਵਿਛੋਹਾ, ਅਧਿਕ, ਅਨਨਵਯ, ਅਨਵਸਰ, ਅਨੁਕ੍ਤ-
ਨਿਮਿਤਾ, ਅਨੁਗੁਣ, ਅਨੁਗਯਾ, ਅਨੁਪ੍ਰਾਸ, ਅਨਯੋਕ੍ਤਿ, ਅਨਯੋਨਯ, ਅਪਨੁਤਿ, ਅਪ੍ਰਸਤੁਤ-
ਪ੍ਰਸੰਸਾ, ਅਭੇਦ-ਰੂਪਕ, ਅਰਥ-ਚਿਤ੍ਰ, ਅਰਥ ਪ੍ਰਹੇਲਿਕਾ, ਅਰਥਾਂਤਰਨਯਾਸ, ਅਰਥਾਵ੍ਰਿਤਿ,
ਅਲਪ, ਅਵਸਰ, ਅਵੱਗਯਾ, ਆਕਾਰ ਚਿਤ੍ਰ, ਆਖੇਪ, ਆਵ੍ਰਿਤਿਦੀਪਕ, ਅੰਤਰਲਾਪਿਕਾ,
ਅੰਤਯਾਨੁਪ੍ਰਾਸ। ਏਕਾਵਲਿ, ਸਹੋਕ੍ਤਿ ਸਮ-ਸਮ-ਰੂਪਕ, ਸਮਾਸੋਕ੍ਤਿ, ਸਮਾਧਿ, ਸਮੁਚਯ,
ਸੁਭੇਸ, ਸ਼ਾਸਨੋਤਰ, ਸਾਧਾਰਣ ਧਰਮ, ਸਾਮਾਨਯ, ਸਾਰ, ਸੁਮਿੱਧ, ਸੂਕਸ਼, ਸੰਸ਼ਲਿਟ ਸ਼ੰਕਰ,
ਸੰਭਾਵਨਾ,ਸ੍ਤਿਵਯਾਜਨਿੰਦਾ,ਸਥਾਨਚਿਤ੍ਰ,ਸੰਸਮਾਰਣ,ਸ੍ਰਿੰਖਲਾ,ਸ੍ਰੁਤਯਾਨੁਪ੍ਰਾਸ ਸੁਭਾਵੋਕ੍ਤਿ, ਹੇਤੁ,
ਹੇਤੁਮਾਲਾ, ਹੇਤਵਾਪਨੁਤਿ, ਕਾਕੁ, ਕਾਕੋਕ੍ਤਿ, ਕਾਰਕ ਦੀਪਕ, ਕਾਰਨਮਾਲਾ, ਕਾਵਯਸਲਿੰਗ,
ਕਾਵਯਾਰਥ, ਕੈਤਵਾਪਨੁਤਿ, ਕ੍ਰਮ, ਗਤਾਗਤ, ਗਤਿਚਿਤ੍ਰ, ਗਮਯੋਤਪ੍ਰੇਕਸ਼ਾ, ਗੁਪਤੋਤਪ੍ਰੇਕਸ਼ਾ,
ਗੂਢਾ, ਗੂਢੋਕ੍ਤਿ, ਗੂਢੋਤਰ, ਛੇਕ-ਅਨੁਪ੍ਰਾਸ,ਛੇਕਾਪਨੁਤਿ, ਛੇਕੋਕ੍ਤਿ, ਜਾਤਿ ਤਦਗੁਣ,
ਤਿਰਸਕਾਰ, ਤੁਲਯ ਯੋਗਿਤਾ, ਦੀਪਕ, ਦ੍ਰਿਸ਼ਟਾਂਤ, ਧਰਮ ਨਿਦਰਸਨ, ਨਿਦਰਸ਼ਨਾ, ਨਿੰਦਾ,
ਨਿੰਦਾਵਯਾਜਸ੍ਤੁਤਿ, ਨਿਰੁਕ੍ਤਿ, ਨਿਰੰਸ਼ਟ, ਨਯੂਨਰੂਪਕ, ਪਦਾਵ੍ਰਿਤ, ਪਰਸਪਰ,
ਪਰਯਸਤਾਪਨੁਤਿ, ਪਰਯਾਯ, ਪਰਯਾਯੋਕ੍ਤਿ, ਪਰਿਸੰਖਯਾ, ਪਰਿਕਰ, ਪਰਿਕਰਾਂਕੁਰ,
ਪਰਿਣਾਮ, ਪਰਿਵ੍ਰਿਤਿ, ਪਿਹਿਤ, ਪੁਨਰੁਕ੍ਤਿਵਦਾਭਾਸ, ਪੂਰਣੋਪਮਾ, ਪੂਰਬਰੂਪ, ਪ੍ਰਸੰਖਯਾ,
ਪ੍ਰਸ਼ਤਾਂਕੁਰ, ਪ੍ਰਸ਼ਨੋਤਰ, ਪ੍ਰਹਰਸ਼ਣ, ਪ੍ਰਹੇਲਿਕਾ, ਪ੍ਰਤਿਸ਼ੇਧ, ਪ੍ਰਤਿਗਯਾ, ਪ੍ਰਤਿਵਸਤੂਪਮਾ, ਪ੍ਰਤੀਪ,
ਪ੍ਰਤਯਨੀਕ, ਪ੍ਰਮਾਣ, ਪ੍ਰੌਢੋਕ੍ਤਿ, ਭਾਸ਼ਾ-ਸਮਕ, ਭਾਸ਼ਾਚਿਤ੍ਰ, ਭਾਵਿਕ, ਭ੍ਰਮ, ਭ੍ਰਾਂਤਿ,
ਭ੍ਰਾਂਤਾਪਨੁਤਿ, ਮਾਲਾਦੀਪਕ, ਮਾਲੋਪਮਾ, ਮਿਥਯਾਧਯਵਸਿਤਿ, ਮਿਲਿਤ, ਮੀਲਿਤ, ਮੁਦ੍ਰਾ,
ਯਥਾਸੰਖਯ, ਯਥਾਕ੍ਰਮ, ਯਮਕ, ਯੁਕ੍ਤਿ, ਰਸਨੋਪਮਾ, ਰਤਨਾਵਲਿ, ਰੂਪਕ, ਰੂਪਕਾਤਿਸ਼ਯੋਕ੍ਤਿ
ਲਲਿਤ, ਲਾਟਾਨੁਪ੍ਰਾਸ, ਲੁਪਤੋਪਮਾ, ਲੇਸ਼, ਲੋਕੋਕ੍ਤਿ, ਵਹਿਰਾ-ਲਾਪਿਕ, ਵਕ੍ਰੋਕ੍ਤਿ,
ਵਰਣਚਿਤ੍ਰ, ਵਰਣਮੈਤ੍ਰੀ, ਵਾਚਕ, ਵਿਸ਼ੇਸ਼, ਵਿਸ਼ੇਸ਼ਕ, ਵਿਸ਼ੇਸਰੂਪਕ, ਵਿਕਸਵਰ, ਵਿਕਲਪ,
ਵਿਸਮ, ਵਿਸਮਸੂਸ਼ਮ, ਵਿਸ਼ਾਦ, ਵਿਸ਼ਾਦਨ, ਵਿਚਿਤ੍ਰ, ਵਿਧਿ, ਵਿਨਮਯੇ, ਵਿਨੋਕ੍ਤਿ,
ਵਿਪਰਤਯ, ਵਿਭਾਵਨਾ, ਵਿਭ੍ਰਮ, ਵਿਰੋਧ, ਵਿਰੋਧਾਭਾਸ, ਵਿਵ੍ਰਿਤੋਕ੍ਤਿ, ਵੀਪਸਾ, ਵਯਤਿਰੇਕ,
ਵਯਾਘਾਤ, ਵਯਾਜਸਤੁਤਿ, ਵਯਾਜਨਿੰਦਾ, ਵਯਾਜੋਕ੍ਤਿ ਅਤੇ ਵ੍ਰਿਤਯਾਨੁਪ੍ਰਾਸ।

ਇਨ੍ਹਾਂ ਅਲੰਕਾਰਾਂ ਦੀ ਵਿਆਖਿਆ ਕਰਦੇ ਸਮੇਂ ਕਈ ਹੋਰ ਨਾਉਂ ਵੀ ਆ ਗਏ
ਹਨ, ਜਿਨ੍ਹਾਂ ਦੀ ਵੱਖਰੀ ਪਛਾਣ ਨਹੀਂ ਕਰਵਾਈ ਗਈ, ਕਰਵਾਉਣ ਦੀ ਲੋੜ ਵੀ ਨਹੀਂ

ਸੀ। ਇਸ ਤਰ੍ਹਾਂ ਕੋਈ ਦੋ ਸੌ ਤੋਂ ਉੱਪਰ ਅਲੰਕਾਰਾਂ ਦਾ ਵੇਰਵਾ ਇਸ ਗ੍ਰੰਥ ਵਿੱਚ ਆ ਗਿਆ ਹੈ। ਭਾਵੇਂ ਥਾਂ ਪਰ ਥਾਂ ਅਲੰਕਾਰ-ਸ਼ਾਸਤ੍ਰ ਦੇ ਪੁਰਾਣੇ ਗ੍ਰੰਥਾਂ ਵਿੱਚ ਦਿੱਤੀ ਜਾਣਕਾਰੀ ਦਾ ਪੂਰਾ ਲਾਭ ਲਿਆ ਗਿਆ ਹੈ ਤਾਂ ਭੀ ਆਧਾਰ-ਰੂਪ ਵਿੱਚ ਵਧੇਰੇ ਉਨ੍ਹਾਂ ਹੀ ਗ੍ਰੰਥਾਂ ਨੂੰ ਅਪਣਾਇਆ ਗਿਆ ਹੈ ਜੋ ਰੀਤਿ ਕਾਲ ਦੇ, ਬ੍ਰਜ-ਭਾਸ਼ਾ ਦੇ, ਉੱਤਮ ਕਵੀਆਂ ਦੇ ਰਚੇ ਹੋਏ ਸਨ ਜਾਂ ਜਿਨ੍ਹਾਂ ਦੀ ਰਚਨਾ ਪਿਛੋਂ ਸਿੱਖ ਕਵੀਆਂ ਨੇ ਹੀ ਕੀਤੀ ਸੀ। ਇਨ੍ਹਾਂ ਅਲੰਕਾਰਾਂ ਦੇ ਉਦਾਹਰਣ ਬਹੁਤਾ ਕਰਕੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕਬਿੱਤ-ਸਵੈਯਾਂ ਵਿੱਚੋਂ ਹੀ ਚੁਣੇ ਗਏ ਹਨ, ਪਰ ਸਿੱਖ ਸਾਹਿਤ ਦੇ ਹੋਰਨਾ ਉੱਤਮ-ਗ੍ਰੰਥਾਂ, ਜਿਹਾ ਕਿ 'ਅਲੰਕਾਰ ਸਾਗਰ ਸੁਧਾ' (ਟਹਿਲ ਸਿੰਘ), ਸਿੱਖੀ ਪ੍ਰਭਾਕਰ (ਸੰਤ ਨਿਹਾਲ ਸਿੰਘ ਨਿਰਮਲਾ), ਹਨੂਮਾਨ ਨਾਟਕ ਭਾਖਾ (ਹਿਰਦੇ ਰਾਮ), (ਜਪੁਜੀ ਸਾਹਿਬ ਦੀ) ਗਰਬ ਗੰਜਨੀ ਟੀਕਾ (ਸੰਤੋਖ ਸਿੰਘ), ਗੁਰੂ ਪ੍ਰਤਾਪ ਸੂਰਜ ਗ੍ਰੰਥ (ਸੰਤੋਖ ਸਿੰਘ), ਗੁਰੂ ਪਰਾਸਾ (ਗਵਾਲ ਕਾਵਿ), ਗੁਰੂ ਪੰਚਾਸਿਕਾ (ਕਵਿ ਚੰਦ੍ਰ ਸ਼ੇਖਰ ਵਾਜਪੇਯੀ), ਨਾਨਕ ਪ੍ਰਕਾਸ਼ (ਭਾਈ ਸੰਤੋਖ ਸਿੰਘ), ਬਸੰਤ ਸਤਸੈਈ (ਬਸੰਤ ਸਿੰਘ, ਰਿਤੂਰਾਜ), ਭਾਵਰਸਾਮ੍ਰਿਤ (ਸੰਤ ਗੁਲਾਬ ਸਿੰਘ) ਅਤੇ ਬ੍ਰਿੰਦ ਸਤਸੈਈ ਦੀ ਭੀ ਚੋਖੀ ਵਰਤੋਂ ਹੋਈ ਹੈ। ਇਨ੍ਹਾਂ ਦੇ ਨਾਲ ਹੀ ਕੁਝ ਪ੍ਰਸਿੱਧ ਕਵੀ ਅਜਿਹੇ ਭੀ ਹਨ ਜਿਨ੍ਹਾਂ ਦੀਆਂ ਤੁਕਾਂ ਵਰਤੀਆਂ ਹਨ ਪਰ ਗ੍ਰੰਥ ਦਾ ਨਾਉਂ ਦਰਜ ਨਹੀਂ ਕੀਤਾ, ਜਿਹਾ ਕਿ ਅਮ੍ਰਿਤ ਰਾਇ, ਧੰਨਾ ਸਿਘ, ਹਰੀਸ਼ ਚੰਦ੍ਰ ਭਾਰਤੇਂਦੂ, ਗਵਾਲ, ਠਾਕੁਰ, ਦੇਵ, ਦਾਸ, ਨਾਇਕ, ਬੁਧ ਸਿੰਘ, ਰਹੀਮ, ਰਘੁਨਾਥ ਅਤੇ ਲਾਲ ਕਵੀ ਆਦਿ। ਭਾਵੇਂ ਗ੍ਰੰਥ ਦਾ ਮੰਤਵ ਕੇਵਲ ਗੁਰਬਾਣੀ ਵਿੱਚ ਆਏ ਜਾਂ ਸਿੱਖ ਸਾਹਿਤ ਵਿੱਚ ਆਏ ਅਲੰਕਾਰਾਂ ਤਕ ਸੀਮਿਤ ਸੀ ਤਾਂ ਵੀ ਕੁਝ ਚੰਗੇ ਉਦਾਹਰਣ ਬਾਹਰਲੇ ਕਵੀਆਂ ਦੀਆਂ ਰਚਨਾਵਾਂ ਵਿੱਚੋਂ ਵੀ ਚੁਣੇ ਗਏ ਹਨ। ਇਸ ਨਾਲ ਪਾਠਕ ਨੂੰ ਰਸਾਤਮਕਤਾ (Aesthetic experience) ਦੀ ਚਾਟ ਲਗਦੀ ਹੈ ਅਤੇ ਵਿਸ਼ੇ ਬਾਰੇ ਉਸਦੀ ਸੂਝ ਉਜਲੀ ਹੁੰਦੀ ਹੈ।

3. ਅਨੇਕਾਰਥ ਕੋਸ਼

ਰਸਮੀ ਤੌਰ ਉੱਤੇ 'ਅਨੇਕਾਰਥ ਕੋਸ਼' ਦਾ ਸੰਪਾਦਨ ਭਾਈ ਕਾਨ੍ਹ ਸਿੰਘ ਵੱਲੋਂ ਕੋਸ਼ ਸੰਬੰਧੀ ਰਚਨਾਵਾਂ ਨੂੰ ਪਹਿਲੀ ਦੇਣ ਹੈ, ਇਸ ਤੋਂ ਪਹਿਲਾਂ ਪੰਜਾਬੀ ਵਿੱਚ ਕਈ ਕੋਸ਼ ਰਚੇ ਜਾ ਚੁਕੇ ਸਨ, ਉਨ੍ਹਾਂ ਕੋਸ਼ਾਂ ਦਾ ਵਿਸ਼ਾ ਪੰਜਾਬੀ ਭਾਸ਼ਾ ਦੀ ਸ਼ਬਦਾਵਲੀ ਜਾਂ ਗੁਰੂ ਗ੍ਰੰਥ ਸਾਹਿਬ ਦੀ ਸ਼ਬਦਾਵਲੀ ਦੇ ਅਰਥ ਦੇਣਾ ਹੀ ਰਿਹਾ ਸੀ। ਇਹ ਕੋਸ਼ ਉਨ੍ਹਾਂ ਨਾਲੋਂ ਵੱਖਰਾ ਸੀ। ਇਸ ਕੋਸ਼ ਦਾ ਵਿਸ਼ਾ ਸੰਸਕ੍ਰਿਤ ਦੇ ਉਨ੍ਹਾਂ ਹੀ ਸ਼ਬਦਾਂ ਦੀ ਵਿਆਖਿਆ ਤਕ ਸੀਮਿਤ ਸੀ, ਜਿਨ੍ਹਾਂ ਦੇ ਅਰਥ ਇੱਕ ਤੋਂ ਵਧੇਰੇ ਲਾਏ ਜਾ ਸਕਦੇ ਸਨ ਅਤੇ ਜੋ ਸਮੇਂ ਦੇ ਸਾਹਿਤਿਅਕ ਵਹਿਣ: ਹਿੰਦੀ, ਬ੍ਰਜ-ਭਾਸ਼ਾ ਦੇ ਕਾਵਿ-ਗ੍ਰੰਥਾਂ ਵਿੱਚ ਖੁੱਲ੍ਹ ਕੇ ਵਰਤੇ ਜਾਂਦੇ ਸਨ। ਇਹ ਗ੍ਰੰਥ, ਮੂਲ ਰੂਪ ਵਿੱਚ, ਰਚਿਆ ਵੀ ਬ੍ਰਜ ਭਾਸ਼ਾ ਵਿੱਚ ਹੀ ਗਿਆ ਸੀ। ਮਹਾਨ ਕੋਸ਼ ਦੇ ਆਧਾਰ ਗ੍ਰੰਥਾਂ ਦੀ ਸੂਚੀ ਵਿੱਚ ਇਸ ਪ੍ਰਕਾਰ ਦੇ ਗ੍ਰੰਥਾਂ ਦਾ ਵਿਸ਼ੇਸ਼ ਮਹੱਤਵ ਵਾਲਾ ਥਾਉਂ ਸੀ।

ਉਨ੍ਹੀ ਦਿਨੀਂ ਪੰਜਾਬੀ ਦੇ ਇਮਤਿਹਾਨਾਂ—ਗਿਆਨੀ, ਵਿਦਵਾਨ—ਵਿਚ ਹਨੂਮਾਨ-

ਨਾਟਕ, ਵੈਰਾਗ ਸ਼ਤਕ ਭਾਸ਼ਾ (ਹਰਿਦਯਾਲ) ਆਦਿ ਗ੍ਰੰਥ ਪਾਠ ਪੁਸਤਕ ਲਗਦੇ ਸਨ, ਅਤੇ ਉਨ੍ਹਾਂ ਵਿੱਚ ਬਹੁ-ਅਰਥੇ ਸ਼ਬਦਾਂ ਦੀ ਵਰਤੋਂ ਚੋਖੀ ਮਿਲਦੀ ਹੈ, ਗੁਰਬਾਣੀ ਵਿੱਚ ਭੀ ਬਹੁ-ਅਰਥੇ ਸ਼ਬਦਾਂ ਦੀ ਵਰਤੋਂ ਘੱਟ ਨਹੀਂ ਇਸ ਕਾਰਣ ਤੋਂ ਇਹ ਰਚਨਾ, ਸਿੱਖ-ਸਾਹਿੱਤ ਦੇ ਅਰਥ-ਬੋਧ ਵਿੱਚ ਸਹਾਇਕ ਹੋਣ ਦੇ ਨਾਲ ਨਾਲ, ਗਿਆਨੀ ਅਤੇ ਵਿਦਵਾਨ ਪਰੀਖਿਆਵਾਂ ਦੇ ਵਿਦਿਆਰਥੀਆਂ ਲਈ ਲਾਭਦਾਈ ਸੀ, ਅਤੇ ਇਸੇ ਡੀਠ ਤੋਂ ਹੀ ਇਸਦਾ ਪ੍ਰਕਾਸ਼ਨ ਵੀ ਕੀਤਾ ਗਿਆ ਸੀ।

ਮੂਲ ਰਚਨਾ ਰਾਮਪੁਰ ਨਿਵਾਸੀ ਆਚਾਰੀਆ ਨੰਦਦਾਸ ਦੀ ਕ੍ਰਿਤ ਹੈ। ਆਚਾਰੀਆ ਨੰਦ ਦਾਸ, ਸਵਾਮੀ ਵਿੱਠਲ ਦਾਸ ਜੀ ਦੇ ਸਿੱਖ ਅਤੇ ਅਸ਼ਟਛਾਪ ਦੇ ਪ੍ਰਸਿੱਧ ਵੈਸ਼ਣਵ ਆਚਾਰੀਆਂ ਵਿੱਚੋਂ ਇੱਕ ਸਨ। ਇਹ ਸੰਸਕ੍ਰਿਤ ਦੇ ਉੱਤਮ ਪੰਡਿਤ ਅਤੇ ਬ੍ਰਜ ਭਾਸ਼ਾ ਦੇ ਚੋਣਵੇਂ ਕਵੀਆਂ ਵਿੱਚੋਂ ਸਨ। ਇਨ੍ਹਾਂ ਬਾਰੇ ਪੁਰਾਤਨ ਆਲੋਚਕਾਂ ਦਾ ਮਤ ਸੀ, "ਅਉਰ ਕਵੀ ਘੜਿਯਾ, ਨੰਦ ਦਾਸ ਜੜਿਯਾ" ਅਰਥਾਤ ਹੋਰ ਕਵੀ ਤਾਂ ਕੇਵਲ (ਠਠਿਆਰਾਂ ਵਾਂਗ ਬਰਤਨ) ਘੜਣ ਵਿੱਚ ਹੀ ਸਮਰੱਥ ਹਨ, ਪਰ ਨੰਦ ਦਾਸ (ਸੁਨਿਆਰਿਆਂ ਵਾਂਗ ਗਹਿਣਿਆਂ ਵਿਚ) ਨਗ ਜੜਨ ਵਾਲਾ ਹੈ ਭਾਵ ਇਹ ਸੀ ਕਿ ਨੰਦ ਦਾਸ ਦੀ ਕਵਿਤਾ ਵਿੱਚ ਘੜਤ ਦੀ ਹੀ ਨਹੀਂ ਜੜਤ ਦੀ ਕਲਾ ਦਾ ਵੀ ਸੁਮੇਲ ਹੁੰਦਾ ਹੈ। ਇਹ ਉਨ੍ਹਾਂ ਦੀ ਉੱਤਮਤਾ ਸੀ। ਅਨੇਕਾਰਥ ਕੋਸ਼ ਦੀ ਰਚਨਾ ਦਾ ਮੰਤਵ ਕਵੀ ਨੇ ਆਪਣੇ ਸ਼ਬਦਾਂ ਵਿੱਚ ਇਹ ਦੱਸਿਆ ਸੀ :

> ਉਚਰ ਸਕਤ ਨਹ ਸੰਸਕ੍ਰਿਤ ਸਮਝ ਨ ਕਹੁ ਸਮਰਥ
> ਤਿਨ ਹਿਤ 'ਨੰਦ' ਸੁਮਤਿ ਜਥਾ ਭਾਖਾ ਅਨਿਕ ਅਰਥ ॥3॥[14]

ਭਾਈ ਕਾਨ੍ਹ ਸਿੰਘ ਦੇ ਕਥਨ ਅਨੁਸਾਰ ਨੰਦ ਦਾਸ ਨੇ, ਇਸ ਕੋਸ਼ ਵਿੱਚ, 117 ਮੂਲ ਸ਼ਬਦ ਦਰਜ ਕੀਤੇ ਸਨ। ਇਹ ਕੋਸ਼ ਦੋਹਿਆਂ ਵਿੱਚ ਰਚਿਆ ਗਿਆ ਸੀ ਅਤੇ ਇਹ ਦੋਹੇ ਕੰਠ ਕਰਨ ਲਈ ਸਨ। ਕਵੀ ਦੇ ਆਪਣੇ ਸ਼ਬਦਾਂ ਵਿਚ :

> ਸ਼ਬਦ ਏਕ ਨਾਨਾ ਅਰਥ ਮੋਤਿਨ ਕੀ ਸੀ ਦਾਮ
> ਜੇ ਨਰ ਕਰ ਹੈਂ ਕੰਠ ਯਹ ਤੇ ਹਵੈ ਹੈਂ ਛਬਿਧਾਮ ॥4॥[15]

ਕੰਠ ਕਰਨ ਦੀ ਕ੍ਰਿਆ ਵਿੱਚ ਸੁਭਾਵਕ ਹੀ ਇਨ੍ਹਾਂ ਦੋਹਿਆਂ ਦੀ ਰੂਪ-ਰੇਖਾ ਵਿੱਚ ਵਾਧਾ ਘਾਟਾ ਹੁੰਦਾ ਹੀ ਰਿਹਾ ਹੈ। ਮੇਰੇ ਸੰਗ੍ਰਹਿ ਵਿੱਚ ਇੱਕ ਖਰੜਾ ਹੈ ਜੋ ਸੌ ਕੁ ਵਰ੍ਹੇ ਤੋਂ ਵੱਧ ਪੁਰਾਣਾ ਹੈ। ਉਸ ਵਿੱਚ 146 ਦੋਹਿਆਂ ਵਿੱਚ 132 ਸ਼ਬਦਾਂ ਦਾ ਬਿਓਰਾ ਹੈ, ਇਨ੍ਹਾਂ 132 ਸ਼ਬਦਾਂ ਵਿੱਚ ਭਾਈ ਕਾਨ੍ਹ ਸਿੰਘ ਵਾਲੇ ਸੰਗ੍ਰਹਿ ਵਿੱਚਲੇ 9 ਸ਼ਬਦ ਸ਼ਾਮਿਲ ਨਹੀਂ ਕੀਤੇ ਮਿਲਦੇ, ਜਿਸ ਤੋਂ ਪ੍ਰਤੀਤ ਹੁੰਦਾ ਹੈ, ਇਹ ਲਿਖਤ ਭਾਈ ਕਾਨ੍ਹ ਸਿੰਘ ਦੀ ਨਜ਼ਰ ਨਹੀਂ ਪਈ ਜਾਂ ਇਨ੍ਹਾਂ ਵਾਧੂ ਸ਼ਬਦਾਂ ਨੂੰ ਵੱਖਰਾ ਗਿਣਤੀ ਵਿੱਚ ਲਿਆਉਣਾ ਉਚਿੱਤ ਨਹੀਂ ਸਮਝਿਆ ਗਿਆ। ਸ. ਸ. ਅਸ਼ੋਕ ਦੇ ਨਿੱਜੀ ਸੰਗ੍ਰਹਿ ਵਿੱਚ 1802 ਦੀ ਲਿਖੀ ਇਕ ਪੋਥੀ ਵਿੱਚ ਭੀ 146 ਹੀ ਦੋਹੇ ਮਿਲਦੇ ਹਨ,[16] ਪਰੰਤੂ, 1841 ਵਿੱਚ ਲਿਖੀ ਇੱਕ

14. ਅਨੇਕਾਰਥ ਕੋਸ਼, ਪੰਨਾ 1
15. ਉਹੀ
16. ਪੰਜਾਬੀ ਹੱਥ ਲਿਖਤਾਂ ਦੀ ਸੂਚੀ, ਭਾਗ 1, ਪੰਨਾ 639-40

ਹੋਰ ਪੋਥੀ ਵਿੱਚ ਦੋਹਿਆਂ ਦੀ ਗਿਣਤੀ 151 ਹੋ ਗਈ ਹੈ।[17] ਏਥੇ ਧਿਆਨ ਦੇਣ ਯੋਗ ਗੱਲ ਇਹ ਭੀ ਹੈ ਕਿ 1820 ਦੀ ਹਰਿ ਰਾਮ ਦਾਸ ਨਿਰੰਜਨੀ ਦੀ ਹੱਥ-ਲਿਖੀ ਇੱਕ ਪੋਥੀ ਵਿੱਚ ਭੀ 146 ਦੋਹੇ ਹੀ ਸਨ।[18] ਇਸ ਬਿਉਰੇ ਤੋਂ ਹੋਣ ਵਾਲੇ ਵਾਧਿਆਂ ਦੀ ਗਤੀ ਦਾ ਅਨੁਮਾਨ ਸਹਿਜ ਹੀ ਲਾਇਆ ਜਾ ਸਕਦਾ ਹੈ। ਭਾਈ ਕਾਨ੍ਹ ਸਿੰਘ ਨੇ ਦੱਸਿਆ ਹੈ ਕਿ ਨਾ ਕੇਵਲ ਇਸ ਪੋਥੀ ਵਿੱਚ ਸਮੇਂ ਸਮੇਂ ਵਾਧੇ-ਘਾਟੇ ਹੀ ਹੁੰਦੇ ਰਹੇ ਹਨ, ਸਗੋਂ ਅਨੇਕ ਸ਼ਬਦਾਂ ਦੇ ਪਾਠ ਵੀ ਵਿਗੜਦੇ ਰਹੇ ਹਨ। ਪ੍ਰਮਾਣ ਵਜੋਂ, ਸੰਮਤ 1958 ਵਿੱਚ, ਬੰਬਈ ਦੇ 'ਗੁਜਰਾਤੀ ਪ੍ਰਿੰਟਿੰਗ ਪ੍ਰੈਸ' ਤੋਂ ਛਪੇ ਸੰਸਕਰਣ ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਪਹਿਲਾਂ ਵੀ ਕਈ ਕਵੀਆਂ ਅਤੇ ਸਾਹਿਤਿਆਚਾਰੀਆਂ ਨੇ ਇਸ ਦੇ ਪਾਠ ਸੋਧਣ ਦਾ ਜਤਨ ਕੀਤਾ ਸੀ, ਪਰ ਬੰਬਈ ਵਾਲੇ ਸੰਸਕਰਣ ਨੂੰ ਦੇਖਣ ਤੋਂ ਪ੍ਰਤੀਤ ਹੋਇਆ ਕਿ ਇਸ ਗ੍ਰੰਥ ਦੇ ਪਾਠ ਅਜੇ ਵੀ ਬਹੁਤ ਸਾਰੇ ਅਜਿਹੇ ਹਨ ਜੋ ਬਹੁਤ ਸੋਚ ਸਮਝ ਕੇ ਸੋਧਣ ਦੇ ਯੋਗ ਹਨ।[19]

ਭਾਈ ਕਾਨ੍ਹ ਸਿੰਘ ਨੇ ਇਸ ਗ੍ਰੰਥ ਦਾ ਸੰਪਾਦਨ ਕਰਦਿਆਂ ਨਾ ਕੇਵਲ ਅਸ਼ੁੱਧੀਆਂ ਹੀ ਦੂਰ ਕੀਤੀਆਂ, ਸਗੋਂ 114 ਨਵੇਂ ਸ਼ਬਦਾਂ ਦਾ ਵਾਧਾ ਕਰਕੇ, ਕੁਲ ਸ਼ਬਦਾਂ ਦੀ ਗਿਣਤੀ 231 ਤਕ ਪੁਚਾ ਦਿੱਤੀ।[20] ਪੁਰਾਣੇ ਉਤਾਰਿਆਂ ਵਿੱਚ ਸ਼ਬਦਾਂ ਨੂੰ ਕਿਸੇ ਵਿਸ਼ੇਸ਼ ਕ੍ਰਮ ਨਾਲ ਨਹੀਂ ਸੀ ਦਰਜ ਕੀਤਾ ਹੋਇਆ, ਸਗੋਂ ਕਵਿਤਾ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਉਸਤਤਿ ਨੂੰ ਹੀ ਮੁੱਖ ਰੱਖਿਆ ਸੀ। ਭਾਈ ਕਾਨ੍ਹ ਸਿੰਘ ਨੇ ਅੱਖਰਾਂ ਅਨੁਸਾਰ (ਕੋਸ਼ ਦੀ ਆਧੁਨਿਕ ਰੀਤ ਅਨੁਸਾਰ) ਸਾਰੇ ਸ਼ਬਦਾਂ ਨੂੰ ਤਰਤੀਬ ਦਿੱਤਾ, ਥਾਂ ਪਰ ਥਾਂ, ਲੋੜ ਅਨੁਸਾਰ ਸ਼ਬਦਾਂ ਦੇ ਨਿਖੇੜ ਅਤੇ ਅਰਥ-ਨਿਤਾਰੇ ਲਈ ਟਿੱਪਣੀ ਵੀ ਕੀਤੀ। ਕੁਝ ਸ਼ਬਦਾਂ ਦਾ ਉਚਾਰਣ ਸਪਸ਼ਟ ਕਰਨ ਲਈ ਉਨ੍ਹਾਂ ਦੇ ਦੇਵਨਾਗਰੀ ਰੂਪ ਅਤੇ ਕਿਧਰੇ ਕਿਧਰੇ ਅੰਗ੍ਰੇਜ਼ੀ ਅਤੇ ਲਾਤੀਨੀ ਪ੍ਰਯਾਯ ਦੇਣ ਦੀ ਵੀ ਖੇਚਲ ਕੀਤੀ ਹੈ, ਤਾਂ ਕਿ ਪਾਠਕ ਨੂੰ ਕਿਸੇ ਪ੍ਰਕਾਰ ਦਾ ਭੁਲੇਖਾ ਬਾਕੀ ਨਾ ਰਹਿ ਜਾਵੇ। ਸ. ਸ. ਅਸ਼ੋਕ ਨੇ ਇੱਕ ਥਾਵੇਂ, ਕਿਸੇ ਭੁਲੇਖੇ ਨਾਲ, ਭਾਈ ਕਾਨ੍ਹ ਸਿੰਘ ਦੇ ਸੰਪਾਦਿਤ ਸੰਸਕਰਣ ਦਾ ਪ੍ਰਕਾਸ਼ਨ ਸਾਲ 1930 ਵੀ ਲਿਖਿਆ ਹੈ[21] ਅਤੇ 'ਮਹਾਨ ਕੋਸ਼' ਦੀ ਭੂਮਿਕਾ ਵਿਚ 1924 ਵਿੱਚ ਛਪਿਆ ਲਿਖਿਆ ਹੈ। ਬੀਬੀ ਸੁਰਜੀਤ ਕੌਰ ਨੇ ਆਪਣੇ ਗ੍ਰੰਥ ਦੀ ਅੰਤਿਕਾ ਵਿੱਚ ਇਸਦੇ ਛਪਣ ਦਾ ਸਾਲ 1923 ਦਰਜ ਕੀਤਾ ਹੈ ਜਦ ਕਿ ਟੈਕਸਟ ਵਿੱਚ 1925 ਲਿਖਿਆ ਹੈ।[22] ਗ੍ਰੰਥ ਦੇ ਰਚਨਾ ਕਾਲ ਦੇ ਤੌਰ ਉੱਤੇ ਸ. ਸ. ਅਸ਼ੋਕ ਦਾ ਦੱਸਿਆ ਸਾਲ 1924 ਠੀਕ ਹੋ ਸਕਦਾ ਹੈ ਪਰ ਭੂਮਿਕਾ ਦੇ ਅੰਤ ਵਿੱਚ ਛਪੀ ਤਾਰੀਖ ਅਨੁਸਾਰ ਪ੍ਰਕਾਸ਼ਨ ਦਾ ਸਾਲ 1925 ਹੀ ਬੈਠਦਾ ਹੈ।

ਪੰਜਾਬੀ ਅੱਖਰਾਂ ਵਿੱਚ ਛਪੀ ਇਸ ਪੁਸਤਕ ਦੇ ਕੁਲ ਸਫ਼ੇ 43 ਹਨ।

---

17. ਉਹੀ, ਪੰਨਾ 631
18. ਉਹੀ, ਭਾਗ II, ਪੰਨਾ 381
19. ਅਨੇਕਾਰਥ ਕੋਸ਼, ਭੂਮਿਕਾ, ਪੰਨਾ 'ਅ'
20. ਅਨੇਕਾਰਥ, ਭੂਮਿਕਾ ਪੰਨਾ (ਅ)
21, ਪੰਜਾਬੀ ਹੱਥ ਲਿਖਤਾਂ ਦੀ ਸੂਚੀ, ਭਾਗ 1, ਪੰਨਾ 640
22. ਸ. ਕਾ, ਪੰਨਾ 34 ਤੇ 101

ਭਾਈ ਕਾਨ੍ਹ ਸਿੰਘ ਨੇ ਜਿਸ ਪੋਥੀ ਤੋਂ ਸੰਪਾਦਨ ਲਈ ਪਾਠ ਲਿਆ ਹੈ, ਉਹ ਤਾਂ ਮਿਲ ਨਹੀਂ ਸਕੀ, ਪਰ ਆਪਣੇ ਸੰਗ੍ਰਹਿ ਵਿੱਚ ਮਿਲਦੇ ਉਤਾਰਿਆਂ ਨਾਲ ਮੇਲ ਕੇ ਦੇਖਣ ਤੋਂ ਭਾਈ ਕਾਨ੍ਹ ਸਿੰਘ ਵੱਲੋਂ ਵਧਾਏ ਗਏ 114 ਸ਼ਬਦਾਂ ਵਿੱਚੋਂ 98 ਦੀ ਪਛਾਣ ਸੰਭਵ ਹੋ ਸਕੀ ਹੈ ਇਹ ਸ਼ਬਦ ਭਾਈ ਸਾਹਿਬ ਨੇ ਆਪਣੇ ਸੰਸਕ੍ਰਿਤ ਦੇ ਗਿਆਨ ਅਤੇ ਉਨ੍ਹਾਂ ਆਧਾਰ-ਗ੍ਰੰਥਾਂ ਦੀ ਸਹਾਇਤਾ ਨਾਲ, ਜਿਨ੍ਹਾਂ ਵਿੱਚੋਂ ਨੰਦ ਦਾਸ ਜੀ ਨੇ ਸ਼ਬਦ-ਸੰਕਲਨ ਕੀਤਾ ਸੀ (ਅਨੇਕਾਰਥ ਤਿਲਕ, ਅਨੇਕਾਰਥ ਮੰਜਰੀ ਅਤੇ ਪ੍ਰਾਕ੍ਰਿਤ ਦੇ ਪੰਡਿਤ ਹੇਮ ਚੰਦ੍ਰ ਰਚਿਤ 'ਅਨੇਕਾਰਥ ਸੰਗ੍ਰਹ ਕੋਸ਼'), ਅਤੇ ਹੋਰ ਪ੍ਰਸਿੱਧ ਕੋਸ਼ ਗ੍ਰੰਥਾਂ ਦੇ ਅਧਿਐਨ ਉਪਰੰਤ ਸ਼ਾਮਿਲ ਕੀਤੇ ਸਨ।[23] ਭਾਈ ਕਾਨ੍ਹ ਸਿੰਘ ਦੁਆਰਾ ਸੰਪਾਦਿਤ 'ਅਨੇਕਾਰਥ ਕੋਸ਼' ਦੀ ਸ਼ਬਦ ਸੂਚੀ ਇਸ ਪ੍ਰਕਾਰ ਹੈ :

ਉਡ, ਉਡਪ, ਅਹਿ, ਅਜ, ਅਜਾ, ਅਨੰਤ, ਅਰਜੁਨ, ਅਲ, ਅਲਿ/ਅਲੀ, **ਅਵਤੰਸ,** ਅਵਿ, ਆਤਮਜ, ਆਤਮਾ, **ਆਵਰਣ, ਅੰਬਰ, ਇੰਦ, ਇਭ, ਇਰਾ, ਇਲਾ,** ਇੜਾ, **ਈਸ਼, ਸ਼ੁਕ੍ਰ,** ਸਨੇਹ, ਸਾਰ, ਸਾਰੰਗ, ਸਿਤ, ਸ਼ਿਵ, ਸ਼ਿਵਾ, **ਸ਼ੀਤ, ਸੀਤਾ, ਸ਼ੁਕ੍ਰ, ਸੁਧਾ, ਸੁਮਨ,** ਸੁਮਨਮ, ਸੁਮਨਾ, ਸੁਰਭੀ, **ਸੰਤਾਨ,** ਸੰਬਰ/**ਸੰਵਰ, ਸੇਹ**, ਸ਼ਜਾਮਾ, **ਸਯੰਦਨ, ਸੀ**, ਹਸ, ਹਰਿ, ਹਰਿਦ੍ਰਾ, ਹਰਿਨੀ, ਹਾਰ, ਹੰਸ, ਕਹ, ਕਟ, ਕਟਿ, ਕਨਕ, ਕਬੰਧ, ਕਮਲ, ਕਰ, ਕਰਨ/ਕਰਣ, ਕਲ, ਕਲਪ, ਕਲਭ, ਕਲਾ, ਕਲਾਪ, ਕਲਿ, ਕਾਸਟ/ਕਾਸ਼ਟ, ਕਾਤਰ, ਕਾਤਾਰ, ਕਾਮ, ਕਾਲ, ਕੁਸ਼, ਕੁਜ, ਕੁਟ, ਕੁੰਤ, ਕੁੰਤਲ, ਕੁਥ, ਕੁੰਭ, ਕੁਰੰਗ, ਕੂਟ, ਕੇਤਕੀ, ਕੋਣ, ਕੌਸ਼ਿਕ, ਕੰ/ਕ:, ਕੰਬਲ, ਕੋਬੁ, ਕ੍ਰਿਸ਼ਨ, ਕ੍ਰਿਤਾਂਤ, ਕਯ, ਕੱਦ੍ਰਾ, ਖਗ, ਖਜੂਰ/ਖਰਜੂਰ, ਖਰ, ਖਲ, ਖੜਗ, ਖੰ, ਖੰਡ, ਗਣ, ਗਤਿ, ਗਯ, ਗੁਣ/ਗੁਨ, ਗੁਰੁ, ਗੋ, ਗੋਤ੍ਰ, ਗੋਰੀ, ਘਨ, ਘੋਰ, ਚਕ੍ਰ, ਚਲੁ, ਚੰਦ੍ਰ, ਛੰਦ੍ਰ, ਛਦ੍ਰ ਛਿੰਦ੍ਰ ਤਪ, ਤਮ, ਤਰਕ/ਤਕ, ਤਰਲ, ਤਰੁਣ, ਤਾਤ, ਤਾਰ, ਤਾਲ, ਤੁੰਡ, ਤੁਰੰਗ, ਤੰਤੁ; ਤੰਤ੍ਰ, ਦਕ, ਦਰ, **ਦਰਸ਼ਨ/**ਦਲ, ਦਾਨ, ਦੋਣ, ਦ੍ਵਿਜ, ਧਨੰਜਯ, ਧਰਮ/, ਧਾਤੁ, ਧਾਮ, ਧਾਤ੍ਰਿ/ਧਾਤ੍ਰੀ, ਧਿਸ਼੍ਣ, ਧੀ, ਧ੍ਰੁਵ, ਨਗ, ਨਦ, ਨਭ, ਨਾਗ, ਨਿਸ਼ਾ, ਨੇਤ੍ਰ, ਨੰਦ, ਨੰਦਨ, ਪਕ, ਪਟ, ਪਟੁ, ਪਤੰਗ, ਪਤ੍ਰ, ਪਤ੍ਰੀ, ਪਯ, ਪਯੋਧਰ, ਪਰਿਘ, ਪਲ, ਪਲਾਸ, ਪੁਸ਼ਕਰ, ਪੁੰਡਰੀਕ, ਪੋਤ, ਪੰਥੀ, ਪ੍ਰਸਾਦ, ਪ੍ਰਕ੍ਰਿਤਿ, ਫਲ, ਫਲਗੁਨ, ਬਰਹੀ, ਬਲ ਬਲਾ, ਬਲਿ,ਬਾਣ, ਬਿੰਬ, ਬਾਲ, ਬੁਧ, ਬ੍ਰਹਮ, ਭਗ, ਭਵ, ਭੁਵਨ, ਭੂਧਰ, ਮੰਗ, ਮਤਿ, ਮਧੁ, ਮਾਨ, ਮਾਯਾ, ਮਾਰ, ਮਿਤ੍ਰ, ਮਤ੍ਰ, ਮੰਥੀ, ਮੰਦ, ਯਮ, ਯੰਤ੍ਰ, ਰਸ, ਰਸਨਾ/ਰਸਨਾ, ਰਜ, ਰਤਿ, ਰਾਜੀਵ, ਰੁਦ੍ਰ, ਰੰਭਾ, ਲਘੂ, ਲਤਾ, ਲਵ, ਲਿੰਗ, ਲੋਕ, ਵਸੁ, **ਵਜ੍ਰ**, ਵਨ, **ਵਯ**, ਵਰ, **ਵਰਨ/ਵਰੁਣ/ਭਰੁਨ, ਵਾਜੀ, ਵਾਣ**, ਵਾਮ, ਵਾਰਣ/ਵਾਰਨ, **ਵਾਰੁਣੀ, ਵਿਸ਼, ਵਿਸ਼ਾਦ**, ਵਿਸ਼ਮ, ਵਿਟਪ, ਵਿਧਿ, ਵਿਰੋਚਨ, **ਵੇਲਾ,** ਵਯਾਲ, ਵ੍ਰਿਕ, ਜਿਨ੍ਹਾਂ ਸ਼ਬਦਾਂ **ਹੇਠ ਲਕੀਰ ਦਿੱਤੀ ਗਈ ਹੈ,** ਉਹ ਸਾਰੇ ਭਾਈ ਕਾਨ੍ਹ ਸਿੰਘ ਵੱਲੋਂ ਵਧਾਏ ਹੋਏ ਹਨ ਅਤੇ ਇਸ ਤਰ੍ਹਾਂ ਇਸ ਰਚਨਾ ਦਾ ਆਕਾਰ ਲਗਪਗ ਦੁਗਣਾ ਹੋ ਗਿਆ ਹੈ।

---

23. ਅ. ਕਾ. ਪੰਨਾ 58

4. ਰੂਪ ਦੀਪ ਪਿੰਗਲ

ਲਾਹੌਰ ਦੇ ਜੈ ਕ੍ਰਿਸ਼ਨ ਭੋਜਗੀ ਨੇ 1719 (1776 ਬਿਕ੍ਰਮੀ) ਵਿੱਚ, ਇੱਕ ਛੋਟਾ ਜਿਹਾ ਪਿੰਗਲ ਗ੍ਰੰਥ "ਰੂਪ ਦੀਪ" ਨਾਉਂ ਦਾ ਰਚਿਆ ਸੀ। ਇਹ ਜੈ ਕਿਸ਼ਨ ਪੁਸ਼ਕਰਨਾ ਜਾਤ ਦੇ ਕਟਾਰੀਆ ਗੋਤ ਦਾ ਰਾਜਸਥਾਨੀ ਬ੍ਰਾਹਮਣ ਸੀ। ਇਸਦੇ ਪਿਤਾ ਦਾ ਨਾਮ ਭਵਾਨੀ ਦਾਸ ਅਤੇ ਕਵਿਤਾ ਗੁਰੂ ਦਾ ਕ੍ਰਿਪਾ ਰਾਮ (ਸ਼ਾਇਦ 'ਰਸ ਤਰੰਗਣ' ਦਾ ਲੇਖਕ) ਸੀ। ਇਸ ਗ੍ਰੰਥ ਦਾ ਪੰਜਾਬ ਵਿੱਚ ਬਹੁਤ ਪ੍ਰਚਾਰ ਹੋਇਆ। ਇਸ ਨੂੰ ਛੰਦ-ਸ਼ਾਸਤ੍ਰ ਦੀ ਪਹਿਲੀ ਪੋਥੀ ਅਤੇ 'ਪਾਠ ਪੁਸਤਕ' ਮੰਨਿਆ ਗਿਆ ਸੀ। ਭਾਈ ਕਾਨ੍ਹ ਸਿੰਘ ਦੇ ਸਮੇਂ ਇਹ ਪੁਸਤਕ ਵਿਦਵਾਨ ਪ੍ਰੀਖਿਆ ਦੇ ਪਾਠ ਪੁਸਤਕ ਸੀ। ਭਾਈ ਕਾਨ੍ਹ ਸਿੰਘ ਨੇ, 1920 ਵਿੱਚ, ਕੁਝ ਹੋਰ ਪਿੰਗਲ ਗ੍ਰੰਥਾਂ ਦੇ ਨਾਲ ਨਾਲ, ਇਸ ਪਿੰਗਲ ਦਾ ਉਤਾਰਾ, ਆਪਣੇ ਛੋਟੇ ਭਾਈ—ਬਿਸ਼ਨ ਸਿੰਘ ਪਾਸੋਂ ਕਰਵਾਇਆ ਸੀ।[24] ਇਸੇ ਹੱਥ-ਲਿਖਤ ਵਿੱਚ 'ਸੋਧਿਆ ਹੋਇਆ ਸੰਸਕਰਣ' ਵਿਚਲਾ ਸੋਧਿਆ ਹੋਇਆ ਖਰੜਾ ਵੀ ਸ਼ਾਮਿਲ ਸੀ, ਜਿਸ ਤੋਂ ਸਿੱਧ ਹੁੰਦਾ ਹੈ ਕਿ ਇਸ ਗ੍ਰੰਥ ਨੂੰ ਛਾਪਣ ਤੋਂ ਕਾਫ਼ੀ ਪਹਿਲਾਂ ਹੀ ਸੋਧ ਕੇ ਸੰਪਾਦਿਤ ਕਰ ਲਿਆ ਗਿਆ ਸੀ। ਲਾਹੌਰ ਭਾਈ ਗੁਰਦਿਆਲ ਸਿੰਘ ਐਂਡ ਸਨਜ਼ ਪੁਸਤਕਾਂ ਵਾਲੇ, ਨੇ ਇਹ ਸੋਧਿਆ ਸੰਸਕਰਣ, 1925 ਵਿੱਚ, ਛਾਪਿਆ ਸੀ, ਉਹ 'ਰੂਪ-ਦੀਪ ਭਾਖਾ ਪਿੰਗਲ' ਚਿਰਾਂ ਤੋਂ ਛਾਪਦਾ ਆ ਰਿਹਾ ਸੀ (ਮੇਰੀ ਨਜ਼ਰ ਵਿੱਚੋਂ 1911 ਦਾ ਛਪਿਆ 'ਪਿੰਗਲ ਰੂਪਦੀਪ' ਲੰਘਿਆ ਹੈ, ਜਿਸ ਉੱਤੇ 'ਪਹਿਲੀ ਵਾਰ' ਦੀ ਛਾਪ ਮੌਜੂਦ ਹੈ।) ਇਸ 1911 ਦੇ ਛਪੇ, ਪਿੰਗਲ ਵਿੱਚ ਫੁਟ-ਨੋਟਾਂ ਵਾਂਗ ਕਿਧਰੇ ਕ੍ਰਿਧਰੇ ਔਖੇ ਸ਼ਬਦਾਂ ਦੇ ਅਰਥ ਵੀ ਦਿੱਤੇ ਹੋਏ ਹਨ, ਪਰ, ਭਾਈ ਕਾਨ੍ਹ ਸਿੰਘ ਵਾਂਗ ਸੋਧ ਸੁਧਾਰ ਨਹੀਂ ਕੀਤਾ ਹੋਇਆ। ਇਸ ਗ੍ਰੰਥ ਵਿੱਚ ਕੇਵਲ 52 ਛੰਦਾਂ ਦਾ 'ਰੂਪ' ਦਿਖਾਇਆ ਗਿਆ ਹੈ। ਮੈਨਾਵਲੀ, ਕੁੰਡਲਿਨੀ ਅਤੇ ਰੰਗਿਕਾ ਨੂੰ ਛੱਡ ਕੇ ਬਾਕੀ ਦੇ 49 ਛੰਦਾਂ ਦਾ ਵੇਰਵਾ 'ਗੁਰ ਛੰਦ ਦਿਵਾਕਰ' ਵਿੱਚ ਆ ਗਿਆ ਹੈ। ਸੋਧੀ ਹੋਈ ਪੁਸਤਕ ਦੇ ਮੁੱਢ ਵਿੱਚ ਛੰਦਾਂ ਦਾ, ਛੰਦ-ਪ੍ਰਕਾਰ ਅਨੁਸਾਰ ਅਤੇ ਅੱਖਰ-ਕ੍ਰਮ ਅਨੁਸਾਰ, ਤਤਕਰਾ ਦਿੱਤਾ ਹੈ। ਅਤੇ ਔਖੇ ਸ਼ਬਦਾਂ ਦੇ ਅਰਥ ਫੁਟ-ਨੋਟਾਂ ਵਿੱਚ ਦੇ ਕੇ ਛੰਦਾਂ ਦੀ ਵਿਆਖਿਆ ਕਰਦੇ ਸਮੇਂ ਛੰਦਾਂ ਦੇ ਰੂਪ-ਭੇਦ ਬਾਰੇ ਅਪਣਾ ਮਤ ਵੀ ਦਰਜ ਕੀਤਾ ਹੈ। ਸੰਸ਼ਕ੍ਰਿਤ ਮੂਲ ਦੇ ਸ਼ਬਦਾਂ ਲਈ 'ਗੁਰ ਛੰਦ ਦਿਵਾਕਰ' ਵਾਂਗ ਹੀ ਨਵੇਂ ਚਿੰਨ੍ਹਾਂ ਦੀ ਵਰਤੋਂ ਕੀਤੀ ਹੋਈ ਹੈ।

5. ਠਗ ਲੀਲ੍ਹਾ :

ਸ. ਸ. ਅਸ਼ੋਕ ਨੇ ਇਸ ਰਚਨਾ ਨੂੰ ਵੀ ਛਪਿਆ ਦੱਸਿਆ ਹੈ[25] ਅਤੇ ਪ੍ਰਕਾਸ਼ਨ ਦਾ ਸਾਲ 1927 ਲਿਖਿਆ ਹੈ। ਇਸ ਰਚਨਾ ਵਿੱਚ, ਦਸਮ ਗ੍ਰੰਥ ਵਿੱਚ ਸ਼ਾਮਿਲ, ਚਰਿਤ੍ਰੋਪਾਖਯਾਨ ਵਿੱਚਲਾ 266ਵਾਂ ਚਰਿਤ੍ਰ ਦਰਜ ਹੈ। ਇਸ ਵਿੱਚ, ਇੱਕ ਰਾਜਕੁਮਾਰੀ ਵਲੋਂ, ਇੱਕ ਵੈਸ਼ਣਵ ਬ੍ਰਾਹਮਣ ਦੇ ਮਹਾਕਾਲ-ਮੱਤ ਵਿੱਚ, ਛਲ ਨਾਲ ਪ੍ਰਵੇਸ਼ ਕਰਵਾਏ ਜਾਣ ਦੀ ਕਥਾ ਹੈ। ਇਹ ਮਹਾਕਾਲ ਪੂਜਾ ਦਾ ਮਤ, ਉਜੈਨ ਦੇ ਮਹਾਕਾਲ ਮੰਦਿਰ ਦੇ ਪੁਜਾਰੀਆਂ ਵਾਲਾ,

25. ਅ. ਕਾ. ਪੰਨਾ 61

ਇੱਕ ਪ੍ਰਕਾਰ ਦਾ ਵੀਰ-ਸ਼ੈਵ ਮਤ ਹੈ। ਇਹ ਚਰਿਤ੍ਰ ਦੋ ਤਿਨ ਬਾਰ ਗੁਰਮੁਖੀ ਅੱਖਰਾਂ ਵਿੱਚ, ਵੱਖ ਵੱਖ ਪ੍ਰਕਾਸ਼ਕਾਂ ਵਲੋਂ ਛਾਪਿਆ ਗਿਆ ਮਿਲਦਾ ਹੈ। ਅਜਿਹਾ ਇੱਕ ਗੁਰਮੁਖੀ ਉਤਾਰਾ ਜੋ ਬੋਲੀ (ਟੀਕੇ ਦੀ) ਅਤੇ ਵਿਰਾਮ ਚਿੰਨ੍ਹਾਂ ਦੀ ਸ਼ੈਲੀ ਦੇ ਪੱਖੋਂ ਭਾਈ ਕਾਨ੍ਹ ਸਿੰਘ ਦੀ ਕਾਮੇ ਅਤੇ ਫੁਲ ਸਟਾਪ ਆਦਿ ਵਰਤਣ ਦੀ ਰੀਤ, ਨਾਲ ਮਿਲਦਾ ਜੁਲਦਾ ਹੈ, ਪੋਹ ਸੁਦੀ, ਨਾਨਕਸ਼ਾਹੀ ਸੰਮਤ 430 (ਜੋ 1899 ਈ. ਬਣਦਾ ਹੈ) ਨੂੰ ਵਜ਼ੀਰ ਹਿੰਦ ਪ੍ਰੈਸ ਅਮ੍ਰਿਤਸਰ ਤੋਂ ਛਪਿਆ ਸੀ। ਇਸ ਸੰਸਕਰਣ ਦੇ ਮੁੱਢ ਵਿੱਚ ਜੋ ਸੰਖੇਪ ਜਿਹੀ ਭੂਮਿਕਾ ਹੈ, ਉਸਦੇ ਅੰਤ ਉਤੇ ਲੇਖਕ ਦੇ ਨਾਉਂ ਦੀ ਥਾਂ ਭਾ. ਬ. ਸ. ਨ. ਨ. ਦਰਜ ਹੈ, ਜੋ ਭਾਈ ਬਿਸ਼ਨ ਸਿੰਘ ਨਾਭਾ ਨਿਵਾਸੀ ਦਾ ਸੰਖੇਪ ਲੇਖਨ ਕਿਹਾ ਜਾ ਸਕਦਾ ਹੈ, ਇਹ ਭਾਈ ਕਾਨ੍ਹ ਸਿੰਘ ਦੇ ਛੋਟੇ ਭਾਈ ਸਨ, ਅਤੇ 1899 ਵਿੱਚ 26 ਵਰ੍ਹੇ ਦੇ ਨੌਜਵਾਨ ਸਨ, ਬੋਲੀ, ਸ਼ੈਲੀ ਦਾ ਸਰੂਪ ਜਾਣਨ ਲਈ ਅੰਤਿਮ ਸਫ਼ੇ ਦਾ ਇੱਕ ਫ਼ੁਟ-ਨੋਟ ਸਹਾਇਕ ਹੋਵੇਗਾ :

> "ਯੇਹ ਮਤ ਅਥਵਾ ਖਯਾਲ ਰਾਜਕੁਮਾਰੀ ਕਾ ਥਾ ਕਿ ਮਹਾਕਾਲ ਕੇ ਸੇਵਕੋਂ ਕੋ ਧਰਮ-ਰੀਤੀ ਅਨੁਸਾਰ ਮਦਿਰਾ ਔਰ ਭਾਂਗ ਪੀਨੀ ਚਾਹੀਏ, ਇਸ ਸੇ ਖ਼ਾਲਸਾ ਭਾਈ ਕਹੀ ਅਪਨੇ ਧਰਮ ਕਾ (ਸ਼ਰਾਬ ਪੀਨਾ) ਅਸੂਲ ਨ ਸਮਝ ਲੇਂ, ਹਮਾਰੇ ਮਤ ਮੇਂ ਸ਼ਰਾਬ ਔਰ ਭੰਗ ਆਦਿਕ ਕਾ ਪੀਨਾ ਬਿਧਾਨ ਨਹੀਂ, ਐਸ਼ਦੀ (ਛਪੀ ਅਖਰੀ ਇਹੋ ਹੈ) ਕੀ ਰੀਤ ਸੇ ਅਥਵਾ ਕਿਸੀ ਖਾਸ ਜ਼ਰੂਰਤ ਸੇ ਪੀਨੇ ਕਾ ਨਿਸ਼ੇਧ ਭੀ ਨਹੀਂ।"[26]

ਇਸ ਆਧਾਰ ਤੇ ਇਹ ਭਾਈ ਕਾਨ੍ਹ ਸਿੰਘ ਦੀ ਰਚਨਾ ਨਹੀਂ ਸਿੱਧ ਹੁੰਦੀ। ਦੇਵਨਾਗਰੀ ਵਿੱਚ ਛਪਿਆ ਰੂਪ ਦੇਖਣ ਨੂੰ ਨਹੀਂ ਮਿਲ ਸਕਿਆ।

6. ਉਕਤਿ ਬਿਲਾਸ :

ਸ. ਸ. ਅਸ਼ੋਕ ਦੇ ਕਥਨ ਅਨੁਸਾਰ ਭਾਈ ਕਾਨ੍ਹ ਸਿੰਘ ਨੇ, 1927 ਵਿੱਚ, ਦੇਵਨਾਗਰੀ ਅਖਰਾਂ ਵਿੱਚ, ਦਸਮ ਗ੍ਰੰਥ ਵਿੱਚੋਂ ਚੰਡੀ ਚਰਿਤ੍ਰ ਉਕਤਿ ਬਿਲਾਸ ਪ੍ਰਕਾਸ਼ਿਤ ਕਰਵਾਇਆ ਸੀ।[27] ਭਾਈ ਸਾਹਿਬ ਦੇ ਨਾਉਂ ਹੇਠ ਛਪਿਆ) ਇਸ ਨਾਉਂ ਦਾ ਕੋਈ ਗ੍ਰੰਥ ਮੈਨੂੰ ਨਹੀਂ ਮਿਲ ਸਕਿਆ ਪਰ, ਉਕਤਿ ਬਿਲਾਸ' ਨਾਉਂ ਵਾਲੀ, ਦੇਵਨਾਗਰੀ ਅੱਖਰਾਂ ਵਿੱਚ ਛਪੀ ਪੁਸਿਤਕਾ ਜ਼ਰੂਰ ਮਿਲੀ ਹੈ।[28] ਜੋ ਠਾਕੁਰ ਦਾਸ ਐਂਡ ਸਨਜ਼, ਦਿੱਲੀ, ਰਾਹੀਂ, 1927 ਵਿੱਚ, ਛਾਪੀ ਗਈ ਸੀ। ਇਹ ਪੁਸਤਕ ਕ੍ਰਾਊਨ ਸਾਈਜ਼ ਦੇ ਅੱਠ-ਤਹਿ ਆਕਾਰ ਦੇ 41 ਸਫ਼ਿਆਂ ਉੱਤੇ, ਬੜੇ ਵਧੀਆ ਸੁਥਰ ਆਰਟ-ਪੇਪਰ ਉੱਤੇ ਛਪੀ ਹੋਈ ਹੈ। ਕਿਧਰੇ ਕਿਧਰੇ ਅਉਖੇ ਸ਼ਬਦਾਂ ਦੇ ਅਰਥ ਭੀ ਫ਼ੁਟ-ਨੋਟਾਂ ਵਿੱਚ ਦਿੱਤੇ ਹੋਏ ਹਨ। ਕਿਸੇ ਸੰਪਾਦਕ ਦਾ ਨਾਉਂ ਪੁਸਤਕ ਉੱਤੇ ਕਿਧਰੇ ਨਹੀਂ ਛਾਪਿਆ ਹੋਇਆ, ਪਰੰਤੂ ਮੁਖ-ਬੰਦ ਵਾਲੇ ਪੰਨੇ ਉੱਤੇ ਇਹ ਸੂਚਨਾ ਦਿੱਤੀ ਹੋਈ ਹੈ :

26. ਠਗ ਲੀਲਾ, ਪੰਜਾਬੀ ਯੂਨੀਵਰਸਿਟੀ ਲਾਇਬਰੇਰੀ, ਭਾਈ ਕਾਨ੍ਹ ਸਿੰਘ ਸੰਗ੍ਰਹਿ।

27. ਅ. ਕਾ. ਪੰਨਾ 10.

28. ਪੰਜਾਬੀ ਯੂਨੀਵਰਸਿਟੀ ਲਾਇਬਰੇਰੀ, ਭਾਈ ਕਾਨ੍ਹ ਸਿੰਘ ਸੰਗ੍ਰਹਿ

"ਅਨੇਕ ਕਾਵਯ ਪ੍ਰੇਮੀਓਂ ਕੀ ਪ੍ਰਾਰਥਨਾ ਕਰਨੇ ਪਰ ਸ੍ਰੀ 108 ਮਹਾਰਾਜ ਧਿਰਾਜ ਸਰ ਭੂਪੇਂਦਰ ਸਿੰਘ ਮਹੇਂਦ੍ਰ ਬਹਾਦੁਰ ਪਟਿਆਲਾ ਪਤਿ—ਜੋ ਵਿਦਯਾ ਕੇ ਅਨੰਤ ਪ੍ਰੇਮੀ ਹੈਂ—ਨੇ ਦਸਮ ਸਦਗੁਰੂ ਜੀ ਕੇ ਮਨੋਹਰ ਕਾਵਯ ਕਾ ਯਹ ਏਕ ਭਾਗ ਹਿੰਦੀ ਅਕਸ਼ਰੋਂ ਮੇਂ ਛਪਵਾਨੇ ਕਾ ਉਪਕਾਰ ਕੀਯਾ ਹੈ।"[29]

ਇਹ ਕੋਈ ਅਣੋਖੀ ਜਾਂ ਅਣਹੋਣੀ ਗੱਲ ਨਹੀਂ ਕਿ ਇਸ ਰਚਨਾ ਦਾ ਲਿਪੀ-ਬਦਲਣ ਦਾ ਕੰਮ ਭਾਈ ਕਾਨ੍ਹ ਸਿੰਘ ਨੇ ਕੀਤਾ ਹੋਵੇ। ਪਰੰਤੂ ਭਾਈ ਸਾਹਿਬ ਦੀ ਵਿਦਵਤਾ ਤੋਂ ਇਹ ਆਸ ਕੀਤੀ ਜਾ ਸਕਦੀ ਸੀ ਕਿ ਜੇਕਰ ਇਹ ਕਾਰਜ ਉਨ੍ਹਾਂ ਦੇ ਹੱਥੀਂ ਉਨ੍ਹਾਂ ਦੀ ਕਿਸੇ ਅਪਣੀ ਯੋਜਨਾ ਅਨੁਸਾਰ ਸਿਰੇ ਚੜ੍ਹਿਆ ਹੁੰਦਾ ਤਾਂ ਹਿੰਦੀ ਪਾਠਕਾਂ ਨੂੰ ਸਿੱਖ ਦ੍ਰਿਸ਼ਟੀ-ਕੋਣ ਸਪਸ਼ਟ ਕਰਨ ਬਾਰੇ ਕੁਝ ਵਿਸਤਾਰ ਵਾਲੇ ਫ਼ੁਟ-ਨੋਟ ਜ਼ਰੂਰ ਇਸ ਰਚਨਾ ਵਿੱਚ ਸ਼ਾਮਿਲ ਕੀਤੇ ਗਏ ਹੁੰਦੇ, ਪਰ ਅਜਿਹਾ ਨਹੀਂ ਹੋਇਆ, ਨਾ ਹੀ ਇਸ ਵਿੱਚ ਭਾਈ ਕਾਨ੍ਹ ਸਿੰਘ ਦੀਆਂ ਹੋਰਨਾਂ ਰਚਨਾਵਾਂ ਵਾਂਗ ਅੰਗ੍ਰੇਜ਼ੀ ਵਾਲੇ ਵਿਸ੍ਰਾਮ-ਚਿੰਨ੍ਹ (ਕੌਮਾ ਅਤੇ ਫ਼ੁਲਸਟਾਪ, ਆਦਿ ਦੀ ਵਰਤੋਂ ਹੋਈ ਹੈ।) ਇਸ ਲਈ ਇਸਦੇ ਭਾਈ ਕਾਨ੍ਹ ਸਿੰਘ ਦੁਆਰਾ ਸੰਪਾਦਿਤ ਹੋਣ ਵਿੱਚ ਸੰਦੇਹ ਦੀ ਗੁੰਜਾਇਸ਼ ਹੈ। ਹਾਂ ਇਸ ਵਿੱਚ ਭਾਈ ਕਾਨ੍ਹ ਸਿੰਘ ਵਾਲੇ-ਕੁਝ ਟਾਈਪ-ਚਿੰਨ੍ਹ ਜ਼ਰੂਰ ਵਰਤੇ ਮਿਲਦੇ ਹਨ।

7. ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼ :

ਇਸ ਦੌਰ ਦੇ ਪਿੱਛੇ ਗਿਣਾਏ ਗਏ ਸਾਰੇ ਗ੍ਰੰਥ ਕਿਸੇ ਨਾ ਕਿਸੇ ਰੂਪ ਵਿੱਚ, 'ਗੁਰੂ ਸ਼ਬਦ ਰਤਨਾਕਰ ਮਹਾਨਕੋਸ਼' ਵਿੱਚ ਖਪਾ ਲਏ ਗਏ ਹਨ ਅਤੇ ਉਸ ਤੋਂ ਵੀ ਵਧੇਰੇ ਹੋਰ ਬਹੁਤ ਕੁਝ ਸਾਮੱਗ੍ਰੀ ਜਿਹਾ ਕਿ ਭਾਈ ਗੁਰਦਾਸ ਤੋਂ ਪਿੱਛੋਂ ਦਾ ਸਿੱਖ ਸਾਹਿਤ, ਸਾਰਾ ਸਿੱਖ ਇਤਿਹਾਸ, ਸਿੱਖ ਸੰਗੀਤ ਅਤੇ ਇਨ੍ਹਾਂ ਦੇ ਨਾਤੇ ਪੰਜਾਬੀ ਜੀਵਨ ਦੇ ਅਨੇਕ ਪੱਖਾਂ ਨਾਲ ਸੰਬੰਧਿਤ ਸ਼ਬਦਾਵਲੀ, ਸਿੱਖ ਗੁਰਦੁਆਰਿਆਂ ਬਾਰੇ ਭਰਪੂਰ ਜਾਣਕਾਰੀ, ਵੈਦਿਕ ਅਤੇ ਜਜੋਤਿਸ਼ ਸੰਬੰਧੀ ਲਿਖਤ ਰਾਹੀਂ ਦੱਸੀ ਜਾਣ ਜੋਗੀ ਸੂਝਦਾਰੀ ਅਨੇਕਾਂ ਸ਼ਬਦਾਂ ਦੇ ਪ੍ਰਯਾਯ, ਵਿਉਤਪਤੀ ਅਤੇ ਵਿਆਕਰਣਕ ਜਾਣਕਾਰੀ, ਭਾਰਤੀ ਦਰਸ਼ਨ, ਸ਼ਾਸ਼ਤ੍ਰ, ਧਰਮ ਅਤੇ ਸਾਹਿਤ ਦੇ ਅਨੇਕ ਤੱਤਾਂ ਦਾ ਲੋੜ ਜੋਗਾ ਗਿਆਨ ਆਦਿ ਸ਼ਾਮਿਲ ਹੈ।

ਭਾਈ ਕਾਨ੍ਹ ਸਿੰਘ ਵੱਲੋਂ ਇੱਕ ਕੋਸ਼ ਦੀ ਤਿਆਰੀ ਦਾ ਕੰਮ 1900 ਵਿੱਚ ਹੀ ਸ਼ੁਰੂ ਹੋ ਗਿਆ ਸੀ। ਉਸ ਕੋਸ਼ ਵਿੱਚ ਭਾਈ ਕਾਨ੍ਹ ਸਿੰਘ ਦਾ ਮਨਸ਼ਾ ਪੰਡਿਤ ਤਾਰਾ ਸਿੰਘ 'ਨਰੋਤਮ' ਦੇ 1898 ਵਿੱਚ ਛਪੇ 'ਗਰ ਗਿਰਾਰਥ ਕੋਸ਼' ਅਤੇ 1900 ਵਿੱਚ ਭਾਈ ਹਜ਼ਾਰਾ ਸਿੰਘ (ਭਾਈ ਵੀਰ ਸਿੰਘ ਜੀ) ਦੇ ਨਾਨਾ ਦੁਆਰਾ ਰਚੇ ਗਏ "ਸ੍ਰੀ ਗੁਰੂ ਗ੍ਰੰਥ ਕੋਸ਼" ਵਿੱਚ ਦਰਜ ਹੋਣੋਂ ਰਹਿ ਗਏ ਸ਼ਬਦਾਂ ਨੂੰ ਸ਼ਾਮਿਲ ਕਰਕੇ ਅੱਖਰ ਤਥਾ ਮਾਤ੍ਰਾ ਕ੍ਰਮ ਅਨੁਸਾਰ ਸ਼ਬਦ ਜੋੜ ਕੇ, ਇੱਕ ਉੱਤਮ ਕੋਸ਼ ਲਿਖਣ ਦਾ ਸੀ। ਇਹ ਨਿਸ਼ਚੇ ਨਾਲ ਨਹੀਂ ਕਹਿਆ ਜਾ ਸਕਦਾ ਕਿ ਉਸ ਸਮੇਂ ਇੱਕ ਉੱਤਮ ਕੋਸ਼ ਦਾ ਸੰਕਲਪ ਭਾਈ ਕਾਨ੍ਹ ਸਿੰਘ ਦੀ ਨਜ਼ਰ ਵਿੱਚ ਕੀ ਕੁੱਝ ਸੀ। ਗੁਰੂ ਗ੍ਰੰਥ ਸਾਹਿਬ ਦੇ ਰਹਿੰਦੇ

---

29. ਉਹੀ

ਸ਼ਬਦ ਇਕੱਤ੍ਰ ਕਰਨ ਵਿੱਚ ਪੰਜ ਵਰ੍ਹੇ ਦਾ ਸਮਾਂ ਬੀਤ ਗਿਆ । ਸ਼ਬਦ-ਸੰਕਲਨ ਉਪਰੰਤ ਜਦੋਂ ਸ਼ਬਦਾਂ ਨੂੰ ਅੱਖਰ-ਮਾਤ੍ਰਾ ਕ੍ਰਮ ਅਨੁਸਾਰ ਬੀੜਨ ਦਾ ਕੰਮ ਕਰਦੇ ਸਮੇਂ ਭਾਈ ਕਾਨ੍ਹ ਸਿੰਘ ਦਾ ਧਿਆਨ 'ਐਨਸਾਈਕਲੋਪੇਡੀਆ[1] ਬ੍ਰਿਟਾਨਿਕਾ ਵੱਲ ਪ੍ਰੇਰਿਆ ਗਿਆ ਤਾਂ ਉਨ੍ਹਾਂ ਨੂੰ ਇੱਕ ਆਦਰਸ਼ ਹੱਥ ਆ ਗਿਆ। ਭਾਈ ਕਾਨ੍ਹ ਸਿੰਘ ਦਾ ਵਿਚਾਰ ਬਣ ਗਿਆ ਕਿ ਕੇਵਲ ਗੁਰੂ ਗ੍ਰੰਥ ਸਾਹਿਬ ਵਿੱਚਲੀ ਬਾਣੀ ਦਾ ਕੋਸ਼ ਤਿਆਰ ਕਰਨ ਦੀ ਥਾਵੇਂ ਸਿਖ ਸਾਹਿਤ ਦਾ ਇੱਕ ਅਜਿਹਾ ਕੋਸ਼ ਤਿਆਰ ਕੀਤਾ ਜਾਵੇ 'ਜਿਸ ਵਿੱਚ ਸਾਰੇ ਸਿੱਖ ਮਤ ਸੰਬੰਧੀ ਗ੍ਰੰਥਾਂ ਦੇ ਸਰਵ ਪ੍ਰਕਾਰ ਦੇ ਸ਼ਬਦਾਂ ਦਾ ਯੋਗ ਜ ਰੀਤ ਨਾਲ ਨਿਰਣਾ ਕੀਤਾ ਜਾਵੇ।'[2] 'ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼' ਉਸੇ ਵਿਚਾਰ ਨੂੰ ਲੱਗਾ ਫਲ ਹੈ।

ਪੰਜਾਬੀ ਵਿੱਚ ਅਜਿਹੀ ਨਵੇਕਲੀ ਰਚਨਾ ਦੀ ਤਿਆਰੀ ਵਿੱਚ ਪੰਜ ਵਰ੍ਹੇ ਹੋਰ ਆਧਾਰ ਗ੍ਰੰਥਾਂ ਨੂੰ ਪੜ੍ਹਣ, ਵਿਚਾਰਨ ਅਤੇ ਨੋਟ ਲੈਣ ਵਿੱਚ ਲੰਘ ਗਏ । ਇਸ ਵਿੱਚਕਾਰ ਜੀਵਨ ਦੇ ਖੇਤਰ ਅੰਦਰ ਕਈ ਉਤਾਰ-ਚੜ੍ਹਾ ਆਏ-ਬੀਤੇ ਹੋ ਗਏ। ਆਖਿਰ 1912 ਵਿੱਚ ਰਿਆਸਤ ਦੀ ਅਹਿਲਕਾਰੀ ਦਾ ਬੋਝ ਸਿਰੋਂ ਲੱਥਾ ਅਤੇ 20 ਮਈ, 1912 ਨੂੰ ਇਸ ਰਚਨਾ ਦੇ ਲਿਖੇ ਜਾਣ ਦੀ ਅਸਲ ਕ੍ਰਿਆ ਆਰੰਭ ਹੋਈ; ਅੰਤ 6 ਫ਼ਰਵਰੀ, 1926 ਨੂੰ ਛਪਾਈ ਲਈ ਸੰਪੂਰਨ ਖਰੜਾ ਤਿਆਰ ਹੋ ਗਿਆ, ਪਰੰਤੂ ਉਸ ਸਮੇਂ ਤਕ, ਰਾਜਾ ਸਾਹਿਬ ਫ਼ਰੀਦਕੋਟ ਅਤੇ ਮਹਾਰਾਜਾ ਨਾਭਾ, ਜੋ ਇਸ ਗ੍ਰੰਥ ਦੀ ਛਪਾਈ ਵਿੱਚ ਸਹਾਇਤਾ ਦੇ ਸਕਦੇ ਸਨ, ਸਿਰ ਤੇ ਨਾ ਰਹੇ। ਰਾਜਾ ਸਾਹਿਬ ਫ਼ਰੀਦਕੋਟ ਸੁਰਗਵਾਸੀ ਹੋ ਚੁੱਕੇ ਸਨ ਅਤੇ ਮਹਾਰਾਜਾ ਨਾਭਾ ਗੱਦੀਓਂ ਲੱਥ ਚੁੱਕੇ ਸਨ। ਮਹਾਰਾਜਾ ਨਾਭਾ ਵੱਲੋਂ ਜੋ ਸਹਾਇਤਾ ਦੇਣ ਦਾ ਵਚਨ ਦਿੱਤਾ ਹੋਇਆ ਸੀ, ਅਤੇ ਜਿਸਦੇ ਪ੍ਰਮਾਣ ਵੀ ਮੌਜੂਦ ਸਨ, ਉਹ ਵੀ ਨਾ ਮਿਲ ਸਕੀ। ਮਹਾਰਾਜੇ ਦੇ ਗੱਦੀ ਛੱਡ ਜਾਣ ਪਿੱਛੋਂ, ਰਿਆਸਤ ਦੇ ਅੰਗ੍ਰੇਜ਼ ਪ੍ਰਬੰਧਕ ਨੇ ਖ਼ਜਾਨੇ ਵਿੱਚ ਤੰਗੀ ਦਾ ਬਹਾਨਾ ਪਾ ਕੇ, ਪੱਲਾ ਛੁੜਾ ਲਿਆ।[3]

ਕੁਝ ਕੁ ਮਹੀਨੇ ਦੀ ਪਰੇਸ਼ਾਨੀ ਉਪਰੰਤ, ਕੁਝ ਮਿੱਤ੍ਰਾਂ ਦੀ ਸਲਾਹ ਨਾਲ, ਇਹ ਫ਼ੈਸਲਾ ਹੋਇਆ ਕਿ ਕੋਸ਼ ਦੇ ਕੁਝ ਪੱਤਰੇ ਨਮੂਨੇ ਦੀ ਕਾਪੀ ਦੇ ਰੂਪ ਵਿਚ ਛਾਪੇ ਜਾਣ। ਇਹ ਨਮੂਨੇ ਦੀ ਕਾਪੀ 1000 ਛਾਪ ਕੇ ਮੁਫ਼ਤ ਵੰਡੀ ਗਈ, ਅਖ਼ਬਾਰਾਂ ਵਿੱਚ ਵੀ ਇਸ਼ਤਿਹਾਰ ਦਿੱਤੇ ਗਏ। ਸਕੀਮ ਇਹ ਸੀ ਕਿ 500 ਕਾਪੀਆਂ ਲਈ ਐਡਵਾਂਸ ਆਰਡਰ ਬੁੱਕ ਕੀਤੇ ਜਾਣ, ਇਨ੍ਹਾਂ ਗਾਹਕਾਂ ਤੋਂ ਅੱਧੀ ਕੀਮਤ ਪੇਸ਼ਗੀ ਲਈ ਜਾਵੇ ਅਤੇ ਇਸ ਤਰ੍ਹਾਂ ਹਾਸਿਲ ਹੋਈ ਰਕਮ ਨਾਲ ਗ੍ਰੰਥ ਦੀ ਛਪਾਈ ਅਰੰਭੀ ਜਾਵੇ। ਪਰ, ਨੌਂ ਮਹੀਨੇ ਭੱਜ ਨੱਠ ਕਰਨ ਉਪ੍ਰੰਤ ਕੁਲ 200 ਕਾਪੀਆਂ ਦੇ ਆਰਡਰ ਬੁੱਕ ਕੀਤੇ ਜਾ ਸਕੇ, ਜਿਨ੍ਹਾ ਵਿੱਚੋਂ ਵੀ 90 ਕਾਪੀਆਂ ਦਾ ਆਰਡਰ ਇੱਕੋ ਗਾਹਕ (ਸਰਦਾਰ ਬਹਾਦਰ ਧਰਮ ਸਿੰਘ, ਠੇਕੇਦਾਰ) ਵੱਲੋਂ ਆਇਆ ਸੀ। ਇਹ ਸਥਿਤੀ ਕੋਈ ਉਤਸ਼ਾਹਜਨਕ ਨਹੀਂ ਸ਼ੀ, ਪਰ ਢੇਰੀ ਢਾਹੁਣੀ ਵੀ ਹੁਣ ਕਠਿਨ ਹੀ ਸੀ।

1. ਮ ਕੋ. ਭੂਮਿਕਾ, ਪੰਨਾ 'ਏ'
2. ਉਹੀ
3. ਉਹੀ

ਆਖ਼ਿਰ ਇੱਕ ਵਾਰੀ ਮੁੜ ਸਿੱਖ ਰਈਸਾਂ ਦੇ ਦਰ ਖੜਕਾਉਣ ਦੀ ਲੋੜ ਪਈ। ਸਾਰਿਆਂ ਨੂੰ ਚਿੱਠੀ ਲਿਖ ਕੇ ਬੇਨਤੀ ਕਰਨੀ ਪਈ ਕਿ ਉਹ ਘੱਟੋ ਘੱਟ 300 ਕਾਪੀ ਖ਼ਰੀਦ ਕੇ, ਇਸ ਮਹੱਤਵ ਪੂਰਣ ਕੰਮ ਦੇ ਨੇਪਰੇ ਚਾੜ੍ਹਨ ਵਿੱਚ ਸਹਾਇਤਾ ਕਰਨ। ਮਹਾਰਾਜਾ ਪਟਿਆਲਾ ਨੇ, 1 ਅਕਤੂਬਰ 1927 ਨੂੰ, ਇਸ ਗ੍ਰੰਥ ਦੀ ਛਪਾਈ ਦਾ ਸਾਰਾ ਖ਼ਰਚਾ ਦੇਣਾ ਕਬੂਲ ਲਿਆ ਅਤੇ 26 ਅਕਤੂਬਰ, 1927 ਨੂੰ ਆਖ਼ਿਰ ਇਸ ਗ੍ਰੰਥ ਦੀ ਛਪਾਈ ਦਾ ਕੰਮ ਸ਼ੁਰੂ ਹੋ ਗਿਆ।

ਕਰੀਬ ਢਾਈ ਵਰ੍ਹੇ ਛਪਾਈ ਨੂੰ ਲੱਗੇ ਅਤੇ 1100 ਕਾਪੀ ਛਾਪਣ ਉੱਤੇ 18,700/- ਰੁਪਏ ਖ਼ਰਚ ਆਏ। ਰਿਆਸਤ ਪਟਿਆਲਾ ਨੇ ਇਸ ਪੁਸਤਕ ਨੂੰ ਲਾਗਤ ਦੇ ਭਾ ਵੇਚਣ ਦਾ ਫ਼ੈਸਲਾ ਕੀਤਾ, ਪਰ ਉਸ ਸਮੇਂ ਦੇ ਹਾਲਾਤ ਦੇ ਮੁਤਾਬਿਕ ਪੰਜਾਬੀ ਦੀ ਚਾਰ ਜਿਲਦਾਂ ਦੀ ਕੀਮਤ 170/- ਰੁ ਸਾਧਾਰਣ ਹੈਸੀਅਤ ਦੇ ਪਾਠਕਾਂ ਦੇ ਵਿਤ ਦੀ ਨਹੀਂ ਕਹੀ ਜਾ ਸਕਦੀ ਸੀ। ਇਹ ਸੰਸਕਰਣ ਖ਼ੂਬ ਪ੍ਰਸਿੱਧ ਹੋ ਜਾਣ ਦੇ ਬਾਵਜੂਦ, 20 ਵਰ੍ਹਿਆਂ ਵਿੱਚ, ਸਾਰਾ ਵਿਕ ਨਾ ਸਕਿਆ। ਇਸ ਮੱਠੀ ਵਿਕਰੀ ਦੇ ਕਾਰਨਾਂ ਵਿੱਚ ਉੱਚੀ ਕੀਮਤ ਦੇ ਨਾਲ ਨਾਲ ਰਿਆਸਤ ਦੀ ਵਿਕਰੀ ਪ੍ਰਣਾਲੀ ਦੀਆਂ ਗੁੰਝਲਾਂ ਦਾ ਵੀ ਚੋਖਾ ਦਖ਼ਲ ਰਿਹਾ ਸੀ, ਕਹਿਣ ਵਿੱਚ ਸੰਕੋਚ ਨਹੀਂ ਅਨੁਭਵ ਹੁੰਦਾ, ਕਿਉਂਕਿ 1955 ਵਿੱਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ, ਇਸ ਗ੍ਰੰਥ ਦੀ ਛਪਾਈ ਅਤੇ ਵਿਕਰੀ ਦਾ ਕੰਮ ਸਾਂਭ ਲੈਣ ਪਿੱਛੋਂ ਇਸ ਦੇ ਤਿੰਨ ਹੋਰ ਸੰਸਕਰਣ ਛਪ ਕੇ ਵਿਕ ਚੁੱਕੇ ਹਨ। ਚੌਥਾ ਪ੍ਰਕਾਸ਼ਿਤ ਹੋ ਗਿਆ ਹੈ।

ਦੂਜੀ ਵਾਰ ਜੋ ਸੰਸਕਰਣ ਛਾਪਿਆ ਗਿਆ, ਉਹ ਕਈ ਗੱਲਾਂ ਵਿੱਚ ਆਪਣੀ ਕਿਸਮ ਦਾ ਆਪ ਸੀ। ਇਸ ਸੰਸਕਰਣ ਨੂੰ ਸਰਵੇ ਆਫ਼ ਇੰਡੀਆ ਪ੍ਰੈਸ ਦੇ ਟੈਕਨੀਕਲ ਸਟਾਫ਼ ਦੀ ਸਹਾਇਤਾ ਨਾਲ, ਫ਼ੋਟੋ ਆਫ਼-ਸੈੱਟ ਪਲੇਟਾਂ ਉੱਤੇ ਚਹੁੰ ਸਫ਼ਿਆਂ ਦੇ ਉਤਾਰੇ ਨੂੰ ਇੱਕ ਸਫ਼ੇ ਵਿੱਚ ਸਮੋ ਕੇ ਛਾਪਿਆ ਗਿਆ ਸੀ। ਇਸ ਸੰਕੋਚਵੇਂ ਸੰਸਕਰਣ ਦੀ ਕੀਮਤ ਵੀ 25/- ਤੋਂ 30/- ਵਿਚਕਾਰ ਰੱਖਣ ਦਾ ਵਿਚਾਰ ਸੀ ਪਰੰਤੂ 1957 ਵਿੱਚ ਪਟਿਆਲਾ ਅਤੇ ਪੂਰਬੀ ਪੰਜਾਬ ਦੀਆਂ ਰਿਆਸਤਾਂ ਦੀ ਯੂਨੀਅਨ ਦੇ ਪੰਜਾਬ ਵਿੱਚ 'ਲਯ' ਕਰ ਦਿੱਤੀ ਗਈ। ਛਪਾਈ 1960 ਤਕ ਪੂਰੀ ਨਾ ਹੋ ਸਕੀ ਅਤੇ ਕੀਮਤ ਵੀ 44/- ਰੱਖਣੀ ਪੈ ਗਈ। ਇਸ ਸੰਸਕਰਣ ਵਿੱਚ ਭਾਈ ਕਾਨ੍ਹ ਸਿੰਘ ਦੁਆਰਾ 1930 ਤੋਂ 1938 ਤਕ ਕੀਤੇ ਵਾਧੇ ਅਤੇ ਸ. ਸ਼ਮਸ਼ੇਰ ਸਿੰਘ 'ਅਸ਼ੋਕ' ਦਾ ਲਿਖਿਆ ਭਾਈ ਕਾਨ੍ਹ ਸਿੰਘ ਦਾ ਸੰਖਿਪਤ ਜੀਵਨ ਵੀ ਛਪਾਈ ਸਮੇਂ ਸ਼ਾਮਿਲ ਕਰ ਲਿਆ ਗਿਆ। ਤੀਜਾ ਸੰਸਕਰਣ 1974 ਵਿੱਚ ਛਪਿਆ। ਇਸ ਵਿੱਚ ਚਾਰ ਕਾਲਮੀ ਪੰਨੇ ਦੀ ਥਾਵੇਂ ਤਿੰਨ ਕਾਲਮੀ ਪੰਨਾ ਕਰ ਲਿਆ ਗਿਆ। ਇਹ ਸੰਸਕਰਣ ਛੋਟੇ ਆਕਾਰ ਦਾ (Crown ਚੁਪਤੀਆ ਦੇ) 1247+6 ਪੰਨਿਆਂ ਦਾ ਛਪਿਆ ਅਤੇ ਇਸ ਦੀ ਕੀਮਤ ਵੀ ਕਾਗਜ਼ ਦੀ ਮਹਿੰਗਾਈ ਦੇ ਬਾਵਜੂਦ, ਘਟਾ ਕੇ 28/- ਕਰ ਦਿੱਤੀ ਗਈ। ਅੱਜ ਇਹ ਵੱਡਮੁੱਲੀ ਰਚਨਾ, ਲਗਭਗ, ਹਰ ਸੁੱਚਜੇ ਪਾਠਕ ਦੇ ਸੰਗ੍ਰਹਿ ਦਾ ਸ਼ਿੰਗਾਰ ਬਣ ਚੁੱਕੀ ਹੈ। ਮਹਿੰਗਾਈ ਕਾਰਨ ਚੌਥੇ ਸੰਸਕਰਣ ਦਾ ਮੁੱਲ ਵਧਾਉਣਾ ਪਿਆ ਹੈ।

ਭਾਈ ਕਾਨ੍ਹ ਸਿੰਘ ਤੋਂ ਪਹਿਲਾਂ ਉੱਤਰ ਭਾਰਤੀ ਭਾਸ਼ਾਵਾਂ ਵਿੱਚ ਕੋਸ਼ ਰਚਨਾ ਦਾ ਆਦਰਸ਼ ਸੰਸਕ੍ਰਿਤ ਦੇ ਅਮਰ-ਕੋਸ਼ ਦੇ ਢੰਗ ਦਾ ਸੀ। ਉਸਦਾ ਕੁਝ ਸਰੂਪ ਭਾਈ ਕਾਨ੍ਹ ਸਿੰਘ

ਦੁਆਰਾ ਸੰਪਾਦਿਤ ਕਵੀ ਨੰਦ-ਦਾਸ ਦੇ 'ਅਨੇਕਾਰਥੀ-ਕੋਸ਼' ਅਤੇ 'ਨਾਮ ਮਾਲਾ ਕੋਸ਼' ਵਿੱਚ ਵੇਖਿਆ ਜਾ ਸਕਦਾ ਹੈ। ਅਮਰ-ਕੋਸ਼ ਦੇ 'ਰਤਨ-ਦਾਮ' ਆਦਿ ਸੰਸਕਰਣਾਂ ਦਾ ਪੰਜਾਬ ਵਿੱਚ ਰਚਿਆ ਜਾਣਾ ਵੀ ਇਹੋ ਸਿੱਧ ਕਰਦਾ ਹੈ। ਡਾ. ਬਲਬੀਰ ਸਿੰਘ 'ਸੰਧੂ' ਦੀ ਤਾਜ਼ੀ ਸ਼ਾਹਦੀ ਅਨੁਸਾਰ 'ਈਸਾਈ ਮਿਸ਼ਨਰੀਆਂ ਨੇ ਨਵੀਨ ਭਾਰਤੀ ਭਾਸ਼ਾਵਾਂ ਦੀ ਕੋਸ਼ਕਾਰੀ ਨੂੰ ਪੁਰਾਤਨ 'ਨਿਘੰਟੂ' ਪਰੰਪਰਾ ਤੋਂ ਕੱਢ ਕੇ ਵਿਗਿਆਨਕ ਲੀਹਾਂ ਤੇ ਪਾਇਆ ਸੀ।[4] ਸਿੱਖ-ਮਤ ਦੇ ਅਰੰਭ ਹੋਣ ਨਾਲ ਹੀ ਪੰਜਾਬ ਵਾਸੀਆਂ ਦੀ ਇੱਕ ਮਹਾਨ-ਲੋੜ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇਸ ਨਾਲ ਸੰਬੰਧਿਤ ਸਾਹਿਤ ਦੇ ਵਿਚਾਰਾਂ, ਸੰਕਲਪਾਂ ਅਤੇ ਰਹਿਸਮਈ ਸੁਨੇਹੇ ਨੂੰ ਸਮਝਣ ਦੀ ਸੀ।"[5]..."ਇਸ ਅਕਾਂਖਿਆਂ ਦੀ ਪੂਰਤੀ ਪਹਿਲਾਂ ਤੋਂ ਹੀ ਉਦਾਸੀ ਸਾਧੂ, ਪੰਡਿਤ ਸਿੱਖ ਗਿਆਨੀ ਆਪਣੀ ਸੰਪਰਦਾਇਕ ਸਿਖਿਆ ਪ੍ਰਣਾਲੀ ਅਨੁਸਾਰ ਲੋਕਾਂ ਨੂੰ ਕਥਾ, ਕਹਾਣੀਆਂ ਪ੍ਰਮਾਣਾਂ, ਟੀਕਿਆਂ ਅਤੇ ਸ਼ਬਦਾਰਥਾਂ ਰਾਹੀਂ ਕਾਫ਼ੀ ਹੱਦ ਤਕ ਕਰਦੇ ਰਹੇ। ਪਰ ਪੰਜਾਬ ਵਿੱਚ ਯੂਰਪੀ ਵਿਦਵਾਨਾਂ ਦੇ ਆਉਣ ਨਾਲ ਨਵੀਂ ਕੋਸ਼ਕਾਰੀ ਦੀ ਤਕਨੀਕ ਨੂੰ ਵੀ ਇਸ ਮੰਤਵ ਲਈ ਵਰਤਣ ਦੀ ਉਤਕੰਠਾ ਸਾਡੇ ਗਿਆਨੀਆਂ ਵਿੱਚ ਜਾਗੀ। ਇਸ ਦਾ ਪ੍ਰਮਾਣ ਸਾਨੂੰ ਪੰਡਿਤ ਤਾਰਾ ਸਿੰਘ 'ਨਰੋਤਮ' ਦੇ ਗ੍ਰੰਥ 'ਗੁਰ ਗਿਰਾਰਥ ਕੋਸ਼' 1895 ਅਤੇ ਭਾਈ ਹਜ਼ਾਰਾ ਸਿੰਘ ਦੇ ਰਚੇ 'ਸ੍ਰੀ ਗੁਰੂ ਗ੍ਰੰਥ ਕੋਸ਼' 1927 ਤੋਂ ਮਿਲਦਾ ਹੈ।"[6] ਪਰ, ਇਹ ਦੋਵੇਂ ਕੋਸ਼ ਨਵੀਂ ਸ਼ੈਲੀ ਦੀ ਸੰਭਵ ਵਰਤੋਂ ਕਰਦੇ ਹੋਏ ਵੀ, ਘਰ ਪੂਰਾ ਨਹੀਂ ਕਰ ਸਕੇ। ਇਸੇ ਪੂਰਤੀ ਲਈ ਸਮਰੱਥ ਰਚਨਾ ਕਰਨ ਦੀ ਇਛਿਆ ਨੇ ਭਾਈ ਕਾਨ੍ਹ ਸਿੰਘ ਦੇ ਲੇਖਕ ਜੀਵਨ ਦਾ ਵੱਡਾ ਹਿੱਸਾ ਹੰਢਾ ਲਿਆ। ਨਰੋਤਮ ਜੀ ਦਾ ਕੋਸ਼ ਤਾਂ ਜਿਉਂ ਦਾ ਤਿਉਂ ਰਹਿ ਗਿਆ ਪਰ, ਭਾਈ ਹਜ਼ਾਰਾ ਸਿੰਘ ਦਾ ਕੋਸ਼ ਮੁੜ ਭਾਈ ਵੀਰ ਸਿੰਘ ਵੱਲੋਂ ਸੋਧਿਆ ਗਿਆ ਅਤੇ 1927 ਵਿੱਚ ਛਪਿਆ। ਜੇਕਰ ਭਾਈ ਕਾਨ੍ਹ ਸਿੰਘ ਦੀ ਰੁਚੀ 'ਐਨਸਾਈਕਲੋਪੇਡੀਆ ਬ੍ਰਿਟਾਨਿਕਾ' ਵੱਲ ਨਾ ਝੁਕ ਗਈ ਹੁੰਦੀ ਤਾਂ ਉਸ ਕੋਸ਼ ਦਾ, ਜਿਹੜਾ ਭਾਈ ਕਾਨ੍ਹ ਸਿੰਘ ਨੇ ਸੰਕਲਪਿਆ ਸੀ, ਕੁਝ ਭਾਈ ਵੀਰ ਸਿੰਘ ਦੁਆਰਾ ਸੋਧੇ ਗਏ ਭਾਈ ਹਜ਼ਾਰਾ ਸਿੰਘ ਵਾਲੇ ਕੋਸ਼ ਜਿਹਾ ਸਰੂਪ ਹੋਣਾ ਸੀ। ਹੋ ਸਕਦਾ ਹੈ ਕਿ ਭਾਈ ਵੀਰ ਸਿੰਘ ਨੂੰ, ਆਪਣੇ ਨਾਨੇ ਦੀ ਰਚਨਾ ਵਿੱਚ ਨਵੇਂ ਵਾਧੇ ਕਰਕੇ ਛਾਪਣ ਦੀ ਪ੍ਰੇਰਣਾ ਭਾਈ ਕਾਨ੍ਹ ਸਿੰਘ ਪਾਸੋਂ ਹੀ ਮਿਲੀ ਹੋਵੇ ਜਾਂ ਉਨ੍ਹਾਂ ਵੀ ਉਹੀ ਥੁੜ ਪ੍ਰਤੀਤ ਕੀਤੀ ਹੋਵੇ ਜੋ ਭਾਈ ਕਾਨ੍ਹ ਸਿੰਘ ਨੇ ਕੀਤੀ ਸੀ।

ਭਾਈ ਵੀਰ ਸਿੰਘ ਦੁਆਰਾ ਸੋਧਿਆ ਜਾ ਕੇ ਵੀ 'ਸ੍ਰੀ ਗੁਰੂ ਗ੍ਰੰਥ ਕੋਸ਼' ਇੱਕ ਉੱਤਮ 'ਸ਼ਬਦਾਰਥ ਕੋਸ਼' ਤੋਂ ਅੱਗੇ ਨਹੀਂ ਜਾਂਦਾ, ਜਦਕਿ "ਭਾਈ ਕਾਨ੍ਹ ਸਿੰਘ ਨੇ ਇੱਕੋ ਵੇਲੇ ਕੋਸ਼ ਭੀ ਤਿਆਰ ਕਰਨਾ ਸੀ ਤੇ ਮਹਾਨ ਕੋਸ਼ ਵੀ।"[7] ਸਮੇਂ ਦੇ ਬੋਧ ਅਤੇ ਬੌਧਿਕ ਚਲਨ ਅਨੁਸਾਰ ਦੋਹਾਂ ਵਿੱਚ ਚੋਖਾ ਅੰਤਰ ਸੀ। ਇਹ ਅੰਤਰ ਪੁਰਾਣੇ ਕੋਸ਼ਾਂ—ਖ਼ਾਸ ਕਰਕੇ ਪੰਡਿਤ ਤਾਰਾ ਸਿੰਘ ਨਰੋਤਮ ਅਤੇ ਭਾਈ ਹਜ਼ਾਰਾ ਸਿੰਘ ਦੇ ਕੋਸ਼ਾਂ—ਅਤੇ 'ਗੁਰਸ਼ਬਦ ਰਤਨਾਕਰ

4. 'ਆਲੋਚਨਾ', ਜੁਲਾਈ-ਸਿਤੰਬਰ, 1979, ਪੰਨਾ 16
5. ਉਹੀ
6. ਉਹੀ
7. ਪ੍ਰੀਤਮ ਸਿੰਘ, ਪ੍ਰੋ. ਖੋਜ ਪਤ੍ਰਿਕਾ ਮੋਹਨ ਸਿੰਘ ਵੈਦ ਅੰਕ, ਪੰਨਾ 280

ਮਹਾਨ ਕੋਸ਼' ਵਿਚਕਾਰ ਪ੍ਰਕਾਰ, ਪ੍ਰਵ੍ਰਿਤੀ ਅਤੇ ਸ਼ਬਦ ਕ੍ਰਮ ਦੀ ਸਥਾਪਨਾ ਦਾ ਹੀ ਨਹੀਂ ਸੀ, ਸਗੋਂ ਖੇਤਰ-ਵਿਸਤਾਰ ਦਾ ਵੀ ਸੀ । ਪੁਰਾਣੇ ਕੋਸ਼ ਦੋਵੇਂ ਹੀ, ਆਪਣੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤਕ ਸੀਮਿਤ ਰਖ ਕੇ ਰਚੇ ਗਏ ਸਨ, ਅਤੇ ਭਾਈ ਕਾਨ੍ਹ ਸਿੰਘ ਨੇ ਉਸ ਸਮੇਂ ਦੇ ਗਿਆਤ ਸਾਰੇ ਸਿੱਖ ਸਾਹਿਤ ਨੂੰ ਹੀ ਆਪਣੇ ਕੋਸ਼ ਦੀ ਵਸਤੂ ਦਾ ਅੰਗ ਬਣਾਇਆ ਸੀ। ਦੂਜਾ ਵੱਡਾ ਅੰਤਰ ਇਹਨਾਂ ਕੋਸ਼ਾਂ ਅਤੇ ਮਹਾ-ਕੋਸ਼ ਵਿਚਕਾਰ ਇਹ ਸੀ ਕਿ ਜਿਥੇ ਪੂਰਬਲੇ ਕੋਸ਼ਾਂ ਦਾ ਮੰਤਵ ਸ਼ਬਦਾਂ ਦੀ ਉਤਪਤੀ ਅਤੇ ਉਸਦਾ ਅਰਥ ਦੱਸਣਾ ਭਰ ਸੀ, ਓਥੇ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਦਾ ਕੰਮ ਨਾਵਾਂ ਥਾਵਾਂ, ਕ੍ਰਿਆਵਾਂ ਆਦਿ ਦਾ ਵਿਆਖਿਆ ਸਹਿਤ ਵੇਰਵਾ ਦੇਣਾ ਵੀ ਸੀ ਅਤੇ ਪ੍ਰਯੋਗ ਦੱਸਣਾ ਸੀ ।

ਜਿਵੇਂ ਕਿ ਪਹਿਲਾਂ ਕਿਹਾ ਜਾ ਚੁਕਾ ਹੈ, ਭਾਈ ਕਾਨ੍ਹ ਸਿੰਘ ਨੇ ਆਪਣੀ ਰਚਨਾ ਦਾ ਆਰੰਭ ਪੰਡਿਤ ਤਾਰਾ ਸਿੰਘ 'ਨਰੋਤਮ' ਅਤੇ ਭਾਈ ਹਜ਼ਾਰਾ ਸਿੰਘ ਦੇ ਕੋਸ਼ਾਂ ਵਿੱਚੋਂ ਦਰਜ ਹੋਣੋਂ ਰਹਿ ਗਏ ਸ਼ਬਦਾਂ ਨੂੰ ਸ਼ਾਮਿਲ ਕਰਨ ਅਤੇ ਕੀਤੇ ਗਏ ਅਰਥਾਂ ਬਾਰੇ ਕੁਝ ਇੱਕ ਆਪਣੇ ਮਤਭੇਦਾਂ ਨੂੰ ਸੁਧਾਰਨ ਦੇ ਵਿਚਾਰ ਨਾਲ ਕੀਤਾ ਸੀ, ਅਜਿਹੇ ਸ਼ਬਦਾਂ ਦੀਆਂ ਸਭ ਸੂਚੀਆਂ ਤਿਆਰ ਹੋ ਚੁਕੀਆਂ ਸਨ, ਜਦੋਂ ਉਨ੍ਹਾਂ ਦੀ ਨਜ਼ਰ 'ਇਨਸਾਇਕਲੋਪੇਡੀਆ ਬ੍ਰਿਟਾਨਿਕਾ' ਉੱਤੇ ਪਈ ਓਦੋਂ ਤੋਂ ਕੀਤੇ ਕੰਮ ਉੱਤੇ ਮੁੜ ਨਜ਼ਰ-ਸਾਨੀ ਕਰਕੇ, ਉਸਦੇ ਖੇਤਰ-ਵਿਸਤਾਰ ਦਾ ਮਨ ਬਣਾਇਆ । ਇਸ ਲਈ ਜੋ ਕੰਮ ਹੋ ਚੁੱਕਾ ਸੀ ਉਸ ਨੂੰ ਤਿਆਗਣ ਦਾ ਅਵਸਰ ਬੀਤ ਚੁੱਕਾ ਸੀ, ਜਿਸ ਕਾਰਣ ਇਸ ਰਚਨਾ ਵਿੱਚ ਇੱਕੋ ਸਮੇਂ ਕੋਸ਼ (ਸਾਧਾਰਣ ਅਰਥਾਂ ਵਿੱਚ) ਅਤੇ ਮਹਾਂਕੋਸ਼ ਦੇ ਮੁਹਾਂਦਰੇ, ਇੱਕੋ ਰਚਨਾ ਵਿੱਚ ਘੁਲ ਮਿਲ ਗਏ। ਫ਼ਰਕ ਪਿਆ ਤਾਂ ਕੇਵਲ ਇਹ ਕਿ ਸ਼ਬਦਾਰਥ ਵਾਲੇ ਅੰਸ਼ਾਂ ਦਾ ਵਿਸਤਾਰ ਹੋ ਗਿਆ । ਸਾਧਾਰਣ ਪੰਜਾਬੀ ਪਾਠਕ ਦੇ ਜਾਣੇ ਪਛਾਣੇ ਸ਼ਬਦਾਰਥਾਂ ਨਾਲ, ਉਨ੍ਹਾਂ ਦੀ ਮੂਲ-ਭਾਸ਼ਾ ਦਾ ਸੰਕੇਤ ਵੀ ਜੋੜ ਦਿੱਤਾ ਗਿਆ ਅਤੇ ਉਨ੍ਹਾਂ ਦੀ ਵਰਤੋਂ ਦੇ ਸੰਕੇਤ ਵੀ ਖੋਜ ਕੇ ਵਧਾ ਦਿੱਤੇ ਗਏ । ਅਣਜਾਣੇ ਅੰਸ਼ਾਂ ਨੂੰ ਵਿਸ਼ੇਸ਼ ਵਿਸਤਾਰ ਨਾਲ ਸਮਝਾਇਆ ਗਿਆ।

ਕੋਸ਼ ਅਤੇ ਮਹਾਨ ਕੋਸ਼ ਦੇ ਸੰਰਚਨਾਤਮਕ ਤੱਤਾਂ ਦੇ ਭੇਦ ਨੂੰ ਪ੍ਰੋ. ਪ੍ਰੀਤਮ ਸਿੰਘ ਨੇ ਭਲੀ ਭਾਂਤਿ ਪਛਾਣ ਲਿਆ ਸੀ, ਜਦੋਂ ਉਨ੍ਹਾਂ ਨੇ ਲਿਖਿਆ ਸੀ "ਜਿਸ ਤਰ੍ਹਾਂ ਵਿਆਖਿਆ, ਪ੍ਰਯਾਯ ਜਾਂ ਸਮਾਨਾਰਥ ਦੇਣ ਵੇਲੇ ਕਿਸੇ ਵੀ ਕੋਸ਼ ਦਾ ਮੀਰੀ ਗੁਣ ਸ਼ਬਦ-ਸੰਜਮ ਹੁੰਦਾ ਹੈ, ਉਸੇ ਤਰ੍ਹਾਂ 'ਮਹਾਨ ਕੋਸ਼' ਦਾਂ ਵੱਡਾ ਗੁਣ ਬਹੁ-ਵਿਸਤਾਰ ਹੁੰਦਾ ਹੈ ।"[8] ਇਹ ਬਹੁ-ਵਿਸਤਾਰ ਸ਼ਬਦਾਂ ਦੀ ਗਿਣਤੀ ਦਾ ਨਾ ਹੋ ਕੇ ਵਸਤੂ ਨਾਲ ਸੰਬੰਧਿਤ ਜਾਣਕਾਰੀ ਦਾ ਹੋਇਆ ਕਰਦਾ ਹੈ ਅਤੇ ਸ਼ਬਦ-ਸੰਜਮ ਦਾ ਮੰਤਵ ਵੀ ਗਿਣਤੀ ਸੀਮਿਤ ਕਰਨ ਨਾਲੋਂ ਵਰਣਨ ਨੂੰ ਨੁਕੀਲਾ ਅਤੇ ਤਿੱਖੀ ਧਾਰ ਵਾਲਾ ਬਣਾਉਣ ਦੇ ਉਦੇਸ਼ ਨਾਲ ਹੁੰਦਾ ਹੈ ਤਾਂ ਜੋ ਸ਼ਬਦ-ਜਾਲ ਵਿੱਚ ਉਲਝ ਕੇ, ਕੋਈ ਪਾਠਕ ਭੁਲੇਖੇ ਦਾ ਸ਼ਿਕਾਰ ਨਾ ਹੋ ਜਾਵੇ। ਭਾਈ ਕਾਨ੍ਹ ਸਿੰਘ ਨੇ ਇਹ ਦੋਵੇਂ ਗੁਣ ਸਫਲਤਾ ਨਾਲ ਨਿਭਾਏ ਹਨ। ਪਰ, ਹੈਰਾਨੀ ਉਸ ਸਮੇਂ ਹੁੰਦੀ ਹੈ, ਜਦੋਂ ਸਾਡੇ ਆਲੋਚਕ, ਜਿਨ੍ਹਾਂ ਵਿਚ ਖ਼ੁਦ ਪ੍ਰੋ. ਪ੍ਰੀਤਮ ਸਿੰਘ ਜਿਹੇ ਸੁਘੜ ਸੁਜਾਨ ਵੀ ਸ਼ਾਮਿਲ ਹਨ

8. ਮਹਿਮਾ ਰਤਨਾਵਲੀ, ਪੰਨਾ 35, ਗੁ, ਨਾ. ਦੇ, (ਪ੍ਰਕਾਬਰ ਅਧੀਨ)

(ਜੋ ਦੋਹਾਂ ਵਿਚਕਾਰਲੇ ਭੇਦ ਤੋਂ ਜਾਣੂ ਹਨ) ਤੁਲਨਾਤਮਕ ਪੜਚੋਲ ਕਰਨਾ ਦਾ ਮੋਹ ਨਹੀਂ ਤਿਆਗ ਸਕਦੇ, ਨਜ਼ਰੀਂ ਪੈਂਦੇ ਪੁਰਾਣੇ ਕੋਸ਼ਕਾਰਾਂ ਅਤੇ ਭਾਈ ਕਾਨ੍ਹ ਸਿੰਘ ਦੇ ਰਚਨਾ ਵਿਧਾਨ ਹੀ ਵੱਖਰੇ ਵੱਖਰੇ ਹਨ। ਇਨ੍ਹਾਂ ਵਿੱਚ ਤੁਲਨਾ ਸੜਕ ਉੱਤੇ ਸਾਧਾਰਣ ਰਾਹੀ ਅਤੇ ਸਰਕਸ ਵਿੱਚ ਕਸੀ ਤਾਰ ਉੱਤੇ ਚਲਦੇ ਨਟ ਵਿਚਕਾਰ ਤੁਲਨਾ ਪ੍ਰਤੀਤ ਹੁੰਦੀ ਹੈ। ਭਾਈ ਕਾਨ੍ਹ ਸਿੰਘ ਦੀ ਸ੍ਰੇਸ਼ਟਤਾ ਉਸ ਦੇ ਵਿਸ਼ੇ ਦੀ ਅਪੂਰਬਤਾ, ਵਿਸ਼ਾਲਤਾ ਅਤੇ ਗਹਿਨਤਾ ਵਿੱਚ ਹੈ ਉਸ ਪ੍ਰਕਾਰ ਦੀ ਦੂਜੀ ਰਚਨਾ ਸਾਡੀਆਂ ਭਾਸ਼ਾਵਾਂ ਵਿੱਚ ਸੱਠ ਵਰ੍ਹੇ ਦੇ ਕਰੀਬ ਬੀਤ ਜਾਣ ਉੱਤੇ ਵੀ ਉਪਜਾਈ ਨਹੀਂ ਜਾ ਸਕੀ। ਇਸ ਲਈ, ਘੱਟੋ ਘੱਟ, ਇਸ ਰਚਨਾ ਦੀ ਤੁਲਨਾ ਕਿਸੇ ਪੂਰਬਲੀ ਰਚਨਾ ਨਾਲ ਕਰਨੀ ਵਿਅਰਥ ਦੀ ਖੇਚਲ ਤੋਂ ਸਿਵਾ ਕੁਝ ਵੀ ਨਹੀਂ ਹੋ ਸਕਦੀ।

ਹਿੰਦੀ ਦੇ ਸ੍ਰੇਸ਼ਟ ਕੋਸ਼ਕਾਰੀ-ਮਾਹਿਰ ਪੰਡਿਤ ਰਾਮ ਚੰਦ੍ਰ ਵਰਮਾ ਨੇ ਲਿਖਿਆ ਹੈ :

"ਚੰਗੇ ਸ਼ਬਦ ਕੋਸ਼ ਸਦਾ ਕਿਸੇ ਖ਼ਾਸ ਮੁੱਦੇ ਨੂੰ ਸਾਹਮਣੇ ਰਖ ਕੇ ਰਚੇ ਜਾਂਦੇ ਹਨ! ਉਹ ਕਿਸੇ ਖ਼ਾਸ ਕਾਰਜ ਜਾਂ ਵਿਸ਼ੇ ਨਾਲ ਤਾਂ ਜੁੜੇ ਹੁੰਦੇ ਹੀ ਹਨ, ਕੁਝ ਖ਼ਾਸ ਵਰਗ ਦੇ ਪਾਠਕਾਂ ਨੂੰ ਧਿਆਨ ਵਿੱਚ ਰੱਖ ਕੇ ਵੀ ਰਚੇ ਜਾਂਦੇ ਹਨ।"[9] ਭਾਈ ਕਾਨ੍ਹ ਸਿੰਘ ਦੇ ਰਚੇ ਕੋਸ਼ ਦੀ ਰਚਨਾ ਦਾ ਮਨਸ਼ਾ ਇਕ ਖ਼ਾਸ ਮੰਤਵ ਨਾਲ ਜੁੜਿਆ ਹੋਇਆ ਸੀ, ਇਹ ਕੋਸ਼ ਇਕ ਖ਼ਾਸ ਵਿਸ਼ੇ ਦੀ ਸੀਮਾ ਵਿੱਚ ਬੱਝਿਆ ਹੋਇਆ ਸੀ ਅਤੇ ਇਕ ਖ਼ਾਸ ਢੰਗ ਦੀ ਵਿਚਾਰ-ਧਾਰਾ ਵਾਲੇ ਖ਼ਾਸ ਪੱਧਰ ਦੇ ਪਾਠਕਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਉਸਦੀ ਰਚਨਾ ਹੋਈ ਸੀ ਕਿਉਂਕਿ ਉਸਦਾ ਇੱਕ ਉੱਤਮ ਕੋਸ਼ ਦੀ ਰਚਨਾ ਦਾ ਦਾਈਆ ਸੀ। ਭਾਈ ਕਾਨ੍ਹ ਸਿੰਘ ਨੇ ਜਿਸ 'ਇਨਸਾਈਕਲੋਪੇਡੀਆ ਬ੍ਰਿਟਾਨਿਕਾ' ਤੋਂ ਪ੍ਰੇਰਣਾ ਲਈ ਉਸਦੀ ਨੀਂਹ, ਸਕਾਟਲੈਂਡ ਵਿੱਚ, ਤਿੰਨ ਚੁਪੱਤੀਆ ਜਿਲਦਾਂ ਵਿੱਚ ਈਡਨਬਰੋ ਵਿੱਚ, ਬੈੱਲ ਅਤੇ ਮੈਕ-ਫਰਕੁਹਰ ਨਾਉਂ ਦੇ ਵਿਦਵਾਨਾਂ ਨੇ, 1768-1771 ਵਿੱਚ, ਰੱਖੀ ਸੀ।[10] ਅੰਗ੍ਰੇਜ਼ੀ ਵਿੱਚ ਇਹ ਆਪਣੇ ਪਾਏ ਦੀ ਪਹਿਲੀ ਕਿਰਤ ਸੀ। ਮੁੱਢ ਵਿੱਚ ਇਹ ਕੇਵਲ 'ਆਰਟਸ ਅਤੇ ਸਾਇੰਸ ਦੇ ਕੋਸ਼ਾਂ' ਦੇ ਰੂਪ ਵਿੱਚ ਹੀ ਨਿਕਲਿਆ, ਪਰ 1778-1783 ਵਿੱਚ ਛਪਣ ਵਾਲੇ ਦੂਜੇ ਸੰਸਕਰਣ ਸਮੇਂ, ਜਿਸ ਨੂੰ ਜੇਮਜ਼ ਹਿਟਲਰ ਨੇ ਸੰਪਾਦਿਤ ਕੀਤਾ ਸੀ, ਇਸ ਵਿੱਚ ਇਤਿਹਾਸ, ਜੀਵਨੀ ਅਤੇ ਭੂਗੋਲ ਦੇ ਵਿਸ਼ੇ ਵੀ ਜੋੜ ਲਏ ਗਏ ਸਨ ਅਤੇ ਇਸ ਦਾ ਆਕਾਰ ਦਸ ਜਿਲਦਾਂ ਤਕ ਫੈਲ ਗਿਆ ਸੀ।[11] ਬ੍ਰਿਟਾਨਿਕਾ ਦਾ ਆਦਰਸ਼ ਫ਼ਰਾਂਸੀਸੀ ਲੇਖਕ ਮੋਰੀਰੇ ਦਾਮ ਹਾਨ ਇਤਿਹਾਸਿਕ ਕੋਸ਼' ਸੀ।[12] ਸ਼ਾਇਦ ਭਾਈ ਕਾਨ੍ਹ ਸਿੰਘ ਨੂੰ 'ਮਹਾਨ ਕੋਸ਼' ਨਾਉਂ ਰੱਖਣ ਦਾ ਫੁਰਣਾ ਇਸੇ ਤੋਂ ਫੁਰਿਆ ਹੋਵੇ। 1875-79 ਤਕ ਬ੍ਰਿਟਾਨਿਕਾ ਦੇ ਨੌਂ ਸੰਸਕਰਣ ਨਿਕਲ ਚੁੱਕੇ ਸਨ ਅਤੇ 1900 ਵਿੱਚ ਇੱਕ ਪੂਰਕ (ਸਪਲੀਮੈਂਟ) ਵੀ ਛਪ ਚੁੱਕਾ ਸੀ, ਭਾਈ ਕਾਨ੍ਹ ਸਿੰਘ ਦਾ ਪ੍ਰੇਰਕ ਇਹੋ ਰੂਪ ਸੀ।

---

9. ਰਾਮਚੰਦਰ ਵਰਮਾ, (ਹਿੰਦੀ), ਕੋਸ਼ ਕਲਾ, ਵਾਰਾਣਸੀ, 1950, ਪੰਨਾ 7
10. ਪੈਨੀ ਵਰਬ ਇੰਸਾਈਕਲੋਪੀਡੀਆ, ਲੰਦਨ, 1968, ਜਿਲਦ III, ਪੰਨਾ 2228-29.
11. ਓਹੀ
12. ਓਹੀ

1951 ਵਿੱਚ ਦਿੱਲੀ ਦੇ ਲਾਲ ਕਿਲ੍ਹੇ ਵਿੱਚ ਸਾਰੇ ਭਾਰਤੀ ਸਾਹਿਤ ਦੀ ਇੱਕ ਪ੍ਰਦਰਸ਼ਨੀ ਜੁੜੀ ਸੀ, ਉਸ ਸਮੇਂ ਸਾਨੂੰ ਵੀ ਪਟਿਆਲਾ ਅਤੇ ਪੂਰਬੀ ਪੰਜਾਬ ਰਿਆਸਤੀ ਯੂਨੀਅਨ ਵੱਲੋਂ ਸ਼ਾਮਿਲ ਹੋਣ ਦਾ ਮੌਕਾ ਮਿਲਿਆ ਸੀ। ਸਾਰੀਆਂ ਸਟਾਲਾਂ ਵੇਖਣ ਪਿੱਛੋਂ ਡਾ. ਵਾਸੁਦੇਵ ਸ਼ਰਣ ਜੇਹੇ ਵਿਦਵਾਨ ਦਾ ਇਹ ਮਤ ਸੀ ਕਿ ਭਾਈ ਕਾਨ੍ਹ ਸਿੰਘ ਦੀ ਰਚਨਾ ਆਪਣੀ ਕਿਸਮ ਦੀ ਭਾਰਤ ਭਰ ਵਿੱਚ ਇਕੱਲੀ ਸੀ। ਇੰਸਾਈਕਲੋਪੇਡੀਆ ਦੇ ਢੰਗ ਉੱਤੇ ਲਿਖੀ ਗਈ ਇੱਕੋ ਰਚਨਾ ਉਸ ਸਮੇਂ ਬੰਗਾਲੀ ਵਿੱਚ ਲਭਦੀ ਸੀ ਅਤੇ ਸ਼ਬਦ ਰਥ ਦੇ ਮਾਮਲੇ ਵਿੱਚ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਦੀ ਟੱਕਰ ਉੱਤੇ ਵਿਸਤਾਰ ਨਾਲ ਵਿਚਾਰਨ ਵਾਲਾ, ਕਿਸੇ ਖੇਤਰੀ-ਭਾਸ਼ਾ ਦਾ ਕੋਸ਼, ਮਰਾਠੀ ਦਾ 'ਬ੍ਰਿਹਤ ਕੋਸ਼' ਹੀ ਕਿਹਾ ਜਾ ਸਕਦਾ ਸੀ। ਸਥਿਤੀ ਪੈਂਤੀ ਵਰ੍ਹੇ ਬੀਤ ਜਾਣ ਪਿੱਛੋਂ ਭੀ ਕੋਈ ਬਹੁਤੀ ਆਸ ਉਪਜਾਊ ਨਹੀਂ ਹੋ ਸਕੀ।

64,263 ਸ਼ਬਦਾਂ-ਸੰਗਿਆਵਾਂ ਦੇ ਵੇਰਵਿਆਂ ਵਾਲੇ ਇਸ ਗ੍ਰੰਥ ਦੀ ਵਿਦਵਾਨਾਂ ਨੇ ਪੰਜ ਸ਼੍ਰੇਣੀਆਂ ਵਿੱਚ ਵੰਡ ਕੀਤੀ ਹੈ ਅਤੇ ਅਨੁਮਾਨ ਕੀਤਾ ਹੈ ਕਿ "ਰਿਗ ਵੇਦ ਤੋਂ ਲੈ ਕੇ 19ਵੀਂ ਸਦੀ ਤਕ ਭਾਰਤੀ ਚਿੰਤਨ, ਇਤਿਹਾਸ, ਮਿਥਿਹਾਸ ਅਤੇ ਗਿਆਨ ਦਾ ਖ਼ਾਸ ਕਰਕੇ ਉਹ ਅੰਸ਼ ਜੋ ਕਿਸੇ ਪ੍ਰਕਾਰ ਸਿੱਖ ਵਿਚਾਰ-ਧਾਰਾ ਜਾਂ ਸਿੱਖ ਇਤਿਹਾਸ ਨਾਲ ਜੋੜਿਆ ਜਾ ਸਕਦਾ ਹੈ, ਉਹ ਸਭ ਇਸ 'ਮਹਾਨ ਕੋਸ਼' ਵਿੱਚ ਸਾਂਭਿਆ ਗਿਆ ਹੈ।[13] ਐਡੇ ਵੱਡੇ ਵਿੱਢ ਵਿੱਚ ਤਰੁਟੀਆਂ ਅਤੇ ਘਾਟੇ ਰਹਿ ਜਾਣਾ ਸੁਭਾਵਕ ਸੀ, ਭਾਈ ਕਾਨ੍ਹ ਸਿੰਘ ਦੇ ਅੰਤਲੇ ਅੱਠ ਵਰ੍ਹੇ ਇਨ੍ਹਾਂ ਅਪੂਰਣਤਾਈਆਂ ਦੇ ਖੱਪੇ ਮੇਲਣ ਵਿੱਚ ਹੀ ਬੀਤੇ ਪਰ ਇਸ ਨੂੰ ਹੋਰ ਸੁਆਰਨ ਦੀ ਗੁੰਜਾਇਸ਼ ਅੱਜ ਵੀ ਬਾਕੀ ਹੈ।

8. ਮਾਨ ਮੰਜਰੀ ਨਾਮ ਮਾਲਾ

ਆਚਾਰੀਆ ਨੰਦ ਲਾਲ ਦੀ ਪਰਯਾਯ ਕੋਸ਼ ਦੇ ਵਿਸ਼ੇ ਉੱਤੇ ਇਹ ਦੂਸਰੀ ਪੁਸਤਕ ਹੈ। ਇਸ ਵਿੱਚ ਰਾਧਿਕਾ ਦੇ ਮਾਨ ਨੂੰ ਆਧਾਰ ਬਣਾ ਕੇ ਇੱਕ ਲਘੂ ਨਿਬੰਧ ਦੀ ਰਚਨਾ ਹੋਈ ਹੈ, ਜਿਸ ਦੇ ਹਰ ਇੱਕ ਦੋਹੇ ਵਿੱਚ ਕਿਸੇ ਇੱਕ ਸ਼ਬਦ ਦੇ ਸਮਾਨ-ਅਰਥ ਸ਼ਬਦ ਗੁੰਦੇ ਹੋਏ ਹਨ। ਭਾਈ ਕਾਨ੍ਹ ਸਿੰਘ ਦੇ ਮਤ ਅਨੁਸਾਰ ਇਸ ਗ੍ਰੰਥ ਨੂੰ ਵੀ "ਅਨੇਕਾਰਥ" ਵਾਂਗ ਅਣਜਾਣ ਲਿਖਾਰੀਆਂ ਨੇ ਇਤਨਾ ਵਿਗਾੜਿਆ ਸੀ ਕਿ ਬਹੁਤ ਸ਼ਬਦਾਂ ਦਾ ਮੂਲ ਸਮਝਣਾ ਔਖਾ ਹੋ ਗਿਆ ਸੀ। ਪੰਜਾਬੀ ਕਲਮੀ ਕਾਪੀਆਂ ਦਾ ਤਾਂ ਕੀ ਕਹਿਣਾ ਹੈ, ਹਿੰਦੀ ਵਿੱਚ ਲਛਮੀ ਵੇਂਕਟੇਸ਼ਵਰ ਪ੍ਰੈਸ, ਬੰਬਈ ਵਿੱਚ ਸੰਵਤ 1980 ਦੀ ਛਪੀ, ਅਤੇ ਲਹਿਰੀ ਪ੍ਰੈਸ ਬਨਾਰਸ ਤੋਂ ਪ੍ਰਕਾਸ਼ਿਤ ਹੋਏ ਸੰਨ 1914 ਦੀ 'ਨਾਮਮਾਲਾ' ਵੀ ਅਨੰਤ ਅਸ਼ੁੱਧੀਆਂ ਨਾਲ ਭਰੀ ਹੋਈ ਹੈ।[14]

ਭਾਈ ਕਾਨ੍ਹ ਸਿੰਘ ਨੇ "ਇਸ ਕੋਸ਼ ਨੂੰ ਸ਼ੁੱਧ ਕੀਤਾ ਅਤੇ ਬਹੁਤ ਨਵੇਂ ਸ਼ਬਦ ਮਿਲਾ ਕੇ ਮੁਕੰਮਲ ਕਰ ਦਿੱਤਾ ਹੈ ਅਤੇ ਗ੍ਰੰਥ ਦੇ ਅੰਤ ਅੱਖਰ ਕ੍ਰਮ ਅਨੁਸਾਰ ਤਤਕਰਾ (ਇੰਡੈਕਸ) ਦੇ

13. ਆਲੋਚਨਾ. ਪੂਰਬੋਕਤ, ਪੰਨਾ 24
14. ਨਾਮਮਾਲਾ. ਭੂਮਿਕਾ, ਪੰਨਾ 'ਅ'

ਕੇ ਹਰੇਕ ਵਸਤੂ ਦੇ ਨਾਮ ਸਪਸ਼ਟ ਕਰ ਦਿੱਤੇ ਹਨ, ਜਿਸ ਤੋਂ ਪਾਠਕ ਨੂੰ ਕਿਸੇ ਪ੍ਰਕਾਰ ਦਾ ਭ੍ਰਮ ਨਾ ਰਹੇ ।......[15]

ਬੀਬੀ ਸੁਖਜੀਤ ਕੌਰ ਨੇ ਇਸ ਗ੍ਰੰਥ ਨੂੰ 1925 ਵਿੱਚ ਪ੍ਰਕਾਸ਼ਿਤ ਹੋਇਆ ਦੱਸਿਆ[16] ਹੈ ਜਦ ਕਿ ਸ਼. ਸ. ਅਸ਼ੋਕ ਨੇ ਇਸ ਨੂੰ 1938 ਵਿੱਚ ਪ੍ਰਕਾਸ਼ਿਤ ਹੋਇਆ ਦੱਸਿਆ ਹੈ ।[17] ਅਸਲ ਵਿੱਚ ਇਹ ਗ੍ਰੰਥ 1938 ਵਿੱਚ, ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ ਤੋਂ, ਭਾਈ ਕਾਨ੍ਹ ਸਿੰਘ ਦੇ ਪ੍ਰਸ਼ੰਸਕ ਅਤੇ ਮਿੱਤਰ ਸੰਗਰੂਰ (ਪਰ, ਉਸ ਸਮੇਂ ਪਟਿਆਲਾ) ਨਿਵਾਸੀ ਸ. ਬ. ਜਰਨੈਲ ਸਰਦਾਰ ਗੁਰਨਾਮ ਸਿੰਘ, ਸੀ. ਆਈ. ਈ. ਵੱਲੋਂ ਛਪਵਾਇਆ ਗਿਆ ਸੀ । ਟਾਈਟਲ ਪੇਜ ਉੱਤੇ "ਪਹਿਲੀ ਵਾਰ 1000" ਦਾ ਸੰਕੇਤ ਸਪਸ਼ਟ ਸ਼ਬਦਾਂ ਵਿੱਚ ਅੰਕਿਤ ਕੀਤਾ ਹੋਇਆ ਹੈ ।

ਇਸ ਗ੍ਰੰਥ ਵਿੱਚ ਹੋਣ ਵਾਲੇ ਹੇਰਾ-ਫੇਰਾਂ ਦਾ ਅਨੁਮਾਨ ਇਸ ਪ੍ਰਮਾਣ ਤੋਂ ਹੋ ਸਕਦਾ ਹੈ ਕਿ ਮੇਰੇ ਸੰਗ੍ਰਹਿ ਦੀ ਕਾਪੀ ਵਿੱਚ 273 ਦੋਹੇ ਹਨ, ਜਦ ਕਿ ਸੈਂਟਰਲ ਪਬਲਿਕ ਲਾਇਬ੍ਰੇਰੀ ਵਿੱਚ ਪਈ ਇਕ ਕਾਪੀ ਵਿੱਚ 275 ਦੋਹੇ ਹਨ[18] ਅਤੇ ਭਾਸ਼ਾ ਵਿਭਾਗ ਪੰਜਾਬ ਦੇ ਸੰਗ੍ਰਹਿ ਈ ਇਕ ਕਾਪੀ ਵਿੱਚ 278 ਦੋਹੇ ਮਿਲਦੇ ਹਨ[19] । ਉਥੇ ਦੀ ਇੱਕ ਹੋਰ ਕਾਪੀ (ਜੋ ਹਰਿਰਾਮਦਾਸ ਨਿਰੰਜਨੀ ਨੇ 1877 ਬਿ. ਵਿੱਚ ਲਿਖੀ) ਵਿੱਚ 282 ਦੋਹੇ ਹਨ ।[20] ਖ਼ਾਲਸਾ ਕਾਲਜ, ਅੰਮ੍ਰਿਤਸਰ ਵਿੱਚ ਸਾਂਭੀ ਇੱਕ ਪੋਥੀ ਜੋ ਭਾਈ ਦਰਗਾਹਾ ਸਿੰਘ ਦੀ ਲਿਖੀ ਹੈ ਵਿੱਚ 269 ਦੋਹੇ ਹਨ (S.H.R. 2286) ਸ਼. ਸ. ਅਸ਼ੋਕ ਨੇ 'ਪੰਜਾਬੀ ਹੱਥ ਲਿਖਤਾਂ ਦੀ ਸੂਚੀ' ਦਾ ਸੰਪਾਦਨ ਕਰਦੇ ਸਮੇਂ, ਇਸ ਪੁਸਤਕ ਦਾ ਨਾਉਂ "ਮਾਨਮੰਜਰੀ ਨਾਮ ਮਾਲਾ" ਦੀ ਥਾਂ "ਨਾਮ ਮੰਜਰੀ" ਮੰਨਣ ਦਾ ਸੁਝਾਉ ਦਿੱਤਾ ਹੈ । ਉਹ ਲਿਖਦੇ ਹਨ, "ਸ਼ੁਰੂ ਵਿੱਚ ਪੁਸਤਕ ਦਾ ਨਾਮ "ਮਾਨ ਮੰਜਰੀ" ਤੇ ਅੰਤ ਵਿੱਚ "ਨਾਮ ਮਾਲਾ" ਹੈ ! ਇਸ ਲਈ ਅਸਲ ਨਾਮ "ਨਾਮਮੰਜਰੀ" ਹੀ ਠੀਕ ਜਚਦਾ ਹੈ ।[21] ਸ਼. ਸ. ਅਸ਼ੋਕ ਨੇ ਪ੍ਰਬੰਧ ਦੇ ਵਿਸ਼ੇ, 'ਰਾਧਿਕਾ ਮਾਨ', ਦੇ ਗ੍ਰੰਥ ਨਾਲ ਸੰਬੰਧ ਨੂੰ ਅੱਖੋਂ ਉਹਲੇ ਕਰ ਦਿੱਤਾ ਹੈ, ਜਿਸ ਕਾਰਣ ਉਨ੍ਹਾਂ ਨੂੰ ਇਹ ਭੁਲੇਖਾ ਪਿਆ ਹੈ । ਜੇਕਰ ਉਹ ਗ੍ਰੰਥ ਦੇ ਆਰੰਭ ਵਿੱਚ ਹੀ ਕਵੀ ਵਲੋਂ ਦਿੱਤੇ ਸਪਸ਼ਟੀਕਰਨ ਵੱਲ ਧਿਆਨ ਦੇ ਲੈਂਦੇ ਤਾਂ, ਸ਼ਾਇਦ, ਆਪ ਨੂੰ ਇਹ ਭੁਲੇਖਾ ਨਾ ਹੀ ਲਗਦਾ :

ਗ੍ਰੰਥਨ ਨਾਨਾ ਨਾਮ ਕੋ ਅਮਰ ਕੋਸ਼ ਕੇ ਭਾਯ
ਮਾਨਵਤੀ ਕੇ ਮਾਨ ਪਰ ਮਿਲੈ ਅਰਥ ਸਭ ਆਯ । 4।।

15. ਨਾਮ ਮਾਲਾ, ਭੂਮਿਕਾ, ਪੰਨਾ 'ਅ'
16. ਅ. ਕਾ ਪੰਨਾ 39
17. ਸੂ. ਕਾ. ਪੰਨਾ 102
18. ਪੰਜਾਬੀ ਹਥ ਲਿਖਤਾਂ ਦੀ ਸੂਚੀ, ਭਾਗ 1, ਪੰਨਾ 638
19. ਉਹੀ, ਭਾਗ II, ਪੰਨਾ 312
20. ਉਹੀ, ਪੰਨਾ 381
21 ਅ. ਕ. ਪੰਨਾ 59

ਜਾਂ ਅੰਤਲੇ ਦੋਹਿਆਂ ਵਿੱਚੋਂ, ਇਹ ਦੋਹਾ :

ਯਮਲ ਯੁਗ ਦ੍ਵੰਦ੍ਵ ਦੇ ਉਭਯ ਮਿਥੁਨ ਪ੍ਰਿਯ।
ਯੁਗਮ ਕਿਸ਼ੋਰ ਸਦਾ ਵਸੋ ਨੰਦ ਦਾਸ ਕੇ ਹੀਯ ॥317॥

ਜਾਂ ਇਸ ਤੋਂ ਪਹਿਲਾਂ ਦੋਹਾ ਦੇਖੀਏ :

ਗੋ ਰਿਸ਼ੀਕ ਖੰ ਕਰਣ ਕ੍ਰਿਸ਼ਿ ਜਜੋਂ ਇੰਦ੍ਰਯ ਅਸੁਪਾਯ।
ਤਜੋਂ ਰਾਧਾ ਮਾਧਵ ਮਿਲੇ ਪਰਮ ਪ੍ਰੇਮ ਹਰਸ਼ਾਯ ॥316॥

ਤਾਂ ਨਿਸ਼ਚੇ ਨਾਲ ਹੀ, ਇਹ ਉਜਾਗਰ ਹੋ ਜਾਂਦਾ ਹੈ ਕਿ ਪ੍ਰਬੰਧ ਦਾ ਨਾਮ 'ਮਾਨ ਮੰਜਰੀ' ਅਤੇ ਉਸਦੀ ਵਿਧਿ 'ਨਾਮ-ਮਾਲਾ' ਕੋਸ਼ ਦੀ ਹੈ, ਨਹੀਂ ਤਾਂ, 'ਨਾਮ ਮੰਜਰੀ ਨਾਮ ਮਾਲਾ' ਨਾਉਂ ਰੱਖਣ ਵਿੱਚ ਪੁਨਰੁਕਤੀ ਦੋਸ਼ ਦੀ ਛਾਯਾ ਉੱਭਰਦੀ ਹੈ।

'ਅਮਰਕੋਸ਼' ਦੀ ਰੀਤ ਉੱਤੇ 'ਨਾਮ-ਮਾਲਾ' ਗ੍ਰੰਥਾਂ ਦੀ ਰਚਨਾ ਦੀ ਚੋਖੀ ਰੀਤ ਹਿੰਦੀ ਕਵੀਆਂ ਵਿੱਚ ਪ੍ਰਚੱਲਿਤ ਰਹੀ ਹੈ। ਨੰਦ ਦਾਸ, ਸ਼ਾਇਦ ਇਸ ਰੀਤ ਦੇ ਮੁਖੀਆ ਹੀ ਹੋਣ। ਪਿੱਛੋਂ ਰਚੀ ਬੁਧਵੰਤ ਕਵੀ ਦੀ ਨਾਮਮਾਲਾ, ਟਹਿਕਨ ਕਵੀ ਦੀ, 'ਰਤਨਦਾਮ' ਨਾਉਂ ਨਾਲ 'ਅਮਰ ਕੋਸ਼ ਭਾਸ਼ਾ', ਭਾਈ ਸੰਤੋਖ ਸਿੰਘ ਦਾ ਰਚਿਆ 'ਨਾਮਕੋਸ਼' ਚੰਗੇ ਵਿਖਿਆਤ ਹਨ, ਪਰ 1663 ਵਿੱਚ ਰਚਿਆ ਨਾਰਾਇਣ ਦਾਸ ਰਾਜਾ ਦਾ "ਨਾਮ ਕੁਸਮ ਮਾਲਾ" ਗ੍ਰੰਥ ਗੁਰਮੁਖੀ ਅੱਖਰਾਂ ਵਿੱਚ ਲੇਖਕ ਦੇ ਸੰਗ੍ਰਹਿ ਵਿੱਚ ਮੌਜੂਦ ਹੈ ਅਤੇ ਉਮਾਦਾਸ ਕਵੀ ਦੀ ਰਚੀ, 1837 ਦੀ ਲਿਖੀ 'ਨਾਮ ਮਾਲਾ' ਮੋਤੀ ਬਾਗ ਸੰਗ੍ਰਹਿ ਵਿੱਚ ਹੈ।[22]

ਕਵੀ ਨੰਦ ਦਾਸ ਦੀ ਆਪਣੀ ਹੱਥ-ਲਿਖੀ ਪੋਥੀ ਅੱਜ ਖੋਜੀਆਂ ਨੂੰ ਪ੍ਰਾਪਤ ਨਹੀਂ, ਇਸ ਲਈ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਮੂਲ-ਪਾਠ ਆਮ ਮਿਲਦੀਆਂ ਪੋਥੀਆਂ ਵਾਂਗ ਲੋਕ-ਪ੍ਰਚੱਲਿਤ ਸ਼ਬਦ-ਰੂਪ ਵਰਤੇ ਗਏ ਸਨ ਜਾਂ ਉਨ੍ਹਾਂ ਦੇ ਸੰਸਕ੍ਰਿਤ ਵਿਚਲੇ ਸ਼ੁੱਧ ਰੂਪ ਵਰਤੋਂ ਵਿੱਚ ਲਿਆਂਦੇ ਗਏ ਸਨ, ਜੇਕਰ ਮੂਲ-ਪਾਠ ਭਾਖਾ ਦੇ ਲੇਸ਼ ਵਾਲੇ ਸਨ ਅਤੇ ਭਾਈ ਕਾਨ੍ਹ ਸਿੰਘ ਅਤੇ ਪੂਰਬਲੇ ਸੰਪਾਦਕਾਂ ਨੇ ਉਨ੍ਹਾਂ ਦੇ ਚਾਲੂ-ਰੂਪਾਂ ਨੂੰ ਭ੍ਰਸ਼ਟ ਹੋਇਆ ਮੰਨਿਆ ਅਤੇ ਆਪਣੀ ਵਿਦਵਤਾ ਦੇ ਬਲ ਉੱਤੇ ਉਨ੍ਹਾਂ ਦੀ ਭਿੱਟ ਦੂਰ ਕਰਕੇ ਸ਼ੁੱਧੀ-ਕਰਨ ਦੀ ਕਿਰਿਆ ਰਾਹੀ, ਇਨ੍ਹਾਂ ਦ੍ਵਿਜਾਂ ਨੂੰ, ਮੁੜ ਦੇਵ-ਯੋਨੀ ਵਿੱਚ ਲਿਆਉਣ ਦਾ ਯਤਨ ਕੀਤਾ ਹੈ ਤਾਂ ਇਹ ਕੇਵਲ ਸੰਸ਼ੋਧਕ ਦੀ ਵਿਦਵਤਾ ਦੀ ਕਰਾਮਾਤ ਤਾਂ ਕਹੀ ਜਾ ਸਕਦੀ ਹੈ ਪਰ ਸੰਪਾਦਨ-ਕਲਾ ਦੀ ਵਿਧੀ ਦਾ ਅਤਿਕ੍ਰਮਣ ਹੀ ਮੰਨਿਆ ਜਾ ਸਕੇਗਾ ਅਤੇ ਜੇਕਰ ਇਹ ਸੰਪਾਦਨ ਸੱਚ-ਮੁਚ ਤਿੰਨ ਸਦੀਆਂ ਦੀ ਭਾਸ਼ਾਈ-ਜ਼ੰਗਾਲ ਨੂੰ ਗਾਲ ਕੇ ਨੰਦ ਦਾਸ ਦੀ ਰਚਨਾ ਦਾ ਸੁੱਚਾ-ਰੂਪ ਕਾਇਮ ਕਰਨ ਵਿੱਚ ਸਫਲ ਹੋਇਆ ਹੈ ਤਾਂ ਉਸ ਸਮੇਂ ਦੀ ਪੰਜਾਬੀ-ਵਿਦਵਤਾ ਦੀ ਅਨੂਠੀ ਦੇਣ ਕਹਾਉਣ ਦਾ ਅਧਿਕਾਰ ਇਸ ਰਚਨਾ ਨੂੰ ਜ਼ਰੂਰ ਪ੍ਰਾਪਤ ਹੋਵੇਗਾ ਅਤੇ ਇਹ ਅਜਿਹੀ ਪ੍ਰਾਪਤੀ ਹੋਵੇਗੀ ਜਿਸਦੀ ਜੋੜ ਦਾ ਜਤਨ, ਉਸ ਦੌਰ ਦੀ ਕਿਸੇ ਹੋਰ ਹਿੰਦੀ ਰਚਨਾ ਵਿੱਚੋਂ ਲੱਭਣਾ ਕਠਿਨ ਹੈ। ਇਸ ਦਾ ਨਿਰਣਾ ਬਹੁਤ ਡੂੰਘੀ ਅਤੇ ਲੰਮੀ ਘੋਖ ਪਰਖ ਲੋੜਦਾ ਹੈ ਅਤੇ ਕਿਸੇ ਪੀ. ਐਚ. ਡੀ. ਦੀ ਉਪਾਧੀ ਲਈ ਲਿਖੇ ਜਾਣ ਵਾਲੇ ਖੋਜ-ਨਿਬੰਧ

---

22. ਪੰਜਾਬੀ ਹਥ ਲਿਖਤਾਂ ਦੀ ਸੂਚੀ, ਭਾਗ **1**, ਪੰਨਾ **636.**

ਦਾ ਵਿਸ਼ਾ ਹੋ ਸਕਦਾ ਹੈ ਜਿਸ ਵਿੱਚ ਨੰਦ-ਦਾਸ ਦੀ ਰਚਨਾ ਦੇ ਪੁਰਾਣੇ ਤੋਂ ਪੁਰਾਣੇ ਉਤਾਰੇ ਨੂੰ ਆਧਾਰ ਬਣਾ ਕੇ, ਪੁਰੋ-ਪੁਰ ਪੈਂਦੇ ਰਲਿਆਂ ਦਾ ਅੱਤਿਆਰਾ ਲੈ ਕੇ ਭਾਈ ਕਾਨ੍ਹ ਸਿਘ ਵੱਲੋਂ ਕੀਤੇ ਸੋਧ-ਸੁਧਾਰਾਂ ਦਾ ਤੁਲਨਾਤਮਕ ਅਧਿਐਨ ਕਰ ਕੇ ਫ਼ੈਸਲਾ ਦਿੱਤਾ ਜਾ ਸਕੇ, ਇਹ ਖੋਜ ਪੰਜਾਬੀ ਵਾਲੇ ਵੀ ਕਰ ਸਕਦੇ ਹਨ, ਹਿੰਦੀ ਵਾਲੇ ਵੀ ਅਤੇ ਸੰਸਕ੍ਰਿਤ ਵਾਲੇ ਵੀ, ਜਾਂ ਤਿੰਨੇ ਰਲ ਕੇ ਵੀ। ਇਸ ਦਾ ਆਧਾਰ, ਮੰਤਵ ਅਤੇ ਦ੍ਰਿਸ਼ਟੀਕੋਣ ਜਾਂ ਵਿਧੀ-ਵਿਧਾਨ ਦੇ ਕਾਰਣ ਨਤੀਜਾ ਜ਼ਰੂਰੀ ਨਹੀਂ ਇੱਕ ਹੀ ਹੋਵੇ। ਫੇਰ, ਇਸ ਗੱਲ ਦਾ ਵੀ ਅੰਤਰ ਹੋ ਸਕਦਾ ਹੈ ਕਿ ਖੋਜ-ਭਾਸ਼ਾ ਸ਼ਾਸਤ੍ਰੀ ਪੱਖ ਤੋਂ ਕੀਤੀ ਜਾ ਰਹੀ ਹੈ ਜਾਂ ਸਾਹਿਤ-ਸ਼ਾਸਤ੍ਰੀ ਡੀਠ ਤੋਂ ਅਥਵਾ ਕੇਵਲ ਸੰਪਾਦਨ ਕਲਾ ਦੇ ਢੰਗ ਸਰੂਪ ਆਦਿ ਦੇ ਵਿਕਾਸ ਬਾਰੇ ਹੀ।

ਭਾਈ ਕਾਨ੍ਹ ਸਿੰਘ ਨੇ ਇਸ ਪੋਥੀ ਦੇ ਸੰਸ਼ੋਧਨ-ਸੰਪਾਦਨ ਵਿੱਚ ਜੋ ਢੰਗ ਅਪਣਾਇਆ ਉਸ ਦੀਆਂ ਕੁਝ ਵੰਨਗੀਆਂ ਗੱਲ ਨੂੰ ਸ਼ਾਇਦ ਕੁਝ ਸਪਸ਼ਟ ਕਰ ਸਕਣ। ਪ੍ਰਮਾਣ ਲਈ ਮੈਂ ਆਪਣੇ ਸੰਗ੍ਰਹਿ ਦੀ, ਇੱਕ ਸੌ ਕੁ ਸਾਲ ਪੁਰਾਣੀ, ਪੋਥੀ ਵਰਤ ਰਿਹਾ ਹਾਂ।

ਆਰੰਭਿਕ ਦੋਹੇ ਵਿੱਚ ਇਸ ਹਥ-ਲਿਖਿਤ ਪੋਥੀ ਦਾ ਪਾਠ ਹੈ :

ਤੈ ਨਮਾਮਿ ਪਦ ਪਰਮ ਗੁਰ ਕ੍ਰਿਸ਼ਨ ਕਮਲ ਦਲ ਨੈਨ।
ਜਗ ਕਾਰਨ ਕਰੁਨਾਰਬ ਗੋਕੁਲ ਜਿਨ ਕੋ ਐਨ ॥1॥

ਭਾਈ ਕਾਨ੍ਹ ਸਿੰਘ ਦੇ ਸੰਪਾਦਿਤ ਸੰਸਕਰਣ ਵਿੱਚ 'ਜਿਨ ਕੋ' ਦੀ ਥਾਂ 'ਜਾਂ ਕੋ' ਕਰ ਦਿੱਤਾ ਗਿਆ ਹੈ। ਕਵੀ ਦਾ ਸੰਕੇਤ ਸੰਭਵ ਹੈ 'ਕ੍ਰਿਸ਼ਨ ਕਮਲ ਦਲ ਨੈਨ' ਦੀ ਇੱਕ ਤੋਂ ਅਧਿਕ ਵਸਤੂ ਚਰਨ-ਜੁਗਲ ਵੱਲ ਹੋਣ ਕਰਕੇ, ਉਸਦੇ 'ਜਿਨ' ਬਹੁ ਵਚਨ ਵਰਤਣ ਦੇ ਪ੍ਰਯੋਗ ਨੂੰ ਠੀਕ ਹੀ ਸਿੱਧ ਕਰਦਾ ਹੈ। ਦੂਜਾ, ਦੋਹਾ ਸੰਪਾਦਿਤ ਸੰਸਕਰਣਾਂ ਵਿੱਚ, ਨਵਾਂ ਪਾਇਆ ਗਿਆ ਹੈ :—

ਨਾਮ ਰੂਪ ਗੁਣ ਭੇਦ ਕਰਿ ਸੁਈ ਪ੍ਰਗਟ ਸਭ ਠੌਰ।
ਤਾ ਬਿਨ ਤਤ੍ਵ ਜੁ ਆਨਿ ਕਛੁ ਕਹਿਤ ਸੁ ਅਤਿ ਮਤਿ ਬੌਰ ॥2॥

ਇਸ ਦੋਹੇ ਤੋਂ ਬਿਨਾਂ ਵੀ ਕੋਈ ਖ਼ਾਸ ਟੋਟ ਨਹੀਂ ਆਉਂਦੀ ਪ੍ਰਤੀਤ ਹੁੰਦੀ। ਭਗਤ ਨੂੰ ਆਪਣੇ ਇਸ਼ਟ ਤੋਂ ਵੱਖ 'ਤਤ੍ਵ ਜੁ ਆਨਿ ਕਛੁ' ਦਾ ਧਿਆਨ ਆਉਣ ਦੀ ਗੁੰਜਾਇਸ਼ ਹੀ ਨਹੀਂ ਵਿਚਾਰ ਵਿੱਚ ਆ ਸਕਦੀ। ਜੇ ਇਹ ਦੋਹਾ ਭਾਈ ਸਾਹਿਬ ਤੋਂ ਪਹਿਲਾਂ ਹੀ ਕਿਸੇ ਹੋਰ ਉਤਾਰੇ ਵਿੱਚ ਵਧਾਇਆ ਜਾ ਚੁਕਾ ਸੀ ਤਾਂ ਜ਼ਰੂਰ ਅਜਿਹੀ ਸੋਧ ਕਰਨ ਵਾਲਾ ਕੋਈ ਵੇਦਾਂਤੀ ਜਾਂ ਸ਼ਾਸਤ੍ਰਾਰਥੀ ਕਿਸਮ ਦਾ ਵਿਦਵਾਨ ਰਿਹਾ ਹੋਵੇਗਾ, ਭਗਤ ਨਹੀਂ। ਸੱਤਵੇਂ ਦੋਹੇ ਵਿੱਚ 'ਸਧਜੀਰੀ' ਦੀ ਥਾਂ ਸੈਰੰਧ੍ਰੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ।

'ਬੁਧਿ' ਦੇ ਨਾਮ ਵਰਣਨ ਕਰਨ ਵਾਲੇ ਦੋਹੇ ਵਿਚ :—

ਮਨ ਸੋ ਮਤੋ ਕਰਤ ਚਲੀ ਭਲੀ ਬਿਚਛਨ ਤੀਜ ॥ ਦੀ ਥਾਵੇਂ
ਮਤਿ ਸੋ ਕਰਤ ਮਤੋ ਚਲੀ ਭਲੀ ਵਿਚਕਸ਼ਣ ਤੀਜ ॥

'ਮਤਿ ਅਤੇ ਮਤੋ' ਦੀ ਸਾਂਝ ਵਧੇਰੇ ਅਲੰਕਾਰ ਯੁਕਤ ਹੈ ਅਤੇ 'ਵਿ ਚਕ੍ਸ਼ਣ' ਸੰਸਕ੍ਰਿਤ ਕਰਨ ਵੱਲ ਵਧੇਰੇ ਝੁਕਾਉ ਦਾ ਪ੍ਰਮਾਣ ਹੈ।

'ਸ਼ੀਘ੍ਰ' ਦੇ ਅਰਥਾਂ ਵਿੱਚ ਇੱਕ ਦੋਹਾ ਵਧੇਰੇ ਪਾਇਆ ਗਿਆ ਜਾਪਦਾ ਹੈ :—

'ਵੇਗਿ ਸਪਦ' ਵਾਲੀ ਅੰਤਲੀ ਤੁਕ ਤੋਂ ਅੱਗੇ ਵਾਧੇ ਦੀ ਤੁਕ ਦਰਜ ਹੈ, ਇਹ ਤੁਕ ਇਸ ਪ੍ਰਕਾਰ ਹੈ।

"ਵੇਗਿ ਸਪਦਿ ਤਰਸਾ ਅਚਿਰ ਸਦਜ ਹਰਦ ਦਰਹਾਲ।"

ਵਾਧੇ ਵਾਲੀ ਤੁਕ ਪਾਠਕ ਦੇ ਗਿਆਨ ਵਿੱਚ ਵਾਧਾ ਕਰਦੀ ਹੈ, ਪਰ ਇਹ ਸਿੱਧ ਨਹੀਂ ਕਰਦੀ ਕਿ ਪਿਛਲੇ ਉਤਾਰਿਆਂ ਵਿੱਚ ਇਹ ਮੂਲ ਵਿੱਚੋਂ ਰਹਿ ਗਈ ਹੋਈ ਸੀ ਜਾਂ ਮੂਲ ਲੇਖਕ ਨੂੰ ਇਨ੍ਹਾਂ ਸ਼ਬਦਾਂ ਦਾ ਗਿਆਨ ਨਹੀਂ ਸੀ। ਚੰਗਾ ਹੁੰਦਾ ਵਾਧੇ ਵਾਲੇ ਸ਼ਬਦ ਨੂੰ ਕਮਾਣੀਆਂ ਵਿੱਚ ਵਿਖਾ ਦਿੱਤਾ ਜਾਂਦਾ ਜਾਂ, ਫੁਟਨੋਟ ਵਿੱਚ ਵਧਾ ਲਿਆ ਜਾਂਦਾ।

ਇਵੇਂ ਹੀ ਧਾਮ ਦੇ ਅਰਥਾਂ ਵਿੱਚ, ਇੱਕ ਦੋਹਾ ਨਵਾਂ ਆ ਗਿਆ ਹੈ:

"ਸਦਨ ਸਦਮ ਸੰਕੇਤ ਗ੍ਰਿਹ ਆਗਜ ਨਿਕੇਤ
ਭਵਨ ਭੂਪਾ ਬ੍ਰਿਖ ਭਾਨ ਕੇ ਗਈ ਸਖੀ ਇਹ ਹੇਤ।" ਦੀ ਥਾਂ ਪਾਠ ਇਉਂ ਬਦਲਿਆ ਹੈ:

"ਸਦਨ ਸਦਮ ਆਗਾਰ ਗ੍ਰਿਹ ਗੇਹ ਵੇਸ਼ਜ ਸੰਕੇਤ।
ਧਾਮ ਧਿਸ਼੍ਪਦ ਆਸਪਦ ਆਲਜ ਨਿਲਯ ਨਿਕੇਤ ॥੧੧॥
ਮੰਦਿਰ ਮੰਡਪ ਆਯਤਨ ਵਸਤਿ ਹਰਮਜ ਸਥਾਨ।
ਭਵਨ ਭੂਮ ਬ੍ਰਿਸ਼ਭਾਨ ਕੇ ਗਈ ਸਹਚਰੀ ਜਾਨ ॥12॥

ਇਸ ਥਾਂ ਵੀ ਮੂਲ ਵਿੱਚ ਕੀ ਸੀ? ਜਾਂ ਤਬਦੀਲੀ ਕਿਸ ਕਾਰਣ ਕੀਤੀ ਹੈ, ਇਸ ਗੱਲ ਦਾ ਕੋਈ ਸੰਕੇਤ ਨਹੀਂ। ਯਕੀਨਨ ਇਹ ਪਾਠ ਖੇਪਕ-ਪੂਰਣ ਮੰਨਿਆ ਜਾਵੇਗਾ, ਪਰ ਹੈ ਗਿਆਨ ਵਰਧਕ ਅਤੇ ਇਸੇ ਆਸ਼ੇ ਨਾਲ ਕੀਤਾ ਗਿਆ ਹੈ।

ਸੋਨੇ ਦੇ ਨਾਮਾਂ ਦੀ ਸੂਚੀ ਵਿੱਚ ਵੀ ਤਬਦੀਲੀਆਂ ਅਤੇ ਵਾਧੇ ਕੀਤੇ ਗਏ ਹਨ, ਮੇਰੇ ਸੰਗ੍ਰਹਿ ਦੀ ਪੁਰਾਣੀ ਪੋਥੀ ਦਾ ਪਾਠ ਇਸ ਪ੍ਰਕਾਰ ਹੈ:—

ਸ੍ਵਰਨ ਅਰ੍ਜੁਨ ਕਾਰਤਸ੍ਵਰ ਚਾਮੀਕਰ ਤਪਨੀਯ।
ਅਸਟਾਪਦ ਹਾਟਕ ਪੁਟਕ ਮਹਾਰਜਤ ਰਮਨੀਯ ॥11॥
ਸੋਨੇ ਹੀ ਕੇ ਸਦਨ ਸਬ ਮਾਨਕ ਗਚ ਸੁਚਿ ਦੇਤ।
ਜਹਾ ਤਹਾ ਨਰ ਨਾਰਿ ਨਿਜ ਝਾਈ ਝੁਕਿ ਝੁਕਿ ਲੇਤ ॥12॥

ਸੋਧਿਆ ਪਾਠ, ਪਹਿਲੇ ਦੋਹੇ ਵਿਚ ਸ੍ਵਰਨ ਦੀ ਥਾਂ 'ਕੰਚਨ' ਅਤੇ ਦੂਜੇ ਦੋਹੇ ਦੇ ਪਾਠ ਵਿੱਚ 'ਸੋਨੇ' ਦੀ ਥਾਂ 'ਕੁੰਦਨ' ਅਤੇ 'ਸੁਚਿ' ਦੀ ਥਾਵੇਂ 'ਛਬਿ' ਕਰਦਾ ਹੈ ਅਤੇ ਵਿਚਕਾਰ ਇੱਕ ਤੀਜਾ ਦੋਹਾ ਵੀ ਬਣਾ ਕੇ ਵਧਾ ਦਿੱਤਾ ਗਿਆ ਹੈ:—

'ਮੁਸਜਧਾਤੁ ਕਲਧੌਤ ਹਰਿ ਕੁਕ੍ਬਰ ਨਿਸ਼ਕ ਸ੍ਵਰ੍ਣ
ਸ਼੍ਰੀਨਿਕ੍ਰੇਤ ਪੀਤਕ ਕਨਕ ਹੇਮ ਅਗ੍ਨਿ ਸ਼ਿਖ ਧਰ੍ਣ ॥14॥

ਇਵੇਂ ਹੀ 'ਸਿੰਹ' ਦੇ ਅਰਥਾਂ ਵਾਲੇ ਦੋਹਿਆਂ ਵਿੱਚ ਚੋਖੀ ਅਦਲਾ ਬਦਲੀ ਹੋਈ ਹੈ:

ਪੁੰਡਰੀਕ ਚਰਿ ਪੰਜਮੁਖ ਕੰਠੀਰਜ ਮ੍ਰਿਗਰਾਇ॥
ਸਿੰਘ (ਸਿੰਹ) ਪੌਰ ਬ੍ਰਿਖਭਾਨੁ ਕੀ ਸਹਚਰਿ ਪਹੁੰਚੀ ਜਾਇ ॥19॥

ਅਸਲੋਂ ਸੋਧਿਆ ਪਾਠ ਦੋ ਦੋਹਿਆਂ ਵਿੱਚ ਫੈਲ ਗਿਆ ਹੈ :

ਕੰਠੀਰਵ ਹਰਿ ਕੇਸਰੀ ਪੁੰਡਰੀਕ ਹਰਯਕ੍ਸ਼
ਪੰਚਾਨਨ ਮ੍ਰਿਗਪਤਿ ਨਖੀ ਨਖਰਾਯੁਧ ਪਲਂਕਸ਼ ॥22॥
ਸਿੰਹ ਪੌਰ ਵ੍ਰਿਸ਼ਭਾਨੁ ਕੀ ਸਹਚਰਿ ਪਹੁੰਚੀ ਜਾਯ ।
ਅਤਿ ਸੰਘਟ ਨਟ ਭਟਨ ਕੇ ਪੇਖਿ ਰਹੀ ਸਕੁਚਾਯ ॥23॥

ਇਸ ਥਾਵੇਂ ਵਾਧਾ ਭੀ ਹੋਇਆ ਹੈ ਅਤੇ 'ਪੰਜਮੁਖ' ਅਤੇ ਪੰਚਾਨਨ ਮ੍ਰਿਗਰਾਇ ਤੋਂ 'ਮ੍ਰਿਗਪਤਿ' ਸ਼ਬਦਾਂ ਦੀ ਵਰਤੋਂ ਵਿੱਚ ਸੰਸਕ੍ਰਿਤ ਦੇ ਨੇੜੇ ਵੱਲ ਦਾ ਝੁਕਾਉ ਭੀ ਸਪਸ਼ਟ ਹੈ ।

ਸਾਰੀ ਪੋਥੀ ਵਿੱਚ ਇਸੇ ਪ੍ਰਕਾਰ ਵਾਧੇ ਅਤੇ ਸ਼ਬਦਾਂ ਦੇ ਸੰਸਕ੍ਰਿਤ-ਕਰਨ ਦੀ ਪ੍ਰਵਿਰਤੀ ਵਿਆਪਕ ਹੈ । ਇਸ ਸੋਧੇ ਹੋਏ ਸੰਸਕਰਣ ਵਿੱਚ 273 ਦੋਹਿਆਂ ਦੇ ਮੁਕਾਬਲੇ ਉਤੇ 319 ਦੋਹੇ ਮਿਲਦੇ ਹਨ ਅਤੇ ਕੋਈ ਇੱਕ ਸੌ ਦੇ ਕਰੀਬ ਨਵੇਂ ਸ਼ਬਦ ਵਧਾਏ ਗਏ ਹਨ । ਇਹ ਸੁਧਾਰ ਅਤੇ ਵਾਧੇ 231 ਸਿਰ ਲੇਖਾਂ ਹੇਠ ਹੋਏ ਹਨ, ਇਨ੍ਹਾਂ ਵਿੱਚੋਂ ਘੱਟੋ ਘੱਟ 18 ਸਿਰਲੇਖ ਨਵੇਂ ਹਨ, ਪਰ, ਸਭ ਤੋਂ ਵਧੇਰੇ ਧਿਆਨ ਦੇਣ ਜੋਗੀ ਗੱਲ ਇਹੋ ਹੈ ਕਿ ਸ਼ਬਦਾਂ ਨੂੰ ਮੁੜ ਸੰਸਕ੍ਰਿਤ ਵਿਆਕਰਣ ਅਨੁਸਾਰ ਸ਼ੁੱਧ ਕਰਨ ਦਾ ਝੁਕਾਉ ਕਵਿ ਨੰਦ-ਦਾਸ ਦੇ ਆਸ਼ੇ ਦੇ ਉਲਟ ਪੈਂਦਾ ਹੈ :

ਉਚਰ ਸਕਤ ਨਹਿ ਸੰਸਕ੍ਰਿਤ ਜਾਨਯੋ ਚਾਹਤ [ਨਾਮ ।
ਤਿਨ ਹਿਤ ਨੰਦ ਸੁਮਤਿ ਯਥਾ **ਰਚਤ ਨਾਮ ਕੀ ਦਾਮ** ॥3॥

ਭਾਈ ਕਾਨ੍ਹ ਸਿੰਘ ਨੇ ਉਨ੍ਹਾਂ ਹੀ ਲੋਕਾਂ ਨੂੰ ਸੰਸਕ੍ਰਿਤ ਦਾ ਉਚਾਰਣ ਸਿਖਾਉਣ ਲਈ ਹੀ, ਸ਼ਾਇਦ, ਰਚਨਾ ਨੂੰ ਉਨ੍ਹਾਂ ਹੀ ਅੱਖਰਾਂ ਵਿੱਚ ਲਿਖਣ ਦਾ ਜਤਨ ਕੀਤਾ ਹੈ ਜੋ 'ਗੁਰ-ਛੰਦ ਦਿਵਾਕਰ', 'ਗੁਰ ਸ਼ਬਦਾਲੰਕਾਰ' ਅਤੇ 'ਅਨੇਕਾਰਥੀ' ਲਈ ਲਿਖੇ ਸਨ ਸੀ । ਇਹ ਕਹਿਣਾ ਕਠਿਨ ਹੋਵੇਗਾ ਕਿ ਲਿਖੀ ਸੋਧ ਲੈਣ ਨਾਲ ਹੀ ਪੜ੍ਹਣ ਵਾਲੇ ਸੰਸਕ੍ਰਿਤ ਦੇ ਸ਼ੁੱਧ ਉਚਾਰਣ ਵਿੱਚ ਸਮਰਥ ਹੋ ਜਾਣਗੇ । ਹਾਂ, ਸ਼ੁੱਧੀ ਵੱਲ ਇਹ ਇੱਕ ਜਤਨ ਜ਼ਰੂਰ ਹੈ । ਸਾਰੀ ਰਚਨਾ 69 ਸਫ਼ਿਆਂ ਵਿੱਚ ਪੂਰੀ ਹੋਈ ਹੈ । ਕਦੇ ਸੰਸਕ੍ਰਿਤ ਦੇ ਵਿਦਿਆਰਥੀ ਇਨ੍ਹਾਂ ਪੋਥੀਆਂ ਨੂੰ ਕਠ ਕਰ ਲੈਂਦੇ ਹੁੰਦੇ ਸਨ ।

9. ਚੰਡੀ ਦੀ ਵਾਰ ਸਟੀਕ

ਨਾਮਧਾਰੀ ਸੰਪ੍ਰਦਾਇ ਵਿੱਚ ਦਸ਼ਮ-ਗ੍ਰੰਥ ਵਿੱਚ ਦਰਜ ਚੰਡੀ ਦੀ ਵਾਰ ਦਾ ਖ਼ਾਸ ਮਹੱਤਵ ਮੰਨਿਆ ਜਾਂਦਾ ਹੈ । ਉਨ੍ਹਾਂ ਦੇ ਪੂਜਾ-ਪਾਠ ਵਿੱਚ ਇਸ ਰਚਨਾ ਦਾ ਨਿੱਤ-ਪਾਠ ਉੱਤਮ ਹੀ ਨਹੀਂ, ਇੱਕ ਪ੍ਰਕਾਰ ਦੀ ਨਿੱਤ-ਕ੍ਰਿਆ ਹੈ । ਪਰ, ਭਾਵ-ਅਰਥ ਠੀਕ ਨਾ ਸਮਝ ਸਕਣ ਕਾਰਣ ਇਸਦੇ ਪਾਠੀਆਂ ਪਾਸੋਂ ਪੜ੍ਹਦੇ ਸਮੇਂ ਅਕਸਰ ਭੁੱਲਾਂ ਹੁੰਦੀਆ ਰਹਿੰਦੀਆਂ ਹਨ, ਕਿਉਂਕਿ ਇਸ ਵਾਰ ਵਿਚਲੇ ਕਿਤਨੇ ਹੀ ਸ਼ਬਦ ਹੁਣ ਰੋਜ਼ ਦੇ ਕਾਰ-ਵਿਹਾਰ ਦੀ ਬੋਲੀ ਦਾ ਅੰਗ ਨਹੀਂ ਰਹਿ ਗਏ, ਸਗੋਂ ਲੋਕ-ਮਨ ਤੋਂ ਦੂਰ ਜਾ ਪੈਣ ਕਾਰਣ ਅਰਥਾਂ ਵਿੱਚ ਭੁਲੇਖੇ ਉਪਜਾਉਣ ਦਾ ਕਾਰਣ ਹੁੰਦੇ ਹਨ । ਇਸ ਲਈ ਨਾਮਧਾਰੀ ਸੰਪ੍ਰਦਾਇ ਦੇ ਆਗੂ ਪ੍ਰਤਾਪ ਸਿੰਘ ਜੀ ਨੇ ਜੋ ਭਾਈ ਕਾਨ੍ਹ ਸਿੰਘ ਦੇ ਨੇੜਲੇ ਕ੍ਰਿਪਾਲੂਆਂ ਵਿੱਚੋਂ ਸਨ, ਇੱਕ ਅਜਿਹਾ ਟੀਕਾ ਕਰਨ ਦੀ ਗੱਲ ਸੁਝਾਈ ਜੋ ਇਨ੍ਹਾਂ ਔਖੇ ਅਰਥਾਂ ਦੀ ਜਾਣਕਾਰੀ ਦਿੰਦੇ ਹੋਇਆਂ ਵੀ

ਸਾਧਾਰਣ ਪਾਠਕ ਲਈ ਔਖਾ ਨਾ ਹੋ ਜਾਵੇ। ਇਹ ਕੰਮ ਕਰੜੀ ਤਪੱਸਿਆ ਵਾਲਾ ਸੀ ਜੋ ਭਾਈ ਕਾਨ੍ਹ ਸਿੰਘ ਨੇ 1935 ਵਿੱਚ ਕਰਕੇ ਦੇ ਦਿੱਤਾ। ਇਸੇ ਵਰ੍ਹੇ ਇਹ ਸਤਜੁਗ ਪ੍ਰੈਸ ਤੋਂ ਛਪ ਗਿਆ।

ਸਾਰਾ ਗ੍ਰੰਥ ਸਾਧਾਰਣ ਕਿਤਾਬੀ ਸਾਈਜ਼ (ਕ੍ਰਾਊਨ, ਚੁਪੱਤੀਆ) ਦੇ 56 ਸਫ਼ੇ ਦਾ ਹੈ। ਮੁੱਢ ਵਿੱਚ, ਮੁਖ ਬੰਦ ਵਜੋਂ ਭਗਉਤੀ ਦੀ ਵਾਰ ਸਦਾਉਣ ਵਾਲੀ ਇੱਕ ਹੋਰ ਘੱਟ ਪ੍ਰਚਲਿਤ ਰਚਨਾ ਦੇ ਕੁਝ ਬੰਦ ਸੰਤ ਇੰਦ੍ਰ ਸਿੰਘ ਚੱਕਰਵਤੀ ਵੱਲੋਂ ਜੋੜੇ ਗਏ ਹਨ। ਅੱਗੇ ਭਾਈ ਕਾਨ੍ਹ ਸਿੰਘ ਵੱਲੋਂ ਵਾਰ ਦੀ ਤੁਕ ਤੁਕ ਨਿੱਖੜਵੀਂ (ਪੁਰਾਣੀਆਂ ਪੋਥੀਆਂ ਵਾਂਗ ਇੱਕੋ ਪਾਲ ਵਿੱਚ ਇੱਕ ਤੋਂ ਵੱਧ ਤੁਕਾਂ ਛਾਪਣ ਵਿਰੁੱਧ) ਛਾਪ ਕੇ ਹਰ ਪਉੜੀ ਦੇ ਹੇਠ ਉਸੇ ਤਰ੍ਹਾਂ ਇਕੱਲੀ ਇਕੱਲੀ ਤੁਕ ਦਾ ਸਰਲ ਅਰਥ ਛਾਪਿਆ ਗਿਆ ਹੈ। ਟੀਕੇ ਦੀ ਬੋਲੀ ਸਰਲ ਪੰਜਾਬੀ ਹੈ, ਪਰ ਉਸ ਵਿੱਚੋਂ ਮੂਲ ਦੀ ਪੁਰਾਣੀ ਪੰਜਾਬੀ ਦੇ ਰਚਾਉ ਨੂੰ ਜ਼ੋਰ ਧਿੰਙਾਣੇ ਦੂਰ ਰੱਖਣ ਦਾ ਜਤਨ ਨਹੀਂ ਕੀਤਾ ਗਿਆ। ਫ਼ੁਟ-ਨੋਟਾਂ ਵਿੱਚ ਕਠਿਨ ਅਤੇ ਅਪ੍ਰਚੱਲਿਤ ਸ਼ਬਦਾਵਲੀ ਦੇ ਸਾਧਾਰਣ ਅਰਥ ਲਿਖੇ ਹਨ। ਅਰਥ ਲਿਖਦੇ ਸਮੇਂ ਵਿਆਕਰਣ ਦੀਆਂ ਤਕਨੀਕੀ ਗੁੰਝਲਾਂ ਦੇ ਜੰਜਾਲ ਵਿੱਚ ਉਲਝਣ ਦੀ ਵਧੀਕੀ ਤੋਂ, ਲਗਦੀ ਵਾਹ, ਕੰਨੀ ਕਤਰਾ ਲੈਣਾ ਹੀ ਮੁਨਾਸਿਬ ਸਮਝਿਆ ਗਿਆ ਹੈ। ਇਹ ਟੀਕਾ ਪਾਠਕ ਨੂੰ ਪਾਠ ਦਾ ਸੱਚਾ ਸੁਆਦ ਲੈਣ ਲਈ ਸਹਾਇਕ ਹੋਣ ਵਾਸਤੇ ਰਚਿਆ ਗਿਆ ਹੈ, ਨਾ ਕਿ ਸ਼ਾਸਤ੍ਰਾਰਥ ਜੋਗ ਬਣਾਉਣ ਲਈ ਸੂਝਵਾਨ ਪਾਠਕ ਲਈ ਉਸ ਮੰਤਵ ਜੋਗੇ ਸੰਕੇਤ ਭੀ ਭਾਵੇਂ ਕਿਧਰੇ ਕਿਧਰੇ ਦਰਜ ਕੀਤੇ ਮਿਲ ਹੀ ਜਾਂਦੇ ਹਨ। ਪਹਿਲੀ ਪਉੜੀ ਦੇ ਅਰਥ ਕਰਦੇ ਸਮੇਂ, 'ਭਗਉਤੀ' ਸ਼ਬਦ ਦੇ ਅਰਥਾਂ ਉੱਤੇ ਚਾਨਣਾ ਪਾਉਂਦੇ ਹੋਏ, ਸਪਸ਼ਟ ਕੀਤਾ ਹੈ ਕਿ ਭਗਉਤੀ ਦਾ ਅਰਥ ਇਸ ਥਾਵੇਂ ਦੁਰਗਾ ਕਿਉਂ ਨਹੀਂ, ਫੁਟ-ਨੋਟਾਂ ਵਿੱਚ ਅਨੇਕ ਸ਼ਬਦਾਂ ਦੇ ਅਰਥ ਉਘਾੜਣ ਦਾ ਨਿੱਖੜਵਾਂ ਜਤਨ ਕੀਤਾ ਗਿਆ ਹੈ। ਜਿਵੇਂ ਅਧ-ਸੀਲੀ ਦਾ ਅਰਥ ਅਧੋ-ਸੀਲੀ (ਨਿਵਾਣ ਵਲ ਖਿਸਕੇ ਸ਼ੀਲ ਵਾਲੀ)[1] 'ਮਹਿਖਾਸਰ ਸੁੰਡ ਉਪਾਇਆ' ਵਾਲੀ ਤੁਕ ਵਿਚ ਸੁੰਡ (ਸੰ. ਸੁੰਡਿ) ਦਾ ਅਰਥ ਹਾਥੀ ਕੀਤਾ ਹੈ।[2] ਅਤੇ ਆਪਣੇ ਅਰਥ ਨੂੰ ਮਾਰਕੰਡੇ ਪੁਰਾਣ ਅਤੇ ਦੇਵੀ ਭਾਗਵਤ ਤੋਂ ਪ੍ਰਮਾਣਿਤ ਕੀਤਾ ਹੈ। 'ਦੁਰਗਾ ਬੈਣ ਸੁਣੰਦੀ ਹੱਸੀ ਹੜਹੜਾਇ' ਵਾਲੀ ਤੁਕ ਵਿੱਚ ਦੁਰਗਾ ਦਾ ਹੱਸਣਾ ਵਿਅੰਗ ਪੂਰਣ ਹੈ[3], ਕਿਉਂਕਿ ਦੇਵਤੇ ਜੋ ਆਪਣੇ ਆਪ ਨੂੰ ਕਰਤਾਰ ਦਾ ਅੰਸ਼ ਮੰਨਦੇ ਹਨ, ਉਹ ਦੈਂਤਾਂ ਕੋਲੋਂ ਮਾਰ ਖਾ ਜਾਂਦੇ ਅਤੇ ਦੁਰਗਾ ਕੋਲ ਸਹਾਇਤਾ ਦੀ ਮੰਗ ਕਰਨ ਆਉਂਦੇ ਹਨ, ਹਾਸਾ ਉਨ੍ਹਾਂ ਦੀ ਬੁਜ਼ਦਿਲੀ ਤੇ ਹੈ। **ਕੰਧਾਰ :** ਸੰਸਕ੍ਰਿਤ ਦੇ ਸ਼ਬਦ ਸਕੰਧਾਵਾਰ ਤੋਂ ਉਪਜਿਆ ਮੰਨਿਆ ਹੈ (ਪ੍ਰਾਕ੍ਰਿਤ ਨਿਯਮਾਂ ਨਾਲ)[4] **ਬੈਰਕ :** ਅਰਬੀ ਸ਼ਬਦ ਦੱਸਿਆ ਹੈ ਜਿਸਦਾ ਅਰਥ ਛੋਟੀ ਝੰਡੀ ਮੰਨਿਆ ਗਿਆ ਹੈ। ਇਹ ਸ਼ਬਦ

1. ਚੰਡੀ ਦੀ ਵਾਰ ਸਟੀਕ, ਪੰਨਾ 6
2. ਉਹੀ
3. ਉਹੀ, ਪਨਾ 7
4. ਉਹੀ ਪੰਨਾ 10

ਯਕੀਨਨ ਮੁਸਲਮਾਨ ਫ਼ੌਜਾਂ ਦੀ ਯੁੱਧ ਸੰਬੰਧੀ ਸ਼ਬਦਾਵਲੀ ਵਿੱਚੋਂ ਆ ਕੇ ਪ੍ਰਚੱਲਿਤ ਹੋਇਆ ਹੋਵੇਗਾ ।[5] **ਊਘਨ** : ਦਾ ਅਰਥ ਬੂੱਕਦੇ ਹਨ ਕੀਤਾ ਹੈ, ਪਰ ਉਸਦਾ ਮੂਲ ਜਾਂ ਵਿਉਤਪਤੀ ਨਹੀਂ ਦੱਸੀ ਹੋਈ ।[6] 'ਪੇਟ **ਮਲੰਦੇ** ਲਾਈ ਵਾਲੀ' ਤੁਕ ਵਿਚ ਮਲੰਦਾ ਫ਼ਾਰਸੀ ਮੂਲੰਦ (ਸ਼ੇਖੀ ਖੋਰੀ) ਤੋਂ ਲਿਆ ਹੈ ।[7] **ਰਕੜਾ** ਦਾ ਅਰਥ ਗੁਰਦਾ ਅਤੇ ਪਸਲੀ ਕੀਤਾ ਹੈ ਪਰ ਮੂਲ ਜਾਂ ਵਿਉਤਪਤੀ ਨਹੀਂ ਦੱਸੀ ਹੋਈ ।[8] **ਜਮਧਾਣ** ਦਾ ਅਰਥ ਨਗਾਰਿਆਂ ਦੇ 'ਨਰ' ਅਤੇ 'ਮਦੀਨ' ਅੰਗ ਕੀਤਾ ਹੈ। ਵਿਉਤਪਤੀ ਨਹੀਂ ਦੱਸੀ[9] ਗਈ। **'ਪੀਤਾ ਫੁੱਲ ਅਯਾਣੀ'** ਵਾਲੀ ਤੁਕ ਵਿੱਚ ਫੁੱਲ ਦਾ ਅਰਥ ਅਲਕੋਹਲ (ਸ਼ਰਾਬ ਦਾ ਫੁੱਲ) ਦਿੱਤਾ ਹੈ ।[10] ਅਛੂਹਣੀ (ਖੂਹਣੀ) ਵਿਚਲੇ ਹਾਥੀਆਂ, ਘੋੜਿਆਂ ਅਤੇ ਪੈਦਲਾਂ ਦੀ ਗਿਣਤੀ, ਲੜੀਵਾਰ 21,870[11] 65610 ਅਤੇ 109,350 ਸੰਸਕ੍ਰਿਤ ਗ੍ਰੰਥਾਂ ਦੇ ਆਧਾਰ ਉੱਤੇ ਦੱਸੀ ਹੈ, ਪਰ ਸ੍ਰੋਤ ਨਹੀਂ ਦੱਸਿਆ। **ਮਦਾਰੀ** ਸੂਫ਼ੀਆਂ ਦਾ ਇਕ ਫ਼ਿਰਕਾ ਜੋ ਸ਼ੇਖ਼ ਮੁਹੰਮਦ ਤੈਮੂਰੀ ਦੇ ਮੰਨਣ ਵਾਲੇ ਹੁੰਦੇ ਸਨ, ਦਿੱਤਾ ਹੈ ।[12] **ਛੰਛਲੀ**, ਚੰਚਲਾ ਦਾ ਵਿਕ੍ਰਿਤ ਰੂਪ (ਛਲ-ਛਿਦ੍ਰ ਹਾਰੀ) ਦੱਸਿਆ ਹੈ, ਸ੍ਰੋਤ ਨਹੀਂ ਦਿਤਾ ।[13] **ਵਿਧਣਰਾਤ** ਵਿਧਵਾਪਣ ਦੇ ਸਮੇਂ ਦੀ ਰਾਤ (ਸੰ. ਵੈਧਵਜ ਰਾਤ੍ਰੀ ਦਸਿਆ ਹੈ, ਆਧਾਰ ਨਹੀਂ ਦਸਿਆ ।[14] **ਖੁਣਸ** ਸੰਸਕ੍ਰਿਤ ਦੇ ਖਿੰਨ-ਮਨਸ ਤੋਂ ਉਪਜਿਆ ਮੰਨਿਆ ਹੈ, ਪਰ ਕਿਵੇਂ ? ਇਹ ਨਹੀਂ ਦੱਸਿਆ ਗਿਆ ।[15] ਇਸੇ ਤਰ੍ਹਾਂ ਹੋਰ ਵੀ ਕਾਫ਼ੀ ਫੁਟਨੋਟ ਹਨ, ਜਿਨ੍ਹਾਂ ਵਿੱਚ ਅਰਥ ਦੱਸਿਆ ਹੈ, ਵਿਉਤਪਤੀਆਂ ਆਦਿ ਦੇ ਝਮੇਲਿਆਂ ਦਾ ਰੇੜਕਾ ਨਹੀਂ ਪਾਇਆ ਗਿਆ, ਕਿਉਂਕਿ ਇਹ ਅਰਥ ਸਾਧਾਰਣ ਪਾਠੀ ਲਈ ਹਨ, ਪਰ ਖੋਜੀ ਲਈ ਇਨ੍ਹਾਂ ਵਿੱਚ ਹੀ ਦਿਸ਼ਾ-ਸੰਕੇਤ ਜ਼ਰੂਰ ਦੇ ਦਿੱਤਾ ਹੋਇਆ ਹੈ ।

10. ਗੁਰਮਤ ਮਾਰਤੰਡ

ਗੁਰਮਤ ਮਾਰਤੰਡ, ਕਹਿਣ ਨੂੰ ਕੋਈ ਨਵੀਂ ਰਚਨਾ ਨਹੀਂ ਸਗੋਂ ਲੇਖਕ ਦੀਆਂ ਦੂਜੇ ਦੌਰ ਵਿੱਚ ਰਚੀਆਂ ਤਿੰਨ ਪੁਸਤਕਾਂ ਦਾ ਇਕੱਤ੍ਰ ਕਰਕੇ ਮੁੜ ਸੋਧਿਆ ਸੰਪਾਦਿਆ ਰੂਪ ਹੈ। ਇਹ ਤਿੰਨ ਪੁਸਤਕਾਂ 'ਗੁਰਮਤ ਸੁਧਾਕਰ', 'ਗੁਰਮਤ ਪ੍ਰਭਾਕਰ', ਅਤੇ 'ਗੁਰੂ

---

5. ਚੰਡੀ ਦੀ ਵਾਰ ਸਟੀਕ, ਪੰਨਾ 11
6. ਉਹੀ
7. ਉਹੀ, ਪੰਨਾ 14
8. ਉਹੀ
9. ਉਹੀ, ਪੰਨਾ 22
10. ਉਹੀ, ਪੰਨਾ 24
11. ਉਹੀ, ਪੰਨਾ 25
12. ਉਹੀ, ਪੰਨਾ 34
13. ਉਹੀ, ਪੰਨਾ 38
14. ਉਹੀ, ਪੰਨਾ 44
15. ਉਹੀ, ਪੰਨਾ 46

ਗਿਰਾ ਕਸੌਟੀ' ਹਨ ਇਨ੍ਹਾਂ ਤਿੰਨਾ ਪੁਸਤਕਾਂ ਨੂੰ ਸੋਧ ਕੇ ਉਸ ਵਿੱਚ ਇੱਕ ਚੋਖੀ ਲੰਬੀ ਭੂਮਿਕਾ ਵੀ ਜੋੜ ਲਈ ਗਈ ਹੈ। ਲੇਖਕ ਨੇ ਆਰੰਭ ਵਿੱਚ ਹੀ ਇਸ ਦੀ ਸੂਚਨਾ ਦੇ ਦਿੱਤੀ ਹੈ!

"ਗੁਰੂ ਗਿਰਾ ਕਸ਼ਪੱਟੀ, ਗੁਰਮਤ ਪ੍ਰਭਾਕਰ, ਸੁਧਾਕਰ ਸਾਰ ਯਹ ਗੁਰਮਤ ਮਾਰਤੰਡ"[16]
ਇਵੇਂ ਹੀ ਉਹ ਇਹ ਵੀ ਮੰਨਦਾ ਹੈ ਕਿ ਇਸ ਰਚਨਾ ਦਾ ਉਦੇਸ਼ ਅਤੇ ਭਾਵ ਉੱਤਮ ਹੁੰਦਿਆਂ ਵੀ ਇਹ ਰਚਨਾ, ਰਚਨਾ ਪੱਖੋਂ, ਕਈ ਅੰਸ਼ਾਂ ਵਿਚ 'ਖਾੜਕੂ' (ਉਦੰਡ) ਪ੍ਰਬ੍ਰਿਤੀ ਵਾਲੀ ਹੈ :

"ਏਕ ਹੀ ਉਪਾਸਜ ਨਿਰਾਕਾਰ ਗੁਣਾਧਾਰ ਪ੍ਰਭੁ ਖ਼ੇਲ ਮਾਤ੍ਰ ਕਰੈ ਭਰੈ ਹਰੇ ਜੋਊ ਬ੍ਰਹਮਖੰਡ।
ਤਿਸ ਹੀ ਕੀ ਸੇਵਾ, ਸਿਮਰਨ, ਉਪਦੇਸ਼ ਦਾਤਾ, ਜਾਤਿ ਪਾਤਿ ਭੇਦ ਭ੍ਰਮ ਕੋ ਕਰੈਯਾ ਖੰਡ ਖੰਡ।
ਭ੍ਰਾਤ੍ਰੀ ਭਾਵ, ਸੇਵਾ, ਜਥੇਬੰਦੀ ਕੋ ਪ੍ਰਚਾਰਕ ਹੈ, ਗੁਰੂ ਰੀਤ ਪ੍ਰੀਤਪ੍ਰਦ, ਸਤਜਭਾਸ਼ੀ ਹੈ **ਉਦੰਡ**।[17]

ਅਸਲ ਵਿੱਚ ਇਹ ਰਚਨਾ ਲੇਖਕ ਦਾ ਇਕ ਜੀਵਨ-ਭਰ ਬੁੱਲ੍ਹਾਂ ਤੇ ਠਿਠਕਿਆ ਹਉਕਾ ਹੈ। ਉਸ ਨੇ ਆਪਣੇ ਜੀਵਨ ਦੇ ਅਨੁਭਵ ਅਤੇ ਗਿਆਨ ਦੇ ਆਧਾਰ ਉੱਤੇ ਸਿੱਖੀ ਦੇ ਦਰਸ਼ਨ ਅਤੇ ਸਰੂਪ ਦੇ ਜੋ ਨਕਸ਼ ਅਨੁਮਾਨੇ ਸਨ, ਵਿਉਹਾਰ ਵਿੱਚ ਸਿੱਖਾਂ ਨੂੰ ਉਨ੍ਹਾਂ ਆਦਰਸ਼ਾਂ ਤੋਂ, (ਜਿਨ੍ਹਾਂ ਦੀ ਬਤੌਰ ਇੱਕ ਸਿੱਖ ਦੇ ਕਿਸੇ ਤੋਂ ਆਸ ਕੀਤੀ ਜਾ ਸਕਦੀ ਸੀ) ਜਦੋਂ ਇੱਕ ਦਮ, ਉਲਟ ਵਿਉਹਾਰ ਕਰਦੇ ਵੇਖਦਾ ਹੈ, ਅਤੇ ਇਹ ਵੀ ਵੇਖਦਾ ਹੈ ਕਿ ਲਗਪਗ ਵੀਹ ਵਰ੍ਹੇ ਉਹ ਨਿੱਜੀ ਪੱਧਰ ਉੱਤੇ, ਮਾਣ, ਸਤਿਕਾਰ, ਅਹੁਦਾ ਅਤੇ ਆਰਥਿਕ ਲਾਭ ਆਦਿ ਵਾਰ ਕੇ ਵੀ ਭਾਈਚਾਰਕ ਸੋਚਣੀ ਅਤੇ ਕਰਨੀ ਵਿੱਚ ਕੋਈ ਵਿਸ਼ੇਸ਼ ਤਬਦੀਲੀ ਨਹੀਂ ਲਿਆ ਸਕਿਆ ਤਾਂ ਉਸਦਾ ਇਹ ਪਥਰਾਇਆ ਹਉਕਾ ਕਿਸੇ ਅਗੰਮੀ ਆਸ ਵਿੱਚ ਮੁੜ ਸ਼ਬਦਾਂ ਦੇ ਜਾਮੇ ਵਿੱਚ ਢਲ ਜਾਂਦਾ ਹੈ। ਲੇਖਕ ਰੂਪ ਵਿੱਚ ਉਸ ਨੇ ਕਿਧਰੇ ਵੀ ਇਹ ਦਾਅਵਾ ਨਹੀਂ ਕੀਤਾ ਕਿ ਉਹ ਜੋ ਕੁਝ ਸੋਚਦਾ, ਕਹਿੰਦਾ ਹੈ ਉਹ ਧਰਮ-ਸੱਤ ਹੈ, ਉਹ ਤਾਂ ਸਗੋਂ ਹਰ ਗੱਲ ਨੂੰ ਦਲੀਲਵਾਦੀ ਪੱਖੋਂ ਪੇਸ਼ ਕਰਦਾ ਹੈ ਅਤੇ ਲੋਚਦਾ ਹੈ ਕਿ ਸਮੇਂ ਦੇ ਵਿਦਵਾਨ ਉਸਦੀ ਦਲੀਲ ਪਰਖਣ ਅਤੇ ਜਿੱਥੇ ਸਹਿਮਤ ਹੋਣ ਉਸ ਉੱਤੇ ਹਾਮੀ ਭਰਨ ਅਤੇ ਜਿੱਥੇ ਮਤਭੇਦ ਹੋਣ, ਉਨ੍ਹਾਂ ਨੂੰ ਉਸੇ ਤਰ੍ਹਾਂ ਖੁੱਲ੍ਹੇ ਦਿਲ ਨਾਲ, ਦਲੀਲ ਦੇ ਕੇ, ਭਰਪੂਰ ਖੰਡਨ ਕਰਨ, ਪਰ ਅਜਿਹਾ ਹੋਇਆ ਨਹੀਂ। ਉਸ ਨੂੰ ਸ਼ਿਕਵਾ ਰਿਹਾ ਹੈ ਕਿ ਉਸਦੀ ਗੱਲ ਨੂੰ ਜਾ ਤਾਂ ਗੌਲਿਆ ਹੀ ਨਹੀਂ ਗਿਆ ਜਾਂ ਪੂਰਬਲੇ ਜੀਵਨ ਦੇ ਢੱਰਿਆਂ ਦੀ ਰੱਖਿਆ ਦੇ ਵਾਸਤੇ ਪਾ ਕੇ ਜਿਉਂ ਦਾ ਤਿਉਂ ਰੱਖਣ ਦਾ ਖੌਰੂ ਪਾਇਆ ਜਾਂਦਾ ਰਿਹਾ। ਇਸੇ ਸਥਿਤੀ ਤੋਂ ਚਿੜ ਕੇ ਉਹ ਕਹਿਣ ਤੇ ਮਜਬੂਰ ਹੈ ਕਿ :

> "ਅਸਾਡੇ ਵਿੱਚ ਵਿਚਾਰ ਸ਼ਕਤਿ ਬਹੁਤ ਘੱਟ ਹੈ, ਬਿਨਾ ਸਿਧਾਂਤ ਸੋਚੇ ਹੀ ਤੁੱਛ ਬਾਤ ਤੇ ਵਿਤੰਡਵਾਦ ਕਰਨ ਲਗ ਜਾਨੇ ਹਾਂ।"[18]

16. ਗੁਰਮਤ ਮਾਰਤੰਡ. ਟਾਈਟਲ ਪੰਨੇ ਤੋਂ ਅਗਲਾ (ਬਿਨਾਂ ਨੰਬਰ)
17. ਉਹੀ,
18. ਗੁਰਮਤ ਮਾਰਤੰਡ, ਪੰਨਾ ਭ, ਭੂਮਿਕਾ

ਉਹ ਇੱਕ ਉਦਾਹਰਣ ਵੀ ਸਾਡੀ ਇਸ ਬ੍ਰਿਤੀ ਨੂੰ ਸਾਹਮਣੇ ਲਿਔਣ ਲਈ, ਕਥਨ ਕਰਨ ਦਾ ਸਾਹਸ ਕਰਦੇ ਹਨ :—

"ਕੁਛ ਸਮਾ ਹੋਇਆ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਸੇ ਬਿਦੇਸ਼ ਗਏ ਸਿੱਖ ਦੇ ਪ੍ਰਸ਼ਨ ਦਾ ਉਤਰ ਦਿੰਦੇ ਹੋਏ ਰਾਇ ਦਿੱਤੀ ਸੀ ਕਿ ਗੁਰੂ ਗ੍ਰੰਥ ਸਾਹਿਬ ਦਾ ਸਿੰਘਾਸਨ ਉਚਾ ਰੱਖ ਕੇ ਗੁਰਦੁਆਰਾ ਬਣਾਨਾ ਅਤੇ ਕੁਰਸੀਆਂ ਤੇ ਬੈਠਣਾ ਨਾ ਮੁਨਾਸਿਬ ਨਹੀਂ, ਇਸ ਸੰਬੰਧ ਵਿੱਚ ਹੱਦੋਂ ਵਧ ਕੇ ਵਿਰੋਧ ਹੋਇਆ ਪਰ ਕਿਸੇ ਨੇ ਇਹ ਵਿਚਾਰ ਨਹੀਂ ਕੀਤਾ ਕਿ ਇਸ ਵਿੱਚ ਸਿੱਖ ਧਰਮ ਦੇ ਕਿਹੜੇ ਨਿਯਮ ਦਾ ਭੰਗ ਹੈ, ਗੁਰੂ ਗ੍ਰੰਥ ਸਾਹਿਬ ਦਾ ਪੂਰਾ ਅਦਬ ਰੱਖ ਕੇ ਕੋਈ ਨਿਸ਼ਚਤ ਨਿੰਦਿਤ ਨਹੀਂ ।"[19]

ਭਾਈ ਕਾਨ੍ਹ ਸਿੰਘ ਦੀ ਇਹ ਦਲੀਲ ਕਿੱਥੋਂ ਤਕ ਵਿਉਹਾਰਿਕ ਹੈ ਜਾਂ ਨਹੀਂ, ਇਹ ਵੱਖਰੀ ਗੱਲ ਹੈ, ਪਰ ਇਸ ਵਿੱਚ ਇੱਕ ਮਸਲੇ ਨੂੰ ਉਠਾਉਣ ਅਤੇ ਉਸਦੇ ਪੱਖ ਵਿੱਚ ਦਲੀਲ ਦੇਣ ਦੀ ਝੋਕ ਇਸ ਕਥਨ ਵਿੱਚ ਪੂਰੀ ਤਰ੍ਹਾਂ ਉਜਾਗਰ ਹੈ ! ਇਸੇ ਕਥਨ ਦੇ ਫੁਟ-ਨੋਟ ਵਿੱਚ ਲਿਖਿਆ ਹੈ :

"ਜੇ ਗੁਰੂ ਅਰਜਨ ਦੇਵ ਹਰਿਮੰਦਿਰ ਆਪ ਨਾ ਬਣਾ ਜਾਂਦੇ ਤਾਂ ਉਪਰਲੀ ਛੱਤ ਅਤੇ ਗੈਲਰੀਆਂ ਵਿੱਚ ਬੈਠਣ ਵਾਲਿਆਂ ਦੀ ਕਪਾਲ ਕ੍ਰਿਯਾ ਬਿਨਾ ਸੰਸੇ ਹੋ ਜਾਂਦੀ ।"[20]

ਬਦਲਦੇ ਸਮਿਆਂ ਵਿੱਚ ਬਦਲਦੀਆਂ ਕਦਰਾਂ-ਕੀਮਤਾਂ ਦੀ ਕੂਤਣ-ਸ਼ੈਲੀ ਦੇ ਬਦਲਦੇ ਪੈਮਾਨਿਆਂ ਦਾ ਪੱਖ-ਪੂਰਦਿਆਂ, ਅੱਗੇ ਚਲ ਕੇ ਲਿਖਿਆ ਹੈ :

"ਕਿਸੇ ਸਮੇਂ ਬਾਦਸ਼ਾਹਾਂ ਦੇ ਦਰਬਾਰ ਵਿੱਚ ਲੋਕ ਖਲੋਤੇ ਰਹਿੰਦੇ ਸਨ, ਪਰ ਸਮੇਂ ਦੇ ਫੇਰ ਨਾਲ ਮਾਮੂਲੀ ਆਦਮੀਆਂ ਨੂੰ ਵੀ ਬੈਠਣ ਦਾ ਅਧਿਕਾਰ ਮਿਲ ਗਿਆ । ਗੁਰੂ ਸਾਹਿਬਾਂ ਨੇ ਪ੍ਰਚਾਰਕਾਂ ਨੂੰ ਆਪ ਮੰਜੀਆਂ ਬਖਸ਼ੀਆਂ, ਦਸਮੇਸ਼ ਨੇ ਪੰਜ ਪਿਆਰਿਆਂ ਅਗੇ ਖਲੋ ਕੇ ਅਮ੍ਰਿਤ ਛਕਿਆ ਅਤੇ ਚਮਕੌਰ ਵਿੱਚ ਗੁਰੂਤਾ ਅਰਪਨ ਕੀਤੀ ।"[21]

ਏਥੇ ਕੇਵਲ ਇੱਕ ਦ੍ਰਿਸ਼ਟੀਕੋਣ ਪੇਸ਼ ਕਰਨ ਦੀ ਖੁੱਲ੍ਹ ਲੈਣ ਦਾ ਹਠ ਹੈ, ਮਨਾਉਣ ਦਾ ਨਹੀਂ ।

ਜੇ ਗਹੁ ਨਾਲ ਵੇਖੀਏ ਤਾਂ ਸਾਡੇ ਅੜੀਅਲ ਸੁਭਾ ਦੀਆਂ ਅਨੇਕ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ, ਜਿਹਾ ਕਿ ਅਨੰਦ-ਕਾਰਜ ਦੀ ਰਸਮ ਦਾ ਵਿਰੋਧ, ਦਰਬਾਰ ਸਾਹਿਬ ਵਿੱਚ ਬਿਜਲੀ ਦਾ ਵਿਰੋਧ, ਨਿਤ ਅਰਦਾਸ ਵਿੱਚ 'ਝੰਡੇ-ਬੁੰਗੇ ਅਟਲ' ਕਹਿਣਾ ਅਤੇ ਅਪਣੇ ਹੱਥੀਂ ਉਨ੍ਹਾਂ ਵਿੱਚ ਫੇਰ-ਬਦਲ ਕਰਨਾ, ਭਾਈ ਕਾਨ੍ਹ ਸਿੰਘ ਦਾ ਮੰਜੀਆਂ ਦੀ ਰੀਤ ਦੀ ਮਿਸਾਲ

19. ਗੁਰਮਤ ਸਾਰਤੰਡ, ਪੰਨਾ 'ਭ', ਭੂਮਿਕਾ ਪੰਨਾ ੳ ।
20. ਉਹੀ, ਪੰਨਾ 'ਮ', ਫੁਟਨੋਟ
21. ਉਹੀ, ਪੰਨਾ ਉਹੀ

ਦੇਣਾ ਅਤੇ ਬੇਦੀਆਂ, ਸੋਢੀਆਂ ਦੇ ਆਸਣ ਚੁਕਵਾਉਣ ਵਿੱਚ ਜ਼ੋਰ ਲਾ ਦੇਣਾ, ਪੂਜਾ ਵਿਧੀਆਂ ਵਿੱਚ ਕੱਟੜ ਪੁਰਾਣ-ਪੰਥੀ ਵਿਉਹਾਰਾਂ ਨੂੰ ਬਰਦਾਸ਼ਤ ਹੀ ਨਹੀਂ ਕਰਨਾ ਸਗੋਂ ਕਈ ਥਾਂ ਸ਼ਹਿ ਵੀ ਦੇਈ ਜਾਣਾ। ਕਿਸੇ ਖੋਜੀ ਜਾਂ ਕਿਸੇ ਵਿਚਾਰਕ ਦੇ ਫੁਰਨੇ, ਅਨੁਮਾਨ ਜਾਂ ਤੱਥ ਨੂੰ ਬਿਨਾਂ ਵਿਚਾਰੇ, ਇੱਕ ਸਮਾਨ ਜਾਂ ਨਿੰਦੀ ਜਾਣਾ ਜਾਂ ਵਡਿਆਈ ਜਾਣਾ।

ਭਾਈ ਕਾਨ੍ਹ ਸਿੰਘ ਦੀਆਂ ਕਿਤਨੀਆਂ ਹੀ ਗੱਲਾਂ ਸਮੇਂ ਦੇ ਸਿੱਖਾਂ ਨੂੰ ਚੰਗੀਆਂ ਨਹੀਂ ਲੱਗੀਆਂ। ਇਹ ਕੋਈ ਅਣੋਖੀ ਜਾਂ ਅਣਹੋਣੀ ਗੱਲ ਨਹੀਂ, ਉਨ੍ਹਾਂ ਵਿੱਚੋਂ ਬਹੁਤੀਆਂ ਦਾ ਜਤਨ ਕਰਕੇ ਦਲੀਲੀ ਖੰਡਨ ਕੀਤਾ ਜਾ ਸਕਦਾ ਸੀ ਜੇਕਰ ਇਸ ਤਰ੍ਹਾਂ ਕੀਤਾ ਜਾਂਦਾ ਤਾਂ ਪੰਥ ਨੂੰ ਵੀ ਲਾਭ ਪਹੁੰਚਦਾ, ਸੂਝਦਾਰੀ ਅਤੇ ਸਿਆਣਪ ਵਿੱਚ ਵਾਧਾ ਹੁੰਦਾ ਅਤੇ ਵਿਚਾਰੇ ਕਾਨ੍ਹ ਸਿੰਘ ਦੇ ਮਨ ਨੂੰ ਵੀ ਸੰਤੋਖ ਹੁੰਦਾ ਕਿ ਉਸਦੀ ਘਾਲ ਅਜਾਈਂ ਨਹੀਂ ਗਈ। ਕਿਸੇ ਵਿਚਾਰਕ ਦੀ ਗੱਲ ਨੂੰ ਅਣਗੌਲਿਆ ਕਰ ਛੱਡਣਾ ਉਸ ਸ਼ਖਸ ਦੇ ਕਤਲ ਕਰਨ ਨਾਲੋਂ ਵਧੇਰੇ ਗੰਭੀਰ ਯਾਤਨਾ ਹੈ ਜੋ ਉਸ ਨੂੰ ਜੀਂਦੇ ਜਾਗਦੇ ਨੂੰ ਭੁਗਤਨੀ ਪੈਂਦੀ ਹੈ। 'ਗੁਰਮਤ ਮਾਰਤੰਡ' ਦੀ ਭੂਮਿਕਾ ਸਾਡੀ ਇਸੇ ਸੁਚੱਜੀ ਪਿਰਤ ਦੀ ਹੱਤਿਆ ਦਾ ਮਰਸੀਆ ਹੈ।

ਇਸ ਪੁਸਤਕ ਵਿੱਚ ਭਾਈ ਕਾਨ੍ਹ ਸਿੰਘ ਨੇ ਸਾਡੀਆਂ ਕੁਝ ਉਨ੍ਹਾਂ ਕੁਰੀਤਾਂ, ਕੁਕ੍ਰਿਤਾਂ ਅਤੇ ਕੁਰਹਿਤਾਂ ਤੋਂ ਪਰਦਾ ਹਟਾਉਣ ਦਾ ਜਤਨ ਕੀਤਾ ਸੀ, ਜਿਨ੍ਹਾਂ ਦਾ ਪ੍ਰਚਾਰ ਲੰਮੇ ਸਮਿਆਂ ਤੋਂ ਸਾਡੇ ਕਈ ਭੋਲੇ ਲੇਖਕ, ਭੁਲੇਖਿਆਂ ਅਧੀਨ ਜਾਂ ਸਮੇਂ ਸਮੇਂ ਦੀ ਕਿਸੇ ਖ਼ੁਦਗਰਜ਼ੀ ਨੂੰ ਮੁਖ ਰੱਖ ਕੇ ਕਰਦੇ ਆਏ। ਇਨ੍ਹਾਂ ਲੇਖਕਾਂ ਵਿੱਚ ਗੁਰੂ ਨਾਨਕ ਦੀ ਜਨਮ ਸਾਖੀ ਦੇ ਲੇਖਕ ਤੋਂ ਲੈ ਕੇ ਭਾਈ ਸੰਤੋਖ ਸਿੰਘ, ਪੰਡਿਤ ਤਾਰਾ ਨਰੋਤਮ, ਗੁਰਵਿਲਾਸ ਪਾ. 6 ਅਤੇ ਗੁਰਬਿਲਾਸ ਪਾ. 10 ਦੇ ਲੇਖਕ, ਪੰਡਿਤ ਭਗਵਾਨ ਸਿੰਘ, 'ਬੋਲਣਾ ਗੁਰੂ ਅਮਰ ਦਾਸ ਕਾ' ਦਾ ਕਰਤਾ ਆਦਿ ਸ਼ਾਮਲ ਹਨ। ਰਹਿਤ ਨਾਮਿਆਂ ਅਤੇ ਦਸਮ-ਗ੍ਰੰਥ ਵਿੱਚ ਸ਼ਾਮਿਲ ਚਰਿਤ੍ਰੋਪਾਖਯਾਨ ਆਦਿ ਵਿੱਚੋਂ ਵੀ ਕੁਝ ਅੰਸ਼ਾਂ ਉਤੇ ਕਿੰਤੂ ਕੀਤਾ ਗਿਆ ਹੈ। ਕਸੌਟੀ ਦੇ ਰੂਪ ਵਿੱਚ ਗੁਰਬਾਨੀ ਨੂੰ ਮੁੱਖ ਰੱਖਿਆ ਹੈ ਅਤੇ ਉਸ ਦੇ ਨਾਲ ਦਲੀਲ ਲਈ ਸਿੱਖੀ-ਜੀਵਨ ਅਤੇ ਕਿਰਦਾਰ ਦਾ ਵੀ ਲੜ ਮੇਚਿਆ ਗਿਆ ਹੈ। ਸਾਰੇ ਭੁਲੇਖੇ ਉਸੂਲਾਂ ਵਿਰੁੱਧ, ਇਤਿਹਾਸ ਵਿਰੁੱਧ ਅਤੇ ਯੁਕਤੀ ਵਿਰੁੱਧ ਵੰਡ ਕੇ, ਸਾਢੇ ਅੱਠ ਸੌ ਦੇ ਕਰੀਬ ਸਫ਼ਿਆਂ ਵਿੱਚ ਗੁਰਬਾਣੀ ਉਤੇ ਆਧਾਰਿਤ ਇੱਕ ਪ੍ਰਕਾਰ ਦਾ 'ਗੁਰਮਤ ਵਿਚਾਰ ਕੋਸ਼' ਇਕੱਤ ਕਰ ਦਿੱਤਾ ਹੈ।

11. ਗੁਰ ਮਹਿਮਾ ਰਤਨਾਵਲੀ

'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਦੀ ਰਚਨਾ ਸਮੇਂ, ਸਮੂਹ ਸਿੱਖ ਸਾਹਿਤ ਪੜ੍ਹਨਾ ਪਿਆ ਹੋਵੇਗਾ, ਉਸ ਸਮੇਂ ਦੀ ਰੀਤ ਅਨੁਸਾਰ ਲੇਖਕ ਦਾ ਅਪਣਾ ਧਾਰਮਿਕ ਵਿਸ਼ਵਾਸ ਕੁਝ ਵੀ ਕਿਉਂ ਨਾ ਰਿਹਾ ਹੋਵੇ, ਹਰ ਗ੍ਰੰਥ ਦੇ ਆਰੰਭ ਵਿੱਚ, ਮੰਗਲ ਛੰਦ ਦੀ ਰਚਨਾ ਕਰਦੇ ਸਮੇਂ ਗੁਰੂ ਸਾਹਿਬਾਂ ਦੀ ਮਹਿਮਾ ਵਿੱਚ ਵੀ ਇਕ ਅੱਧ ਛੰਦ ਤਾਂ ਮਿਲ ਹੀ ਜਾਂਦਾ ਸੀ। ਗੁਰੂ ਸਾਹਿਬ ਦੇ ਦਰਬਾਰੀ ਕਵੀਆਂ ਦੀ ਬਾਣੀ, ਗੁਰੂਆਂ ਅਤੇ ਗੁਰਸਿੱਖਾਂ ਦੀ ਮਹਿਮਾ, ਸਿੱਖ ਰਾਜੇ ਮਹਾਰਾਜਿਆਂ ਦੇ ਦਰਬਾਰੀ ਕਵੀਆਂ ਅਤੇ ਸਿੱਖ-ਇਤਿਹਾਸ

ਦੇ ਲੇਖਕਾਂ ਦੇ ਅਨੇਕ ਛੰਦ ਵੀ ਇਕੱਠੇ ਕਰ ਲਏ ਗਏ। ਇਨ੍ਹਾਂ ਛੰਦਾ ਦੀ ਵਰਤੋਂ ਮਹਾਨ-ਕੋਸ਼ ਵਿੱਚ ਛੰਦਾਂ, ਅਲੰਕਾਰਾਂ ਦੇ ਉਦਾਹਰਣਾਂ ਅਤੇ ਅਨੇਕਾਂ ਹੋਰ ਭਾਵਾਂ ਦੀ ਵਿਆਖਿਆ ਕਰਦੇ ਸਮੇਂ ਵੀ ਕੀਤੀ ਗਈ ਸੀ ਤਦ ਵੀ ਬਹੁਤ ਸਾਰੇ ਛੰਦ, ਜੋ ਭਾਈ ਕਾਨ੍ਹ ਸਿੰਘ ਦੀ ਨਜ਼ਰ ਵਿੱਚ ਸਿੱਖਾਂ ਦੀ ਕਾਵਿ-ਰਚਨਾ ਦੇ ਜਾਂ ਸਿੱਖਾਂ ਦੇ ਗੁਣਾ ਦੀ ਪ੍ਰਸੰਸਾ ਦੇ ਉੱਤਮ ਨਮੂਨੇ ਸਨ, ਬਾਕੀ ਬਚ ਰਹੇ। 'ਗੁਰ ਮਹਿਮਾ ਰਤਨਾਵਲੀ' ਉਨ੍ਹਾਂ ਹੀ ਛੰਦਾਂ ਦਾ ਸੰਗ੍ਰਹਿ ਕਿਹਾ ਜਾ ਸਕਦਾ ਹੈ। ਭਾਈ ਕਾਨ੍ਹ ਸਿੰਘ ਨੇ ਇਨ੍ਹਾਂ ਛੰਦਾਂ ਦਾ ਹੀ ਸੰਗ੍ਰਹਿ ਨਹੀਂ ਕੀਤਾ, ਸਗੋਂ ਇਨ੍ਹਾਂ ਕਵੀਆਂ ਬਾਰੇ ਵੀ ਸੰਖੇਪ ਸੂਚਨਾਵਾਂ ਦਿੱਤੀਆਂ ਹਨ, ਜੋ ਪੰਜਾਬ ਵਿੱਚ ਸਾਹਿਤਿਕ ਪਰੰਪਰਾ ਦਾ ਇਤਿਹਾਸ ਖੋਜਣ ਵਾਲਿਆਂ ਲਈ ਬਹੁਤ ਸਹਾਇਕ ਹਨ। ਇਨ੍ਹਾਂ ਵਿੱਚ ਬਹੁਤ ਸਾਰੇ ਲੇਖਕ ਅਜਿਹੇ ਹਨ, ਜਿਨ੍ਹਾਂ ਬਾਰੇ ਹੋਰ ਕਿਧਰੇ ਕੋਈ ਸੂਚਨਾ ਨਹੀਂ ਮਿਲਦੀ ਜਿਵੇਂ ਕਿ ਭਾਈ ਸੰਤੋਖ ਸਿੰਘ ਦੇ ਪੁੱਤ੍ਰ ਅਜੈ ਸਿੰਘ ਦੀ ਸੂਚਨਾ ਨੂੰ ਹੀ ਉਦਾਹਰਣ ਵਜੋਂ ਲਿਆ ਜਾ ਸਕਦਾ ਹੈ।

ਇਸ ਸੰਗ੍ਰਹਿ ਵਿਚ ਕਵੀ ਗਵਾਲ ਅਤੇ ਕਵੀ ਚੰਦ੍ਰ ਸ਼ੇਖਰ ਦੇ ਰਚੇ ਦੋ ਗੁਰੂ ਪਚਾਸੇ ਪੂਰੇ ਦੇ ਪੂਰੇ ਸ਼ਾਮਿਲ ਹਨ, ਜੋ ਪਾਠ-ਸੋਧ ਦੇ ਵਿਦਿਆਰਥੀਆਂ ਲਈ ਬੜੇ ਮਹੱਤਵ ਦੇ ਹਨ। ਅੰਮ੍ਰਿਤਸਰ ਨਿਵਾਸੀ ਕਵੀਆਂ ਬਾਰੇ ਆਪਣੀ ਖੋਜ ਲਈ ਮੇਰੇ ਇੱਕ ਵਿਦਿਆਰਥੀ ਨੂੰ ਸਭ ਤੋਂ ਵੱਧ ਸੂਚਨਾਵਾਂ ਇਸੇ ਪੁਸਤਕ ਦੇ ਖਰੜੇ ਤੋਂ ਹੀ ਪ੍ਰਾਪਤ ਹੋਈਆਂ ਜਿਨ੍ਹਾਂ ਤੋਂ ਸੇਧ ਲੈ ਕੇ ਉਹ ਆਪਣਾ ਪੀ-ਐਚ. ਡੀ. ਉਪਾਧੀ ਲਈ ਲਿਖਿਆ ਖੋਜ-ਪ੍ਰਬੰਧ ਪੂਰਾ ਕਰ ਸਕਿਆ ਸੀ। ਮੈਨੂੰ ਆਪ 'ਗੁਰੂ ਨਾਨਕ ਅਭਿਨੰਦਨ ਅਤੇ ਗੁਰੂ ਗੋਬਿੰਦ ਸਿੰਘ ਅਭਿਨੰਦਨ ਗ੍ਰੰਥਾਂ[22] ਦੀ ਤਿਆਰੀ ਸਮੇਂ ਕਵੀ-ਜੀਵਨੀਆਂ ਬਾਰੇ ਸੂਚਨਾਵਾਂ ਇਕੱਤਰ ਕਰਨ ਵਿੱਚ ਇਸ ਪੁਸਤਕ ਤੋਂ ਬਹੁਤ ਸਹਾਇਤਾ ਮਿਲੀ। ਇਸ ਪੁਸਤਕ ਵਿਚ 99 ਕਵੀਆਂ ਦੀ ਰਚਨਾ ਦੇ ਨਮੂਨੇ ਇਕੱਤਰ ਕੀਤੇ ਮਿਲਦੇ ਹਨ। ਬੋਲੀ ਲਗਪਗ ਹਿੰਦੀ ਹੀ ਹੈ।

12.

12 ਅਪ੍ਰੈਲ, 1904 ਨੂੰ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿੱਚ ਜੋ ਦਰਬਾਰ ਨਾਭੇ ਦੇ ਮਹਾਰਾਜਾ ਹੀਰਾ ਸਿੰਘ ਦੀ ਪ੍ਰਧਾਨਗੀ ਵਿੱਚ ਹੋਇਆ, ਉਸ ਵਿੱਚ ਮਹਾਰਾਜੇ ਦਾ ਪ੍ਰਧਾਨਗੀ ਭਾਸ਼ਨ ਭਾਈ ਕਾਨ੍ਹ ਸਿੰਘ ਨੇ ਪੜ੍ਹ ਕੇ ਸੁਣਾਇਆ ਸੀ। ਆਮ ਵਿਸ਼ਵਾਸ ਇਹੋ ਹੈ ਕਿ ਇਹ ਭਾਸ਼ਨ ਲਿਖਿਆ ਹੋਇਆ ਵੀ ਭਾਈ ਕਾਨ੍ਹ ਸਿੰਘ ਦਾ ਸੀ ਅਤੇ ਇਸ ਭਾਸ਼ਨ ਸਦਕਾ ਉਸ ਦਿਨ ਦਰਬਾਰ ਵਿੱਚ ਜੁੜੇ ਸਿੱਖ ਸਰਦਾਰਾਂ ਅਤੇ ਹੋਰਨਾਂ ਵੱਲੋਂ ਕਾਲਜ ਦੀ ਮਦਦ ਲਈ 22 ਲੱਖ ਰੁਪਏ ਚੰਦੇ ਦੇ ਇਕੱਠੇ ਹੋ ਸਕੇ ਸਨ, ਜਿਸ ਨਾਲ ਕਾਲਜ ਦੀਆਂ ਡੋਲਦੀਆਂ ਨੀਹਾਂ ਪੱਕੇ ਪੈਰੀਂ ਟਿਕ ਗਈਆਂ ਸਨ।

13.

3 ਅਪ੍ਰੈਲ, 1931 ਨੂੰ, ਅੰਮ੍ਰਿਤਸਰ ਵਿੱਚ ਹੋਈ ਸਿੱਖ ਐਜੂਕੇਸ਼ਨਲ ਕਾਨਫਰੰਸ ਦੀ ਇਕਤ੍ਰਤਾ ਦੀ ਪ੍ਰਧਾਨਗੀ ਭਾਈ ਕਾਨ੍ਹ ਸਿੰਘ ਨੇ ਕੀਤੀ ਸੀ। ਇਸ ਸਮੇਂ ਪ੍ਰਧਾਨਗੀ ਪਦ ਤੋਂ ਆਪ ਨੇ ਜੋ ਸੰਬੋਧਨ (ਐਡਰੇਸ) ਕਾਨਫ਼ਰੰਸ ਵਿੱਚ ਸ਼ਾਮਿਲ ਹੋਣ ਵਾਲਿਆਂ ਨਾਲ

22. ਗੁਰੂ ਨਾਨਕ ਦੇਵ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ 1980 ਤੇ 1983

ਸਾਂਝਾ ਕੀਤਾ, ਉਸ ਨੂੰ ਸ. ਸ਼ਮਸ਼ੇਰ ਸਿੰਘ ਅਸ਼ੋਕ ਨੇ ਆਪਣੀ ਪੁਸਤਕ ਵਿੱਚ ਭਾਈ ਕਾਨ੍ਹ ਸਿੰਘ ਦੀਆਂ ਰਚਨਾਵਾਂ ਦਾ ਵੇਰਵਾ ਦਿੰਦਿਆਂ, ਇੱਕ ਸੁਤੰਤਰ ਰਚਨਾ ਬਿਆਨਿਆ ਹੈ। ਪਰ ਅਜਿਹੇ ਐਡਰੈਸ ਸੁਤੰਤਰ ਰਚਨਾ ਦਾ ਦਰਜਾ ਲੈਣ ਦੇ ਅਧਿਕਾਰੀ ਨਹੀਂ ਜਾਪਦੇ।

14.

ਅਕਸਰ ਪਾਠਕਾਂ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਭਾਈ ਕਾਨ੍ਹ ਸਿੰਘ ਬ੍ਰਿਜਭਾਸ਼ਾ ਅਤੇ ਪੰਜਾਬੀ ਵਿੱਚ ਚੰਗੀ ਕਵਿਤਾ ਰਚ ਲੈਂਦੇ ਸਨ, ਬਦਕਿਸਮਤੀ ਨਾਲ, ਉਨ੍ਹਾਂ ਦੀਆਂ ਹਿੰਦੀ ਜਾਂ ਪੰਜਾਬੀ ਕਵਿਤਾਵਾਂ ਦਾ ਕੋਈ ਸੰਗ੍ਰਹਿ, ਭਾਈ ਸਾਹਿਬ ਦੇ ਜੀਵਨ ਵਿੱਚ ਜਾਂ ਪਿੱਛੋਂ ਇਕੱਤਰ ਨਹੀਂ ਹੋ ਸਕਿਆ। ਸ਼. ਸ. ਅਸ਼ੋਕ ਨੇ, ਇਨ੍ਹਾਂ ਦੇ ਰਚੇ ਦੋ ਬਾਰ੍ਹਾਂ ਮਾਹਿਆਂ ਦਾ ਜ਼ਿਕਰ ਕੀਤਾ ਹੈ ਅਤੇ ਕੁਝ ਕਵਿਤਾਵਾਂ ਦੇ ਫੁਟਕਲ ਨਮੂਨੇ ਛਾਪੇ ਹਨ,[23] ਜੋ ਸੁਤੰਤਰ ਰਚਨਾ ਦਾ ਘਰ ਪੂਰਨ ਜੋਗੇ ਨਹੀਂ।

15.

ਭਾਈ ਸਾਹਿਬ ਨੇ ਆਪਣੇ ਜੀਵਨ ਵਿੱਚ ਅਨੇਕਾਂ ਸਾਹਿਤਿਕ ਮਿਤ੍ਰਾਂ ਅਤੇ ਸਾਥੀਆਂ ਨੂੰ ਨਿਰੋਲ ਸਾਹਿਤਿਕ ਵਿਸ਼ਿਆਂ ਉੱਤੇ ਅਣਗਿਣਤ ਪੱਤਰ ਲਿਖੇ ਹੋਣਗੇ, ਜੋ ਅਜੇ ਖੋਜ ਦਾ ਵਿਸ਼ਾ ਹਨ।

16.

ਭਾਈ ਕਾਨ੍ਹ ਸਿੰਘ ਪੰਜਾਬ ਦੇ ਉਨ੍ਹਾਂ ਚੋਣਵੇਂ ਲੇਖਕਾਂ ਵਿੱਚੋਂ ਸੀ ਜੋ ਡਾਇਰੀ ਲਿਖਣ ਦੇ ਨਿੱਤ-ਨੇਮੀ ਸਨ। ਇਹ ਡਾਇਰੀਆਂ ਭੀ ਇੱਕ ਮਹਾਨ ਚਿੰਤਕ ਦਾ, ਆਪਣੇ ਸਮੇਂ ਦੇ ਅਣਲਿਖੇ ਪਰ ਅੱਖੀਂ ਦੇਖੇ ਇਤਿਹਾਸ ਦਾ, ਅੱਖੀਂ ਦੇਖਿਆ ਪ੍ਰਤਿਬਿੰਬ ਹਨ। ਜਦੋਂ ਤੋੜੀ ਖੋਜ ਕੇ ਇਨ੍ਹਾਂ ਡਾਇਰੀਆਂ ਦਾ ਸੰਪਾਦਿਤ-ਸੰਸਕਰਣ ਪਾਠਕਾਂ ਦੇ ਸਾਮ੍ਹਣੇ ਨਹੀਂ ਆਉਂਦਾ, ਇਨ੍ਹਾਂ ਬਾਰੇ ਕੁਝ ਵੀ ਕਹਿਣਾ ਉਚਿਤ ਨਹੀਂ ਜਾਪਦਾ। ਕਾਸ਼ ਇਹ ਕਾਰਜ ਉਨ੍ਹਾਂ ਦੇ ਪਰਿਵਾਰ ਵਿੱਚੋਂ ਕੋਈ ਜਣਾ ਛੇਤੀ ਸਿਰੇ ਚਾੜ੍ਹ ਦੇਵੇ।

17. ਰਸ ਚਮਤਕਾਰ ਚੰਦ੍ਰਿਕਾ

1925 ਵਿੱਚ, ਪ੍ਰਸਿੱਧ ਕਵਿਤ੍ਰੀ ਅਮ੍ਰਿਤਾ ਪ੍ਰੀਤਮ ਦੇ ਪਿਤਾ, ਪੰਡਿਤ ਕਰਤਾਰ ਸਿੰਘ 'ਪੀਯੂਖ' ਦੀ ਇਕ ਰਚਨਾ 'ਚਮਤਕਾਰ ਚੰਦ੍ਰਿਕਾ, ਅਮੋਲਕ ਰਤਨ ਭੰਡਾਰ, ਲਾਹੌਰ, ਵੱਲੋਂ, ਲਾਲਾ ਧਨੀ ਰਾਮ ਚਾਤ੍ਰਿਕ ਦੇ ਪ੍ਰੈਸ ਵਿਚੋਂ ਛਪੀ। ਇਸ ਪੁਸਤਕ ਦੇ ਟਾਈਟਲ ਉੱਤੇ ਦਰਜ ਹੈ:

> "ਜਿਸ ਨੂੰ ਪੰਥਰਤਨ, ਕਵਿ ਕੋਵਿਦ, ਵਿਦਿਆਰਣਵ ਸ੍ਰੀਮਾਨ ਭਾਈ ਕਾਨ੍ਹ ਸਿਘ ਜੀ ਸਾਹਿਬ ਨਾਭਾ ਨੇ ਸੋਧਿਆ।"

ਪਰੰਤੂ ਇਸ ਰਚਨਾ ਵਿੱਚ ਕਿਧਰੇ ਵੀ ਇਹ ਸੰਕੇਤ ਦਰਜ ਨਹੀਂ ਕਿ ਭਾਈ ਕਾਨ੍ਹ ਸਿੰਘ ਵੱਲੋਂ ਇਸ ਪੁਸਤਕ ਵਿਚਲੇ ਕਿਹੜੇ ਅੰਸ਼ ਨੂੰ ਸੋਧਿਆ ਗਿਆ ਸੀ। ਜਾਪਦਾ ਇਹ ਹੈ ਕਿ ਮੂਲ ਲੇਖਕ ਨੇ ਰਚਨਾ ਛਾਪਣ ਤੋਂ ਪਹਿਲਾਂ ਆਪਣਾ ਖਰੜਾ ਭਾਈ ਕਾਨ੍ਹ ਸਿੰਘ ਨੂੰ

---

23. ਅ. ਕਾ. ਪੰਨਾ 61—73

ਦਿਖਾਇਆ ਸੀ ਅਤੇ ਉਸ ਵਿੱਚ ਲੋੜੀਂਦੀ ਸੋਧ-ਸੁਧਾਈ, ਇੱਕ ਉਸਤਾਦ ਕਵੀ ਅਤੇ ਸੂਝਵਾਨ ਸਲਾਹਕਾਰ ਦੇ ਨਾਤੇ, ਭਾਈ ਕਾਨ੍ਹ ਸਿੰਘ ਨੇ ਕੀਤੀ ਸੀ। ਕਵੀ ਨੇ ਆਪਣੀ ਰਚਨਾ ਦਾ ਮਾਨ ਵਧਾਉਣ ਦੇ ਵਿਚਾਰ ਨਾਲ ਆਪਣੇ ਸਲਾਹਕਾਰ ਹਿਤੈਸ਼ੀ ਦਾ ਵੀ ਨਾਉਂ ਦਰਜ ਕਰਕੇ ਆਪਣੀ ਸ਼ਰਧਾ ਪ੍ਰਗਟ ਕੀਤੀ ਅਤੇ ਦੇਣਦਾਰੀ ਚੁਕਾਈ।

ਅਧਿਆਇ 11

ਭਾਈ ਕਾਨ੍ਹ ਸਿੰਘ : ਫੁੱਟ ਦਾ ਪ੍ਰਚਾਰਕ ਕਿ ਪੰਥ-ਹਿਤੈਸ਼ੀ ?

ਅਜੋਕੜੀ ਸਮਕਾਲੀ ਵਿਚਾਰ-ਧਾਰਾ ਅਤੇ ਸਿੱਖੀ ਦੇ ਪ੍ਰਵੇਸ਼ ਵਿੱਚ, ਭਾਈ ਕਾਨ੍ਹ ਸਿੰਘ ਨੂੰ ਉਹੀ ਥਾਂ ਦੇਣੀ ਬਣਦੀ ਹੈ ਜੋ ਇਸਲਾਮੀ ਪ੍ਰਵੇਸ਼ ਵਿੱਚ ਅਤੇ ਪਾਕਿਸਤਾਨ ਦੇ ਸੰਬੰਧ ਵਿੱਚ ਡਾ. ਇਕਬਾਲ ਨੂੰ ਦਿੱਤੀ ਜਾਂਦੀ ਹੈ। ਦੋਹਾਂ ਵਿੱਚ ਇੱਕ ਸਾਂਝ ਹੋਰ ਵੀ ਹੈ ਕਿ ਦੋਵੇਂ ਆਪਣੇ ਧਰਮ ਨਾਲ ਡੂੰਘਾ ਸ਼ਰਧਾਵਾਦੀ ਮੋਹ ਰੱਖਦੇ ਸਨ। ਦੋਵੇਂ ਆਪਣੇ ਪਰਿਵਾਰਾਂ ਵਿਚ, ਨਵੀਂ ਵਿਦਿਆ ਨਾਲ ਸੱਜਰੇ ਪਰ ਡੂੰਘੇ ਜੁੜੇ ਹੋਏ ਹਨ; ਦੋਹਾਂ ਵਿੱਚ ਯੂਰਪੀਨਾਂ ਨਾਲ ਮੇਲ-ਜੋਲ ਅਤੇ ਯੂਰਪ ਦੀਆਂ ਯਾਤ੍ਰਾਵਾਂ ਨੇ ਨਵੇਂ ਨਵੇਕਲੇ ਚਿੰਤਨ ਨੂੰ ਹਲੂਣਾ ਦਿੱਤਾ ਸੀ। ਦੋਵੇਂ ਧਰਮ ਦੇ ਖੇਤਰ ਵਿੱਚ ਅਮਿਤ ਸ਼ਰਧਾ ਹੁੰਦੇ ਹੋਏ ਵੀ ਪੁਰਾਣ-ਪੰਥੀਆਂ ਤੋਂ ਵੱਖਰੀ ਕਿਸਮ ਦੀ ਕੱਟੜਤਾ, ਆਪਣੇ ਧਰਮ ਦੀ ਵੱਖਰੀ ਨਿੱਖੜਵੀਂ ਹਸਤੀ ਦੇ ਵਿਸ਼ਵਾਸੀ ਸਨ। ਦੋਵੇਂ ਧਾਰਮਿਕ ਵਿਚਾਰ-ਧਾਰਾ ਦੇ ਖੇਤਰ ਵਿੱਚ ਦਲੀਲ, ਅਕਲ ਅਤੇ ਸ੍ਵੈਮਾਨ ਦੀ ਮਹੱਤਾ ਦੇ ਪੁਜਾਰੀ ਸਨ। ਪਰੰਤੂ, ਜਿੱਥੇ ਇਕਬਾਲ ਦੀ ਵਿਚਾਰ-ਧਾਰਾ ਨੂੰ ਉਸਦੀ ਮਾਨਸਿਕ ਪਿੱਠ-ਭੂਮੀ ਉੱਤੇ ਪਰਖ ਕੇ ਨਿਆਰਣ-ਨਿਤਾਰਣ ਦੇ ਚੋਖੇ ਜਤਨ ਹੋਏ ਹਨ ਅਤੇ ਸਮੁੱਚੇ ਸਮਾਜ ਵਿੱਚ ਉਸਦੀ ਦੇਣਦਾਰੀ ਦੀ ਪ੍ਰਤਿਸ਼ਠਾ ਹੋਈ ਹੈ, ਓਥੇ ਭਾਈ ਕਾਨ੍ਹ ਸਿੰਘ ਬਾਰੇ ਅਜਿਹੇ ਕਿਸੇ ਜਤਨ ਦੀ ਅਜੇ ਅਣਹੋਂਦ ਹੈ ਅਤੇ ਸਾਧਾਰਣ ਪੰਜਾਬੀ ਸਿੱਖ ਉਸਦੇ ਸਮਾਜਿਕ ਰੋਲ ਤੋਂ ਪੂਰੀ ਤਰ੍ਹਾਂ ਜੇਕਰ ਅਣਜਾਣ ਨਹੀਂ ਤਾਂ ਅਵੇਸਲਾ ਜ਼ਰੂਰ ਹੈ।

ਇਕ ਹੋਰ ਧਿਆਨ ਦੇਣ-ਯੋਗ ਗੱਲ ਇਹ ਹੈ ਕਿ ਇਹ ਦੋਵੇਂ ਬਜ਼ੁਰਗ ਉਸ ਯੁਗ ਦੀ ਪੈਦਾਵਾਰ ਹਨ ਜਦੋਂ ਸਾਰੇ ਯੂਰਪ ਵਿੱਚ ਡਾਰਵਿਨ ਦੇ ਵਿਕਾਸਵਾਦ ਦੀ ਦੋਹੀ ਧੁੰਮੀ ਹੋਈ ਸੀ। ਉਹ ਵੀ ਜੋ ਵਿਕਾਸਵਾਦ ਵਿੱਚ ਵਿਸ਼ਵਾਸ ਰੱਖਦੇ ਸੀ ਅਤੇ ਉਹ ਵੀ ਜੋ ਇਸ ਦਾ ਮਜ਼ਾਕ ਉਡਾਉਂਦੇ ਸਨ, ਘੱਟੋ ਘੱਟ ਇਸ ਸਿੱਧਾਂਤ ਦੇ ਕਾਇਲ ਹੋ ਚੁੱਕੇ ਸਨ ਕਿ ਜੀਵਨ-ਘੋਲ ਵਿਚ ਅੰਤ ਜਿੱਤ ਉਸੇ ਦੀ ਹੁੰਦੀ ਹੈ ਜੋ ਅਖ਼ੀਰ ਤਕ ਸਿਰ ਪੈਣ ਵਾਲੀਆਂ ਮੁਸ਼ਕਿਲਾਂ ਦੇ ਮੁਕਾਬਲੇ ਉੱਤੇ ਪੈਰ ਅੜਾ ਕੇ ਸਾਬਤ-ਕਦਮ ਖੜਾ ਰਹਿ ਸਕੇ। ਗੱਲ ਉਸੇ ਤੱਥ ਉੱਤੇ ਆ ਪੁਜਦੀ ਹੈ ਜਿਸ ਨੂੰ ਗੁਰੂ ਗੋਬਿੰਦ ਸਿੰਘ ਦੀ ਬਾਣੀ ਵਿੱਚ 'ਭਾਰੀ ਭੁਜਾਨ ਕੋਂ ਭਾਰੀ ਭਰੋਸੋ'[1] ਕਹਿਕੇ ਉਘਾੜਿਆ ਗਿਆ ਸੀ, ਅਤੇ ਪਿੱਛੋਂ ਜਿਸ ਨੂੰ ਇਕਬਾਲ ਨੇ 'ਆ ਤੁਝ ਕੋ ਬਤਾ ਦੂੰ ਮੈਂ ਤਕਦੀਰੇ-ਉਮਮ ਕਿਆ ਹੈ, ਤੇਗੋ ਸਿਨਾਂ ਅੱਵਲ-ਚੰਗੋ ਰਬਾਬ ਆਖ਼ਿਰ'[2] ਕਹਿ ਕੇ ਪ੍ਰਚਾਰਿਆ ਸੀ।

---

1. ਦਸ਼ਮ ਗ੍ਰੰਥ।
2. ਬ਼ਾਂਗੇ ਦਰਾ

ਫੇਰ, ਥੋੜੇ ਹੀ ਦਿਨ ਪਹਿਲਾਂ, ਦੋਹਾਂ ਵਿੱਦਵਾਨਾਂ ਇਕਬਾਲ ਅਤੇ ਕਾਨ੍ਹ ਸਿੰਘ ਦੇ ਭਾਈਚਾਰਿਆਂ (ਮੈਂ ਇਸ ਥਾਵੇਂ ਜਾਣ ਬੁੱਝ ਕੇ 'ਕੌਮ' ਸ਼ਬਦ ਦੀ ਵਰਤੋਂ ਕਰਨ ਤੋਂ ਪੱਲੂ ਬਚਾ ਰਿਹਾ ਹਾਂ ਕਿਉਂਕਿ ਇਸ ਸ਼ਬਦ ਦੇ ਅਰਥ ਅੱਜ ਚੋਖੇ ਬਦਲ ਚੁੱਕੇ ਹਨ, ਅਤੇ ਆਦਤਨ ਪੁਰਾਣੇ ਅਰਥਾਂ ਵਿੱਚ, ਇਸ, ਤਿਆਗੇ ਜਾ ਸਕਣ ਜੋਗੇ, ਸ਼ਬਦ ਦੀ ਵਰਤੋਂ ਨਵੇਂ ਵਾਤਾ-ਵਰਣ ਵਿੱਚ ਨਵੇਂ ਝਮੇਲੇ ਉਪਜਾ ਰਹੀ ਹੈ, ਕਿਉਂਕਿ ਹਰ ਸਮੇਂ ਦਾ ਮੁਹਾਵਰਾ ਨਿਜ ਦਾ ਅਤੇ ਵੱਖਰਾ ਹੋਇਆ ਕਰਦਾ ਹੈ) ਹੱਥੋਂ ਰਾਜ-ਤੇਜ ਗੁਆਚਿਆ ਸੀ, ਅਤੇ ਦੋਵੇਂ ਧਿਰਾਂ ਆਪਣੇ ਗਵਾਰੇ ਭਵਿੱਖ ਦੀ ਭਾਲ ਵਿੱਚ, ਮਣੀਓ-ਖੁੱਥੇ ਸੱਪ ਵਾਂਗ ਲੂਹੰਦੀਆਂ ਫਿਰ ਰਹੀਆਂ ਸਨ। ਇਕਬਾਲ ਵੀ ਕਹਿੰਦਾ ਸੀ 'ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ, ਹਿੰਦੀ ਹੈਂ ਹਮ ਵਤਨ ਹੈ ਹਿੰਦੋਸਤਾਂ ਹਮਾਰਾ'[3] ਭਾਈ ਕਾਨ੍ਹ ਸਿੰਘ ਭੀ ਕਹਿੰਦਾ ਹੈ "ਆਪ ਨੂੰ ਕੇਵਲ ਇਹੋ ਜਾਨਣਾ ਯੋਗ ਹੈ ਕਿ ਸਿੱਖ ਧਰਮ ਹਿੰਦੂ ਆਦਿਕ ਧਰਮਾਂ ਤੋਂ ਭਿੰਨ ਹੈ ਅਰ ਸਿੱਖ ਕੌਮ, ਹੋਰ ਕੌਮ ਦੀ ਤਰ੍ਹਾਂ ਇਕ ਜੁਦੀ ਕੌਮੀ ਹੈ, **ਪਰ ਉਹ ਕਦੇ ਨਹੀਂ ਹੋਣਾ ਚਾਹੀਏ ਕਿ ਆਪ ਹਿੰਦੂ, ਜਾਂ ਹੋਰ ਧਰਮੀਆਂ ਨਾਲ ਵਿਰੋਧ ਕਰੋ ਅਰ ਉਨ੍ਹਾਂ ਦੇ ਧਰਮਾਂ ਉੱਪਰ ਕੁਤਰਕ ਕਰੋ, ਅਥਵਾ ਦੇਸ਼ ਭਾਈਆਂ ਨੂੰ ਆਪਣਾ ਅੰਗ ਨਾ ਮੰਨ ਕੇ ਜਨਮ ਭੂਮੀ ਤੋਂ ਸਰਾਪ ਲਵੋ।**"[4] ਇਹ ਕੈਸੀ ਵਿਚਿੱਤ੍ਰ ਸਥਿਤੀ ਹੈ। ਹਿੰਦੂ, ਸਿੱਖਾਂ ਨੂੰ ਆਪਣਾ ਅੰਗ ਮੰਨਦੇ ਹਨ ਪਰ ਆਪ ਸਿੱਖਾਂ ਦਾ ਅੰਗ ਨਹੀਂ ਹੋਣਾ ਚਾਹੁੰਦੇ ਅਤੇ ਉਵੇਂ ਹੀ ਸਿੱਖ ਹਿੰਦੂਆਂ ਦਾ ਅੰਗ ਹੋਣਾ ਨਹੀਂ ਕਬੂਲਦੇ ਪਰ ਹਿੰਦੂਆਂ ਨੂੰ ਆਪਣਾ ਅੰਗ, ਆਪਣਾ ਵਤਨੀ ਮੰਨਣ ਵਾਸਤੇ ਕਾਹਲੇ ਹਨ। ਗੱਲ ਵਿੱਚੋਂ ਆਪਣੀ ਹਸਤੀ ਨੂੰ ਵਖਰਾ ਰੱਖਣ ਦੀ ਹੈ, ਦੂਜੇ ਵਿੱਚ ਘੁਲ-ਮਿਲ ਜਾਣ ਨਾਲ ਵਜੂਦ ਦੇ ਗੁਆਚ ਜਾਣ ਦਾ ਭੈ ਹੈ। ਮੈਨੂੰ ਇਸ ਥਾਂ ਗੋਰਕੀ ਦੀ ਇੱਕ ਕਹਾਣੀ ਚੇਤੇ ਆ ਜਾਂਦੀ ਹੈ ਜਿਸ ਵਿਚ ਉਸ ਨੇ ਛੋਟੀ ਅਤੇ ਵੱਡੀ ਮੱਛੀ ਦੇ ਹੋਂਦ-ਵਾਦ ਦੇ ਫ਼ਿਕਰ ਵਿੱਚ ਗ਼ਲਤਾਨ ਹੋਣ ਦੀ ਗੱਲ ਕਹੀ ਹੈ ਅਤੇ ਅੰਤ ਛੋਟੀ ਮੱਛੀ ਦਾ ਟਿਕਾਣਾ ਵੱਡੀ ਮੱਛੀ ਦੇ ਪੇਟ ਵਿੱਚ ਹੀ ਦਿਖਾਇਆ ਹੈ। ਛੋਟੀ ਮੱਛੀ ਤਦੇ ਹੀ ਬਚੀ ਰਹਿ ਸਕਦੀ ਸੀ ਜੇ ਉਹ ਕਿਸੇ ਵੱਖਰੇ ਤਲਾਉ ਵਿੱਚ ਹੁੰਦੀ ਜਿਸ ਵਿੱਚ ਉਹ ਆਪ ਛੋਟੀ ਨਾ ਹੋ ਕੇ ਬਰਾਬਰ ਦੀ ਜਾਂ ਵੱਡੀ ਮੱਛੀ ਹੁੰਦੀ। ਸਿੱਖਾਂ ਦੇ ਜਨਮ ਸਮੇਂ ਤੋਂ ਹੀ ਇਹ ਦੁਫੇੜ ਚਲਿਆ ਆਇਆ ਹੈ। ਭਾਈ ਕਾਨ੍ਹ ਸਿੰਘ ਨੇ 'ਹਮ ਹਿੰਦੂ ਨਹੀਂ' ਵਿੱਚ ਇਸੇ ਕੌੜੇ ਸੱਚ ਨੂੰ ਸਾਮ੍ਹਣੇ ਲੈ ਆਉਣ ਦੀ ਢੀਠਤਾ ਕੀਤੀ ਸੀ ਅਤੇ ਉਸ ਦੀ ਸਜ਼ਾ ਵੀ ਤਤਕਾਲ ਭੋਗ ਲਈ, ਪਰ ਉਸ ਦੀ ਰਚਨਾ ਪੜ੍ਹਨ ਵਾਲਿਆਂ ਦੀ ਸਜ਼ਾ ਨਹੀਂ ਮੁੱਕੀ। ਉਨ੍ਹਾਂ ਦੇ ਅੰਦਰਲੇ ਵਿੱਚ ਦੁਫੇੜ ਦਾ ਅੰਤਰਦਾਹ ਬਦਸਤੂਰ ਮਘ ਰਿਹਾ ਹੈ।

ਇਕਬਾਲ ਦੇ ਇਸਲਾਮੀ ਭਾਈਆਂ ਵਿੱਚੋਂ ਬਹੁਤਿਆਂ ਦਾ ਪਿਛੋਕਾ ਹਿੰਦੂ ਅਤੇ ਸ਼ੁੱਧ ਭਾਰਤੀ ਸੀ, ਪਰ, ਇਸਲਾਮ ਕਬੂਲਣ ਦੇ ਦਿਨ ਤੋਂ ਅੱਜ ਤੱਕ ਹਿੰਦੂ ਸਮਾਜ ਨੇ ਕਦੇ ਇਸ 'ਫਿੱਟੇ ਦੁੱਧ' ਨੂੰ ਮੂੰਹ ਨਹੀਂ ਲਾਇਆ। ਸਹਿ-ਹੋਂਦ ਦੀ ਗੱਲ ਵੱਖਰੀ ਹੈ, ਉਸ

3. ਬਾਗੇ-ਦਰਾ-ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ
4. ਹਮ ਹਿੰਦੂ ਨਹੀਂ, ਜ਼ਰੂਰੀ ਬੇਨਤੀ

ਵਿੱਚ ਵੀ ਸਮੇਂ ਸਮੇਂ ਅਤੇ ਥਾਂ ਥਾਂ ਫੁੱਟ ਪੈਣ ਵਾਲੇ ਫ਼ਸਾਦਾਂ ਦਾ ਪਾੜੂ-ਪ੍ਰਭਾਵ ਘੱਟ ਨਹੀਂ ਰਿਹਾ। ਦੇਸ਼-ਵੰਡ ਦੀ ਪਾੜ-ਭੀੜ ਨੇ ਰਹੀ ਸਹੀ ਗੱਲ ਵੀ ਗੁਆ ਦਿੱਤੀ। ਤਿਹਾਈ ਸਦੀ ਤੋਂ ਉੱਪਰ ਸਮਾਂ ਬੀਤ ਜਾਣ ਉੱਤੇ ਵੀ ਫੱਟਾਂ ਦੀਆਂ ਚੀਸਾਂ ਮੱਠੀਆਂ ਨਹੀਂ ਪਈਆਂ। ਸਿੱਖਾਂ ਦਾ ਮਸਲਾ ਇਸ ਤੋਂ ਕੁਝ ਵਧੇਰੇ ਉਲਝਿਆ ਹੋਇਆ ਹੈ। ਮੁਸਲਮਾਨਾਂ ਦਾ ਦੀਨੀ ਵਤਨ ਅਰਬ ਸੀ ਅਤੇ ਹੋਰ ਵੀ ਕਈ ਦੇਸ਼ ਅਜਿਹੇ ਸਨ ਜਿਨ੍ਹਾਂ ਵਿੱਚ ਉਨ੍ਹਾਂ ਦੀ ਦੀਨੀ ਬਰਾਦਰੀ ਦੀ ਪ੍ਰਭੁਤਾ ਮੌਜੂਦ ਸੀ। ਪਰ, ਸਿੱਖਾਂ ਦਾ ਸਭ ਕੁਝ ਭਾਰਤ ਨਾਲ ਹੀ ਜੁੜਿਆ ਹੋਇਆ ਹੈ, ਇਸ ਲਈ ਉਨ੍ਹਾਂ ਦੀ ਵੱਖਰੀ ਹਸਤੀ ਦੀ ਮੰਗ ਨੂੰ ਕੁਝ ਵੱਖਰੇ ਝਰੋਖੇ ਵਿੱਚੋਂ ਵੇਖਣ ਦੀ ਲੋੜ ਹੈ, ਸੀ ਅਤੇ ਰਹੇਗੀ।

ਸਿੱਖਾਂ ਦੇ ਵਖਰੇਂਵੇਂ ਦੀ ਭਾਵਨਾ ਦਾ ਸ੍ਰੀ ਗਣੇਸ਼ ਅਸਲੋਂ ਉਸੇ ਦਿਨ ਹੋ ਗਿਆ ਸੀ ਜਿਸ ਦਿਨ ਨਵਾਬ ਦੌਲਤ ਖਾਂ ਲੋਧੀ ਦੇ ਮੋਦੀ ਨਾਨਕ ਚੰਦ ਬੇਦੀ ਨੇ, ਸਭ ਕੁਝ ਤਿਆਗ ਕੇ ਪੁਕਾਰ ਲਾਈ ਸੀ 'ਨਾ ਕੋ ਹਿੰਦੂ ਨਾ ਮੁਸਲਮਾਨ'[5], ਅਤੇ ਨਜਾਤ ਕਹੋ, ਮੋਕਸ਼ ਕਹੋ ਜਾਂ ਜੀਵਨ-ਚੱਜ ਦਾ ਨਵਾਂ ਰਾਹ ਲੱਭਣ ਤੁਰ ਪਿਆ ਸੀ। ਦੇਸ਼ ਦੇਸ਼ਾਂਤਰ ਗਾਹ ਕੇ ਮੁੜਿਆ ਤਾਂ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਦਾ ਪਿਆਰ ਜਿੱਤ ਕੇ, ਮੁੜ ਕਰਤਾਰਪੁਰ ਵਿੱਚ ਜੀਵਨ-ਜਾਚ-ਕੇਂਦਰ ਖੋਲ੍ਹ ਕੇ ਬੈਠ ਗਿਆ। ਉਸ ਦੀ ਜੀਵਨ ਰੀਤ ਜ਼ਰੂਰ ਕੁਝ ਵੱਖਰੀ ਸੀ ਤਦੇ ਦੋਹਾਂ ਧਿਰਾਂ ਨੂੰ ਸੁਖਾਵੀਂ ਜਾਪੀ। ਜਦੋਂ ਅਕਬਰ ਕੋਲ ਮਹਿਜ਼ਰ ਦਿੱਤਾ ਗਿਆ ਕਿ ਗੁਰੂ, ਧਰਮ ਵਿਰੋਧੀ ਗੱਲਾਂ ਕਰਦੇ ਹਨ[6] ਤਾਂ ਧਰਮ ਦੇ ਰਾਖਿਆਂ ਅਤੇ ਧਰਮ-ਵਿਰੋਧੀਆਂ ਵਿਚਕਾਰਲੀ ਸਾਂਝ ਦੀ ਅਣਹੋਂਦ ਸੁਤੇ-ਸਿੱਧ ਉੱਭਰ ਆਉਂਦੀ ਹੈ। ਜਿਸ ਵੇਲੇ ਦਿੱਲੀ ਦੇ ਚਾਂਦਨੀ ਚੌਂਕ ਵਿੱਚ, ਗੁਰੂ ਤੇਗ ਬਹਾਦਰ ਨੇ ਸ਼ਹੀਦੀ ਦਿੱਤੀ ਤਾਂ ਕਿੰਨੇ ਹਿੰਦੂ ਸਨ ਜਿਨ੍ਹਾਂ ਸਿੱਖਾਂ ਨਾਲ ਅਭੇਦਤਾ ਦਾ ਦਅਵਾ ਕੀਤਾ ਸੀ ? ਜ਼ਫ਼ਰਨਾਮੇ' ਵਿੱਚ ਜਦੋਂ ਗੁਰੂ ਗੋਬਿੰਦ ਸਿੰਘ ਕਹਿੰਦੇ ਹਨ "ਮਨਮ ਕੁਸ਼ਤਨਮ ਕੋਹੀਆਂ ਪੁਰ ਫ਼ਿਤਨ, ਕਿ ਆਂ ਬੁਤ ਪ੍ਰਸ਼ਤੰਦ ਓ ਮਨ ਬੁਤ-ਸ਼ਿਕਨ"[7] ਤਾਂ ਸਾਂਝ ਦੇ ਸੂਤ੍ਰ ਤਿੜਕੇ ਜਾਪਦੇ ਹਨ ? ਜਦੋਂ ਸਿੱਖਾਂ ਦੇ ਸਿਰਾਂ ਦਾ ਮੁੱਲ ਪੈਂਦਾ ਹੈ ਜਾਂ ਬੰਦਾ ਗ੍ਰਿਫ਼ਤਾਰ ਹੋ ਕੇ ਆਪਣੇ ਸਾਥੀਆਂ ਸਮੇਤ ਦਿੱਲੀ ਵਿੱਚ ਤਬਾਹ ਕੀਤਾ ਜਾਂਦਾ ਹੈ, ਓਦੋਂ ਉਸ ਦੇ ਪੱਖ ਵਿੱਚ ਕਿੰਨੀ ਕੁ ਆਵਾਜ਼ ਉੱਠਦੀ ਹੈ ? ਹਾਂ, ਰਣਜੀਤ ਸਿੰਘ ਦੇ ਰਾਜ ਸਮੇਂ ਇਹ ਨੇੜ ਕੁਝ ਵਧੇਰੇ ਨੇੜੇ ਹੋ ਨਿੱਤਰਦੀ ਦਿਸਦੀ ਹੈ।[8] ਜੇਕਰ ਸਿੱਖਾਂ ਅਤੇ ਹਿੰਦੂਆਂ ਵਿਚ ਕੋਈ ਅੰਤਰ ਕਦੇ ਨਹੀਂ ਹੋਇਆ ਤਾਂ ਆਰੀਆ ਸਮਾਜ ਵੱਲੋਂ ਸ਼ੁੱਧੀ ਦੀ ਤਹਿਰੀਕ ਸਮੇਂ ਸਿੱਖਾਂ ਨੂੰ ਵੀ ਸ਼ੁੱਧ ਕਰਨ ਦੀ ਲੋੜ ਕਿਉਂ ਪੈਂਦੀ ਹੈ ?[9] ਕਹਿਣ ਦਾ ਭਾਵ ਇਹ ਹੈ ਕਿ ਸਾਰੀ ਲੂਤੀ ਕਾਨ੍ਹ ਸਿੰਘ ਨੇ ਹੀ ਨਹੀਂ ਲਾਈ, ਇਸ ਦੇ ਸ੍ਰੋਤ ਹੋਰਥੇ ਵੀ ਹਨ, ਜਿਨ੍ਹਾਂ ਨੂੰ ਲੱਭਣ ਦੀ ਲੋੜ ਹੈ ਅਤੇ ਉਘਾੜਨ ਦੀ ਲੋੜ

5. ਜਨਮ ਸਾਖੀ
6. ਗੁਰੂ ਪ੍ਰਤਾਪ ਸੂਰਜ, ਰਾਸਿ ੧. ਅ. 43
7. ਜ਼ਫ਼ਰਨਾਮਾ, ਬੈਂਤ 79ਵਾਂ
8. ਚਹਾਰ ਗੁਲਸ਼ਨ ... ਹਰੀ ਵਿਸਤਰ, ਭਾਗ 2, ਪੰਨਾ 22
9. ਪਹਿਲੀ ਵਾਰੀ ਅਜਿਹੀ ਸ਼ੁੱਧੀ ਦੀ ਰਸਮ ਜਾਲੰਧਰ ਵਿੱਚ ੩ ਜੂਨ, ੧੯੦੦ ਨੂੰ ਹੋਈ।

ਹੈ, ਤਾਂ ਜੋ ਫੁੱਟ ਦੇ ਕਾਰਣਾਂ ਉੱਤੇ ਸਿੱਧੀ ਸੱਟ ਮਾਰ ਕੇ ਉਨ੍ਹਾਂ ਦਾ ਬੀਜ-ਨਾਸ਼ ਕੀਤਾ ਜਾ ਸਕੇ ।

ਭਾਈ ਕਾਨ੍ਹ ਸਿੰਘ ਜੀਵਨ ਭਰ ਇੱਕੋ ਆਦਰਸ਼ ਲਈ ਕੰਮ ਕਰਦਾ ਰਿਹਾ ਉਹ ਸੀ ਆਦਰਸ਼-ਜੀਵਨ ਜੀਣ ਅਤੇ ਪ੍ਰਚਾਰਨ ਦੀ ਭੁੱਖ। ਉਸ ਵਿੱਚ ਵੀ ਤਰੁਟੀਆਂ ਆਈਆਂ ਹੋਣਗੀਆਂ ਆਖ਼ਿਰ ਉਹ ਵੀ ਹਡ-ਚੰਮ ਦਾ ਪੁਤਲਾ ਸੀ, ਕੋਈ ਦੇਵਤਾ ਨਹੀਂ ਸੀ। ਉਸ ਨੇ ਆਪਣੇ ਵੱਡ ਵਡੇਰਿਆਂ ਪਾਸੋਂ ਸਿੱਖੀ ਜੀਵਨ ਦੇ ਆਦਰਸ਼ ਦਾ ਸੁਪਨਾ ਵੇਖਿਆ ਸੀ, ਇਸੇ ਆਦਰਸ਼ ਦੇ ਸੁਪਨਿਆਂ ਨੂੰ ਉਹ ਸਾਰੀ ਉਮਰ ਪਾਲਦਾ ਰਿਹਾ। ਇਸ ਵਿੱਚ ਉਸ ਨੂੰ 'ਮਾਨ' ਵੀ ਰੱਜਵਾਂ ਮਿਲਿਆ, 'ਅਪਮਾਨ' ਵੀ ਰੱਜਵਾਂ ਮਿਲਿਆ, ਰਿਜ਼ਕ ਵੀ ਰੱਜਵਾਂ ਮਿਲਿਆ ਅਤੇ ਥੁੜਾਂ ਵੀ ਰੱਜਵੀਆਂ ਨਸੀਬ ਹੋਈਆਂ, ਪਰ ਉਹ ਇੱਕੋ ਸੇਧ ਬਿਨਾਂ ਡਿਗੇ ਡੋਲੇ ਦੇ, ਅੱਗੇ ਵਧਦਾ ਗਿਆ। ਉਨ੍ਹਾਂ ਦੀ ਸਭ ਤੋਂ ਵੱਡੀ ਅਭਿਲਾਸ਼ਾ ਆਪਣੇ ਗੁਰਸਿੱਖ ਭਰਾਵਾਂ ਨੂੰ ਦਸ ਪੀੜ੍ਹੀਆਂ ਵਿੱਚ ਸਤਗੁਰੂਆਂ ਵੱਲੋਂ ਦੱਸੇ ਗਏ ਮਾਰਗ ਉੱਤੇ ਚੱਲਣ ਲਈ ਵੰਗਾਰ ਪਾਉਣੀ ਸੀ। ਇਸ ਵਿੱਚ ਉਸਦਾ ਮਹਾਰਾਜਾ ਵੀ ਸਹਾਈ ਹੁੰਦਾ ਰਿਹਾ, ਅੰਗ੍ਰੇਜ਼ ਮਿੱਤ੍ਰ ਵੀ ਅਤੇ ਘਰ-ਬਾਹਰ ਦੇ ਸੰਜੋਗੀ ਵੀ। ਉਹ ਦਿਨ ਸਿੰਘ ਸਭਾ ਦੇ ਉਭਾਰ ਦੇ ਦਿਨ ਸਨ। ਪੁਰਾਣੀਆਂ ਬ੍ਰਾਹਮਣਵਾਦੀਆਂ ਰਸਮਾਂ ਜਿਵੇਂ ਗੁਰੂ ਗੋਬਿੰਦ ਸਿੰਘ ਸਮੇਂ ਹਿੰਦੂ ਭਾਈਚਾਰੇ ਨਾਲ ਸਿੱਖਾਂ ਦਾ ਬਖੇੜਾ ਉਪਜਾਉਂਦੀਆਂ ਸਨ, ਅੱਜ ਵੀ ਉਸੇ ਤਰ੍ਹਾਂ ਨਾ-ਮਿਲ ਵਰਤੋਂ ਅਤੇ ਨਾਰਾਜ਼ਗੀਆਂ ਦੇ ਮੌਕੇ ਪੈਦਾ ਕਰਦੀਆਂ ਹਨ। ਬੜੀ ਔਖ ਇਹ ਸੀ ਕਿ ਸਿੱਖਾਂ-ਹਿੰਦੂਆਂ ਵਿਚਕਾਰ ਰੋਟੀ-ਬੇਟੀ ਦੀ ਸਾਂਝ ਬਣੀ ਸੀ ਅਤੇ ਬਰਾਬਰ ਬਣੀ ਹੋਈ ਚਲੀ ਆ ਰਹੀ ਹੈ। ਹਰ ਜ਼ਾਤ ਹਰ ਗੋਤ ਵਿੱਚ ਸਿੱਖ ਵੀ ਹਨ ਅਤੇ ਹਿੰਦੂ ਵੀ, ਰਿਸ਼ਤਾ-ਨਾਤਾ ਜਾਂ ਵਰਤੋਂ ਵਿਹਾਰ ਜ਼ਾਤਾਂ-ਗੋਤਾਂ ਤੋਂ ਬਾਹਰ ਘੱਟ ਹੀ ਸੀ ਜੋ ਅੱਜ ਵੀ ਘੱਟ ਹੀ ਹੈ, ਇਸ ਲਈ ਝਗੜੇ ਦਾ ਕਾਰਣ ਅੱਜ ਵੀ ਕਾਇਮ ਹੈ। ਇਹ ਮਸਲਾ ਤਾਂ ਹੱਲ ਹੁੰਦਾ ਹੈ, ਜੇਕਰ ਸਿੱਖ (ਗੁਰੂਆਂ ਦੀ ਸਿੱਖਿਆ ਅਨੁਸਾਰ ?) ਗੈਰ ਸਿੱਖਾਂ ਨਾਲ ਰਿਸ਼ਤੇ-ਨਾਤੇ ਕਰਨਾ ਤਿਆਗਦੇ ਜਾਂ ਹਿੰਦੂ ਘਰਾਂ ਵਿੱਚ ਪੁਰਾਣੀਆਂ ਰਸਮਾਂ ਦੀ ਪਕੜ ਘਟਦੀ। ਪਰ, ਇਸ ਤਰ੍ਹਾਂ ਵੀ ਹੋਣਾ ਕੁਝ ਨਹੀਂ, ਦੁਫੇੜ ਸਗੋਂ ਤਿੱਖੇਰੀ ਹੋ ਜਾਵੇਗੀ। ਸਾਧਾਰਣ ਅਸੂਲ ਹੈ ਕਿ ਨਦੀਆਂ ਦਰਿਆਵਾਂ ਵਿੱਚ ਅਤੇ ਦਰਿਆ ਸਮੁੰਦਰ ਵਿੱਚ ਗੁੰਮਦੇ ਹਨ ਤਾਂ ਆਪਣੀ ਹੋਂਦ ਦਾ ਕੋਈ ਅੰਸ਼ ਬਾਕੀ ਨਹੀਂ ਰੱਖ ਸਕਦੇ। ਘੱਟ ਗਿਣਤੀਆਂ ਅਵੇਰ ਸਵੇਰ ਬਹੁ-ਗਿਣਤੀਆਂ ਵਿੱਚ ਆਪਾ ਲੀਨ ਕਰਦੀਆਂ ਹੀ ਕਰਦੀਆਂ ਹਨ। ਸਿੱਖਾਂ ਦੀ ਘੱਟ-ਗਿਣਤੀ ਵਾਲੀ ਧਾਰਾ ਸਦੀਆਂ ਤੋਂ ਆਪਣੇ ਆਪੇ ਨੂੰ ਮੁੱਖ ਧਾਰੇ ਥੀਂ ਵੱਖਰਿਆਉਣ ਵਿੱਚ ਸਮਰਥ ਨਹੀਂ ਹੋ ਸਕੀ, ਨਾ ਪੂਰੀ ਤਰ੍ਹਾਂ ਰਲ ਮਿਲ ਸਕੀ ਹੈ। ਕਦੇ ਭਾਈ ਕਾਨ੍ਹ ਸਿੰਘ ਜਿਹੇ ਚਿੰਤਕ ਅਤੇ ਕਦੇ ਆਰੀਆ ਸਮਾਜ ਜੇਹੇ ਸੰਗਠਨ ਸਿਰ ਠੂਠਾ ਭੱਜਦਾ ਰਹਿੰਦਾ ਹੈ।

ਇਹ ਰੋਸ-ਕਲ੍ਹਾ ਕਿੱਥੇ ਮੁੱਕੇਗੀ ? ਕਿਵੇਂ ਮੁੱਕੇਗੀ ? ਸਾਡੇ ਅਧਿਐਨ ਦਾ ਵਿਸ਼ਾ ਨਹੀਂ; ਇਸ ਵਿਸ਼ੇ ਉੱਤੇ ਵਿਚਾਰ ਕਰਨਾ ਦੇਸ਼ ਦੇ ਰਾਜਨੀਤਕ ਵਿਗਿਆਨੀਆਂ, ਧਰਮ ਸ਼ਾਸਤ੍ਰ ਦੇ ਪੰਡਿਤਾਂ ਜਾਂ ਸਮਾਜ-ਵਿਗਿਆਨ ਦੇ ਆਚਾਰੀਆਂ ਦਾ ਕੰਮ ਹੀ ਹੋ ਸਕਦਾ ਹੈ। ਸਾਡੀ ਸਾਰੀ ਬਹਿਸ ਦਾ ਮੰਤਵ ਕੇਵਲ ਇਤਨਾ ਸੀ ਕਿ ਭਾਈ ਕਾਨ੍ਹ ਸਿੰਘ ਇਸ ਦੁਫੇੜ ਦਾ

ਕਰਤਾ ਵੀ ਨਹੀਂ ਮੋਢੀ ਵੀ ਨਹੀਂ ਸੀ । ਉਹ ਕੇਵਲ ਇੱਕ ਚੌਕੀਦਾਰ ਸੀ ਜੋ ਚੋਰਾਗਾਲੀ ਦੇ ਖ਼ਤਰੇ ਦਾ ਸੰਕੇਤ ਦੇਣ ਉੱਤੇ ਆਪ ਚੋਰ ਗਰਦਾਨ ਲਿਆ ਗਿਆ ਸੀ । ਅਸਲ ਵਿੱਚ ਇਹ ਉਹੋ ਜਿਹਾ ਹੀ ਸੱਚ ਵਰਗਾ ਝੂਠ ਹੈ ਜਿਹੋ ਜਿਹਾ ਆਰੀਆ ਸਮਾਜ ਦੀਆਂ ਕਾਰਗੁਜ਼ਾਰੀਆਂ ਨੂੰ ਸਿੰਘ ਸਭਾ ਦੇ ਜਨਮ ਦਾ ਕਾਰਣ ਮੰਨਣ ਵਿੱਚ ਸ਼ਾਮਿਲ ਹੈ । ਇਸ ਵਿੱਚ ਰਤੀ ਭਰ ਵੀ ਸ਼ੱਕ ਨਹੀਂ ਕਿ ਸਿੱਖਾਂ ਅਤੇ ਹਿੰਦੂਆਂ ਵਿੱਚ, ਜਾਇਜ਼ ਜਾਂ ਨਾਜਾਇਜ਼, ਜਿਸ ਕਿਸਮ ਦੀ ਅਪਣੱਤ ਦੇ ਸੰਬੰਧ ਮਹਾਰਾਜਾ ਰਣਜੀਤ ਸਿੰਘ ਕਾਲ ਵਿੱਚ ਸਥਾਪਿਤ ਹੋ ਚੁਕੇ ਸਨ, ਉਨ੍ਹਾਂ ਵਿੱਚ ਤ੍ਰੇੜਾਂ ਪਾਉਣ ਅਤੇ ਵਧਾਉਣ ਦਾ ਜਿੰਨਾ ਕੰਮ ਸਿੰਘ-ਸਭਾ ਅਤੇ ਆਰੀਆਂ ਸਮਾਜ ਦੀ ਦੁਫੇੜ ਨੇ, ਖ਼ਾਸ ਕਰਕੇ ਸ਼ੁੱਧੀ ਦੇ ਸਵਾਲ ਨੇ ਕੀਤਾ ਹੈ ਓਨਾ ਹੋਰ ਕਿਸੇ ਕਾਰਨ ਨੇ ਨਹੀਂ ਕੀਤਾ ।

ਸਿੰਘ ਸਭਾ ਦੀ ਕਾਇਮੀ ਦੇ 12 ਵਰ੍ਹੇ ਬਾਦ, ਹੋਣ ਵਾਲੀ ਇੱਕ ਘਟਨਾ ਦਾ ਜ਼ਿਕਰ ਉਸ ਸਮੇਂ ਦੇ ਇੱਕ ਅਖ਼ਬਾਰ ਵਿੱਚ ਇਸ ਤਰ੍ਹਾਂ ਕੀਤਾ ਗਿਆ ਹੈ :—

> "ਦਿਨ ਕੀ ਬਾਤ ਹੈ ਏਕ ਮਾਨੁੱਖ ਨੇ ਪੁਲ (ਦਰਬਾਰ ਹਰਿਮੰਦਿਰ ਸਾਹਿਬ) ਪਰ ਬੈਠ ਕਰ ਕਹਾ ਕੇ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਹੀਂ ਮੰਨਦਾ, ਇਸ ਬਾਤ ਨੂੰ ਸੁਨ ਕਰ ਏਕ ਸਿਖ ਨੇ ਉਸ ਕੋ ਮਨ੍ਹਾ ਕੀਆ ਤਾਂ ਕੁਛ ਥੋੜੇ ਜੈਸੇ ਪੁਰਸ਼ੋਂ ਨੇ ਬੜਾ ਸ਼ੋਰ ਕੀਆ ਅਰ ਦਰਵਾਨ ਨੂੰ ਬਹਕਾ ਕਰ ਲੈ ਆਏ, ਅਰ ਉਸ ਨੂੰ (ਟੋਕਣ ਵਾਲੇ ਨੂੰ) ਨਿਕਾਲਣੇ ਕੋ ਤਿਆਰ ਹੋ ਗਏ, ਪਰ ਗੁਰੂ ਮਹਾਰਾਜ ਕੀ ਕ੍ਰਿਪਾ ਹੂਈ ਕਿ ਉਸ ਸਿੱਖ ਕੇ ਜਾਨ ਪਹਿਚਾਨ ਭੀ ਆ ਗਏ । ਅਰ ਉਨ ਦੂਤੋਂ ਕੇ ਹਾਥ ਸੇ ਛੁਡਾ ਗਏ । ਉਸ ਵਕਤ ਦੇਖ ਕਰ ਦਿਲ ਨੂੰ ਬੜਾ ਸ਼ੋਕ ਹੂਆ ਅਰ ਏਹ ਵਿਚਾਰ ਕਿਯਾ ਕਦੇ ਤਾਂ ਉਹ ਜਮਾਨਾ ਸੀ ਕਿ ਇਸ ਮੰਦਿਰ ਵਿੱਚ ਸਿੱਖ ਨੂੰ ਕੋਈ ਕੁਛ ਕਹਿ ਨਹੀਂ ਸਕਦਾ ਸੀ ਅਰ ਕੀ ਹੁਣ ਹਾਲ ਹੈ ਕਿ ਜਿਸ ਜਗਾ ਸਿੰਘ ਧਰਮ ਦੀ ਚਰਚਾ ਹੁੰਦੀ ਸੀ ਉਥੇ ਹਾਫਿਜ਼ ਅਰ ਨਜ਼ੀਰ ਦੀਆਂ ਗਜ਼ਲਾਂ ਅਰ ਆਪਣੀਆਂ ਬਣਾਈਆਂ ਡੇਉਢਾਂ ਪੜ੍ਹੀਆਂ ਜਾਂਦੀਆਂ ਹਨ, ਅਰ ਪ੍ਰਸੰਨ ਹੋ ਕਰ ਲੋਕੀ ਸੁਣਦੇ ਹਨ ਅਰ ਕਿਧਰੇ ਐਸਾ ਨਹੀਂ ਦੇਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਯਾ ਸਿਖੀ ਮਤ ਦਾ ਭੀ ਚਰਚਾ ਹੁੰਦਾ ਹੋਵੇ ।"[10]

ਸੁਭਾਵਕ ਸੀ ਕਿ ਅਜਿਹੀ ਸਥਿਤੀ ਵਿੱਚ ਉਹੀ ਕੁਝ ਹੋਵੇ ਜਿਸਦਾ ਜ਼ਿਕਰ ਇਸੇ ਅਖ਼ਬਾਰ ਨੇ, ਉੱਪਰ ਦੱਸੀ ਘਟਨਾ ਵਰਣਨ ਕਰਨ ਤੋਂ ਪਹਿਲਾ ਕੀਤਾ ਹੈ :

> "...ਪਰ ਸ੍ਰੀ ਦਰਬਾਰ ਸਾਹਿਬ ਜੀ ਜੈਸੇ ਅਰ ਗੁਰੂ ਕੇ ਬਾਗ ਜੈਸੇ ਅਸਥਾਨੋਂ ਵਿੱਚ ਜਦ ਕੋਈ ਗੁਲਾਬ-ਦਾਸੀਆ ਵਗੈਰਾ ਤੋਂ ਕਿਆ ਬਲਕਿ ਅਗਰ ਕੋਈ ਨਾਸਤਕ ਭੀ ਵਯਾਖਯਾਨ ਕਰਤਾ ਹੈ ਯਾ ਕੋਈ ਸਿੱਖ ਮਤ ਕੇ ਵਿਰੁੱਧ ਕਹਿਤਾ ਹੈ ਤਾਂ ਉਸ ਨੂੰ ਕੋਈ ਮਨ੍ਹਾਂ ਨਹੀਂ ਕਰਤਾ, ਇਥੋਂ ਤਕ ਕਿ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਪੁਲ ਦੇ ਉੱਪਰ ਦਰਸ਼ਨੀ ਦਰਵਾਜ਼ੇ ਦੇ ਅੰਦਰ ਅਰ ਹਰਿਮੰਦਰ ਦੇ

10. ਚਰਨ ਹਰੀ ਵਿਸਤਾਰ, ਭਾਗ 2. ਪੰਨਾ 62

ਨਜ਼ਦੀਕ ਗੁਲਾਬ ਦਾਸੀਏ ਅਰ ਅਹੰ-ਬ੍ਰਹਮ ਅਰ ਜੈਨੀ ਅਰ ਨਾਸਤਿਕ ਇਤਿਯਾਦਿਕ ਵਗੈਰਾ ਵਗੈਰਾ ਮਤ ਕੇ ਲੋਗ ਆਕਰ ਆਪਣੇ ਮਤ ਕਾ ਪ੍ਰਚਾਰ ਕਰਤੇ ਹੈਂ। ਅਰ ਆਰੀਆ ਲੋਗ ਕਭੀ ਕੁਛ ਕਭੀ ਕੁਛ ਆਕਰ ਰਚਨਾ ਕਰਤੇ ਹੈਂ ਅਰ ਜੁਦਾ ਜੁਦਾ। ਉਨ੍ਹਾਂ ਦੇ ਇਰਦ ਗਿਰਦ ਇਸ ਤਰ੍ਹਾਂ ਦੀ ਭੀੜ ਹੁੰਦੀ ਹੈ ਕਿ ਸ੍ਰੀ ਹਰਿਮੰਦਰ ਜੀ ਦੇ ਦਰਸ਼ਨ ਕਰਨ ਲਈ ਜੋ ਜਾਂਦੇ ਹਨ ਉਨ੍ਹਾਂ ਨੂੰ ਰਸਤਾ ਭੀ ਨਹੀਂ ਮਿਲਦਾ"[11]

ਇਹ ਸਪਸ਼ਟ ਹੀ ਇਕ ਗ੍ਰਹਣੇ ਹੋਏ ਸਿੱਖ ਸਮਾਜ ਦਾ ਚਿੱਤ੍ਰ ਹੈ, ਜਿਸ ਨੂੰ ਦੇਖ ਕੇ ਸਿਵਾਏ ਸਿੱਖੀ ਦੇ ਵਿਰੋਧੀਆਂ ਦੇ ਹੋਰ ਕਿਸੇ ਵੀ ਧਰਮ ਵਾਲੇ ਨੂੰ ਕੋਈ ਖ਼ੁਸ਼ੀ ਨਹੀਂ ਸੀ ਹੋ ਸਕਦੀ। ਇਹੋ ਉਹ ਪਿਛੋਕੜ ਸੀ ਜਿਸ ਵਿੱਚ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚੋਂ ਹੋਰਨਾ ਮਤਾਂ ਦੀਆਂ ਮੂਰਤੀਆਂ ਉਠਵਾਉਣ ਉੱਤੇ ਮੁੜ ਬਖੇੜਾ ਹੋਇਆ। ਭਾਈ ਕਾਨ੍ਹ ਸਿੰਘ ਉੱਤੇ ਦੋਸ਼ ਹੈ ਕਿ ਉਸ ਨੇ ਅਮ੍ਰਿਤਸਰ ਦੇ ਤਤਕਾਲੀਨ ਡਿਪਟੀ ਕਮਿਸ਼ਨਰ ਨੂੰ ਪ੍ਰਸ਼ੰਸਾ ਦਾ ਪੱਤ੍ਰ ਲਿਖ ਕੇ ਹਿੰਦੂ-ਦੁਸ਼ਮਣੀ ਅਤੇ ਦੁਰੈਤ-ਵਾਦੀ ਵਿਚਾਰਾਂ ਦਾ ਸਬੂਤ ਦਿੱਤਾ।[12]

ਭਾਈ ਕਾਨ੍ਹ ਸਿੰਘ ਦੇ ਵਿਚਾਰਾਂ ਨੂੰ ਜਾਣਨ ਦਾ ਸਭ ਤੋਂ ਚੰਗਾ ਸਾਧਨ ਉਨ੍ਹਾਂ ਦੀਆਂ ਰਚਨਾਵਾਂ ਨੂੰ ਘੋਖਣ ਤੋਂ ਉੱਪਰ ਨਹੀਂ ਹੋ ਸਕਦਾ। ਉਨ੍ਹਾਂ ਦੀਆਂ ਸਾਰੀਆਂ ਰਚਨਾਵਾਂ ਨੂੰ ਜੇਕਰ ਗਹੁ ਨਾਲ ਵੇਖੀਏ ਤਾਂ ਉਹ ਕੇਵਲ ਤਿੰਨ ਪੁਸਤਕਾਂ ਵਿੱਚ ਸਮਾ ਜਾਂਦੀਆਂ ਹਨ. ਅਰਥਾਤ 'ਹਮ ਹਿੰਦੂ ਨਹੀਂ', 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਅਤੇ 'ਗੁਰਮਤ ਮਾਰਤੰਡ'। 'ਹਮ ਹਿੰਦੂ ਨਹੀਂ' ਦੀ ਗੱਲ ਉੱਪਰ ਵਿਸਤਾਰ ਨਾਲ ਕੀਤੀ ਜਾ ਚੁੱਕੀ ਹੈ। ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਦਾ ਖੇਤਰ ਵਖਰੇ ਪ੍ਰਕਾਰ ਦਾ ਹੈ, ਉਸ ਵਿੱਚ ਸਿੱਖ ਸਾਹਿਤ ਵਿੱਚ ਵਰਤੀ ਗਈ ਸ਼ਬਦਾਵਲੀ ਦੀ ਵਿਆਖਿਆ ਵਿਆਪਕ ਅਤੇ ਵਿਗਿਆਨਕ ਢੰਗ ਨਾਲ ਕੀਤੀ ਗਈ ਹੈ। ਉਸ ਦੀ ਕਿਸੇ ਐਂਟਰੀ ਬਾਰੇ ਇਹ ਸਿੱਧ ਨਹੀਂ ਕੀਤਾ ਜਾ ਸਕਿਆ ਕਿ ਉਸ ਵਿੱਚ ਦਿੱਤੀ ਵਿਆਖਿਆ ਕਿਸੇ ਦੂਜੇ ਧਰਮ ਦੀ ਨਿੰਦਾ ਜਾਂ ਹੇਠੀ ਲਈ ਗ਼ਲਤ-ਬਿਆਨੀ ਨਾਲ ਹੋਈ ਹੈ। ਗੁਰਮਤ-ਮਾਰਤੰਡ ਵਿੱਚ ਜੋ ਕੁਝ ਕਿਹਾ ਗਿਆ ਹੈ, ਉਸ ਦੇ ਇੱਕ ਇੱਕ ਕਥਨ ਦੀ ਪ੍ਰੋੜ੍ਹਤਾ ਗੁਰੂ-ਬਾਣੀ, ਗੁਰੂ-ਇਤਿਹਾਸ ਆਦਿ ਵਿੱਚੋਂ ਪ੍ਰਮਾਣ ਦੇ ਕੇ ਕੀਤੀ ਗਈ ਹੈ। ਸਭ ਤੋਂ ਵਧੇਰੇ ਇਤਰਾਜ਼ ਉਸ ਵਿੱਚ ਵਰਣਿਤ ਸਿੱਖ-ਸੰਸਕਾਰਾਂ ਦੀ ਵਿਧੀ ਨਾਲ ਸੰਬੰਧਿਤ ਖ਼ਾਸ ਕਰਕੇ 'ਮੌਤ' ਨਾਲ ਜੁੜੇ ਸੰਸਕਾਰਾਂ ਅਤੇ ਜੰਞੂ ਪਹਿਨਣ ਜਾਂ ਨਾ ਪਹਿਨਣ ਬਾਰੇ ਉਠਾਏ ਜਾ ਸਕਦੇ ਹਨ। 'ਸੱਦ-ਪਰਮਾਰਥ' ਨੂੰ ਲੈ ਕੇ ਹੀ ਵਧੇਰੇ ਚਰਚਾ ਚਲੀ ਹੈ ਪਰੰਤੂ ਅਜੇ ਤੋੜੀ ਕੋਈ ਅਜਿਹਾ ਪ੍ਰਮਾਣ-ਯੁਕਤ ਉੱਤਰ ਕਿਸੇ ਵੱਲੋਂ ਲਿਖਿਆ ਵੇਖਣ ਵਿੱਚ ਨਹੀਂ ਆਇਆ ਜੋ ਪੂਰੀ ਤਰ੍ਹਾਂ ਭਾਈ ਕਾਨ੍ਹ ਸਿੰਘ ਨੂੰ 'ਫੁੱਟ ਦਾ ਦੋਸ਼ੀ' ਸਿੱਧ ਕਰ ਸਕੇ। ਮਰਨੇ-ਪਰਨੇ ਦੀਆਂ ਰੀਤਾਂ ਨੂੰ ਲੈ ਕੇ ਸਨਾਤਨੀ ਹਿੰਦੂ ਅਤੇ ਉਨ੍ਹਾਂ ਦੇ ਸਿੱਖ

---

11. ਚਰਨ ਹਰੀ ਵਿਸਥਾਰ, ਭਾਗ 2. ਪੰਨਾ 62
12. ਅ. ਕਾ., ਪੰਨਾ 30

ਭਾਈ ਬੰਦਾਂ ਵਿਚ ਖਹਿਬੜ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਦੇ ਸਮਕਾਲੀਨ ਕਵੀ ਸੈਨਾਪਤਿ ਨੇ ਵੀ ਕੀਤਾ ਹੈ[13], ਜਿਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਵਿਰੋਧ ਭਾਈ ਕਾਨ੍ਹ ਸਿੰਘ ਦਾ ਜਗਾਇਆ ਨਹੀਂ ਪੁਰਾਣਾ ਹੈ। ਵਿਆਹ ਦੀਆਂ ਰਸਮਾਂ ਦਾ ਅੰਤਰ ਵੀ ਕਾਨ੍ਹ ਸਿੰਘ ਦੀ ਦੇਣ ਨਹੀਂ, ਸਗੋਂ ਉਸ ਤੋਂ ਚਿਰੋਕਾ ਪਹਿਲਾਂ ਨਿਰੰਕਾਰੀ ਅਤੇ ਨਾਮਧਾਰੀ ਸੰਪ੍ਰਦਾਇ ਦੇ ਆਗੂਆਂ 'ਅਨੰਦ ਕਾਰਜ ਦੀ ਰਸਮ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ।[14] ਸਿੰਘ ਸਭਾ ਦੀ ਤਹਿਰੀਕ (ਜਿਸ ਨੇ ਸਨਾਤਨੀ ਰਹੁ-ਰੀਤਾਂ ਦੇ ਤਿਆਗ ਦੀ ਕਥਾ ਚਲਾਈ ਸੀ), ਭਾਈ ਕਾਨ੍ਹ ਸਿੰਘ ਦੇ ਬਚਪਣੇ ਵਿੱਚ ਕਾਇਮ ਹੋ ਚੁਕੀ ਸੀ। ਸ਼ਾਇਦ, ਇਹ ਜ਼ਰੂਰ ਕਿਹਾ ਜਾ ਸਕੇ ਕਿ ਜਿਸ ਸਫ਼ਲਤਾ ਨਾਲ ਉਨ੍ਹਾਂ ਤਹਿਰੀਕਾਂ ਦੇ ਵਿਚਾਰਾਂ ਦੀ ਵਕਾਲਤ ਕਾਨ੍ਹ ਸਿੰਘ ਨੇ ਕੀਤੀ ਉਸ ਤੋਂ ਪਹਿਲਾਂ ਵਾਲੇ ਜਾਂ ਉਸਦੇ ਸਾਥੀਆਂ ਨੂੰ ਉਤਨੀ ਸਫ਼ਲਤਾ ਨਹੀਂ ਮਿਲੀ। ਮੈਂ ਸਮਝਦਾ ਹਾਂ ਕਿ ਅਜਿਹੀ ਸਫ਼ਲਤਾ ਦਾ ਸਿਹਰਾ ਕਾਨ੍ਹ ਸਿੰਘ ਤੋਂ ਕਿਤੇ ਵਧੇਰੇ ਉਨ੍ਹਾਂ ਦੇ ਉਸਤਾਦਾਂ ਸਿਰ ਬੱਝਦਾ ਹੈ ਜਿਨ੍ਹਾਂ ਉਸ ਨੂੰ ਆਪਣੀ ਗੱਲ ਹੋਰਨਾਂ ਨਾਲੋਂ ਵਧੇਰੇ ਸੁੱਚਜ ਨਾਲ ਕਰਨ ਦਾ ਵੱਲ ਸਿਖਾਇਆ। ਬਹਰ ਹਾਲ, ਇਹ ਗੱਲ ਤਾਂ ਮੰਨਣੀ ਪਵੇਗੀ ਕਿ ਭਾਈ ਕਾਨ੍ਹ ਸਿੰਘ ਦੀ ਕਥਨ ਸ਼ੈਲੀ ਵਿੱਚ ਆਪਣੇ ਪੱਖ ਨੂੰ ਸਪਸ਼ਟਤਾ ਓਜ ਅਤੇ ਸਾਊ ਬੋਲੀ ਵਿੱਚ ਕਹਿਣ ਦੀ ਸ਼ਕਤੀ ਅਤੇ ਸਮਰੱਥਾ ਸੀ। ਅਫ਼ਸੋਸ ਇਸ ਗੱਲ ਦਾ ਹੈ ਕਿ ਉਸ ਨੂੰ ਨਿੰਦਕ ਤਾਂ ਨਸੀਬ ਹੋਏ ਪਰ ਉਸ ਦੇ ਹਾਣ ਦਾ ਸੂਝਵਾਨ ਅਤੇ ਓਜਵਾਨ ਵਿਰੋਧੀ ਨਾ ਪ੍ਰਾਪਤ ਹੋ ਸਕਿਆ ਜੋ ਆਪਣੀ ਬਾਣੀ ਜਾਂ ਲੇਖਣੀ ਦੇ ਬਲ ਨਾਲ ਉਸ ਦੀ ਗੱਲ ਕੱਟ ਕੇ, ਲੋਕ ਮਤ ਦੀ ਧਾਰਾ ਨੂੰ ਆਪਣੀ ਇੱਛਾ ਦੇ ਰੁਖ ਮੋੜ ਲੈਂਦਾ।

ਅੰਗ੍ਰੇਜ਼ਾਂ ਦਾ ਪੈਰ ਪੈਣ ਤੋਂ ਪਹਿਲਾਂ ਧਾਰਮਿਕ ਪ੍ਰਚਾਰ ਕਾ ਸਿਲਸਿਲਾ ਸਾਧੂ-ਸੰਤਾਂ, ਗੁਰੂਆਂ-ਮਹਾਂਤਮਾਵਾਂ, ਪੀਰਾਂ-ਫ਼ਕੀਰਾਂ ਆਦਿ ਦੀ ਸਿੱਖੀ-ਸੇਵਕੀ ਅਰ ਸੰਗਤਾਂ - ਮੇਲਿਆਂ ਆਦਿ ਰਾਹੀਂ ਚਲਦਾ ਸੀ, ਸਭਾ-ਸੁਸਾਇਟੀਆਂ ਦੀ ਪਿਰਤ ਪਾਦਰੀਆਂ ਦੇ ਸੰਗਠਨਾਂ ਨੂੰ ਦੇਖ ਕੇ ਪਈ ਹੋਈ ਹੈ। ਪਾਦਰੀਆਂ ਦੇ ਅੱਡੇ ਸਭ ਤੋਂ ਪਹਿਲਾਂ ਅਮ੍ਰੀਕਨ ਪ੍ਰੈਸਬਿਟੀਰੀਅਨ ਚਰਚ ਵੱਲੋਂ ਕਾਇਮ ਹੋਣੇ ਸ਼ੁਰੂ ਹੋਏ। ਪਹਿਲਾਂ ਟਿਕਾਣਾ ਪੰਜਾਬ ਵਿੱਚ 1834 ਵਿੱਚ ਲੁਦਿਹਾਣੇ ਬਣਿਆ।[15] ਫ਼ੇਰ ਹੋਰ ਬਹੁਤ ਸਾਰੇ ਚਰਚ-ਸੰਗਠਨਾਂ ਵੱਲੋਂ ਮਿਸ਼ਨਰੀ ਆਉਣ ਲੱਗੇ। ਇਹ ਲੋਕ ਨਿਰੀ ਈਸਾ ਦੀ ਵਡਿਆਈ ਦੀ ਹੀ ਗੱਲ ਨਹੀਂ ਕਰਦੇ ਸਨ ਸਗੋਂ ਹੋਰਨਾਂ ਧਰਮਾਂ ਵਾਲਿਆਂ ਨੂੰ ਛੁਟਿਆ ਕੇ ਵੀ ਦੱਸਦੇ ਸਨ।[16] ਇਸ ਪ੍ਰਚਾਰ ਸ਼ੈਲੀ ਨੇ ਸਥਾਨਕ ਧਰਮ-ਖੇਤਰਾਂ ਵਿੱਚ ਇੱਕ ਭੈ ਅਤੇ ਆਤਮ-ਰੱਖਿਆ ਦੀ ਭਾਵਨਾ ਜਗਾਈ, ਨਾਲ ਹੀ ਵਾਦ-ਵਿਵਾਦ ਦੀ ਪਰੰਪਰਾ ਨੂੰ ਪ੍ਰਚਾਰ-ਵਾਦੀ ਪੱਧਰ ਉੱਤੇ ਲਿਖਣ-ਬੋਲਣ ਦੀ ਸ਼ਹਿ ਦਿੱਤੀ। ਅਜਿਹਾ ਪ੍ਰਤਿਕਰਮ ਹੋਣਾ ਸੁਭਾਵਕ ਵੀ ਸੀ, ਵਾਜਿਬ ਵੀ ਸੀ ਅਤੇ ਲੋੜੀਂਦਾ ਵੀ ਸੀ।

13. ਸੈਨਾਪਤਿ, ਗੁਰਸੋਭਾ. ਸੰਪਾ, ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ 42-50
14. ਦੇਖੋ—ਨਿਰੰਕਾਰੀ ਚਲਨ ਦਾ ਚਿੱਠਾ
15. ਪੰਜਾਬ, ਸੰਪਾ, ਗੰਡਾ ਸਿੰਘ. ਡਾ., ਪੰਨਾ 72
16. ਗਿਆਨੀ ਮਹਾਂ ਸਿੰਘ, ਗੁਰਮੁਖ ਜੀਵਨ, ਪੰਨਾ 38

ਧਾਰਮਿਕ ਸਭਾ-ਸੁਸਾਇਟੀਆਂ ਵਿਚ ਪਾਦਰੀਆਂ ਤੋਂ ਪਿਛੋਂ ਪਹਿਲ ਬੰਗਾਲੀ ਵਿਦਵਾਨ ਬਾਬੂ ਕੇਸ਼ਬ ਚੰਦਰ ਸੇਨ ਨੇ ਬ੍ਰਹਮ-ਸਮਾਜ ਰਾਹੀਂ ਕੀਤੀ। ਪੰਜਾਬ ਵਿਚ ਬ੍ਰਹਮ ਸਮਾਜ ਦੀ ਸ਼ਾਖਾ 1866-67 ਵਿਚ ਕਾਇਮ ਹੋਈ।[17] ਇਹ ਬਹੁਤਾ ਚਿਰ ਨਾ ਚਲ ਸਕੀ। ਇਸਦੇ ਬਹੁਤੇ ਮੈਂਬਰ ਆਰੀਆ ਸਮਾਜ ਆਦਿ ਵਿਚ ਖਪ ਗਏ। ਫੇਰ, 1873 ਵਿਚ ਸਿੰਘ ਸਭਾ, 1877 ਵਿਚ ਆਰੀਆ ਸਮਾਜ, ਦੇਵ ਸਮਾਜ 1887 ਅਤੇ ਅਹਮਦੀ ਜਮਾਅਤ 1889 ਵਿਚ ਕਾਇਮ ਹੋਈ। ਇਸੇ ਅਰਸੇ ਵਿਚ ਮੁਸਲਮਾਨਾਂ ਦੀਆਂ ਕਈ ਜਮਾਅਤਾਂ ਕਾਇਮ ਹੋਈਆਂ ਜਿਨ੍ਹਾਂ ਵਿਚੋਂ ਅੰਜਮਨਿ-ਹਿਮਾਇਤ-ਉਲ-ਇਸਲਾਮ, ਲਾਹੌਰ (1869), ਅੰਜਮਨਿ-ਮੁਫੀਦਿ ਆਮ, ਕਸੂਰ (1883), ਅੰਜਮਨਿ-ਮੁਵਾਹਦੀਨ, ਅੰਮ੍ਰਿਤਸਰ (1873), ਅੰਜਮਨਿ-ਹਮਦਰਦ-ਇਸਲਾਮੀਆ; ਲਾਹੌਰ (1881) ਮੁਖੀ ਕਹੀਆਂ ਜਾ ਸਕਦੀਆਂ ਹਨ। ਸਿੱਖਾਂ ਦੀਆਂ ਵੀ ਇਸ ਤੋਂ ਪਹਿਲਾਂ ਦੋ ਸੰਪ੍ਰਦਾਵਾਂ ਨਿਰੰਕਾਰੀ (1850 ਦੇ ਆਸ ਪਾਸ) ਤੇ ਨਾਮਧਾਰੀ (1855 ਲਾਗੇ) ਖੇਤਰ ਵਿਚ ਸੁਧਾਰਕ ਕੰਮ ਕਰ ਰਹੀਆਂ ਸਨ। ਉਸ ਸਮੇਂ ਹਿੰਦੂ, ਸਿੱਖ, ਮੁਸਲਮਾਨ ਅੰਗਰੇਜ਼ ਤੋਂ ਭੈ ਭੀਤ ਸਨ। ਸਿੱਖਾਂ ਬਾਰੇ ਉਸ ਸਮੇਂ ਏਹੋ ਰਾਇ ਸੀ ਕਿ ਇਹ ਛੇਤੀ ਹੀ ਸਮਾਪਤ ਹੋਣ ਵਾਲੇ ਹਨ। ਕੇਸ਼ਬ ਚੰਦਰ ਸੇਨ ਦੇ ਕਿਸੇ ਭਾਸ਼ਣ ਦੇ ਹਵਾਲੇ ਨਾਲ ਦੀਵਾਨ ਅਲਖ ਧਾਰੀ ਨੇ ਲਿਖਿਆ :

> "...ਸਿਖ ਧਰਮ ਹਿੰਦੂ ਧਰਮ ਸੇ ਪੈਦਾ ਹੂਆ ਥਾ, ਅਬ ਹਿੰਦੂ ਧਰਮ ਇਸ ਧਰਮ ਕੋ ਨਿਗਲ ਰਿਹਾ ਹੈ।"[18] ...

ਅਜਿਹੀ ਸਥਿਤੀ ਵਿਚ ਆਪਣੇ ਪੰਥ ਦੇ ਭਵਿਖ ਬਾਰੇ ਚਿੰਤਾਵਾਨ ਹੋਣਾ ਅਤੇ ਭਾਈਚਾਰੇ ਦੀ ਉਨਤੀ ਦੇ ਉਪਾਇ ਸੋਚਣਾ ਕਿਸੇ ਪ੍ਰਕਾਰ ਵੀ ਹਿੰਦੂ-ਵਿਰੋਧੀ ਜਾਂ ਦ੍ਵੈਤ-ਵਾਦੀ ਨਹੀਂ ਕਿਹਾ ਜਾ ਸਕਦਾ।

ਗੁਰਮਤ ਮਾਰਤੰਡ ਆਦਿ ਵਿਚੋਂ ਵੀ ਭਾਈ ਕਾਨ੍ਹ ਸਿੰਘ ਦੇ ਕੁਝ ਵਿਚਾਰ ਵੇਖੇ ਜਾ ਸਕਦੇ ਹਨ :—

(ੳ) "ਸਾਨੂੰ ਚਾਹੀਜੇ ਕਿ ਵਿਦ੍ਯਾ ਵਿਚਾਰ ਨਾਲ ਧਰਮ ਗਰੰਥਾਂ ਤਥਾ ਇਤਿਹਾਸਾਂ ਦਾ ਤਾਤ-ਪਰਯ ਜਾਣ ਕੇ ਅਰ ਆਪਣੇ ਧਰਮ ਦੇ ਸੱਚੇ ਸ਼੍ਰਧਾਲੂ ਹੋ ਕੇ ਸਤਗੁਰਾਂ ਦੇ ਵਚਨ ਪੜ੍ਹੀਏ ਅਤੇ ਮੰਨੀਏ, ਅਰੁ ਜੋ ਉਨ੍ਹਾਂ ਤੋਂ ਵਿਰੁੱਧ ਕਿਸੇ ਕਵੀ ਨੇ ਕੋਈ ਲੇਖ ਲਿਖਿਆ ਹੈ, ਉਸ ਦੇ ਤ੍ਯਾਗਣ ਵਿਚ ਥੋੜੀ ਜੇਹੀ ਭੀ ਸ਼ੰਕਾ ਨਾ ਉਠਾਈਏ,..."[19]

(ਅ) "ਬਹੁਤ ਪ੍ਰਪੰਚੀ ਸ੍ਵਾਰਥੀ ਪੁਰੁਸ਼ ਸ੍ਰੀ ਗੁਰੂ ਸਾਹਿਬਾਨ ਕੇ ਸਤ੍ਯ ਉਪਦੇਸ਼ ਕੇ ਪ੍ਰਚਾਰ ਮੇ ਵਿਘਨ ਕਰ ਰਹੇ ਹੈ...ਗੁਰੂ ਸ਼ਬਦੋਂ ਕੇ ਅਰਥ ਉਲਟਾ ਕਰ ਸੀਧੇ ਸਾਦੇ ਸਿਖੋਂ ਕੋ ਯੇਹ ਨਿਸਚ੍ਯ ਕਰਵਾਤੇ ਹੈ, ਕਿ ਗੁਰੂ ਸਾਹਿਬ ਕੀ ਬਾਣੀ

17. ਪੰਜਾਬ, ਉਪਰੋਕਤ, ਪੰਨਾ 145.
18. ਉਹੀ।
19. ਗੁਰਮਤ ਸੁਧਾਕਰ, ਪੰਨਾ '3' ਭੂਮਿਕਾ

ਮੇਂ ਹਿੰਦੂ-ਮਤ ਕੇ ਧਰਮ ਸ਼ਾਸਤਰੋਂ ਕੀ ਹੀ ਤਾਈਦ ਹੈ, ਬਲਕਿ ਏਕ ਪ੍ਰਕਾਰ ਸੇ ਗੁਰਬਾਣੀ ਧਰਮ ਸ਼ਾਸਤਰੋਂ ਕਾ ਖੁਲਾਸਾ ਹੈ"...[20]

(ੲ) "ਕੋਈ ਕੌਮ ਭੀ ਸੰਸਾਰ ਪਰ ਸੁਤੰਤਰ ਹੋਏ ਬਿਨਾ ਪੂਰੀ ਉਨਤੀ ਨਹੀਂ ਕਰ ਸਕੀ, ਜਦ ਤੋੜੀ ਕੋਈ ਕੌਮ ਕਿਸੇ ਕੌਮ ਦੀ ਸ਼ਾਖ ਬਣ ਕੇ ਰਹੀ ਹੈ ਤਦ ਤੋੜੀ ਗ਼ੁਲਾਮੀ ਦਸ਼ਾ ਵਿਚ ਰਹੀ ਹੈ ਔਰ ਵਾਧੇ ਦੇ ਥਾਉਂ ਘਾਟਾ ਹੁੰਦਾ ਰਹਿਆ ਹੈ.. ਅਸੀਂ ਤਜਰਬੇ ਨਾਲ ਵੇਖਿਆ ਹੈ ਕਿ ਹਿੰਦੂ ਕੌਮ ਨਾਲ ਇਕ-ਮਿਕ ਹੋਣ ਕਰਕੇ ਸਿੱਖਾਂ ਦੀ ਭਾਰੀ ਹਾਨੀ ਹੋਈ ਹੈ, ਔਰ ਨਿੱਤ ਹੋ ਰਹੀ ਹੈ।...[21]

(ਸ) "ਪਿਛਲੇ 'ਗੰਗਾ ਦੇ ਕੁੰਭ' ਪਰ ਇਕ ਲਖ ਸਿਖ ਤੀਰਥ ਯਾਤ੍ਰਾ ਨੂੰ ਗਯਾ, ਜੇ ਇਕ ਆਦਮੀ ਪਿਛੇ ਘਟ ਤੋਂ ਘਟ ਦਸ ਰੁਪਏ ਖ਼ਰਚ ਦੇ ਲਾਈਏ ਤਾਂ ਦਸ ਲਖ ਰੁਪਯਾ ਕੇਵਲ ਇਕ ਮੇਲੇ ਦਾ ਜੁੜਦਾ ਹੈ...**ਜੇ ਇਸ ਰੁਪਯੇ ਨਾਲ ਸਿੱਖ ਲੜਕੀਆਂ ਵਾਸਤੇ ਕਾਲਜ ਬਣ ਜਾਂਦਾ*** ਤਾਂ ਕੌਮ ਨੂੰ ਕਿਤਨਾ ਲਾਭ ਪਹੁੰਚਦਾ **ਔਰ ਜੇ ਯਤੀਮਖ਼ਾਨੇ ਖੋਲ੍ਹੇ ਜਾਂਦੇ** ਤਾਂ ਕੇਹਾ ਚੰਗਾ ਹੁੰਦਾ..."[22]

(ਹ) "...ਅਬ **ਯਹ ਭੇਖ-ਧਾਰੀ ਪੁਰਸ਼ ਕਹਤੇ ਹੈਂ ਕਿ ਮੈਂ ਨ੍ਰਿਮਲਾ ਹੂੰ ਕੋਈ ਕਹਤਾ ਹੈ ਮੈਂ ਸਿੰਘ ਹੂੰ ਕੋਈ ਉਦਾਸੀ** ਐਸੇ ਹੀ ਔਰ ਬਹੁਤ ਕਹਿਤੇ ਹੈਂ **ਫਿਰ ਅਪਨੇ ਭੇਖ ਪਰ ਲੜਤੇ ਹੈਂ** ਅਪਨੇ ਆਪ ਕੋ ਬੜਾ ਬਤਾਤੇ ਹੈਂ **ਕਬੀ ਦੰਗਾ ਫ਼ਸਾਦ ਭੀ ਹੋ ਜਾਤਾ ਹੈ..."**[23]

(ਕ) "...ਜੋ ਲੋਕ ਬਾਲਕ ਬਿਰਧ ਰੋਗੀ ਅਤੇ ਕਮਜ਼ੋਰ ਇਸਤਰੀਆਂ ਨੂੰ ਤੀਰਥਾਂ ਦੇ ਪਰਬਾਂ ਤੇ ਭੀੜ ਵਿਚ ਲੈ ਜਾ ਕੇ ਦੁਖ ਦੇਣ ਦਾ ਕਾਰਣ ਬਣਦੇ ਅਤੇ ਬੇਅੰਤ ਭਯਾਨਕ ਰੋਗਾਂ ਦੇ ਫੈਲਾਉਣ ਵਿਚ ਸਹਾਈ ਹੁੰਦੇ ਹਨ ਉਹ ਦੇਸ਼ ਅਤੇ ਕੌਮ ਦੇ ਵੈਰੀ ਅਰ ਨਿਰਰਥਕ ਧਨ ਨਾਸ਼ ਕਰਨ ਦੇ ਦੋਸ਼ੀ ਹਨ।"[24] **ਕੁੰਭ ਆਦਿਕ ਮੇਲੇ ਤੇ ਖ਼ਰਚ ਕੀਤਾ ਧਨ, ਦੇਸ਼ ਵਿਚ ਵਿਦਯਾ ਅਤੇ ਹੁਨਰ** ਫੈਲਾ ਕੇ ਦਰਿਦ੍ਰ ਦਸ਼ਾ ਦੂਰ ਕਰ ਸਕਦਾ ਹੈ...।"[25]

---

20. ਉਹੀ ਪੰਨਾ
21. ਉਹੀ ਪੰਨਾ 163. (ਇਹੋ ਇਕ ਵਿਚਾਰ ਹੈ, ਜਿਸ ਉਤੇ ਕੁਝ ਉਂਗਲ ਰਖੀ ਜਾ ਸਕਦੀ ਹੈ)
*ਮੋਟੇ ਅੱਖਰ ਵਿਚਾਰ-ਨਿਤਾਰੇ ਲਈ ਅਸਾਂ ਨਿਖੇੜੇ ਹਨ।
22. ਉਹੀ ਪੰਨਾ, 164 ਗੁ. ਸਿੰਘ ਸਭਾ (ਸ਼ਤਾਬਦੀ ਕਮੇਟੀ), ਅੰਮ੍ਰਿਤਸਰ, ਦੂਜੀ ਵਾਰ, 1978.
23. ਉਹੀ, ਪੰਨਾ
24. ਉਹੀ, ਪੰਨਾ 559.
25. ਉਹੀ

ਇਸ ਤਰ੍ਹਾਂ ਦੇ ਵਿਚਾਰਾਂ ਵਿਚ ਨਿਤਾਰੇ ਅੰਸ਼ ਧਿਆਨ ਜੋਗ ਹਨ ਜੋ ਕਾਨ੍ਹ ਸਿੰਘ ਨੂੰ ਉਸੇ ਸਫ਼ ਵਿਚ ਖੜਾ ਹੋਣ ਦਾ ਹੱਕ ਦਿੰਦੇ ਹਨ ਜਿਸ ਵਿਚ ਮੈਥਿਲੀ ਸ਼ਰਨ ਰਚਿਤ 'ਭਾਰਤ ਭਾਰਤੀ' ਅਤੇ ਹਾਲੀ ਰਚਿਤ 'ਮੁਸੱਦਸ' ਉਨ੍ਹਾਂ ਨੂੰ ਖਲ੍ਹਾਰਦੇ ਹਨ ।

ਇਹ ਵੱਖਰੀ ਗੱਲ ਹੈ ਕਿ 'ਹਾਲੀ' ਅਤੇ ਮੈਥਿਲੀ ਸ਼ਰਨ ਗੁਪਤ ਨੂੰ ਉਨ੍ਹਾਂ ਦੇ ਭਾਈਚਾਰੇ ਵਾਲਿਆਂ ਸਹਿਜੇ ਪਛਾਣ ਲਿਆ ਸੀ, ਉਨ੍ਹਾਂ ਦੇ ਗੁਣ ਦਾ ਮੁੱਲ ਪਾ ਲਿਆ ਸੀ, ਪਰੰਤੂ ਭਾਈ ਕਾਨ੍ਹ ਸਿੰਘ ਦੇ ਵਿਰੁੱਧ 'ਹਮ ਹਿੰਦੂ ਨਹੀਂ' ਅਤੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚੋਂ ਮੂਰਤੀਆਂ ਹਟਾਏ ਜਾਣ ਦੇ ਮਸਲੇ ਅਤੇ ਬਾਬਾ ਅਜਾਪਾਲ ਸਿੰਘ ਬਾਰੇ ਲਿਖਤਾਂ ਨੂੰ ਮੁੱਦਾ ਬਣਾ ਕੇ ਜਾਂ 'ਗੁਰਮਤ ਸੁਧਾਕਰ,' 'ਗੁਰਮਤ ਪ੍ਰਭਾਕਰ' ਅਤੇ 'ਗੁਰਮਤ ਮਾਰਤੰਡ' ਵਿਚਲੀਆਂ ਵਿਆਖਿਆਵਾਂ ਅਤੇ 'ਸੱਦ' ਦੇ ਅਰਥਾਂ ਨੂੰ ਬਹਿਸ ਦਾ ਆਧਾਰ ਬਣਾ ਕੇ ਇਕ ਵਿਰੋਧ ਦਾ ਝਖੜ ਝੁਲਾ ਲਿਆ ਗਿਆ ਸੀ। ਇਸ ਵਿਰੋਧ ਵਿਚ ਹਿੰਦੂ ਅਤੇ ਸਿਖ ਦੋਹਾਂ ਧੜਿਆ ਦੇ ਲੋਕ ਸ਼ਾਮਿਲ ਸਨ। ਨਤੀਜੇ ਵਜੋਂ ਭਾਈ ਕਾਨ੍ਹ ਸਿੰਘ ਨੂੰ ਦੋ ਵਾਰੀ ਨੌਕਰੀ ਤੋਂ ਹਥ ਧੋਣੇ ਪਏ । ਉਸ ਦੀ ਥਾਂ ਕੋਈ ਹੋਰ ਹੁੰਦਾ ਤਾਂ ਜ਼ਰੂਰ ਉੱਖੜ ਜਾਂਦਾ, ਇਹ ਉਸੇ ਦਾ ਜਿਗਰਾ ਸੀ ਕਿ ਉਹ ਡਟਿਆ ਰਿਹਾ ।

ਭਾਈ ਕਾਨ੍ਹ ਸਿੰਘ ਨੇ ਵਿਦਵਤਾ ਅਤੇ ਸਿਖ-ਸੂਝਦਾਰੀ ਦੀ ਉਸ ਰਵਿਸ਼ ਨੂੰ ਅਪਣਾਇਆ ਜਿਸ ਦਾ ਮੁੱਢ ਭਾਈ ਵੀਰ ਸਿੰਘ ਦੇ ਪਿਤਾ ਡਾ. ਚਰਨ ਸਿੰਘ ਨਾਲ ਹੋਇਆ ਅਤੇ ਜਿਸ ਦੀ ਪੂਰਣ ਆਹੁਤੀ ਭਾਈ ਜੋਧ ਸਿੰਘ ਨਾਲ ਹੋਈ । ਭਾਈ ਜੋਧ ਸਿੰਘ ਅਤੇ ਉਸ ਵਿਚਲਾ ਵੱਡਾ ਅੰਤਰ ਇਸ ਗਲ ਵਿਚ ਸੀ ਕਿ ਭਾਈ ਕਾਨ੍ਹ ਸਿੰਘ ਗਿਆਨ ਦੀ ਧਰਤੀ ਦਾ ਗਾਹਕ ਸੀ ਅਤੇ ਭਾਈ ਜੋਧ ਸਿੰਘ ਉਸ ਧਰਤੀ ਵਿਚੋਂ ਉਪਜਾਈ ਫ਼ਸਲ ਦਾ ਵਪਾਰੀ ਸੀ । ਇਕ ਸ਼ਬਦਾਂ ਦਾ ਪਾਰਖੂ ਸੀ ਅਤੇ ਦੂਜਾ ਵਿਚਾਰਾਂ ਦੇ ਬੋਹਲ ਦਾ ਨਿਖੇੜਕ । ਦੋਹਾਂ ਵਿਚ ਕੁਝ ਸਾਂਝਾਂ ਵੀ ਸਨ । ਦੋਵੇਂ ਦ੍ਰਿੜ੍ਹ ਵਿਸ਼ਵਾਸਾਂ ਵਾਲੇ ਸਿਖ ਸਨ ਪਰ ਦੋਹਾਂ ਦੀ ਨਜ਼ਰ ਦੇ ਦਾਈਏ ਸੰਸਾਰ-ਸਾਹਿਤ ਅਤੇ ਚਿੰਤਨ ਦੀਆਂ ਰਮਜ਼ਾਂ ਤੋਂ ਜਾਣੂ ਸਨ ਅਤੇ ਉਨ੍ਹਾਂ ਗੂਹੜ ਰਮਜ਼ਾਂ ਦੀ ਸੰਪਤੀ ਨੂੰ ਆਪਣੇ ਸਮਾਜ ਦੇ ਬੌਧਿਕ ਵਿਕਾਸ ਲਈ ਵਰਤਣੋਂ ਸੰਕੋਚ ਉੱਕਾ ਨਹੀਂ ਸਨ ਕਰਦੇ । ਦੋਵੇਂ ਵਕਤ ਦੇ ਪੁੱਜ ਕੇ ਪਾਬੰਦ ਸਨ, ਦੋਵੇਂ ਰਾਜਨੀਤਕ ਖੇਤਰ ਦੇ ਖਿਡਾਰੀ ਅਤੇ ਸਰਕਾਰੇ ਦਰਬਾਰੇ ਮਾਨ ਸਨਮਾਨ ਪ੍ਰਾਪਤ ਕਰਨ ਵਿਚ ਸਮਰਥ ਰਹੇ ਸਨ । ਦੋਵੇਂ ਸਦਾ ਸਿਹਤਮੰਦ ਅਤੇ ਨਿਘੇ ਸੁਭਾਅ ਵਾਲੇ ਸਨ ਅਤੇ ਦੋਵੇਂ ਸਿਖ ਪੰਥ ਦੇ ਹਿਤੈਸ਼ੀ ਸਨ ।

ਸ਼ਬਦ ਅਤੇ ਅਰਥ ਦਾ ਕਾਰੀਗਰ

ਭਾਈ ਕਾਨ੍ਹ ਸਿੰਘ ਦੀ ਪਹਿਲੇ ਦੌਰ ਦੀ ਰਚਨਾ ਦੀ ਭਾਸ਼ਾ ਦਾ ਮੁਹਾਵਰਾ ਪੰਜਾਬੀ ਹੈ, ਪਰ ਸ਼ਬਦਾਵਲੀ ਪੰਜਾਬੀ ਨਹੀਂ। ਉਸਨੂੰ ਹਿੰਦੀ ਆਖਿਆ ਜਾ ਸਕਦਾ ਹੈ ਜਾਂ ਨਹੀਂ ਇਹ ਵਖਰਾ ਸਵਾਲ ਹੈ। ਇਸ ਉੱਤੇ ਮਤ-ਭੇਦ ਦੀ ਚੋਖੀ ਗੁੰਜਾਇਸ਼ ਹੈ, ਪਰ ਇਸ ਵਿਵਾਦ ਦਾ ਨਿਤਾਰਾ ਭਾਸ਼ਾ ਵਿਗਿਆਨੀਆਂ ਲਈ ਛਡ ਕੇ, ਅਸੀਂ ਇਸ ਨੂੰ 'ਗਰਭੀ' ਭਾਸ਼ਾ ਕਹਿ ਸਕਦੇ ਹਾਂ, ਜਿਸ ਦਾ ਮੂੰਹ-ਮੁਹਾਂਦਰਾ ਬਹੁਤ ਕੁਝ ਹਿੰਦੀ ਦੇ ਅਨੁਕੂਲ ਹੈ। ਇਹ ਗਰਭੀ ਭਾਸ਼ਾ ਜਿਸ ਨੂੰ ਅਕਸਰ 'ਬ੍ਰਜੀ' ਵੀ ਕਹਿ ਲਿਆ ਜਾਂਦਾ ਸੀ ਉਨ੍ਹਾਂ ਦਿਨਾਂ ਵਿਚ ਪੰਜਾਬ ਦੀਆਂ ਰਿਆਸਤਾਂ ਵਿਚ ਪੜ੍ਹੇ ਲਿਖੇ ਸ਼ਹਿਰੀਆਂ ਅਤੇ ਮੁਹਾਵਰੇ ਦੀ ਕੁਝ ਮਾਮੂਲੀ ਵਿਥ ਨਾਲ ਸਾਧਾਂ ਸੰਤਾਂ, ਕਥਾ-ਵਾਚਕਾਂ ਪੰਡਤਾਂ ਦੇ ਕਥਨਾਂ ਅਤੇ ਸਾਧਾਰਣ ਪ੍ਰਕਾਰ ਦੀਆਂ ਲਿਖਤਾਂ ਵਿਚ ਆਮ ਵਰਤੀ ਜਾਂਦੀ ਸੀ। ਇਸ ਲਈ ਇਸ 'ਮਿੱਸੀ' ਭਾਸਾ ਦੀਆਂ ਰਚਨਾਵਾਂ ਨੂੰ 'ਪੰਜਾਬ ਦੇ ਸਾਹਿਤ' ਦਾ ਅੰਗ ਤਾਂ ਜ਼ਰੂਰ ਮੰਨਾਂਗੇ ਪਰ 'ਪੰਜਾਬੀ ਭਾਸ਼ਾ ਦੇ ਸਾਹਿਤ' ਵਿਚ ਗਿਣਨਾ ਕਠਿਨ ਹੈ।


ਇਨ੍ਹਾਂ ਰਚਨਾਵਾਂ ਵਿਚ, ਬੜੀ ਹਦ ਤਕ, ਭਾਵ ਅਤੇ ਕਥਨ ਦੀ ਆਤਮਾ ਉਤੇ ਭਾਈ ਕਾਨ੍ਹ ਸਿੰਘ ਨਾਲੋਂ ਵਧੇਰੇ ਅਧਿਕਾਰ ਮਹਾਰਾਜਾ ਹੀਰਾ ਸਿੰਘ ਦਾ ਮੰਨਿਆ ਜਾ ਸਕਦਾ ਹੈ। ਭਾਈ ਕਾਨ੍ਹ ਸਿੰਘ ਨੇ ਇਨ੍ਹਾਂ ਭਾਵਾਂ ਨੂੰ 'ਬਾਣੀ' ਦਿਤੀ ਹੈ, ਅਤੇ ਆਪਣੇ ਕਥਨ ਦੀ ਸ਼ੈਲੀ ਅਪਣੀ ਕਲਾ-ਚੇਤਨਾ ਰਾਹੀਂ ਅਪਣੀ ਸੂਝ ਦੀ ਸੂਖਮਤਾ, ਸੁਘੜਤਾ ਨੂੰ ਦਰਬਾਰੀ ਰਚਨਾ-ਰੀਤ ਵਿਚ ਸਮੋਇਆ ਹੈ, ਇਹ ਉਸਦੀ ਕਾਰੀਗਰੀ ਦਾ ਉਪਜਾਊ ਹੁਨਰੀਪਣ ਹੈ। ਜਿਸਨੂੰ ਅੰਗਰੇਜ਼ੀ ਵਿਚ Creative fertility of his artisan faculty ਕਹਾਂਗੇ।

ਭਾਈ ਕਾਨ੍ਹ ਸਿੰਘ ਦੀ ਪਹਿਲੀ ਕਹੀ ਜਾ ਸਕਣ ਵਾਲੀ ਰਚਨਾ ਦਾ ਜ਼ਿਕਰ ਹੀ ਸਾਡੇ ਤਕ ਅੱਪੜ ਸਕਿਆ ਹੈ, ਰਚਨਾ ਦੇ ਰੂਪ-ਸਰੂਪ ਨੂੰ ਸਮੇਂ ਨੇ ਨਿਗਲ ਲਿਆ ਅਤੇ ਜੇਕਰ ਉਹ ਰਚਨਾ ਅਜ ਲਭ ਵੀ ਜਾਂਦੀ ਤਾਂ ਵੀ ਉਸਦੀ ਗਿਣਤੀ ਪ੍ਰੋ: ਗੁਰਮੁਖ ਸਿੰਘ ਦੀਆਂ ਰਚਨਾਵਾਂ ਵਿਚ ਹੀ ਹੋਣੀ ਉਚਿਤ ਸੀ, ਕਿਉਂਕਿ ਕਾਨ੍ਹ ਸਿੰਘ ਮਹਾਰਾਜਾ ਹੀਰਾ ਸਿੰਘ ਨਹੀਂ ਸੀ, ਹਰ ਹਾਲ, ਇਹ ਨਿਸ਼ਚਿਤ ਹੈ ਕਿ ਉਸ ਰਚਨਾ ਦਾ ਸਬੰਧ 'ਸ਼ਬਦ ਅਤੇ ਅਰਥ' ਨੂੰ ਸਮਝਣ ਸਮਝਾਣ ਨਾਲ ਜੁੜਿਆ ਜ਼ਰੂਰ ਹੈ। ਇਹੋ 'ਸ਼ਬਦ ਅਤੇ ਅਰਥ' ਦੇ ਸਬੰਧਾਂ ਦਾ ਨਿਖੇੜਾ ਨਿਤਾਰਾ ਭਾਈ ਕਾਨ੍ਹ ਸਿੰਘ ਦੇ ਕਿਰਤ-ਮਹਲ ਦਾ ਨੀਂਹ ਪੱਥਰ ਹੈ।

ਭਾਈ ਕਾਨ੍ਹ ਸਿੰਘ ਲਈ ਇਹ ਵੱਡ-ਭਾਗੀ ਸਥਿਤੀ ਸੀ ਕਿ ਉਨ੍ਹਾਂ ਦਿਨਾਂ ਵਿਚ ਜਿਥੇ ਵਿਦਵਾਨ ਠੁਕਰਾਏ ਜਾਣ ਲਈ ਲਿਆਂਦੇ ਜਾਂਦੇ ਸਨ ਅਤੇ ਕਿਸਮਤ ਵਾਲੇ ਸਨਮਾਨ ਪ੍ਰਾਪਤ ਕਰਕੇ ਨਿਕਲਦੇ ਸਨ, ਉਸ ਥਾਂ ਤੋਂ ਕਾਨ੍ਹ ਸਿੰਘ ਨੂੰ ਅਪਣੇ ਲੇਖਕ ਜੀਵਨ ਦੇ ਆਰੰਭ ਕਰਨ ਦਾ ਮੌਕਾ ਮਿਲਿਆ ਅਤੇ ਛੇਤੀ ਹੀ ਉਹ ਰਾਜਕੁਮਾਰ ਦਾ ਮੁੱਢ ਤੋਂ ਸਿਖਿਆ-ਦਾਤਾ ਬਣਨ ਯੋਗ ਸਮਝ ਲਿਆ ਗਿਆ। ਇਹ ਉਸਦੀ ਸਮੇਂ ਅਤੇ ਸਥਾਨ ਦੀਆਂ ਮੰਗਾਂ ਨਾਲ ਸਹਿਜੇ ਸਿੱਝਣ ਦੀ ਸੂਝਦਾਰੀ ਦਾ ਪ੍ਰਮਾਣ ਹੈ।

ਦਰਬਾਰ ਵਿਚ ਰਹਿੰਦੇ ਹੋਏ ਉਸਨੂੰ ਅੱਠ ਤਿਕੋਣਾਤਮਕ ਗਤੀਆਂ ਦਾ ਨਿਰਬਾਹ ਕਰਨਾ ਪਿਆ ਸੀ ਜਿਨ੍ਹਾਂ ਦਾ ਸਾਂਝਾ ਕੇਂਦਰ-ਬਿੰਦੂ ਸ਼ਬਦ ਸੀ। ਇਸ ਗਤੀ ਨੂੰ ਅਸੀਂ ਹੇਠ ਲਿਖੇ ਚਿਤਰ ਰਾਹੀਂ ਅੰਕਿਤ ਕਰ ਸਕਦੇ ਹਾਂ :

ਓ = ਅਰਥ
ਅ = ਵਿਆਖਿਆ
ੲ = ਰਾਜੇ ਦਾ ਮਤ
ਸ = ਸੰਭਵ ਪ੍ਰਤਿਕ੍ਰਿਆ



ਹ = ਸਮਰਥਾ
ਕ = ਬਹੁ ਵਿਆਸ
ਖ = ਭਾਵ
ਗ = ਤਰਕ


ਘ = ਸ਼ਬਦ, (ਜੋ ਕੇਂਦਰ ਬਿੰਦੂ ਹੋ ਕੇ ਹਰ ਤਿਕੋਣ ਨਾਲ ਜੁੜਿਆ ਹੈ)।

ਇਸ ਗੁੰਝਲਾਂ ਨਾਲ ਭਰੇ ਵਾਤਾਵਰਣ ਵਿਚ ਭਾਈ ਕਾਨ੍ਹ ਸਿੰਘ ਨੇ ਜੋ ਕੁਝ ਵੀ ਲਿਖਿਆ ਉਹ ਉਸ ਸਮੇਂ ਦੀ ਰੀਤ ਅਨੁਸਾਰ ਗੁਰਮੁਖੀ ਅੱਖਰਾਂ ਵਿਚ ਛਪਦਾ ਰਿਹਾ ਅਤੇ ਮਹਾਰਾਜੇ ਵੱਲੋਂ ਇਹ ਗ੍ਰੰਥ ਆਮ ਤੌਰ ਉੱਤੇ ਭਾਈ ਪ੍ਰੇਮ ਸਿੰਘ ਰਾਹੀਂ ਦੁਰਗਾ ਪ੍ਰੈਸ ਵਿਚ ਛਾਪ ਕੇ, ਪਿੰਡਾਂ ਦੇ ਪੜ੍ਹੇ ਲਿਖੇ ਲੋਕਾਂ ਲਈ ਜਨਤਾ ਵਿਚ ਮੁਫ਼ਤ ਵੰਡੇ ਜਾਂਦੇ ਸਨ, ਠੀਕ ਉਸੇ ਤਰ੍ਹਾਂ ਜਿਵੇਂ ਵਰਤਮਾਨ ਸਰਕਾਰਾਂ ਦੇ ਲੋਕ-ਸੰਪਰਕ ਵਿਭਾਗ, ਕਈ ਵਾਰੀ ਕੰਮ ਦੀਆਂ ਰਚਨਾਵਾਂ ਵੀ, ਛਾਪ ਕੇ ਵੰਡ ਛੱਡਿਆ ਕਰਦੇ ਹਨ। ਇਸ ਤਰ੍ਹਾਂ ਅੱਗੋਂ ਲਿਖਣ ਵਾਲਿਆਂ ਨੂੰ ਉਤਸ਼ਾਹ, ਪ੍ਰੇਰਣਾ ਅਤੇ ਨਵੇਂ ਨਵੇਂ ਵਿਚਾਰਾਂ ਨਾਲ ਜਾਣਕਾਰੀ ਹੋਣ ਦੀ ਸੰਭਾਵਨਾ ਵਿਚ ਵਾਧਾ ਹੁੰਦਾ ਹੈ। ਉਦੋਂ ਵੀ ਜ਼ਰੂਰ ਹੋਇਆ ਹੋਵੇਗਾ ਅਤੇ ਪੁਰਾਣੇ ਪਾਠਕਾਂ ਨੂੰ ਪਤਾ ਲੱਗਿਆ ਹੋਵੇਗਾ ਕਿ ਪੁਰਾਣੇ ਗ੍ਰੰਥਾਂ ਵਿਚ ਲਿਖੀਆਂ ਗੱਲਾਂ ਦੇ ਕੇਵਲ ਓਹੀ ਅਰਥ ਨਹੀਂ ਹੁੰਦੇ ਜੋ ਕਥਾ ਕਹਿੰਦੀ ਹੈ ਜਾਂ ਵਾਚਕ ਕਹਿੰਦਾ ਹੈ, ਸਗੋਂ ਇਕ ਇਕ ਸ਼ਬਦ ਅਰਥਾਂ ਅਤੇ ਸੰਸਕਾਰਾਂ ਦੀ ਇਕ ਵਿਸ਼ਾਲ ਵਿਰਾਸਤ ਸਾਂਭੀ ਬੈਠਾ ਹੁੰਦਾ ਹੈ ਅਤੇ ਦੇਖਣ ਸਮਝਣ ਵਾਲੇ ਦੀ ਪਾਰਖੂ ਅੱਖ ਨੂੰ ਉਡੀਕਦਾ ਹੈ।

ਆਪਣੀ ਰਚਨਾ ਦੇ ਦੂਜੇ ਦੌਰ ਵਿਚ, ਭਾਈ ਕਾਨ੍ਹ ਸਿੰਘ, ਆਪਣੀ ਥਾਂ ਬਣਾ ਚੁੱਕਾ ਸੀ। ਹੁਣ ਉਹ ਬਹੁਤ ਕੁਝ ਨਿਧੜਕ ਹੋ ਕੇ ਆਪਣੇ ਅਨੁਭਵਾਂ ਅਤੇ ਆਪਣੇ ਭਾਵਾਂ ਨੂੰ ਜ਼ਬਾਨ ਦੇਣ ਲੱਗਾ ਹੋਇਆ ਸੀ। ਉਸ ਦੀ ਜਨਮ-ਭੂਮੀ ਵਿਚ ਸਿੱਖਾਂ ਦਾ ਬੋਲ

ਬਾਲਾ ਸੀ। ਰਿਆਸਤ ਦਾ ਰਾਜਾ ਸਿੱਖ ਸੀ ਅਤੇ ਸੂਝਵਾਨ ਵੀ ਸੀ ਜਿਸ ਲਈ ਭਾਈ ਕਾਨ੍ਹ ਸਿੰਘ ਨੇ, ਜੋ ਉਹਨੀਂ ਦਿਨੀਂ ਮੈਕਾਲਿਫ ਨੂੰ ਸਿੱਖ ਇਤਿਹਾਸ ਲਿਖਣ ਵਿਚ ਸਹਾਇਤਾ ਦੇ ਰਿਹਾ ਸੀ ਅਤੇ ਚੌਹੀਂ ਪਾਸੀਂ ਸਿੱਖਾਂ ਦੀ ਪਿਛਾਖੜ ਦੇ ਆਸਾਰ ਦੇਖ ਰਿਹਾ ਸੀ, ਇਹ ਅਨੁਮਾਨਿਆ ਕਿ ਇਹ ਸਮਾਂ ਉਸ ਦੇ ਚੁੱਪ-ਦਰਸ਼ਕ ਬਣੇ ਰਹਿਣ ਦਾ ਨਹੀਂ। ਕੋਈ ਵੱਡੀ ਗੱਲ ਨਹੀਂ, ਕਿ ਪ੍ਰਤਿਕ੍ਰਿਆ ਵਜੋਂ ਉੱਠਣ ਵਾਲੇ ਰੌਲੇ ਸਮੇਂ ਉਸ ਨੂੰ ਜਾਤੀ ਨੁਕਸਾਨ ਪਹੁੰਚੇਗਾ, ਇਸ ਹੋਣੀ ਦਾ ਵੀ ਉਸ ਨੇ ਅਨੁਮਾਨ ਲਾ ਲਿਆ ਹੋਵੇ। ਪਰ, ਆਪਣੇ ਭਾਈਚਾਰੇ ਅਤੇ ਉਸ ਦੇ ਚੁਗਿਰਦੇ ਨੂੰ ਜਗਾਉਣ ਦਾ ਖ਼ਤਰਾ ਸਹੇੜਨਾ ਉਸ ਨੂੰ ਉਚਿਤ ਜਾਪਿਆ। ਇਸ ਦੌਰ ਦੀਆਂ ਰਚਨਾਵਾਂ ਦੇ ਗੁਣਾਂ ਨੂੰ ਵੀ, ਪਹਿਲੇ ਦੌਰ ਵਾਂਗ ਹੀ, ਅੱਠ ਤਿਕੋਣੀ ਯੰਤ੍ਰ ਰਾਹੀਂ ਦਰਸਾਇਆ ਜਾ ਸਕਦਾ ਹੈ, ਇਸ ਥਾਂ ਵੀ ਕੇਂਦਰ ਬਿੰਦੂ ਸ਼ਬਦ ਹੀ ਹੈ :—

(ੳ) ਸੰਯੋਜਨਾ
(ਅ) ਸੰਬੋਧਕਤਾ
(ੲ) ਸ਼ੁੱਧਤਾ (ਵਿਆਕਰਣਕ)
(ਸ) ਸੁਘੜਤਾ



(ਹ) ਵਿਗਿਆਨਾਤਮਕਤਾ
(ਕ) ਸਾਂਕੇਤਿਕਤਾ
(ਖ) ਦ੍ਰਿੜ੍ਹਤਾ
(ਗ) ਪ੍ਰੌੜ੍ਹਤਾ

(ਘ) ਸ਼ਬਦ (ਜੋ ਕੇਂਦ੍ਰ ਬਿੰਦੂ ਹੋ ਕੇ ਹਰ ਤਿਕੋਣ ਨਾਲ ਜੁੜਿਆ ਹੈ)।

'ਗੁਰਮਤ ਪ੍ਰਭਾਕਰ' ਅਤੇ 'ਗੁਰਮਤ ਸੁਧਾਕਰ' ਇਸ ਦੌਰ ਦੀਆਂ ਰਚਨਾਵਾਂ ਵਿਚੋਂ ਪ੍ਰਮੁੱਖ ਕਹੀਆਂ ਜਾ ਸਕਦੀਆਂ ਹਨ। ਇਨ੍ਹਾਂ ਦੋਹਾਂ ਰਚਨਾਵਾਂ ਵਿਚ ਗੁਰਬਾਣੀ ਅਤੇ ਸਿੱਖ ਸਾਹਿਤ ਨੂੰ ਫੋਲ ਕੇ ਗੁਰਮਤ ਦੀ ਵਿਚਾਰ-ਧਾਰਾ ਨੂੰ ਉਜਾਗਰ ਕਰਨ ਦਾ ਜਤਨ ਹੈ। ਹਰ ਵਿਚਾਰ-ਗ੍ਰਾਮ ਇਕ ਇਕ ਬੀਜ ਸ਼ਬਦ ਨਾਲ ਜੁੜਿਆ ਹੈ। ਸਮਸਿਆ ਪੂਰਤੀ ਜਿਹੀ ਸੰਖਿਪਤ ਰਚਨਾ (ਜੇਕਰ ਉਸ ਨੂੰ ਭਾਈ ਕਾਨ੍ਹ ਸਿੰਘ ਦੁਆਰਾ ਸੰਪਾਦਿਤ ਮੰਨਣ ਦਾ ਹਠ ਜਾਰੀ ਰੱਖਿਆ ਜਾਵੇ) ਵੱਖ ਵੱਖ ਕਵੀਆਂ ਦੁਆਰਾ 'ਅਟਾਰੀ' ਅਤੇ 'ਨਲੇਰ' ਸ਼ਬਦ ਦੀ ਵਰਤੋਂ ਦੇ ਹੀ ਗਿਰਦੇ ਘੁੰਮਦੀ ਹੈ। ਬਾਕੀ ਦੇ ਕਈ ਗ੍ਰੰਥ ਛਪੇ ਨਾ ਹੋਣ ਕਾਰਣ ਬਹਿਸ ਵਿਚ ਲਿਆਉਣੇ ਕਠਿਨ ਹਨ।

ਭਾਈ ਕਾਨ੍ਹ ਸਿੰਘ ਦੀ ਤੀਜੀ ਰਚਨਾ-ਖੇਪ ਹੀ ਦਰਅਸਲ ਉਨ੍ਹਾਂ ਦੀ ਰਚਨਾ ਦੀ ਪੂਰੀ ਪ੍ਰਤਿਨਿਧ ਕਹੀ ਜਾ ਸਕਦੀ ਹੈ। ਸ਼ਬਦ ਅਤੇ ਅਰਥ ਦੀ ਸਾਂਝ ਦੇ ਜੋ ਝਾਉਲੇ ਉੱਭਰਦੇ ਰਹੇ ਸਨ, ਉਨ੍ਹਾਂ ਨੂੰ ਸਮੋ ਕੇ, ਸੰਭਾਲ ਕੇ ਅਤੇ ਸਜਾ ਕੇ ਆਉਣ ਵਾਲੀਆਂ ਪੀੜ੍ਹੀਆਂ ਨਾਲ ਸਾਂਝਾ ਕਰਨ ਦਾ ਵਿਚਾਰ-ਢੰਗ ਇਸੇ ਦੌਰ ਵਿਚ ਪੂਰਾ ਹੋ ਸਕਿਆ। ਭਾਈ ਕਾਨ੍ਹ ਸਿੰਘ ਦੇ ਜੀਵਨ ਦੀ ਸਭ ਤੋਂ ਬੜੀ ਅਤੇ ਮਹੱਤਵ-ਪੂਰਣ ਕਿਰਤ 'ਮਹਾਨ-ਕੋਸ਼' ਦੇ ਰੂਪ ਵਿਚ ਸਫ਼ਲ ਹੋਈ। ਜਿਵੇਂ ਪਿਛੇ ਜ਼ਿਕਰ ਆ ਚੁੱਕਾ ਹੈ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਦੇ ਨਾਉਂ


ਦਾ ਪਹਿਲਾ ਅੱਧ ਅਰਥਾਤ 'ਗੁਰ-ਸ਼ਬਦ-ਰਤਨਾਕਰ' ਗ੍ਰੰਥ ਦਾ ਨਾਉਂ ਹੈ ਅਤੇ ਇਸ ਨਾਲ ਜੁੜਿਆ 'ਮਹਾਨ ਕੋਸ਼', ਕੋਸ਼ਾਂ ਦੀ ਪਰੰਪਰਾ ਦੇ ਪ੍ਰਚਲਿਤ ਸਰੂਪ ਨਾਲੋਂ ਉਸ ਦੀ ਨਿਖੇੜ ਕਰਨ ਦੀ 'ਗੁਣ-ਵਾਚਕ' ਸੰਜੋਗੀ-ਸੰਗਿਆ । ਇੰਸਾਈਕਲੋਪੀਡੀਆ ਦੇ ਢੰਗ ਦੀ, ਸ਼ਾਇਦ ਇਹ ਕਿਸੇ ਭਾਰਤੀ-ਭਾਸ਼ਾ ਵਿਚ ਪਹਿਲੀ ਰਚਨਾ ਕਹੀ ਜਾ ਸਕਦੀ ਹੈ । 'ਸ਼ਾਇਦ', ਇਸ ਲਈ ਕਿਉਂਕਿ 'ਬੰਗਾਲੀ ਵਿਸ਼ਵ-ਕੋਸ਼' ਦੀ ਰਚਨਾ ਵੀ ਉਸੇ ਸਮੇਂ ਹੋ ਰਹੀ ਸੀ, ਪਰ ਉਸ ਦਾ ਖੇਤਰ ਵੱਖਰਾ ਸੀ, ਉਸ ਦੀ ਵਸਤੂ ਦਾ ਵੱਡਾ ਅੰਸ਼ ਅੰਗ੍ਰੇਜ਼ੀ ਦੇ ਵਿਸ਼ਵ-ਕੋਸ਼ਾਂ ਵਿਚੋਂ ਅਨੁਵਾਦ ਕਰਕੇ ਸਮੋਇਆ ਗਿਆ ਸੀ, ਜਦ ਕਿ ਭਾਈ ਕਾਨ੍ਹ ਸਿੰਘ ਦਾ ਖੇਤਰ ਕੇਵਲ ਸਿੱਖ-ਸਾਹਿਤ ਤਕ ਸੀਮਿਤ ਹੋਣ ਕਰਕੇ ਵਧੇਰੇ ਮੌਲਿਕ ਕਹੀ ਜਾ ਸਕਣ ਵਾਲੀ ਸਾਮਗ੍ਰੀ ਨੂੰ ਸਮੇਟਦਾ ਹੈ । ਇਸ ਦੌਰ ਦੀ ਰਚਨਾ-ਖੇਪ ਦਾ ਸਾਰਾ ਤਾਣਾ-ਬਾਣਾ ਹੀ 'ਸ਼ਬਦ' ਦੀ ਆਤਮਾ ਵਿਚੋਂ ਉਪਜਿਆ ਹੈ, ਅਤੇ 'ਸ਼ਬਦ' ਦੀ ਸੀਮਾ ਵਿਚ ਰਹਿ ਕੇ ਹੀ ਵਿਕਾਸ-ਵਿਸਤਾਰ ਪ੍ਰਾਪਤ ਕਰਦਾ ਹੈ । ਇਸ ਕਾਲ ਦੀਆਂ ਰਚਨਾਵਾਂ ਦਾ ਗੁਣ ਹੇਠ ਲਿਖੇ ਯੰਤਰ ਰਾਹੀਂ ਦਿਖਾਇਆ ਜਾ ਸਕਦਾ ਹੈ :—

(ੳ) ਸੀਮਾ-ਚੇਤਨਾ

(ਅ) ਬਹੁ-ਬੋਧਤਾ

(ੲ) ਬਹੁ-ਅਰਥਤਾ

(ਸ) ਸ਼ੁੱਧਤਾ (ਵਸਤੂ ਅਤੇ ਆਧਾਰ ਦੀ)



(ਹ) ਵਿਆਖਿਆ ਸਰਸਤਾ (ਉਦਾਹਰਣ ਆਧਾਰਿਤ)

(ਕ) ਸੰਕੋਚਾਤਮਕਤਾ (ਸਿਧਾਂਤ ਕਥਨ ਦੀ)

(ਖ) ਸਾਂਕੇਤਿਕਤਾ (ਵਿਚਾਰ ਵਿਸਤਾਰ ਦੀ)

(ਗ) ਪ੍ਰਮਾਣੀਕਤਾ (ਪ੍ਰਬੀਣਤਾ ਉੱਤੇ ਆਧਾਰਿਤ)

(ਘ) ਸ਼ਬਦ ਜੋ ਕੇਂਦ੍ਰ ਬਿੰਦੂ ਹੋ ਕੇ ਹਰ ਤਿਕੋਣ ਨਾਲ ਜੁੜਿਆ ਹੈ ।)

ਇਹ ਤਿੰਨੇ ਜੰਤ੍ਰੀਆਂ ਕਿਸੇ ਪੱਖੋਂ ਪੂਰਨ ਜਾਂ ਨਿਰਣਾਇਕ ਨਹੀਂ ਹਨ ; ਸਗੋਂ ਨਵੇਂ ਅਤੇ ਸੁਘੜ ਖੋਜਕਾਰਾਂ ਲਈ ਕੇਵਲ ਸੁਝਾਊ ਸੰਕੇਤ ਹੀ ਹਨ । ਇਸੇ ਕਾਰਨ ਇਨ੍ਹਾਂ ਦੇ ਵਿਚਾਰ-ਵਿਸਤਾਰ ਵਿਚ ਨਵੀਂ ਵਿਆਖਿਆ ਨਹੀਂ ਕੀਤੀ ਗਈ ਅਤੇ ਨਾ ਉਦਾਹਰਣ ਦਿੱਤੇ ਗਏ ਹਨ । ਉਂਝ ਇਹ ਸੰਕੇਤ ਪੂਰੇ ਅਤੇ ਸਪਸ਼ਟ ਹਨ ।

ਅਸਲ ਵਿਚ, ਇਸ ਦੌਰ ਦੀਆਂ ਰਚਨਾਵਾਂ ਵਿਚ ਭਾਈ ਕਾਨ੍ਹ ਸਿੰਘ ਦੀ ਰਚਨਾ ਕ੍ਰਿਆ ਨੇ ਬੀਮਾਰ ਭਾਵਕਤਾ ਦੇ ਯੁਗ ਵਿਚ, ਇਕ ਸਿਹਤਮੰਦ ਰਚਨਾਤਮਕ ਅਤੇ ਬੁਧੀਮਾਨੀ ਵਾਲਾ ਮੋੜ ਕੱਟਿਆ ਅਤੇ ਸਮਕਾਲੀ ਸੂਝਵਾਨੀ ਨੂੰ ਸੱਜਰੀ-ਸੋਚ ਵੱਲ ਅਗਵਾਈ ਦਿੱਤੀ । ਇਹ ਨਵਾਂ ਅਤੇ ਨਿਵੇਕਲਾ ਭਾਰ ਸਿਰ ਓਟਦੇ ਸਮੇਂ ਉਸ ਦੇ ਕਦਮਾਂ ਵਿਚ ਕਿਧਰੇ ਥਿੜਕਣ ਜਾਂ ਡਗਮਗਾਹਟ ਦੇ ਕੋਈ ਆਸਾਰ ਨਹੀਂ ਮਿਲਦੇ । ਉਹ ਜੋ ਜ਼ੁੰਮੇਂਵਾਰੀ ਸਿਰ ਲੈਂਦਾ ਹੈ ਉਸ ਨੂੰ ਸਿਰੇ ਚੜ੍ਹਾਉਣ ਲਈ ਲੋੜੀਂਦੀ ਸੂਝਦਾਰੀ ਅਤੇ ਦ੍ਰਿੜ੍ਹਤਾ ਪਹਿਲਾਂ ਆਪਣੇ ਆਪ ਵਿਚ ਜੁਟਾ ਕੇ, ਸੰਭਾਲ ਕੇ, ਹੀ ਕੰਮ ਨੂੰ ਹੱਥ ਪਾਉਂਦਾ ਹੈ । ਇਸੇ ਕਰਕੇ ਮਾਰਗ ਵਿਚ ਡੋਲਦਾ ਨਹੀਂ ।

ਰਚਨਾ ਦੇ ਅੰਤਿਮ ਦੌਰ ਵਿਚ, ਭਾਈ ਕਾਨ੍ਹ ਸਿੰਘ ਦਾ ਧਿਆਨ ਜੁਟਾਏ ਜਾ ਚੁਕੇ ਮਾਲ-ਮਸਾਲੇ ਵਿਚੋਂ ਬਚੀ ਰਹਿੰਦ-ਖੂੰਹਦ ਨੂੰ, ਜੋ ਪਿਛਲੇ ਦੌਰਾਂ ਵਿਚ ਵਰਤੀ ਨਹੀਂ ਜਾ ਸਕੀ ਸੀ, ਵਰਤਣ ਦਾ ਜਤਨ ਕਰਨ ਵਲ ਹੀ ਲੱਗਿਆ ਰਿਹਾ ਜਾਂ ਫੇਰ ਪਹਿਲਾਂ ਛਪੀਆਂ ਆਪਣੀਆਂ ਰਚਨਾਵਾਂ ਨੂੰ ਸੋਧਣ ਸੁਧਾਰਨ ਵਿਚ ਬਰਾਬਰ ਜੁਟਿਆ ਰਿਹਾ। ਇਸ ਕਾਰਜ-ਕਾਰਨ ਵਿਚ ਵੀ ਉਹ, ਮੁਖ ਰੂਪ ਵਿਚ, 'ਸ਼ਬਦ ਦੇ ਆਕਾਰ-ਪ੍ਰਕਾਰ ਨੂੰ ਨਿਖਾਰਣ ਨਿਤਾਰਣ ਲਈ ਕਸਵਟੀਆਂ ਦੀ ਵਰਤੋਂ ਕਰਕੇ ਨਿਰਣੇ ਨਿਆਰਣ ਨਾਲ ਹੀ ਜੂਝਦਾ ਰਿਹਾ ਅਤੇ ਨਵੀਆਂ ਸਫਲਤਾਵਾਂ ਪ੍ਰਾਪਤ ਕਰਦਾ ਰਿਹਾ।

ਇਹ ਗੱਲ ਨਿੱਠ ਕੇ, ਘੋਖ ਕੇ ਕਹੀ ਜਾ ਸਕਦੀ ਹੈ ਕਿ ਇਸ ਦੌਰ ਦੀਆ ਰਚਨਾਵਾਂ ਨੂੰ, ਸ਼ੈਲੀ ਜਾਂ ਵਸਤੂ ਦੇ ਪੱਖੋਂ, ਪਹਿਲੀਆਂ ਰਚਨਾਵਾਂ ਨਾਲੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਉੱਤੇ 'ਵਸਤੂ' ਸਮੇਟਣ ਸਮੇਂ ਦੀ 'ਸ਼ੈਲੀ' ਦੇ ਤੱਤ ਲਾਗੂ ਕੀਤੇ ਜਾ ਸਕਦੇ ਹਨ। ਪਰ ਉਨ੍ਹਾਂ ਵਿਚ ਕਾਹਲੀ ਦੀ ਅਫ਼ਰਾ-ਤੁਫ਼ਰਾ ਲਈ ਕੋਈ ਥਾਂ ਨਹੀਂ।

ਆਪਣੇ, ਅੱਧੀ ਸਦੀ ਤੋਂ ਵੱਧ ਦੇ ਰਚਨਾ-ਕਾਲ ਵਿਚ ਭਾਈ ਕਾਨ੍ਹ ਸਿੰਘ ਨੇ ਸ਼ਬਦ ਨੂੰ ਕੇਵਲ ਵਿਆਖਿਆਇਆ ਅਰਥਾਇਆ ਹੀ ਨਹੀਂ, ਸਗੋਂ ਉਨ੍ਹਾਂ ਨੇ 'ਸ਼ਬਦ' ਦੇ ਅਸਲੇ ਨੂੰ ਨਿਬੇੜਣ ਅਤੇ ਨਿਖਾਰਣ ਦਾ ਵੀ ਭਰਪੂਰ ਜਤਨ ਕੀਤਾ। ਸਮੇਂ ਸਮੇਂ, ਉਨ੍ਹਾਂ ਨੇ ਸ਼ਬਦਾਂ ਦੇ 'ਮੂਲ' ਨੂੰ ਪਛਾਣ ਕੇ ਉਸ ਦੇ ਅਸਲੀ 'ਸਰੂਪ' ਨੂੰ ਪਾਠਕ ਤੱਕ ਪਹੁੰਚਾਣ ਲਈ ਨਵੇਂ ਲਿਪੀ-ਚਿੰਨ੍ਹਾਂ ਦੀ ਸਿਰਜਣਾ ਵੀ ਕੀਤੀ। ਉਂਞ ਭਾਈ ਕਾਨ੍ਹ ਸਿੰਘ ਤੋਂ ਪਹਿਲਾਂ ਵੀ ਕੁਝ ਨਵੇਂ ਚਿੰਨ੍ਹ ਅਪਨਾਣ ਦੇ ਜਤਨ ਹੁੰਦੇ ਰਹੇ ਹਨ, ਪਰੰਤੂ ਪਹਿਲੇ ਜਤਨ ਕੇਵਲ ਸੰਸਕ੍ਰਿਤ ਧੁਨੀਆਂ ਦੇ ਪ੍ਰਕਾਸ਼ਨ ਤਕ ਹੀ ਸੀਮਿਤ ਸਨ, ਭਾਈ ਕਾਨ੍ਹ ਸਿੰਘ ਦੁਆਰਾ ਅਰਬੀ, ਫ਼ਾਰਸੀ ਧੁਨੀਆਂ ਦੇ ਅੰਕਿਤ ਕਰਨ ਦਾ ਉਪਰਾਲਾ ਵੀ ਕੀਤਾ ਗਿਆ, ਇਸ ਤਰ੍ਹਾਂ ਲਗਪਗ ਸਮੁੱਚਾ ਪੰਜਾਬੀ ਸ਼ਬਦ-ਭੰਡਾਰ ਹੀ ਮੂਲ-ਭਾਸ਼ਾ ਦੀਆਂ ਧੁਨੀਆਂ ਵਿਚ ਅੰਕਿਤ ਕੀਤਾ ਜਾਣ ਜੋਗਾ ਹੋ ਗਿਆ। ਇਹ, ਗੁਰਮੁਖੀ ਅੱਖਰਾਂ ਰਾਹੀਂ 'ਧੁਨੀ-ਲੇਖਨ' ਦੀ ਕ੍ਰਿਆ ਵਲ ਇਕ ਸਫਲ ਅਤੇ ਸੁਚੱਜਾ ਕਦਮ ਸੀ। ਕਿਸੇ ਵੀ ਭਾਰਤੀ ਲਿਪੀ ਵਿਚ ਇਹ ਆਪਣੀ ਕਿਸਮ ਦਾ ਪਹਿਲਾ ਉਪਰਾਲਾ ਸੀ, ਜੋ ਅਜੇ ਤਕ ਵੀ ਪਹਿਲਾ ਹੀ ਹੈ। ਇਸ ਜਤਨ ਨੂੰ ਆਧਾਰ ਬਣਾ ਕੇ ਇਕ ਸੰਪੂਰਣ ਅੰਤਰ-ਭਾਸ਼ਾਈ ਧੁਨੀ-ਲਿਪੀ ਤਿਆਰ ਕਰ ਸਕਣਾ ਅਗਲਾ ਕਦਮ ਹੋ ਸਕਦਾ ਹੈ। ਕੀਹ, ਸਾਡੇ ਭਾਸ਼ਾ-ਸ਼ਾਸਤ੍ਰੀ, ਭਾਈ ਕਾਨ੍ਹ ਸਿੰਘ ਦੇ ਵਿਰਸੇ ਨੂੰ ਅੱਗੇ ਵਧਾਉਣ ਦਾ ਯਤਨ ਕਰਨਗੇ? ਫਿਲਹਾਲ ਤਾਂ ਸਾਡੇ ਟਾਈਪ-ਘਾੜਿਆਂ ਦੀ ਲਾਪਰਵਾਹੀ ਕਾਰਣ ਅੱਜ ਭਾਈ ਕਾਨ੍ਹ ਸਿੰਘ ਦੀਆਂ ਰਚਨਾਵਾਂ ਨੂੰ ਉਨ੍ਹਾਂ ਦੇ ਅਸਲੀ ਰੂਪ ਵਿਚ ਛਾਪ ਸਕਣਾ ਵੀ ਕਠਿਨ ਹੋ ਗਿਆ ਹੈ।

ਭਾਈ ਕਾਨ੍ਹ ਸਿੰਘ ਦਾ ਸਾਰਾ ਜੀਵਨ ਹੀ 'ਸ਼ਬਦ' ਨਾਲ ਜੂਝਦਿਆਂ ਬੀਤਿਆ ਹੈ, ਇਸ ਜੁਝਾਰੂ ਕਾਵਿ-ਵਿਧੀ ਵਿਚ ਉਨ੍ਹਾਂ ਨੂੰ ਸਫਲਤਾ ਭੀ ਚੋਖੀ ਮਿਲੀ। ਉਸ ਦੀਆਂ ਰਚਨਾਵਾਂ ਵਿਚ ਸੰਕਲਪਣਾ-ਦੱਖਸ਼ਤਾ (Imaginative faculty) ਨਾਲੋਂ ਨਿਖੇੜਕ ਅਤੇ ਨਿਰਣਾਇਕ-ਦਖਸ਼ਤਾ (Analytic and Definitive faculty) ਦੇ ਗੁਣ ਵੀ ਪ੍ਰਧਾਨ ਹਨ, ਅਤੇ ਉਨ੍ਹਾਂ ਦਾ ਧੁਰਾ 'ਸ਼ਬਦ' ਹੋਣ ਕਾਰਣ ਜੇਕਰ ਅਸੀਂ ਉਸ ਨੂੰ

ਪੰਜਾਬੀ ਰਚਨਾ ਦਾ 'ਸ਼ਬਦ-ਪੁਰਸ਼' ਕਹਿ ਲਈਏ ਤਾਂ ਕੁਥਾਇ ਨਹੀਂ ਹੋਵੇਗਾ। ਸ਼ਬਦ ਉਸ ਦੇ ਦੇਸ਼-ਕਾਲ ਉਤੇ ਛਾਇਆ ਰਿਹਾ ਹੈ ਅਤੇ ਉਹ ਸ਼ਬਦ ਦੇ ਹਰ ਪੱਖ ਉੱਤੇ। ਇਹ ਵੀ ਸੱਚ ਹੈ ਕਿ ਭਾਈ ਕਾਨ੍ਹ ਸਿੰਘ ਸ਼ਬਦ ਦੀ ਹਰ ਸੀਮਾ ਨੂੰ ਲੰਘ ਕੇ, ਉਲੰਘ ਕੇ ਪਰਤਿਆ ਹੈ ਪਰ ਕੇਵਲ ਸ਼ਬਦ ਦੀ ਘੋਖ ਪਰਖ ਹੀ ਉਸ ਦੀ ਸੀਮਾ ਰਹੀ ਹੋਵੇ ਅਜਿਹਾ ਨਹੀਂ। ਉਸ ਦੀ ਕਾਰਜ-ਸੀਮਾ ਵਿਚ ਧਰਮ, ਨੀਤੀ, ਪ੍ਰਬੰਧ (Administration) ਇਤਿਹਾਸ, ਸਾਹਿਤ ਅਤੇ ਹੋਰ ਪਤਾ ਨਹੀਂ ਕੀ-ਕੀ ਕੁਝ ਸਮੋਇਆ ਰਿਹਾ ਹੈ। ਉਸ ਦੀ ਰਚਨਾ ਦੇ ਵੀ ਸਾਰੇ ਪੱਖ ਅਜੇ ਸ਼ਾਹਮਣੇ ਨਹੀਂ ਆਏ। ਉਸ ਦੀ ਰਚਨਾ ਦੇ ਇਕ ਪੱਖ ਸਫਰਨਾਮਿਆਂ ਨੂੰ ਬੀਬੀ ਰਛਪਾਲ ਕੌਰ ਨੇ ਛੋਹ ਲਿਆ ਹੈ, ਵੇਖੀਏ ਉਸ ਦੇ ਕਵੀ ਨੂੰ ਕਦੋਂ ਪ੍ਰਕਾਸ਼ ਵਿਚ ਲਿਆਂਦਾ ਜਾਂਦਾ ਹੈ ਅਤੇ ਧਰਮ, ਨੀਤੀ ਅਤੇ ਪ੍ਰਬੰਧ ਦੇ ਖੇਤਰ ਵਿਚ ਉਸ ਦੀਆਂ ਪ੍ਰਾਪਤੀਆਂ ਕਦੋਂ ਘੋਖੀਆਂ ਪਰਖੀਆਂ ਜਾਂਦੀਆਂ ਹਨ। ਭਾਈ ਕਾਨ੍ਹ ਸਿੰਘ ਵਿਚ ਹਾਸ-ਵਿਅੰਗ ਵੀ ਇਕ ਹੋਰ ਧਰਾਤਲ ਦਾ ਸੰਕੇਤ ਹੈ ਜਿਸ ਦੀ ਪਰਖ ਹੋਣੀ ਬਾਕੀ ਹੈ ਅਤੇ ਨਵੇਂ ਖੋਜਕਾਰ ਉਸ ਦੀਆਂ ਖੋਜੀ ਪ੍ਰਵ੍ਰਿਤੀਆਂ ਦਾ ਅਨੁਮਾਨ ਲਾ ਕੇ ਵੀ ਕੁਝ ਸਿੱਟੇ ਕੱਢਣਾ ਚਾਹੁਣਗੇ। ਅਜੇ ਭਾਈ ਕਾਨ੍ਹ ਸਿੰਘ ਦੇ ਅਨੇਕ ਪਹਿਲੂ ਘੋਖੇ ਜਾਣ ਯੋਗ ਹਨ ਅਤੇ ਸਾਡੀ ਰਾਹ ਵੇਖਦੇ ਹਨ।

ਨਿਬੇੜਾ

ਅੰਤ ਵਿਚ, ਅਸੀਂ ਇਸ ਸੰਖਿਪਤ ਅਤੇ ਬਹੁ-ਪੱਖੀ ਵਿਚਾਰ ਉਪਰੰਤ, ਇਨ੍ਹਾਂ ਨਿਰਣਿਆਂ ਉੱਤੇ ਅੱਪੜਦੇ ਹਾਂ ਕਿ ਭਾਈ ਕਾਨ੍ਹ ਸਿੰਘ ਦਾ ਜਨਮ ਸਿੱਖੀ ਉੱਤੇ ਵਿਕੇ ਹੋਏ ਮਲਵਈ ਪਰਿਵਾਰ ਵਿਚ ਹੋਇਆ, ਇਸ ਪਰਿਵਾਰ ਦਾ ਸੰਬੰਧ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਨਦਾਨ ਨਾਲ ਵੀ ਸੀ ਅਤੇ ਉਹ ਪਰਿਵਾਰ ਇਕ ਅਜਿਹੀ ਰਿਆਸਤ ਵਿਚ ਵੱਸਿਆ ਸੀ, ਜਿਸ ਦੇ ਭਵਿੱਖ ਉੱਤੇ ਲਾਹੌਰ ਦਰਬਾਰ ਦੇ ਸਿੱਖ ਰਾਜ ਦੇ ਅੰਤ ਨਾਲ ਕੋਈ ਵੱਡਾ ਪ੍ਰਭਾਵ, ਪ੍ਰਤੱਖ ਵਿਚ, ਨਹੀਂ ਸੀ ਪਿਆ। ਇਸ ਪਰਿਵਾਰ ਨੇ ਜ਼ਿਮੀਂਦਾਰੀ ਦਾ ਮੋਹ ਤਿਆਗ ਕੇ, ਥੋੜ੍ਹਾ ਸਮਾਂ ਪਹਿਲਾਂ ਨਾਭੇ (ਰਿਆਸਤ ਦੀ ਰਾਜਧਾਨੀ ਵਿਚ) ਇਕ ਮਹਾਂ-ਪੁਰਖ ਦੀ ਸੇਵਾ ਸਦਕਾ, ਇਕ ਧਾਰਮਿਕ ਡੇਰੇ ਦੀ ਸਾਂਭ-ਸੰਭਾਲ ਅਪਣਾ ਲਈ ਸੀ। ਜਿਸ ਸਮੇਂ ਇਹ ਡੇਰਾ ਸਾਂਭਿਆ ਸੀ ਉਸ ਸਮੇਂ ਇਸ ਨਾਲ ਕਿਸੇ ਜਾਇਦਾਦ ਦੇ ਲਾਹੇ ਦੀ ਲਾਗ ਵੀ ਨਹੀਂ ਜੁੜੀ ਹੋਈ ਸੀ। ਭਾਈ ਕਾਨ੍ਹ ਸਿੰਘ ਦੇ ਪਿਤਾ ਦੇ ਸਮੇਂ ਤੱਕ ਡੇਰੇ ਨਾਲ ਮਾਣ-ਪ੍ਰਤਿਸ਼ਟਾ ਅਤੇ ਜਾਇਦਾਦ ਦੇ ਬੰਧਨ ਵੀ ਆ ਜੁੜੇ ਸਨ ਅਤੇ ਰਿਆਸਤ ਦੀ ਅਹਿਲਕਾਰੀ ਵਿਚ ਚੰਗਾ ਰਸੂਖ ਬਣ ਚੁੱਕਾ ਹੋਇਆ ਸੀ। ਭਾਈ ਕਾਨ੍ਹ ਸਿੰਘ ਦੇ ਪਿਤਾ—ਭਾਈ ਨਾਰਾਇਣ ਸਿੰਘ—ਨੇ ਪੁੱਤਰ ਨੂੰ ਹਰ ਸੰਭਵ ਵਿਦਿਅਕ ਸਹੂਲੀਅਤ ਪ੍ਰਾਪਤ ਕਰਵਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਸੀ। ਉਸ ਨੇ ਆਪਣੇ ਪੁੱਤਰ ਨੂੰ ਸੰਸਕ੍ਰਿਤ, ਭਾਖਾ, ਸੰਗੀਤ, ਸਾਹਿਤ-ਸ਼ਾਸਤ੍ਰ, ਵੈਦਿਕ ਅਤੇ ਸ਼ਸਤ੍ਰ-ਗਿਆਨ ਦੀ ਬੁੱਧੀ ਰਿਆਸਤ ਦੇ ਉੱਘੇ ਦਰਬਾਰੀ ਵਿਦਵਾਨਾਂ ਪਾਸੋਂ ਆਪਣੇ ਵਿੱਤ ਅਨੁਸਾਰ, ਪ੍ਰਾਪਤ ਕਰਵਾਈ। ਅਤੇ ਉਰਦੂ-ਫ਼ਾਰਸੀ ਦੀ ਜਾਣਕਾਰੀ ਦਿੱਲੀ ਅਤੇ ਲਖਨਊ ਦੇ ਵਿਦਵਾਨਾਂ ਤੋਂ ਆਪਣੀ ਲਗਨ ਅਤੇ ਹਠ ਦੇ ਆਸਰੇ ਭਾਈ ਕਾਨ੍ਹ ਸਿੰਘ ਨੇ ਆਪ ਪ੍ਰਾਪਤ ਕਰ ਲਈ। ਅੰਗ੍ਰੇਜ਼ੀ ਵੀ ਉਸ ਨੇ ਆਪਣੇ ਜਤਨਾਂ ਨਾਲ ਸਿੱਖੀ ਸੀ।

ਵਿੱਦਿਆ ਪ੍ਰਾਪਤੀ ਦੇ ਦਿਨਾਂ ਵਿਚ ਹੀ ਭਾਈ ਕਾਨ੍ਹ ਸਿੰਘ ਦਾ ਮੇਲ ਸਮੇਂ ਦੀ ਉੱਭਰਦੀ ਸਿੰਘ-ਸਭਾਈ ਵਿਚਾਰ-ਧਾਰਾ ਦੇ ਮੁਖੀ ਵਿਦਵਾਨਾਂ ਨਾਲ ਹੋ ਗਿਆ ਸੀ। ਉਸ ਨੂੰ ਗੁਰਬਾਣੀ ਦੀ ਕਥਾ-ਵਿਆਖਿਆ ਕਰਨ ਦਾ ਚੱਜ ਅਤੇ ਸਿਖ ਵਿਚਾਰ-ਧਾਰਾ ਦੇ ਵਿਰੋਧੀਆਂ ਦੀ ਬਹਿਸ-ਵਿਧੀ ਦਾ ਨਿਜੀ ਅਨੁਭਵ, ਉਮਰ ਦੇ ਮੁੱਢਲੇ ਵਿਕਾਸ-ਕਾਲ ਵਿਚ ਹੀ ਪ੍ਰਾਪਤ ਹੋ ਗਿਆ ਹੋਇਆ ਸੀ। ਉਹ ਸਿੱਖਾਂ ਵਿਚ ਨਵੀਂ ਵਿਦਿਆ ਦੇ ਉਭਰਦੇ ਕੇਂਦਰ—ਖ਼ਾਲਸਾ

ਕਾਲਜ, ਨਾਲ ਵੀ, ਉਸ ਸੰਸਥਾ ਦੇ ਆਰੰਭ ਤੋਂ ਜੁੜੇ ਰਹੇ ਸਨ। ਉਨ੍ਹਾਂ ਦੇ ਚੰਗੇ ਭਾਗਾਂ ਨੂੰ ਉਨ੍ਹਾਂ ਦੇ ਕਮਾਊ-ਜੀਵਨ ਦਾ ਆਰੰਭ ਰਾਜ-ਦਰਬਾਰ ਵਿੱਚ, ਮਹਾਰਾਜੇ ਦੇ ਨਿਜੀ ਲੇਖਕ-ਸਹਾਇਕ ਦੇ ਰੂਪ ਵਿੱਚ ਹੋਇਆ ਸੀ। ਜਿਸ ਮਹਾਰਾਜੇ ਨਾਲ ਉਨ੍ਹਾਂ ਨੂੰ ਮੁੱਢ ਵਿੱਚ ਕੰਮ ਕਰਨ ਦਾ ਸੁਭਾਗ ਮਿਲਿਆ, ਉਹ ਸਾਧਾਰਣ ਪੜ੍ਹਿਆ-ਲਿਖਿਆ ਨਾ ਹੋ ਕੇ ਵੀ ਅਸਾਧਾਰਣ ਪ੍ਰਤਿਭਾ-ਵਾਨ, ਬਹੁਤੇ ਗ੍ਰੰਥਾਂ ਦਾ ਕਰਤਾ ਸੀ। ਮਹਾਰਾਜੇ ਦੀ ਸੰਗਤ ਵਿੱਚ ਰਹਿ ਕੇ ਭਾਈ ਕਾਨ੍ਹ ਸਿੰਘ ਨੇ ਸ਼ਬਦਾਂ ਦੇ ਅੰਤਰ-ਆਤਮੇ ਤਕ ਉੱਤਰਣ ਦੀ ਜਾਚ ਸਿੱਖੀ ਅਤੇ ਪ੍ਰਤੱਖ ਅਰਥਾਂ ਤੋਂ ਅਗੇਰੇ ਲੰਘ ਕੇ, ਸਾਂਕੇਤਿਕ ਅਤੇ ਵਿਆਪਕ ਅਰਥਾਂ ਦੀ ਭਾਲ ਦੇ ਚੇਤੰਨ-ਮਾਰਗ ਦਾ ਚੇਟਕ ਖੱਟਿਆ। ਉਹ ਇਕ ਅਨੁਭਵੀ ਅਤੇ ਆਤਮ-ਸਨਮਾਨੀ ਸੂਝਵਾਨ ਹੋ ਨਿੱਤਰਿਆ, ਉਸ ਦੀ ਸੂਝਵਾਨੀ ਨੂੰ ਮੈਕਾਲਿਫ਼ ਜਿਹੇ ਅੰਗਰੇਜ਼ ਵਿਦਵਾਨਾਂ ਦੀ ਸੰਗਤ ਨੇ ਚਾਰ-ਚੰਨ ਲਾ ਕੇ ਹੋਰ ਉਜਲਾਇਆ। ਉਸ ਦੀਆਂ ਮੁੱਢਲੀਆਂ ਰਚਨਾਵਾਂ ਸ਼ਬਦਾਰਥ ਦੀ ਖੋਜ ਵਲ ਝੁਕਾ ਦੀ ਚਿੰਤਨ-ਸ਼ਕਤੀ ਨੂੰ ਪ੍ਰਫੁੱਲ ਦੇਣ ਵਿਚ ਸਹਾਇਕ ਸਿੱਧ ਹੋਈਆਂ। ਮਹਾਰਾਜ ਕੁਮਾਰ ਰਿਪੁਦਮਨ ਸਿੰਘ ਨੂੰ ਨੀਤੀ ਦੀ ਸਿਖਿਆ ਦੇਣ ਸਮੇਂ ਭਾਈ ਕਾਨ੍ਹ ਸਿੰਘ ਦਾ ਧਿਆਨ, ਸਮਕਾਲੀ ਪਰਿਸਥਿਤੀਆਂ ਅਨੁਸਾਰ, ਸਿੱਖੀ ਦੀ ਸਮਾਜਕ ਅਤੇ ਧਾਰਮਿਕ ਵਿਚਾਰਧਾਰਾ ਵਿਚ ਆਈ 'ਅਧੋਗਤੀ' ਵਲ ਜਾਣਾ ਹੀ ਸੀ। ਇੰਝ ਸਿੱਖਾਂ ਦੇ ਭਵਿਖ ਅਤੇ ਹੋਣੀ ਲਈ ਚਿੰਤਾਵਾਨ ਹੋਣਾ ਵੀ ਸੁਭਾਵਕ ਸੀ।

ਉੱਭਰਦੀਆਂ ਗੁੰਝਲਾਂ ਬਾਰੇ ਉਚਿਤ ਉਪਾਇ ਕਲਪਣ ਤੋਂ ਪਹਿਲਾਂ ਇਹ ਜ਼ਰੂਰੀ ਸੀ ਕਿ ਪਰੰਪਰਾ ਅਤੇ ਪ੍ਰਾਪਤ ਗਰੰਥਾਂ ਦੀ ਰੌਸ਼ਨੀ ਵਿੱਚ ਇਸ ਗਲ ਦਾ ਨਿਰਣਾ ਕਰ ਲਿਆ ਜਾਂਦਾ ਕਿ ਸਿੱਖੀ ਕੀ ਹੈ ਅਤੇ ਸਿੱਖ ਪਾਸੋਂ ਕਿਹੋ ਜਿਹੇ ਕਿਰਦਾਰ ਦੀ ਆਸ ਕੀਤੀ ਜਾਂਦੀ ਹੈ ? ਇਸ ਮੰਤਵ ਲਈ ਉਸ ਨੇ ਗੁਰਬਾਣੀ ਦਾ ਵਿਚਾਰਾਤਮਕ ਵਿਸ਼ਲੇਖਨ ਅਰੰਭਿਆ ਅਤੇ ਉਹ ਇਸ ਨਿਰਣੇ ਉੱਤੇ ਅੱਪੜਿਆ ਕਿ ਸਿੱਖੀ ਦੀ ਸਿਖਿਆ ਦਾ ਮੂਲ ਸੋਮਾਂ ਗੁਰਬਾਣੀ ਹੀ ਹੈ ਅਤੇ ਸਿੱਖੀ ਨਾਲ ਸਬਧਿਤ ਹਰ ਪ੍ਰਸ਼ਨ ਦਾ ਨਿਬੇੜਾ ਗੁਰਬਾਣੀ ਤੋਂ ਅਗਵਾਈ ਲੈ ਕੇ ਕਰਨਾ ਹੀ ਸਿੱਖੀ ਦਾ ਮਾਰਗ ਹੈ। ਪਰੰਪਰਾ ਦੇ ਕੇਵਲ ਉਹੋ ਵਰਤਾਰੇ ਸਿੱਖੀ ਵਿਚ ਸਨਮਾਨਣ-ਜੋਗ ਹਨ ਜੋ ਗੁਰਬਾਣੀ ਦੇ ਆਧਾਰਾਂ ਨਾਲ ਸਾਂਝੇ ਤੱਤਾਂ ਉੱਤੇ ਉੱਸਰੇ ਹਨ, ਬਾਕੀ ਦੀਆਂ ਸਭ ਰਹੁ-ਰੀਤਾਂ ਧਰਮ-ਵਿਰੋਧੀ ਅਤੇ ਤਿਆਗਣ-ਜੋਗੀਆਂ ਮੰਨੀਆਂ ਜਾਣੀਆਂ ਚਾਹੀਦੀਆਂ ਹਨ। ਇਸ ਵੰਨੇ ਕੋਈ ਪੱਖਪਾਤ ਜਾਇਜ਼ ਨਹੀਂ। ਉਸ ਨੇ ਗੁਰਬਾਣੀ ਦੀ ਸ਼ਬਦ-ਸੰਪਤੀ ਦਾ ਪੂਰਾ ਜਾਇਜ਼ਾ ਲੈ ਕੇ ਹੀ ਇਹ ਮਨ ਬਣਾਇਆ ਸੀ। ਬਦਕਿਸਮਤੀ ਨਾਲ ਇਹ ਸਮਾਂ ਸਿੱਖਾਂ ਅਤੇ ਹਿੰਦੂਆਂ ਦੇ ਇਕ ਗਰਮ-ਖਿਆਲੀ ਅੰਸ਼ ਵਿਚਕਾਰ ਖਿਚਾਉ-ਭਰੇ ਸਬੰਧਾਂ ਦਾ ਸਮਾਂ ਸੀ, ਉਨ੍ਹਾਂ ਦੀ ਰਚਨਾ 'ਹਮ ਹਿੰਦੂ ਨਹੀਂ' ਨੂੰ ਇਸੇ ਡੀਠ ਤੋਂ ਹੀ ਵੇਖਿਆ ਗਿਆ ਸੀ। ਇਹ ਤਣਾਉ ਅੱਜ ਵੀ ਉਵੇਂ ਕਾਇਮ ਹਨ ਪਰ ਇਹ ਕਹਿਣਾ ਕਿ ਭਾਈ ਕਾਨ੍ਹ ਸਿੰਘ ਹੀ ਇਸ ਤਣਾਉ ਦਾ ਜਨਮ-ਦਾਤਾ ਸੀ, ਸੱਚ ਦੇ ਨੇੜੇ ਨਹੀਂ ਹੋ ਸਕਦਾ। ਜੇਕਰ ਉਸ ਸਮੇਂ ਜਾਂ ਕਦੇ ਵੀ ਸੱਚੇ ਦਿਲੋਂ ਸਿਖਾਂ ਨੂੰ ਹਿੰਦੂ ਮੰਨਿਆ ਗਿਆ ਹੁੰਦਾ ਤਾਂ ਸਿਖਾਂ ਦੀ ਹਿੰਦੂ ਧਰਮ ਵਿਚ ਖਪਤ ਕਰਨ ਲਈ "ਸ਼ੁੱਧੀ" ਦੀ ਕ੍ਰਿਆ ਨੂੰ ਵਰਤੋਂ ਵਿੱਚ ਲਿਆਉਣ ਦੀ ਲੋੜ ਨਾ

ਪੈਂਦੀ। ਇਹ ਗੱਲ ਵੱਖਰੀ ਹੈ ਕਿ ਕੁਝ ਜਾਤਾਂ ਦੇ ਲੋਕ ਜੋ ਹਿੰਦੂ ਪਰਿਵਾਰਾਂ ਵਿੱਚ ਵੀ ਸਨ ਅਤੇ ਸਿਖਾਂ ਵਿੱਚ ਵੀ ਆਪੋ ਵਿੱਚ ਜਾਤ ਦੀ ਸਾਂਝ ਦੀਆਂ ਅਪਣੱਤਾਂ ਅਧੀਨ ਰਿਸ਼ਤੇ ਨਾਤੇ ਕਰ ਲੈਂਦੇ ਸਨ। ਕੁਝ ਘਰਾਂ ਪਰਿਵਾਰਾਂ ਵਿੱਚ ਹਿੰਦੂ ਅਤੇ ਸਿਖ ਵੱਖਰੇ ਨਾ ਹੋ ਕੇ ਸਾਂਝੇ ਵਸਦੇ ਸਨ। ਇਹ ਸਾਂਝੇਦਾਰੀ ਅੱਜ ਵੀ ਕਾਇਮ ਹੈ। ਓਦੋਂ ਕੇਵਲ ਇਕ ਘਰ ਵਿੱਚ ਦੋ ਇਸ਼ਟ ਸਨ, ਹੁਣ ਭਾਸ਼ਾਵਾਂ ਵੀ ਦੋ ਹੋ ਗਈਆਂ ਹਨ, ਖਾਣ-ਪੀਣ ਅਤੇ ਪਹਿਰਾਵੇ ਵੀ ਵਖਰੇ ਹੋ ਗਏ ਹਨ, ਤਣਾਉ ਵੀ ਹਨ, ਵਿੱਥਾਂ ਵੀ ਹਨ ਅਤੇ ਸਾਂਝਾਂ ਵੀ ਪੁੱਗ ਰਹੀਆਂ ਹਨ। ਅਜਿਹੀਆਂ ਸਾਂਝਾਂ ਹਿੰਦੂ ਜਾਤਾਂ ਗੋਤਾਂ ਵਾਲਿਆਂ ਅਤੇ ਜੈਨੀਆਂ ਜਾਂ ਕਿਧਰੇ ਕਿਧਰੇ ਬੋਧੀਆਂ ਵਿਚਕਾਰ ਵੀ ਕਾਇਮ ਚਲੀਆਂ ਆਉਂਦੀਆਂ ਹਨ। ਇਹ ਸਾਂਝ ਸਿੱਖਾਂ ਅਤੇ ਹਿੰਦੂਆਂ ਦੀ ਸਮਾਜੀ ਸਹਿਯੋਗੀ-ਬ੍ਰਿਤੀ ਨਾਲ ਤਾਂ ਜੋੜੀ ਜਾ ਸਕਦੀ ਹੈ ਪਰ ਦੋਹਾਂ ਦੀ ਧਾਰਮਿਕ-ਸਿਧਾਂਤਕ ਸਮਰੂਪਤਾ ਸਿਧ ਕਰਨ ਲਈ ਕਾਫ਼ੀ ਨਹੀਂ। ਹਰ ਹਾਲ ਇਹ ਮਸਲਾ ਸ਼ਾਬਦਿਕ-ਅਸਹਿਮਤੀ ਤੋਂ ਵਧੇਰੇ ਭੇੜ ਦਾ ਕਾਰਣ ਕਦੇ ਨਹੀਂ ਬਣਿਆ ਅਤੇ ਨਾ ਬਣਨਾ ਚਾਹੀਦਾ ਹੀ ਹੈ।

ਆਪਣੀ ਕਥਨੀ ਅਤੇ ਉਸਦੀ ਭਾਵ-ਧਾਰਾ ਨੂੰ ਪੂਰੀ ਤਰ੍ਹਾਂ ਉਘਾੜਣ ਲਈ ਹੀ ਸ਼ਾਇਦ ਭਾਈ ਕਾਨ੍ਹ ਸਿੰਘ ਨੇ "ਗੁਰ ਸ਼ਬਦ ਰਤਨਾਕਰ ਮਹਾਨ-ਕੋਸ਼" ਦਾ ਵਿੱਢ ਵਿੱਢਿਆ ਸੀ। ਭਾਈ ਕਾਨ੍ਹ ਸਿੰਘ ਦੀ ਰਚਨਾ ਵਿਚਲੇ ਚਾਰ ਗਰੰਥ (1) 'ਨਾਟਕ ਭਾਵਾਰਥ ਦੀਪਕਾ', (2) 'ਹਮ ਹਿੰਦੂ ਨਹੀਂ', (3) 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਅਤੇ (4) 'ਗੁਰਮਤ ਮਾਰਤੰਡ' ਉਨ੍ਹਾਂ ਦੀ ਸਮੁੱਚੀ ਕ੍ਰਿਤ ਦੇ ਪ੍ਰਤਿਨਿਧੀ ਕਹੇ ਜਾ ਸਕਦੇ ਹਨ। ਇਨ੍ਹਾਂ ਸਾਰੇ ਗਰੰਥਾਂ ਦੀ ਵਸਤੂ 'ਸ਼ਬਦ' ਦੀ ਧੁਰੀ ਦੇ ਗਿਰਦੇ ਘੁੰਮਦੀ ਦੇਖੀ ਜਾ ਸਕਦੀ ਹੈ। ਜਿਸ ਆਧਾਰ ਉੱਤੇ ਅਸੀਂ ਬੇਧੜਕ ਹੋ ਕੇ ਉਸ ਨੂੰ ਇਕ 'ਸ਼ਬਦ-ਪੁਰਖ' ਦੀ ਪਦਵੀ ਉੱਤੇ ਬਿਠਾ ਸਕਦੇ ਹਾਂ। ਉਸਦਾ ਵਰਣਨ, ਉਸ ਦੀ ਸ਼ੈਲੀ ਅਸਲੋਂ ਉਸ ਦੇ 'ਸ਼ਬਦ-ਉਘਾੜ' ਦੇ ਮੰਤਵ ਦੀਆਂ ਦੁਜੈਲੀਆਂ ਸ਼ਕਤੀਆਂ ਹੀ ਹਨ। ਉਸ ਦੀ ਬੁੱਧੀ ਨੇ ਵਿਕਾਸ ਤੋਂ ਪ੍ਰਕਾਸ਼ ਤਕ ਗਿਆਨ ਸੰਸਾਰ ਨੂੰ 'ਸ਼ਬਦ ਬ੍ਰਹਮ' ਦੀ ਸਾਧਨਾ ਦੇ ਰੂਪ ਵਿੱਚ ਹੀ ਵੇਖਿਆ ਸੀ।

ਭਾਈ ਕਾਨ੍ਹ ਸਿੰਘ ਬੜਾ ਨਿੱਠ ਕੇ, ਘੋਖ ਕੇ ਲਿਖਣ ਵਾਲਾ ਵਿਚਾਰਕ ਸੀ ਅਤੇ ਸ਼ਬਦ ਦੀ ਸੀਮਾ ਵਿਚ ਰਹਿ ਕੇ ਗੱਲ ਕਰਦਾ ਸੀ, ਇਸ ਲਈ ਸਹਿਜੇ ਉਸ ਦੇ 'ਅਧਿਕਾਰੀ ਘੇਰੇ' ਤੋਂ ਮੁਕਤ ਹੋਣਾ ਸੰਭਵ ਨਹੀਂ ਸੀ ਪਰ ਇਸ ਦਾ ਇਹ ਅਰਥ ਕਦੇ ਨਹੀਂ ਕਿ ਉਸ ਨੇ ਜੋ ਕੁਝ ਲਿਖਿਆ ਉਸ ਵਿਚ ਕੋਈ ਭੁੱਲ ਅਤੇ ਅਧੂਰਾਪਣ ਨਹੀਂ ਸੀ। ਆਪਣੀਆਂ ਤਰੁਟੀਆਂ ਤੋਂ ਉਸ ਨੇ ਕਦੇ ਕੰਨੀ ਨਹੀਂ ਕਤਰਾਈ ਸੀ, ਸਗੋਂ ਉਹ ਆਪਣੀਆਂ ਰਚਨਾਵਾਂ ਨੂੰ ਬਰਾਬਰ ਸੋਧਦਾ ਸੁਆਰਦਾ ਰਹਿੰਦਾ ਸੀ। ਇਸ ਦਾ ਪ੍ਰਮਾਣ "ਗੁਰਸ਼ਬਦ ਰਤਨਾਕਰ ਮਹਾਨਕੋਸ਼" ਦੀ ਅੰਤਿਕਾ ਵਜੋਂ ਛਪੇ ਅੰਸ਼ ਤੋਂ ਹੀ ਲਾਇਆ ਜਾ ਸਕਦਾ ਹੈ। ਉਸ ਗਰੰਥ ਵਿਚ ਦਿੱਤੀ ਜਾਣਕਾਰੀ ਨੂੰ ਸੋਧਣ ਅਤੇ ਅਪ-ਟੂ-ਡੇਟ ਰੱਖਣ ਦੀ ਲੋੜ ਸਦਾ ਬਣੀ ਹੀ ਰਹੇਗੀ।

ਸ਼ਬਦ ਦੇ ਮੁਹਾਂਦਰੇ ਨੂੰ ਸਮਝਣ ਅਤੇ ਉਸਦੀ ਅਸਲ ਨਸਲ ਪਛਾਨਣ ਦੀ ਚੇਟਕ ਲਾਉਣ ਦੇ ਵਿਚਾਰ ਨਾਲ ਉਸ ਨੇ ਗੁਰਮੁਖੀ ਲਿਪੀ ਵਿੱਚ ਕੁਝ ਨਵੇਂ ਚਿੰਨ੍ਹ ਵਧਾਏ ਅਤੇ ਵਰਤੇ; ਅਨੇਕਾਰਥੀ, ਨਾਮ-ਮਾਲਾ ਕੋਸ਼, ਪਿੰਗਲ ਅਤੇ ਅਲੰਕਾਰ ਬੋਧ ਦੇ ਪ੍ਰਮਾਣਿਕ ਗਰੰਥ

ਸੰਪਾਦਿਕ ਕੀਤੇ, ਵਿਚਾਰ ਕੋਸ਼ਾਂ ਦੀ ਪਿਰਤ ਤੋਰੀ, ਧਾਰਮਿਕ ਬਹਿਸ-ਮੁਬਾਹਸੇ ਨੂੰ ਨਿਰ-ਵਿਰੋਧ ਸ਼ਬਦਾਵਲੀ ਵਰਤਣ ਦਾ ਚੱਜ ਦਸਿਆ ਅਤੇ ਖ਼ਾਸ ਕਰਕੇ ਪੰਜਾਬੀ ਵਿਚ ਤੱਥ-ਪ੍ਰਧਾਨ ਸੰਕੋਚਵੀਂ ਵਾਰਤਕ ਨੂੰ ਜਨਮ ਦਿਤਾ ਜਿਸ ਵਿਚ ਤੱਤ-ਬੋਧ ਨੂੰ ਉਘਾੜਣ ਅਤੇ ਵਿਆ-ਖਿਆਉਣ ਦੀ ਸਮਰੱਥਾ ਸੀ। ਭਾਈ ਕਾਨ੍ਹ ਸਿੰਘ ਤੋਂ ਪਹਿਲਾਂ ਵੀ ਇਨ੍ਹਾਂ ਦਿਸ਼ਾਵਾਂ ਵੱਲ ਵਧਣ ਦੇ ਜਤਨ ਹੁੰਦੇ ਰਹੇ ਹਨ ਪਰੰਤੂ ਵਿਗਿਆਨਕ ਸਮਝਦਾਰੀ ਅਤੇ ਸੂਝਕਾਰੀ ਨਾਲ ਇਨ੍ਹਾਂ ਜਤਨਾਂ ਦਾ ਨਿਰਬਾਹ ਭਾਈ ਕਾਨ੍ਹ ਸਿੰਘ ਦੀ ਰਚਨਾ ਵਿੱਚ ਹੀ ਨਿਖਰ ਕੇ ਸਾਮ੍ਹਣੇ ਆਇਆ ਹੈ। ਭਾਵੇਂ ਆਪਣੇ ਨਿਤ ਜੀਵਨ ਵਿੱਚ ਭਾਈ ਕਾਨ੍ਹ ਸਿੰਘ ਦੀ ਭਾਸ਼ਾ ਹਿੰਦੀ-ਮੁਖੀ ਦੱਸੀ ਗਈ ਹੈ ਤਾਂ ਵੀ ਉਸ ਦੀ ਮੌਲਿਕ ਲਿਖਤ ਵਿੱਚ (ਕਵਿਤਾ ਨੂੰ ਛੱਡ ਕੇ) ਪੰਜਾਬੀ ਹੀ ਪ੍ਰਧਾਨ ਹੈ, ਜਿਸ ਵਿੱਚ ਸਥਾਨਕ ਪ੍ਰਯੋਗਾਂ ਦਾ ਰਲ-ਗੱਭਾ ਸੁਭਾਵਕ ਹੀ ਹੈ। ਭਾਸ਼ਾ ਬਾਰੇ ਕੱਟੜਤਾ ਉਸ ਨੂੰ ਪ੍ਰਭਾਵਿਤ ਨਹੀਂ ਕਰਦੀ ਪਰ ਉਹ ਖਿਚੜੀ-ਭਾਸ਼ਾ ਦੀ ਵਰਤੋਂ ਵੀ ਨਹੀਂ ਸਤਿਕਾਰਦਾ। ਰਾਜ ਦਰਬਾਰ ਲਈ ਕੀਤੀਆਂ ਰਚਨਾਵਾਂ ਦੀ ਗੱਲ ਹੋਰ ਹੈ।

ਸਮਾਜਕ ਖੇਤਰ ਵਿਚ ਉਹ ਉੱਚੇ, ਸੁੱਚੇ ਅਤੇ ਦ੍ਰਿੜ੍ਹ ਆਚਰਣ ਦਾ ਪੱਖਪਾਤੀ ਸੀ। ਧਰਮ ਦੇ ਮਾਮਲ ਵਿੱਚ ਉਹ ਸਿੱਖ-ਵਿਚਾਰ ਧਾਰਾ ਨਾਲ ਪ੍ਰਤਿਬੱਧ ਸੀ। ਗੁਰਮਤ ਦੇ ਕੰਡੇ ਨਾਲ ਪਰਖ ਕੇ ਉਹ ਸਿੱਖੀ ਦੀਆਂ ਪ੍ਰਚਲਿਤ ਰਹੁ-ਰੀਤਾਂ ਨੂੰ ਪੜਚੋਲ ਪਛਾਣ ਕੇ ਉਨ੍ਹਾਂ ਦੀ ਰੱਖਿਆ ਵਿਆਖਿਆ ਨੂੰ ਅਪਣਾ ਆਦਰਸ਼ ਥਾਪ ਕੇ ਲਿਖਦਾ ਵਿਚਾਰਦਾ ਅਤੇ ਉਸਦੀ ਵਕਾਲਤ ਕਰਦੇ ਹਨ। ਸਮਕਾਲੀ ਹਿੰਦੂਵਾਦ ਨਾਲ ਉਨ੍ਹਾਂ ਦੀ ਸੰਮਤੀ ਨਹੀਂ ਉਹ ਆਪਣੇ ਵਿਚਾਰ ਠੋਕ-ਵਜਾ ਕੇ ਪਰ ਦਲੀਲ ਨਾਲ ਪ੍ਰਗਟਾਉਂਦਾ ਸੀ। ਹਠਵਾਦ, ਧੌਂਸ ਜਾਂ ਗੁੱਸੇ ਨਾਲ ਨਹੀਂ, ਵਿਰੋਧ ਵਾਲੇ ਮਸਲਿਆਂ ਉੱਤੇ ਗੱਲ ਕਰਦੇ ਸਮੇਂ ਉਸ ਦੇ ਸ਼ਬਦਾਂ ਵਿੱਚ ਲੋਚ ਅਤੇ ਨਿੰਮ੍ਰਤਾ, ਵਿਸ਼ਵਾਸਾਂ ਦੀ ਦ੍ਰਿੜ੍ਹਤਾ ਨਾਲ ਘੁਲੀ ਹੁੰਦੀ ਹੈ।

ਆਖ਼ਿਰ, ਅਸੀਂ ਏਹੋ ਕਹਾਂਗੇ ਕਿ ਭਾਈ ਕਾਨ੍ਹ ਸਿੰਘ ਇਕ ਖੋਜੀ, ਸ਼ਬਦ ਵਿਗਿਆਨੀ, ਆਦਰਸ਼ ਪੰਜਾਬੀ ਅਤੇ ਸੱਚਾ ਸਿੱਖ ਸੀ, ਸਾਹਿਤਿਕਤਾ ਜਿਸ ਦੀ ਰਗ ਰਗ ਵਿੱਚ ਵਸੀ ਹੋਈ ਸੀ। ਉਸ ਦਾ ਰੁਤਬਾ ਇਕਬਾਲ ਨਾਲ ਮੇਚਿਆ ਜਾ ਸਕਦਾ ਹੈ। ਹੱਲੀ ਅਤੇ ਮੈਥਿਲੀ ਸ਼ਰਣ ਗੁਪਤ ਇਸ ਭਾਈਚਾਰੇ ਦੇ ਹੋਰ ਲੇਖਕ ਸਨ। ਪੰਜਾਬੀ ਭਾਸ਼ਾ ਸਾਹਿਤ ਅਤੇ ਸਭਿਆਚਾਰ ਨੂੰ ਉਸ ਦੀ ਦੇਣ ਵਡ-ਮੁੱਲੀ ਉੱਚ ਪਾਏ ਦੀ ਅਤੇ ਅਪਣੀ ਕਿਸਮ ਦੀ ਹੈ। ਅਜੇ ਉਸ ਦੇ ਹਾਣ ਦਾ ਹੋਣ ਜੋਗਾ ਦੂਜਾ ਲੇਖਕ ਸਾਡੇ ਵਿਚ ਨਹੀਂ ਉਪਜਿਆ।

ਸੰਕੇਤਾਵਲੀ

ਅਾ. ਕਾ. 1. ਅਸ਼ੋਕ ਸ਼ੇਮਸ਼ੇਰ ਸਿੰਘ, **ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ,**
ਅਸ਼ੋਕ ਪੁਸਤਕ ਮਾਲਾ, ਗੁਆਰਾ, 1966.

ਸੂ. ਕਾ. 2. ਸੁਖਜੀਤ ਕੌਰ, **ਭਾਈ ਕਾਨ੍ਹ ਸਿੰਘ ਨਾਭਾ ਤੇ ਉਨ੍ਹਾਂ ਦੀਆਂ ਰਚਨਾਵਾਂ,**
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਮ. ਕੋ. 3. **ਭਾਈ ਕਾਨ੍ਹ ਸਿੰਘ ਗੁਰਸ਼ਬਦ ਰਤਨਾਕਰ ਮਹਾਨ ਕੋਸ਼,**
ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਤੀਜਾ ਸੰਸਕਰਨ

ਸੂ. ਪ੍ਰ. 4. ਸੰਤੋਖ ਸਿੰਘ, ਭਾਈ, **ਗੁਰਪ੍ਰਤਾਪ ਸੂਰਯ,** ਸੰਪਾ. ਭਾਈ ਵੀਰ ਸਿੰਘ

ਚ. ਹ. ਵਿ. 5. ਬਲਬੀਰ ਸਿੰਘ, ਡਾ., **ਚਰਨ ਹਰੀ ਵਿਸਥਾਰ,**
ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ।

ਪੰ. ਹ. ਲਿ6. ਅਸ਼ੋਕ, ਸ਼ਮਸ਼ੇਰ ਸਿੰਘ, **ਪੰਜਾਬੀ ਹਥ-ਲਿਖਤਾਂ ਦੀ ਸੂਚੀ, ਦੋ ਭਾਗ,**
ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960-1961 ਅਤੇ 1963.

ਪੁਸਤਕਾਵਲੀ

ਗੁਰਮੁਖੀ ਲਿਖਤਾਂ

1. ਹਜ਼ੂਰਾ ਸਿੰਘ, ਭਾਈ, **ਬਰਾੜ ਚਮਨ ਗਰੰਥ**, ਮੇਰਾ ਨਿਜੀ ਸੰਗ੍ਰਹਿ, 1904.
2. ਨੰਦਦਾਸ, **ਅਨੇਕਾਰਥ ਕੋਸ਼**, ਸ਼ਮਸ਼ੇਰ ਸਿੰਘ, ਅਸ਼ੋਕ ਸੰਗ੍ਰਹਿ, ਨੰ: 41 (ਹੁਣ ਪੰਜਾਬੀ ਯੂਨੀਵਰਸਿਟੀ ਲਾਇਬ੍ਰੇਰੀ, ਪਟਿਆਲਾ), 1902.
3. **ਅਨੇਕਾਰਥ ਭਾਖਾ**, ਭਾਖਾ ਵਿਭਾਗ ਸੰਗ੍ਰਹਿ, ਨੰ: 30, 1820.
4. **ਅਨੇਕਾਰਥ**, ਡਾ. ਸੁਰੇਂਦਰ ਸਿੰਘ, ਕੋਹਲੀ ਸੰਗ੍ਰਹਿ, ਲਿਖਣ ਦਾ ਸਾਲ ਦਰਜ ਨਹੀਂ।
5. **ਅਨੇਕਾਰਥ**, ਮੇਰਾ ਨਿਜੀ ਸੰਗ੍ਰਹਿ, ਵਿਦਿਆਰਥੀ ਭਵਨ, ਨਾਭਾ, ਲਿਖਣ ਦਾ ਸਾਲ ਨਹੀਂ।
6. **ਮਾਨ ਮੰਜਰੀ ਨਾਮ ਮਾਲਾ**, ਉਪਰੋਕਤ ਅਨੁਸਾਰ
7. **ਨਾਮ ਮਾਲਾ**, ਡਾ. ਸੁਰਿੰਦਰ ਸਿੰਘ ਕੋਹਲੀ ਸੰਗ੍ਰਹਿ, ਚੰਡੀਗੜ੍ਹ, ਸਾਲ ਦਰਜ ਨਹੀਂ।
8. **ਨਾਮ ਮਾਲਾ**, ਭਾਸ਼ਾ ਵਿਭਾਗ ਸੰਗ੍ਰਹਿ ਨੰ: 278, ਸਾਲ ਦਰਜ ਨਹੀਂ।
9. ਨਾਮ ਮੰਜਰੀ ਨਾਮ ਮਾਲਾ, ਸੈਂਟ੍ਰਲ ਪਬਲਿਕ ਲਾਇਬ੍ਰੇਰੀ, ਪਟਿਆਲਾ, ਨੰ: 614, ਲਿਖਣ ਦਾ ਸਾਲ ਦਰਜ ਨਹੀਂ।

ਪ੍ਰਕਾਸ਼ਿਤ ਪੁਸਤਕਾਂ

1. ਅਸ਼ੋਕ, ਸ਼ਮਸੇਰ ਸਿੰਘ, **ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ**, ਅਸ਼ੋਕ ਪੁਸਤਕ ਮਾਲਾ, ਗੁਆਰਾ, 1966.
2. ਸਰਦੂਲ ਸਿੰਘ, ਗਿਆਨੀ, **ਸਦ ਸਿਧਾਂਤ**, ਅੰਮ੍ਰਿਤਸਰ, 1886.
3. ਸੁਖਜੀਤ ਕੌਰ, **ਭਾਈ ਕਾਨ੍ਹ ਸਿੰਘ ਨਾਭਾ ਤੇ ਉਨ੍ਹਾਂ ਦੀਆਂ ਰਚਨਾਵਾਂ**, ਪੰਜਾਬੀ ਯੂਨੀਵਰਸਿਟੀ, ਪਟਿਆਲਾ
4. ਸੰਤੋਖ ਸਿੰਘ, ਭਾਈ, **ਗੁਰ ਪ੍ਰਤਾਪ ਸੂਰਜ ਗਰੰਥ**, ਸੰਪਾ. ਭਾਈ ਸਾਹਿਬ ਭਾਈ ਵੀਰ ਸਿੰਘ (ਪਿੱਛੋਂ ਡਾ.), ਖਾਲਸਾ ਸਮਾਚਾਰ, ਅੰਮ੍ਰਿਤਸਰ
5. ਸੈਨਾਪਤੀ, ਕਵੀ, **ਗੁਰ ਸੋਭਾ**, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ
6. ਸੋਹਨ, ਕਵੀ, **ਗੁਰ ਬਿਲਾਸ ਪਾ. ਛੇਵੀਂ**, ਸੰਪਾ. ਗੋਬਿੰਦ ਸਿੰਘ ਲਾਂਬਾ, ਪੰਜਾਬ ਸਰਕਾਰ, ਭਾਸ਼ਾ ਵਿਭਾਗ, ਪਟਿਆਲਾ

7. ਸ਼ਾਹ ਮੁਹੰਮਦ, **ਜੰਗ ਨਾਮਾ**, ਸੰਪਾ. ਸੀਤਾ ਰਾਮ ਕੋਹਲੀ (ਡਾ.) ਅਤੇ ਸੇਵਾ ਸਿੰਘ ਗਿਆਨੀ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, ਤੀਜੀ ਵਾਰ 1966.
8. ਹਜ਼ਾਰਾ ਸਿੰਘ, ਭਾਈ, **ਸ੍ਰੀ ਗੁਰੂ ਗਰੰਥ ਕੋਸ਼**, ਅੰਮ੍ਰਿਤਸਰ, 1927.
9. ਕਾਨ੍ਹ ਸਿੰਘ, ਭਾਈ, **ਸਾਰੀਆਂ ਰਚਨਾਵਾਂ** (ਵੇਰਵਾ ਇਸੇ ਪੁਸਤਕ ਵਿਚ ਦਰਜ ਹੈ)
10. ਗੁਵਾਲ ਕਵਿ, **ਇਸ਼ਕ ਲਹਿਰ ਦਰਿਆਵ**, ਨਾਭਾ ਦਰਬਾਰ, ਲਾਹੌਰ (ਲਿਖੋ), 1922.
11. ਜੈ ਕਿਸ਼ਨ, ਭੌਜਗੀ, **ਰੂਪ ਦੀਪ ਪਿੰਗਲ**, ਸੰਪਾ. ਕਾਨ੍ਹ ਸਿੰਘ, ਭਾਈ, ਭਾਈ ਗੁਰਦਿਆਲ ਸਿੰਘ ਐਂਡ ਸਨਜ਼, ਲਾਹੌਰ, 1925.
12. ਨੰਦ ਲਾਲ, ਭਾਈ, **ਤਨਖਾਹ ਨਾਮਾ**, (ਅਨੇਕ ਸੰਸਕਰਣ)।
13. ਨਰੋਤਮ, ਤਾਰਾ ਸਿੰਘ, ਪੰਡਿਤ, ਗਰੰਥ **ਗੁਰ ਗਿਰਾਰਥ ਕੋਸ਼**, ਰਾਜਿੰਦਰਾ ਪ੍ਰੈਸ ਪਟਿਆਲਾ, 1895.
14. ਪ੍ਰੇਮ ਸਿੰਘ, ਭਾਈ, **ਦੁਰਗਾ ਪੂਜਣ ਪੜਤਾਲ**, ਦੁਰਗਾ ਪ੍ਰੈਸ, ਨਾਭਾ, (ਸਾਲ ਨਹੀਂ)
15. ,, ,, **ਬੁਧਿ ਬਾਰਿਧਿ ਨਾਟਕ** ਭਾਖਾ, ਦੁਰਗਾ ਪ੍ਰੈਸ, ਨਾਭਾ, (ਸਾਲ ਦਰਜ ਨਹੀਂ)।
16. ਬਲਬੀਰ ਸਿੰਘ, ਡਾ., **ਚਰਨ ਹਰਿ ਵਿਸਤਾਰ**, ਜਿਲਦ 1, ਦੋ ਭਾਗ, ਖਾਲਸਾ ਸਮਾਚਾਰ, ਅੰਮ੍ਰਿਤਸਰ, 1924.
17. ਨਿਰੰਕਾਰੀ, ਮਾਨ ਸਿੰਘ. ਡਾ., **ਸਿੱਖ ਤੇ ਸਿੱਖੀ**, ਲੇਖਕ, ਅੰਮ੍ਰਿਤਸਰ, 1982.
18. **ਪੰਜਾਬ, (ਜੋਧ ਸਿੰਘ ਅਭਿਨੰਦਨ ਗਰੰਥ)**, ਸੰਪਾ. ਗੰਡਾ ਸਿੰਘ, ਡਾ., ਖਾਲਸਾ ਕਾਲਜ, ਪਟਿਆਲਾ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1975.
19. **ਪੰਜਾਬੀ ਹਥ ਲਿਖਤਾਂ ਦੀ ਸੂਚੀ, ਭਾਗ ਇਕ**, ਸੰਪਾ. ਸ਼ਮਸ਼ੇਰ ਸਿੰਘ, ਅਸ਼ੋਕ, ਪੰਜਾਬ ਸਰਕਾਰ, ਭਾਸ਼ਾ ਵਿਭਾਗ, ਪਟਿਆਲਾ, 1961.
20. **ਪੰਜਾਬੀ ਹਥ ਲਿਖਤਾਂ ਦੀ ਸੂਚੀ, ਭਾਗ ਦੂਜਾ**, ਸੰਪਾ. ਸ਼ਮਸ਼ੇਰ ਸਿੰਘ, ਅਸ਼ੋਕ, ਪੰਜਾਬ ਸਰਕਾਰ, ਭਾਸ਼ਾ ਵਿਭਾਗ, ਪਟਿਆਲਾ, 1963.
21. ਭਾ. ਬ. ਸ. ਨ. ਨ. (ਭਾਈ ਬਿਸ਼ਨ ਸਿੰਘ, ਨਾਭਾ ਨਿਵਾਸੀ), **ਠਗ ਲੀਲਾ**, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 430 ਨਾ. ਸਾ. (1899)
22. ਭਗਤ ਸਿੰਘ, ਡਾ., **ਗਿਆਨੀ ਗਿਆਨ ਸਿੰਘ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978.

ਪਤ੍ਰਿਕਾਵਾਂ

1. **ਆਲੋਚਨਾ, ਜੁਲਾਈ-ਸਿਤੰਬਰ** 1979, (ਸੰਧੂ, ਬਲਬੀਰ ਸਿੰਘ, ਡਾ.) ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1979.
2. **ਖੋਜ ਪਤ੍ਰਿਕਾ**, (ਪ੍ਰੀਤਮ ਸਿੰਘ, ਪ੍ਰੋ.) ਸਤੰਬਰ 1981.
3. **ਫੁਲਵਾੜੀ**, ਸੰਪਾ. ਹੀਰਾ ਸਿੰਘ, ਦਰਦ, ਗਿਆਨੀ, ਜਿਲਦ 3, ਅੰਕ 5, ਅੰਮ੍ਰਿਤਸਰ।

हिन्दी :

प्रकाशित पुस्तकें

1. कान्ह सिंह, भाई, **उक्ति विलास**, महाराजा भूपेन्द्र सिंह, पटियाला नरेश, ठाकुर दास एण्ड सन्ज़, दिल्ली, 1927.
2. वर्मा, राम चन्द्र, **कोश कला**, वाराणसी, 1950.
3. विद्यार्थी, देवेन्द्र सिंह, डा., **पंजाब के दरबारी हिन्दी कवियों के परिप्रेक्ष्य में कवि ग्वाल के कवित्व का अध्ययन**, शोध प्रबन्ध, पंजाब यूनिवर्सिटी, चण्डीगढ़, 1970, भाषा विभाग पंजाब द्वारा प्रकाशनाधीन।
4. श्री मद्भागवत

पत्रिकाएं

1. **कल्याण**, मासिक, हिन्दू **संस्कृति अंक**, गोरखपुर।
2. **भाषा**, त्रैमासिक, भारत सरकार, दिल्ली, मारच 1967।

English

1. Budh Prakash, Dr., **Political Movements in Ancient Punjab**.
2. **Contemporary Reasearch in Personality**, Ed. Irving G. Serason, (Indian Reprint), Affiliated East West Press, New Delhi, 1970 (Student Edition).
3. Hasrat, B J., **Life And Times of Ranjit Singh**, Author, Hoshiarpur, 1977.
4. Bhagat, Luxman Singh, **Autobiography**, Ed. Ganda Singh, Dr., Sikh General Centre, Calcutta, 1965.
5. **Penny-Worth Encyclopaedia**, Penny-Worth Inc., London, 1868 (Vol. IV).
6. **Punjab States Gazetteer, Vol. XVII**, Government of Punjab, Lahore, 1904.

7. Verma, R.K., **Natya Nritta And Nritya; Their Meaning And Relation**, Orient Longmans, Calcutta, 1957.

اُردو

کتب

۱۔ اقبال، محمد، ڈاکٹر، بالِ جبریل

۲۔ " " " بانگِ درا

۳۔ دیوان۔ لکھ دھاری۔ کلیات لکھ دھاری۔ مفید عام پریس لاہور ۱۸۸۰ء

۴۔ گنڈا سنگھ، (ڈاکٹر)، تذکرہ بابا بندہ سنگھ۔ سکھ یوتھ لیگ۔ امرتسر ۱۹۳۳ء

فارسی

۱۔ گورو گوبند سنگھ۔ ظفر نامہ

رسائل

۱۔ خالصہ اخبار۔ روزنامہ۔ لاہور۔ ۶ نومبر ۱۸۹۳ء